ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free

25 ਦਸੰਬਰ : ਕ੍ਰਿਸਮਿਸ ਮੁਬਾਰਕ

ਸਾਲ : 8 ਅੰਕ : 12 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਦਸੰਬਰ (December) 2017



ਕੈਲਗਰੀ ਵਿੱਚ ਰੇਡਨ ਗੈਸ ਦਾ ਪੱਧਰ ਵਧਿਆ ਪੰਨਾ-3



35 ਸਾਲ ਬਾਅਦ ਵੀ ਇਨਾਮ ਨੂੰ ਤਰਸ ਰਿਹੈ ਗੋਲਡ ਮੈਡਲ ਜੇਤੂ ਪੰਨਾ-7



ਮਨੁੱਖੀ ਰਿਸ਼ਤਿਆਂ ਤੋਂ ਉੱਪਰ ਕੁਝ ਨਹੀਂ : ਸੈਮੂਅਲ ਜੌਹਨ ਪੰਨਾ-27



ਸਤਿਆਜੀਤ ਰੇਅ ਦਾ ਸਿਨੇਮਾ ਪੰਨਾ-46

## ਨੇਪਾਲ ਵਿਚ ਖੱਬੀਆਂ ਪਾਰਟੀਆਂ ਦੀ ਵੱਡੀ ਜਿੱਤ

ਕਾਠਮੰਡੂ (ਨਦਬ) : ਨੇਪਾਲ ਦੀ ਜਨਤਾ ਨੇ 'ਲਾਲ' ਨੂੰ ਚੁਣਿਆ ਹੈ। ਭਾਰਤ ਲਈ ਇਹ ਚਿੰਤਾ ਦੀ ਖ਼ਬਰ ਹੋ ਸਕਦੀ ਹੈ। ਸਭ ਤੋਂ ਵੱਡੀ ਪਾਰਟੀ ਵਜੋਂ ਨੇਪਾਲ ਦੀ ਕਮਿਊਨਿਸਟ ਪਾਰਟੀ (ਯੂਨਾਇਟਡ ਮਾਰਕਸਿਸਟ-ਲੈਨਿਨਸਟ) ਉਭਰੀ ਹੈ। ਉਸ ਦੇ ਨੇਤਾ ਕੇ.ਪੀ.ਐਸ. ਓਲੀ ਨੂੰ ਕਦੇ ਭਾਰਤ ਦਾ ਸਮਰਥਕ ਸਮਝਿਆ ਜਾਂਦਾ ਸੀ। ਪਰ ਪ੍ਰਧਾਨ ਮੰਤਰੀ ਵਜੋਂ ਆਪਣੇ ਪਿਛਲੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਚੀਨ ਸਮਰਥਕ ਨੀਤੀ ਅਪਣਾਈ। ਪੁਸ਼ਪ ਕਮਲ ਦਹਲ ਉਰਫ਼ ਪ੍ਰਚੰਡ ਦੀ ਪਾਰਟੀ ਮਾਓਵਾਦੀ ਸੈਂਟਰ ਨੇ ਉਸ ਤੋਂ ਵੱਖ ਹੋ ਕੇ ਉਨ੍ਹਾਂ ਦੀ ਸਰਕਾਰ ਗਿਰਾਈ, ਤਾਂ ਉਸ ਪਿਛੇ ਭਾਰਤ ਦੀ ਪ੍ਰੇਰਣਾ ਮੰਨੀ ਗਈ।



☛ ਦਸੰਬਰ ਦੇ ਅੰਤ ਤੱਕ ਬਣੇਗੀ ਖੱਬੀਆਂ ਧਿਰਾਂ ਦੀ ਸਰਕਾਰ

☛ ਸੀ.ਪੀ.ਐਨ-ਯੂ.ਐਮ.ਐਲ. ਦੇ ਮੁਖੀ ਕੇ.ਪੀ. ਸ਼ਰਮਾ ਓਲੀ ਬਣ ਸਕਦੇ ਹਨ ਪ੍ਰਧਾਨ ਮੰਤਰੀ

ਪ੍ਰਚੰਡ ਨੇ ਨੇਪਾਲੀ ਕਾਂਗਰਸ ਨਾਲ ਮਿਲ ਕੇ ਸਰਕਾਰ ਬਣਾਈ। ਪਰ ਆਮ ਚੋਣਾਂ ਤੋਂ ਠੀਕ ਪਹਿਲਾਂ ਅਚਾਨਕ ਉਨ੍ਹਾਂ ਨੇ ਫਿਰ ਯੂ.ਐਮ.ਐਲ. ਨਾਲ ਹੱਥ ਮਿਲਾ ਲਿਆ। ਹੁਣ ਦੋਵੇਂ ਕਮਿਊਨਿਸਟ ਪਾਰਟੀਆਂ ਦੇ ਇਸ ਗਠਜੋੜ ਨੇ ਵੱਡੀ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੇ ਨੇਪਾਲੀ ਕਾਂਗਰਸ ਨੂੰ ਕਾਫ਼ੀ ਪਿਛੇ ਛੱਡ ਦਿੱਤਾ ਹੈ। ਮਧੇਸੀ ਪਾਰਟੀਆਂ ਨੂੰ ਵੀ ਮਾਮੂਲੀ ਸਫਲਤਾ ਮਿਲੀ ਹੈ। ਨੇਪਾਲ ਵਿਚ ਪ੍ਰਤੱਖ ਚੋਣ ਪ੍ਰਣਾਲੀ ਤਹਿਤ ਕੁੱਲ 165 ਸੰਸਦੀ ਤੇ 330 ਸੂਬਾਈ ਵਿਧਾਨ ਸਭਾ ਦੀਆਂ ਸੀਟਾਂ ਹਨ। ਸੂਬਾਈ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਵੀ ਸੀ.ਪੀ.ਐਨ.-ਯੂ.ਐਮ.ਐਲ. ਅਤੇ ਮਾਓਵਾਦੀ ਸੈਂਟਰ ਸਭ ਤੋਂ ਅੱਗੇ ਹੈ। ਸੰਸਦ ਭਾਵ ਪ੍ਰਤੀਨਿਧ ਸਭਾ ਵਿਚ 275 ਮੈਂਬਰ ਹਨ, ਜਿਨ੍ਹਾਂ ਵਿਚੋਂ 165 ਫਰਸਟ ਪਾਸਟ ਦੀ ਪੋਸਟ ਪ੍ਰਣਾਲੀ ਰਾਹੀਂ ਭਾਵ ਪ੍ਰਤੱਖ ਵੋਟਿੰਗ ਨਾਲ ਚੁਣੇ ਜਾਣੇ ਹਨ। ਬਾਕੀ 1110 ਅਨੁਪਾਤਕ ਪ੍ਰਤੀਨਿਧ ਪ੍ਰਣਾਲੀ ਰਾਹੀਂ ਆਉਣਗੇ। ਚੋਣਾਂ ਨੂੰ ਆਜ਼ਾਦ ਤੇ ਨਿਰਪੱਖ ਮੰਨਿਆ ਗਿਆ ਹੈ। ਯੂਰਪੀ ਕਮਿਸ਼ਨ ਚੋਣ ਨਿਗਰਾਨ ਮਿਸ਼ਨ ਨੇ ਕਿਹਾ ਕਿ ਨੇਪਾਲ ਦਾ ਚੋਣ ਕਮਿਸ਼ਨ ਦੋ ਪੜਾਵਾਂ ਵਿਚ ਵੋਟਿੰਗ ਕਰਾਉਣ ਦੀਆਂ ਵਿਵਸਥਾਗਤ ਤਿਆਰੀਆਂ ਕਰਨ ਵਿਚ ਸਫਲ ਰਿਹਾ ਹੈ। ਪਰ ਮਿਸ਼ਨ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਕੰਮ-ਕਾਜ ਵਿਚ ਪਾਰਦਰਸ਼ਤਾ ਦੀ ਕਮੀ ਹੈ।



ਇਤਿਹਾਸਕ ਸੂਬਾਈ ਤੇ ਸੰਸਦੀ ਚੋਣਾਂ ਵਿਚ ਭਾਰੀ ਬਹੁਮਤ ਹਾਸਲ ਕਰਨ ਮਗਰੋਂ ਨੇਪਾਲ ਦੀਆਂ ਮੁੱਖ ਖੱਬੀਆਂ ਧਿਰਾਂ ਦੇ ਗਠਜੋੜ ਨੇ ਕਿਹਾ ਕਿ ਉਹ ਇਸ ਮਹੀਨੇ ਦੇ ਅੰਤ ਤੱਕ ਅਗਲੀ ਸਰਕਾਰ ਬਣਾਏਗਾ। 'ਫਰਸਟ ਪਾਸਟ ਦੀ ਪੋਸਟ' ਪ੍ਰਣਾਲੀ ਤਹਿਤ ਜਿਨ੍ਹਾਂ 165 ਸੀਟਾਂ 'ਤੇ ਚੋਣਾਂ ਹੋਈਆਂ, ਉਨ੍ਹਾਂ ਵਿਚ ਹੁਣ ਤਕ ਇਸ ਗਠਜੋੜ ਨੂੰ 113 ਸੀਟਾਂ ਮਿਲੀਆਂ ਹਨ। ਸੀ.ਪੀ.ਐਨ.ਯੂ.ਐਮ.ਐਲ. ਨੂੰ 77, ਸੀ.ਪੀ.ਐਨ.-ਮਾਓਵਾਦੀ ਨੂੰ 36, ਜਦਕਿ ਨੇਪਾਲੀ ਕਾਂਗਰਸ 21 ਸੀਟਾਂ ਦੇ ਨਾਲ ਤੀਸਰੇ ਸਥਾਨ 'ਤੇ ਹੈ। ਹੁਣ ਸਿਰਫ਼ ਪੰਜ ਸੀਟਾਂ ਦੇ ਨਤੀਜੇ ਐਲਾਨੇ ਜਾਣੇ ਬਾਕੀ ਹਨ।

☛ ਬਾਕੀ ਸਫ਼ਾ 45 'ਤੇ

## ਜੇਸਨ ਨਿਕਸਨ ਨੇ ਮਹਿਲਾ ਜਿਣਸੀ ਸ਼ੋਸ਼ਣ ਮਾਮਲੇ 'ਚ ਮੁਆਫ਼ੀ ਮੰਗੀ

ਅਲਬਰਟਾ (ਨਦਬ) : ਯੂਨਾਇਟਡ ਕੰਜ਼ਰਵੇਟਿਵ ਪਾਰਟੀ ਹਾਊਸ ਲੀਡਰ ਜੇਸਨ ਨਿਕਸਨ ਨੇ ਆਖ਼ਰ ਆਪਣੇ ਵਿਵਾਦਤ ਫ਼ੈਸਲੇ ਲਈ ਮੁਆਫ਼ੀ ਮੰਗ ਲਈ ਹੈ, ਜਿਸ ਤਹਿਤ ਉਸ ਨੇ ਕੁਝ ਸਮਾਂ ਪਹਿਲਾਂ ਜਿਣਸੀ ਸ਼ੋਸ਼ਣ ਦੀ ਸ਼ਿਕਾਇਤ ਕਰਨ ਵਾਲੀ ਆਪਣੀ ਮਹਿਲਾ ਮੁਲਾਜ਼ਮ ਨੂੰ ਨਿਆਂ ਦੇਣ ਦੀ ਥਾਂ ਨੌਕਰੀਓਂ ਕੱਢ ਦਿੱਤਾ ਸੀ। ਨਿਕਸਨ ਨੇ ਕਿਹਾ ਕਿ ਉਸ ਨੂੰ ਬੇਹੱਦ ਅਫ਼ਸੋਸ ਹੈ ਕਿ ਉਸ ਨੇ ਆਪਣੀ ਮੁਲਾਜ਼ਮ ਦਾ ਸਾਥ ਦੇਣ ਦੀ ਬਜਾਏ, ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਪ੍ਰੀਮੀਅਰ ਰੇਚਲ ਨੋਟਲੇ ਨੇ ਕਿਹਾ ਕਿ ਨਿਕਸਨ ਨੂੰ ਆਪਣੇ ਅਹੁਦੇ ਦੀ ਮਰਿਆਦਾ ਰੱਖਣੀ ਚਾਹੀਦੀ ਹੈ। ਇਹ ਮਾਮਲਾ 2008 ਬੀ.ਸੀ. ਵਿਚ ਵਾਪਰਿਆ ਸੀ ਜਿੱਥੇ ਨਿਕਸਨ ਦੀ ਕੰਪਨੀ ਦਾ ਕੰਮ ਚੱਲ ਰਿਹਾ ਸੀ। ☛ ਬਾਕੀ ਸਫ਼ਾ 45 'ਤੇ
























**ADVANCED Roofing Systems Ltd.**

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licenced & Insured • Pine Shake Replacement • Roof Top Snow removel • FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



**Supreme Pizza**
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche

**GROVER PROFESSIONAL ACCOUNTING & TAX SERVICES**

*Neha Grover*



*Neha Grover*

- *Bookkeeping*
- *G.S.T.*
- *Payrolls*
- *Corporate & Professional Taxes*
- *E-files*

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com

**A-WIN Insurance**

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

**A-WIN: MAKING LIFE EASY**

Who We Are
Western Canada's Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ



ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%
Payment Options available

Edmonton : 780-465-6900
Calgary : 403-775-2100

**ADVANCE DRIVING SCHOOL LTD.**
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave Edmonton, AB
10211-100 Ave Fort Saskatchewan, AB
780 660 4090

**ALPHA Tent Rentals**
All Events Big or Small
We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354





ਖ਼ਤਰੇ ਦੀ ਘੰਟੀ

# ਕੈਲਗਰੀ ਵਿੱਚ ਰੇਡਨ ਗੈਸ ਦਾ ਪੱਧਰ ਵਧਿਆ

## ਕੈਲਗਰੀ ਯੂਨੀਵਰਸਿਟੀ ਦੀ ਖੋਜ ਆਈ ਸਾਹਮਣੇ



**ਕੈਲਗਰੀ (ਨਦਬ) :** ਕੈਲਗਰੀ ਯੂਨੀਵਰਸਿਟੀ ਵੱਲੋਂ ਕੈਲਗਰੀ ਦੇ ਕੁੱਝ ਘਰਾਂ ਵਿੱਚ ਰੇਡਨ ਗੈਸ ਦਾ ਪੱਧਰ ਮਾਪਣ ਨਾਲ ਡਰਾਵਣੇ ਸਿੱਟੇ ਸਾਹਮਣੇ ਆਏ। ਘਰਾਂ ਵਿੱਚ ਰੇਡਨ ਗੈਸ ਦਾ ਪੱਧਰ ਬਹੁਤ ਵਧਿਆ ਹੋਇਆ ਪਾਇਅ ਗਿਅ ਜੋ ਨਾਗਰਿਕਾਂ ਲਈ ਖ਼ਤਰੇ ਦੀ ਘੰਟੀ ਹੈ। ਇਸ ਸਥਿਤੀ ਨੂੰ ਦੇਖਦਿਆਂ ਖੋਜਾਰਥੀਆਂ ਨੇ ਸਲਾਹ ਦਿੱਤੀ ਹੈ ਕਿ ਪੂਰੇ ਸੂਬੇ ਵਿੱਚ ਰੇਡਨ ਦਾ ਪੱਧਰ ਮਾਪਿਆ ਜਾਣਾ ਚਾਹੀਦਾ ਹੈ ਤਾਂ ਜੋ ਇਸਦੇ ਖ਼ਤਰਿਆਂ ਨੂੰ ਭਾਂਪ ਕੇ ਉਚਿਤ ਕਦਮ ਚੁੱਕੇ ਜਾ ਸਕਣ। ਦੱਸਣਾ ਬਣਦਾ ਹੈ ਕਿ ਜੇ ਰੇਡਨ ਗੈਸ ਦਾ ਪੱਧਰ ਵੱਧ ਜਾਵੇ ਤਾਂ ਮਨੁੱਖ ਅਤੇ ਜੀਆ-ਜੰਤ ਲਈ ਇਹ ਵੱਡਾ ਖ਼ਤਰਾ ਇਸ ਲਈ ਹੈ ਕਿਉਂਕਿ ਇਸ ਨਾਲ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਲੱਗਦੀਆਂ ਹਨ।

ਸਰਵੇ ਕਰਨ ਵਾਲੀ ਟੀਮ ਦੇ ਮੁਖੀ ਆਟਨ ਗੋਡਾਰਜ਼ੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਦੇ ਸ਼ੁਰੂ ਵਿੱਚ ਕੈਲਗਰੀ ਦੇ ਅੱਠ ਘਰਾਂ ਪਿੱਛੇ ਇੱਕ ਦਾ ਟੈਸਟ ਕੀਤਾ ਗਿਆ ਤੇ ਰੇਡਨ ਗੈਸ ਦਾ ਪੱਧਰ ਉਸ ਪੈਮਾਨੇ ਤੋਂ ਕਾਫ਼ੀ ਵੱਧ ਪਾਇਆ ਗਿਆ ਜੋ ਹੈਲਥ ਕਨੇਡਾ ਵੱਲੋਂ ਪ੍ਰਵਾਨਿਤ ਹੈ। ਰੇਡਨ ਇੱਕ ਐਸੀ ਗੈਸ ਹੈ ਜਿਸਦੀ ਨਾ ਗੰਧ ਹੁੰਦੀ ਹੈ ਨਾ ਰੰਗ ਹੁੰਦਾ ਹੈ ਤੇ ਨਾ ਹੀ ਕੋਈ ਸਵਾਦ ਹੁੰਦਾ ਹੈ। ਇਹ ਰੇਡਿਓਐਕਟਿਵ ਵਿੱਚੋਂ ਪੈਦਾ ਹੋਣ ਵਾਲਾ ਤੱਤ ਹੈ। ਲੰਗ ਕੈਂਸਰ ਕਨੇਡਾ ਦੇ ਅਨੁਸਾਰ ਨਾਗਰਿਕਾਂ ਨੂੰ ਲੰਗ ਕੈਂਸਰ ਹੋਣ ਦਾ ਦੂਜਾ ਸਭ ਤੋਂ ਵੱਡਾ ਕਾਰਣ ਇਹੀ ਰੇਡਨ ਗੈਸ ਹੈ। ਸਾਲ ਵਿੱਚ ਲਗਭਗ 3200 ਕਨੇਡੀਅਨ ਇਸ ਗੈਸ ਦੇ ਕਾਰਣ ਆਪਣੀ ਜਾਨ ਦਿੰਦੇ ਹਨ।

ਅਜਿਹੀਆਂ ਖ਼ਤਰਨਾਕ ਸਥਿਤੀਆਂ ਨੂੰ ਦੇਖਦਿਆਂ ਇਵਿਕਟ ਰੇਡਨ ਨਾਮ ਨਾਲ ਮੁਹਿੰਮ ਵਿੱਢੀ ਗਈ ਹੈ ਜਿਸ ਤਹਿਤ ਨਾਗਰਿਕਾਂ ਨੂੰ ਰੇਡਨ ਗੈਸ ਬਾਰੇ ਅਤੇ ਇਸਦੇ ਖ਼ਤਰਿਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਇਸਦੇ ਨਾਲ ਹੀ ਉਹਨਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਘਰਾਂ ਵਿੱਚ ਰੇਡਨ ਗੈਸ ਦਾ ਪੱਧਰ ਚੈਕ ਕਰਨ। ਇਸਦੇ ਲਈ ਕੈਲਗਰੀ ਯੂਨੀਵਰਸਿਟੀ ਤੋਂ 60 ਡਾਲਰ ਵਿੱਚ ਟੈਸਟਿੰਗ ਕਿੱਟ ਖਰੀਦੀ ਜਾ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਗੈਸ ਦਾ ਸਭ ਤੋਂ ਵੱਧ ਨਾਕਾਰਾਤਮਕ ਪ੍ਰਭਾਵ ਬੱਚਿਆਂ ’ਤੇ ਪੈਂਦਾ ਹੈ। ਜੇਕਰ ਕੋਈ ਇਸਦਾ ਪੱਧਰ ਘੱਟ ਕਰਨਾ ਚਾਹੁੰਦਾ ਹੈ ਤਾਂ ਉਹ ਦੋ ਹਜ਼ਾਰ ਜਾਂ ਪੱਚੀ ਸੌ ਡਾਲਰ ਖਰਚ ਕਰਕੇ ਬੇਸਮੈਂਟ ਦੇ ਫਰਸ਼ ਦੇ ਹੇਠਾਂ ਤੋਂ ਪਾਇਪ ਲਗਵਾ ਸਕਦਾ ਹੈ ਜਿਸ ਰਾਹੀਂ ਰੇਡਨ ਗੈਸ ਨੂੰ ਘਰ ਤੋਂ ਬਾਹਰ ਕੱਢਿਆ ਜਾ ਸਕਦਾ ਹੈ।

ਕੈਲਗਰੀ ਪੂਰਬ ਤੋਂ ਐਨਡੀਪੀ ਐਮਐਲਏ ਰੋਬਿਨ ਲੱਫ਼ ਨੇ ਇਸ ਗੈਸ ਦੇ ਖ਼ਤਰਿਆਂ ਨੂੰ ਦੇਖਦਿਆਂ ਪਿਛਲੇ ਦਿਨੀਂ ਪ੍ਰਾਈਵੇਟ ਮੈਂਬਰਜ਼ ਬਿਲ ਪੇਸ਼ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਸਰਕਾਰ ਇਸ ਸਮੱਸਿਆ ਨੂੰ ਲੈ ਕੇ ਚੇਤਨਾ ਮੁਹਿੰਮ ਵਿੱਢੇ ਅਤੇ ਨਾਗਰਿਕਾਂ ਲਈ ਲੋੜੀਂਦਾ ਲਿਟਰੇਚਰ ਮੁਹੱਈਆ ਕਰਵਾਵੇ। ਇਸ ਗੰਭੀਰ ਸਮੱਸਿਆ ਨੂੰ ਦੇਖਦਿਆਂ ਅਲਬਰਟਾ ਰੀਅਲ ਅਸਟੇਟ ਫਾਊਂਡੇਸ਼ਨ ਵੱਲੋਂ ਡੇਢ ਲੱਖ ਡਾਲਰ ਇਵਿਕਟ ਰੇਡਨ ਮੁਹਿੰਮ ਲਈ ਜੁਟਾਏ ਗਏ ਹਨ।

## ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਨੇ ਕੀਤਾ ਐਡਮਿੰਟਨ ਦੌਰਾ



**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਨੇ ਪਹਿਲੀ ਵਾਰ ਐਡਮਿੰਟਨ ਦਾ ਰਸਮੀਂ ਦੌਰਾ ਕੀਤਾ। ਇਥੇ ਉਨ੍ਹਾਂ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਾਤਾਵਰਣ ਵਿੱਚ ਬਦਲਾਵ ਦੀ ਪਹਿਲ ਨੂੰ ਲੈ ਕੇ ਅਲਬਰਟਾ ਸਰਕਾਰ ਦੀ ਪ੍ਰਸ਼ੰਸ਼ਾ ਕੀਤੀ ਤੇ ਕਿਹਾ ਕਿ ਕਨੇਡਾ ਸਰਕਾਰ ਦਾ ਯਤਨ ਹੈ ਕਿ ਵਾਤਾਵਰਣ ਵਿੱਚ ਕਾਰਬਨ ਗੈਸ ਘੱਟ ਹੋਵੇ ਤੇ ਇਸ ਯਤਨ ਵਿੱਚ ਅਲਬਰਟਾ ਸਰਕਾਰ ਦੀ ਪਹਿਲ ਸਹਾਈ ਹੋਵੇਗੀ।

ਇਸੇ ਦੌਰਾਨ ਉਹਨਾਂ ਪੰਜਾਬੀ ਭਾਈਚਾਰੇ ਅੰਦਰ ਆਪਣੇ ਹਮਦਰਦਾਂ ਵਲੋਂ ਕਰਵਾਏ ਇੱਕ ਸਮਾਗਮ ਨੂੰ ਸੰਬੋਧਨ ਕੀਤਾ। ਸਮਾਗਮ ਨੂੰ ਸੋਬੋਧਨ ਕਰਦਿਆਂ ਉਹਨਾਂ ਭਾਈਚਾਰੇ ਵਲੋਂ ਮਿਲੇ ਸਹਿਯੋਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਪਛਾਣ ਉਤੇ ਮਾਣ ਹੋਣਾ ਚਾਹੀਦਾ ਹੈ ਅਤੇ ਸਮਾਜਕ ਉਨਤੀ ਲਈ ਭਾਈਚਾਰੇ ਨੂੰ ਸਿਆਸਤ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣਾ ਚਾਹੀਦਾ ਹੈ। ਸਮਾਗਮ ਦੇ ਪ੍ਰਬੰਧਕਾਂ ਨੇ ਉਨ੍ਹਾਂ ਕਿ ਅਲਬਰਟਾ ਵਾਸੀ ਕਿਵੇਂ ਫੈਡਰਲ ਨੂੰ ਸਮੱਰਥਨ ਕਰ ਸਕਦੇ ਹਨ ਜਦੋਂਕਿ ਫੈਡਰਲ ਨੇ ਪਾਈਪਲਾਈਨ ’ਤੇ ਕੋਈ ਛੋਟ ਨਹੀਂ ਦਿੱਤੀ ਜਿਸਦਾ ਸਬੰਧ ਵਾਤਾਵਰਣ ਨਾਲ ਹੈ।

## ਸੈਂਚੁਰੀ ਪਾਰਕ ਐਲਆਰਟੀ ਸਟੇਸ਼ਨ ਤੋਂ ਐਡਮਿੰਟਨ ਅੰਤਰਰਾਸ਼ਟਰੀ ਏਅਰਪੋਰਟ ਵਿਚਕਾਰ ਟ੍ਰਾਂਜ਼ਿਟ ਸਰਵਿਸ ਠੇਕਾ ਹੋਇਆ ਖਤਮ

**ਐਡਮਿੰਟਨ (ਨਦਬ) :** ਅਪ੍ਰੈਲ 2012 ਤੋਂ ਸੈਂਚੁਰੀ ਪਾਰਕ ਐਲਆਰਟੀ ਸਟੇਸ਼ਨ ਤੋਂ ਐਡਮਿੰਟਨ ਅੰਤਰਰਾਸ਼ਟਰੀ ਏਅਰਪੋਰਟ ਤੱਕ ਸਵਾਰੀਆਂ ਦੀ ਆਵਾਜਾਈ ਲਈ ਕੀਤਾ ਗਿਆ ਠੇਕਾ ਤੀਹ ਅਪ੍ਰੈਲ ਨੂੰ ਪੂਰਾ ਹੋ ਚੁੱਕਿਆ ਹੈ ਅਤੇ ਸਵਾਰੀਆਂ ਨੂੰ ਲਗਾਤਾਰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਐਡਮਿੰਟਨ ਰਿਜ਼ਨਲ ਏਅਰਪੋਰਟ ਅਥੌਰਟੀ ਵੱਲੋਂ ਹਰ ਸਾਲ ਪੰਜ ਲੱਖ ਰੁਪਿਆ ਸਬਸੀਡੀ ਦੇ ਰੂਪ ਵਿੱਚ ਖਰਚਿਆਂ ਜਾਂਦਾ ਸੀ ਪਰ ਹੁਣ ਠੇਕਾ ਖਤਮ ਹੋ ਚੁਕਾ ਹੈ।

ਸਮੱਸਿਆ ਦਾ ਅੰਦਾਜ਼ਾ ਇਸ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਐਡਮਿੰਟਨ ਸਿਟੀ, ਲਿਡੂਕ ਕਾਊਂਟੀ, ਦਾ ਸਿਟੀ ਆਫ਼ ਲਿਡੂਕ ਅਤੇ ਏਅਰਪੋਰਟ ’ਿਚਕਾਰ ਟ੍ਰਾਂਜ਼ਿਟ ਸਰਵਿਸ ਲਈ ਸਮਝੌਤੇ ’ਤੇ ਕੰਮ ਕੀਤਾ ਜਾ ਰਿਹਾ ਹੈ ਪਰ ਖੇਤਰੀ ਹਿੱਸੇਦਾਰ ਪੈਸਾ ਜੁਟਾਉਣ ਵਿੱਚ ਅਸਮਰੱਥ ਹਨ।

ਕਿਰਾਏ ਦੀਆਂ ਵਧੀਆਂ ਕੀਮਤਾਂ ਮੁਤਾਬਕ ਹੁਣ ਇਹ ਖਰਚ 1.01 ਮਿਲੀਅਨ ਡਾਲਰ ਹੈ ਅਤੇ ਇਹ ਰਕਮ ਗਿਆਰ੍ਹਾਂ ਪ੍ਰਤੀਸ਼ਤ ਸਰਵਿਸ ਕਟੌਤੀ ਮੁਤਾਬਿਕ ਹੈ। ਜੇਕਰ 747 ਰੂਟ ਨੂੰ ਈਟੀਐਸ ਸਰਵਿਸ ਮੁਤਾਬਿਕ ਇਸਦੇ ਨਾਲ ਜੋੜਿਆ ਜਾਵੇ ਤਾਂ ਇਹ ਖਰਚ ਅੰਦਾਜ਼ਨ 1.83 ਮਿਲੀਅਨ ਡਾਲਰ ਦਾ ਹੋਵੇਗਾ। ਇਹ ਆਵਾਜਾਈ ਵਿੱਚ ਸੰਭਾਵਿਤ 17 ਪ੍ਰਤੀਸ਼ਤ ਵਾਧੇ ਅਨੁਸਾਰ ਹੋਵੇਗਾ।

ਕਾਰੋਬਾਰ ਦੇ ਪ੍ਰਚਾਰ ’ਚ ਤੁਹਾਡੇ ਦੋਸਤ!
EmbroidMe®
your promotional marketing partner
• sports team apparel
• business and corporate branding
• promotional products
• thousands of products available
ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ




780.328.2020 | 5017-52 Ave, Beaumont    EmbroidMe-EdmontonSE.com    more than just embroidery

Services Provided
We also do Braces
Cosmetic and Preventive Dentistry including:
> Check Ups and Cleanings
> Fillings
> TMJ
> Implants
> Teeth Whitening
> Teeth Straightening-Invisalign
> Sports and Night Gaurds
> Crowns and Bridges
> Partial and Full Dentures
> Wisdom Teeth Extractions
> Root Canal Therapy
Open 7 days a week including evenings and weekends !
Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4

Maple DENTAL CLINIC
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।


Dr. Amritpal Singh

Accepting New Patients
Appointments @
780-440-5001
4444-36 Ave NW Edmonton, AB T6L 3S1


Dr. Sandeep Dhaliwal

# ਟਰੂਡੋ ਸਰਕਾਰ ਟ੍ਰਾਂਸ ਮਾਊਨਟੇਨ ਪਾਈਪ ਲਾਈਨ ਪ੍ਰੋਜੈਕਟ ਲਈ ਆਪਣੀ ਭੂਮਿਕਾ ਅਦਾ ਕਰੇ : ਰੇਚਲ ਨੋਟਲੇ

**ਓਟਾਵਾ, (ਨਦਬ) :** ਇਕਨੌਮਿਕ ਕਲੱਬ ਆਫ਼ ਕਨੇਡਾ 'ਚ ਭਾਸ਼ਣ ਦਿੰਦਿਆ ਅਲਬਰਟਾ ਪ੍ਰੀਮੀਅਰ, ਰੇਚਲ ਨੋਟਲੇ ਨੇ, ਲਿਬਰਲਾਂ, ਕੰਜ਼ਰਵੇਟਿਵਾਂ ਅਤੇ ਐਨਡੀਪੀ ਨੂੰ ਪਾਈਪਲਾਈਨ ਪ੍ਰੋਜੈਕਟ ਬਾਰੇ ਸਾਕਾਰਾਤਮਕ ਰੁਖ਼ ਅਪਣਾਉਣ ਦਾ ਸੰਦੇਸ਼ ਦਿੱਤਾ ਹੈ। ਉਹਨਾਂ ਕਿਹਾ ਪੱਛਮੀਂ ਕੰਢੇ ਦੀ ਟ੍ਰਾਂਸ ਮਾਊਨਟੇਨ ਲਾਈਨ ਜਿਸਦਾ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਕਈ ਮਿਊਸੀਪਲਟੀਆਂ ਅਤੇ ਫਸਟ ਨੇਸ਼ਨਾਂ ਦੇ ਸਹਿਯੋਗ ਨਾਲ ਲਗਾਤਾਰ ਵਿਰੋਧ ਕਰ ਰਹੀ ਹੈ, ਬਾਰੇ ਟਰੂਡੋ ਸਰਕਾਰ ਮਜ਼ਬੂਤ ਭੂਮਿਕਾ ਅਦਾ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਰਾਸ਼ਟਰ ਦੇ ਹਿੱਤ ਵਿੱਚ ਹੈ ਇਸ ਕਰਕੇ ਹੀ ਤੁਸੀਂ ਇਸ ਨੂੰ ਮਨਜ਼ੂਰ ਕੀਤਾ ਹੈ। ਹੁਣ ਹਰ ਇੱਕ ਕਨੇਡੀਅਨ ਚਾਹੁੰਦਾ ਹੈ ਕਿ ਇਸ ਮਾਮਲੇ ਵਿੱਚ ਫੈਡਰਲ ਸਰਕਾਰ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰੇ।

ਉਹਨਾਂ ਕਿਹਾ ਕਿ ਜੇਕਰ ਅਸੀਂ ਵਾਤਾਵਰਣ ਨੂੰ ਲੈ ਕੇ ਕੁੱਝ ਕਰ ਨਹੀਂ ਰਹੇ ਤੇ ਕਾਮਿਆਂ ਨੂੰ



ਇਹ ਕਹਿੰਦੇ ਹਾਂ ਕਿ ਤੁਹਾਡੀ ਜੌਬ ਦਾ ਮਸਲਾ ਗੰਭੀਰ ਨਹੀਂ ਤਾਂ ਅਸੀਂ ਦੋਵੇਂ ਪਾਸਿਓਂ ਫੇਲ ਸਿੱਧ ਹੋਵਾਂਗੇ।

ਉਹਨਾਂ ਕੰਜ਼ਰਵੇਟਿਵਾਂ ਨੂੰ ਅਪੀਲ ਕੀਤੀ ਕਿ ਉਹ ਰਾਜਨੀਤੀ ਨਾ ਕਰਨ ਕਿਉਂਕਿ ਕਨੇਡੀਅਨ ਅਜਿਹੀਆਂ ਐਨਰਜ਼ੀ ਸਬੰਧੀ ਨੀਤੀਆਂ ਦਾ ਸਮੱਰਥਨ ਨਹੀਂ ਕਰਦੇ ਜਿਹੜੀਆਂ ਰਾਜਨੀਤੀ ਅਧਾਰਿਤ ਹੋਣ। ਪ੍ਰੀਮੀਅਰ ਨੇ ਕਿਹਾ ਕਿ ਅਲਬਰਟਾ ਦੇਸ਼ ਦੀ ਖੁਸ਼ਹਾਲੀ ਦੀ ਚਾਬੀ ਹੈ। ਓਟਾਵਾ ਵਿੱਚ 17 ਪ੍ਰਤੀਸ਼ਤ ਆਮਦਨ ਅਲਬਰਟਾ 'ਚੋਂ ਪੁੱਜਦੀ ਹੈ ਜਦੋਂਕਿ ਇੱਥੇ ਦੇਸ਼ ਦੀ 12 ਪ੍ਰਤੀਸ਼ਤ ਆਬਾਦੀ ਰਹਿੰਦੀ ਹੈ।

ਇਸ ਮੌਕੇ ਕੈਲਗਰੀ ਸੈਂਟਰ ਤੋਂ ਲਿਬਰਲ ਐਮਪੀ ਅਤੇ ਫੈਡਰਲ ਕੈਬਨਿਟ ਮੰਤਰੀ ਕੈਂਟ ਹੇਹਰ ਵੀ ਹਾਜ਼ਰ ਸਨ। ਕੈਂਟ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਓਟਾਵਾ ਇਸ ਮਾਮਲੇ ਵਿੱਚ ਵਿਰੋਧੀਆਂ ਨਾਲ ਬਿਨਾ ਕਿਸੇ ਤਕਰਾਰ ਤੋਂ ਸਰਵ ਸਹਿਮਤੀ ਬਣਾਉਣਾ ਚਾਹੰਦਾ ਹੈ।

## ਸਰਕਾਰ ਵੱਲੋਂ ਭੰਗ ਦੀ ਵਿਕਰੀ ਸਬੰਧੀ ਨਿਯਮ ਜਾਰੀ

**ਐਡਮਿੰਟਨ (ਨਦਬ) :** ਭੰਗ ਦੀ ਪਰਚੂਨ ਵਿਕਰੀ ਨੂੰ ਲੈ ਕੇ ਸਰਕਾਰ ਵੱਲੋਂ ਨਿਯਮ ਜਾਰੀ ਕਰ ਦਿੱਤੇ ਗਏ ਹਨ। ਪ੍ਰਸਤਾਵਿਤ ਨਿਯਮਾਂ ਅਨੁਸਾਰ ਅਠ੍ਹਾਰਾਂ ਸਾਲ ਦਾ ਹਰ ਵਿਅਕਤੀ ਕਾਨੂੰਨੀ ਤੌਰ 'ਤੇ ਭੰਗ ਦਾ ਸੇਵਨ ਕਰਨ ਦਾ ਹੱਕਦਾਰ ਹੋਵੇਗਾ। ਭੰਗ ਰੱਖਣ ਦੀ ਪ੍ਰਤੀ ਵਿਆਕਤੀ ਸੀਮਾ 30 ਗ੍ਰਾਮ ਹੋਵੇਗੀ। ਜੇਕਰ 18 ਸਾਲ ਤੋਂ ਘੱਟ ਉਮਰ ਦਾ ਵਿਅਕਤੀ ਪੰਜ ਗ੍ਰਾਮ ਭੰਗ ਨਾਲ ਫੜਿਆ ਜਾਂਦਾ ਹੈ ਤਾਂ ਉਸਨੂੰ ਜ਼ੁਰਮਾਨਾ ਹੋਵੇਗਾ ਤੇ ਇਸ ਦੀ ਜਾਣਕਾਰੀ ਉਸਦੇ ਸਬੰਧੀਆਂ ਨੂੰ ਦਿੱਤੀ ਜਾਵੇਗੀ। ਨਿਯਮਾਂ ਅਨੁਸਾਰ ਜਿੱਥੇ ਸ਼ਰਾਬ, ਦਵਾਈਆਂ ਜਾਂ ਤੰਬਾਕੂ ਮਿਲਦਾ ਹੈ ਉੱਥੇ ਭੰਗ ਨਹੀਂ ਵੇਚੀ ਜਾਵੇਗੀ। ਭੰਗ ਦੀ ਆਨਲਾਈਨ ਵਿਕਰੀ ਸਿਰਫ਼ ਸਰਕਾਰ ਵਲੋਂ ਹੀ ਉਪਲਬਧ ਹੋਵੇਗੀ ਅਤੇ ਗ੍ਰਾਹਕ ਕਿਸੇ ਦੂਜੇ ਸੂਬੇ ਤੋਂ ਆਨਲਾਈਨ ਵਿਕਰੀ ਨਹੀਂ ਕਰ ਸਕਣਗੇ। ਮੈਡੀਕਲ ਦੇ ਰੂਪ ਵਿੱਚ ਭੰਗ ਦੀ ਜੋ ਵਰਤੋਂ ਹੁੰਦੀ ਹੈ ਉਹ ਪਹਿਲਾਂ ਵਾਂਗ ਫੈਡਰਲ ਸਿਸਟਮ ਅਧੀਨ ਰਹੇਗੀ। ਪਰਚੂਨ ਦੇ ਰੂਪ ਵਿੱਚ ਭੰਗ ਕਈ ਕਿਸਮਾਂ ਤਰਲ ਅਤੇ ਠੋਸ ਵਿੱਚ ਉਪਲਬਧ ਹੋਵੇਗੀ। ਵਿਕਰੀ ਲਈ ਸਮਾਂ ਨਿਸਚਿਤ ਹੋਵੇਗਾ ਤੇ ਵਿਕਰੀ ਕੇਂਦਰ 'ਤੇ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ। ਅਲਬਰਟਾ ਵਾਸੀਆਂ ਨੂੰ ਆਪਣੇ ਘਰ ਵਿੱਚ ਭੰਗ ਦੇ ਚਾਰ ਪੌਦੇ ਲਾਉਣ ਦੀ ਆਗਿਆ ਹੋਵੇਗੀ।

## ਸਕੂਲੀ ਵਿਦਿਆਰਥੀਆਂ ਲਈ ਬੱਸ ਸੁਵਿਧਾਵਾਂ ਵਿੱਚ ਹੋਵੇਗਾ ਸੁਧਾਰ

**ਐਡਮਿੰਟਨ, (ਨਦਬ) :** ਸੂਬੇ ਦੇ ਸਿੱਖਿਆ ਮੰਤਰੀ ਡੇਵਿਡ ਏਗਨ ਵੱਲੋਂ ਵਿਧਾਨ ਸਭਾ ਵਿੱਚ ਬਿਲ 28 ਪੇਸ਼ ਕੀਤਾ ਗਿਆ। ਸਰਕਾਰ ਦਾ ਦਾਅਵਾ ਹੈ ਕਿ ਇਸ ਵਿੱਚ ਸਕੂਲੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖ ਕੇ ਕਈ ਮਹੱਤਵਪੂਰਨ ਸੁਝਾਅ ਪੇਸ਼ ਕੀਤੇ ਗਏ ਹਨ। ਇਸ ਬਿਲ ਦੇ ਪਾਸ ਹੋਣ ਨਾਲ ਉਹਨਾਂ ਬੱਚਿਆਂ ਨੂੰ ਵੀ ਸਕੂਲ ਬੱਸ ਸਰਵਿਸ ਦੀ ਸੁਵਿਧਾ ਮਿਲ ਸਕੇਗੀ ਜਿਹੜੇ ਸਕੂਲ ਤੋਂ 2.4 ਕਿਲੋਮੀਟਰ ਦੀ ਦੂਰੀ ਦੇ ਦਾਇਰੇ ਵਿੱਚ ਨਹੀਂ ਆਉਂਦੇ। ਬੱਚਿਆਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਬੱਸ ਸਰਵਿਸ ਲਈ ਜਿਹੜੇ ਮਾਪਦੰਡ ਪਹਿਲਾਂ ਤਹਿ ਕੀਤੇ ਗਏ ਹਨ ਉਹਨਾਂ ਅਨੁਸਾਰ ਬਹੁਤ ਜ਼ਿਆਦਾ ਬੱਚੇ ਬੱਸ ਸਰਵਿਸ ਤੋਂ ਵਾਂਝੇ ਰਹਿ ਜਾਂਦੇ ਹਨ ਤੇ ਇਸ ਕਰਕੇ ਮਾਪਿਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਿਲ ਵਿੱਚ ਦੂਜਾ ਮਹੱਤਵਪੂਰਨ ਸੁਝਾਅ ਇਹ ਪੇਸ਼ ਕੀਤਾ ਗਿਆ ਹੈ ਕਿ ਸਤੰਬਰ 2020 ਤੋਂ ਬਾਅਦ ਕਿੰਡਰਗਾਰਟਨ ਵਿੱਚ ਦਾਖ਼ਲੇ ਲਈ 31 ਦਸੰਬਰ ਤੱਕ ਸਕੂਲ ਦੇ ਸੈਸ਼ਨ ਅਨੁਸਾਰ ਬੱਚੇ ਦੀ ਉਮਰ ਪੰਜ ਸਾਲ ਹੋਣੀ ਲਾਜ਼ਮੀ ਹੋਵੇਗੀ। ਤੀਜੀ ਮਹੱਤਵਪੂਰਨ ਗੱਲ ਇਹ ਹੈ ਕਿ ਸਕੂਲ ਬੋਰਡਾਂ ਅਤੇ ਟਰੱਸਟੀਆਂ ਲਈ 1 ਸਤੰਬਰ 2018 ਤੋਂ




ਖ਼ਾਸ ਕੋਡ ਆਫ਼ ਕਡੰਕਟ ਲਾਗੂ ਹੋਵੇਗਾ। ਬਿਲ 'ਚਿ ਇੱਕ ਮਦ ਇਹ ਵੀ ਸ਼ਾਮਿਲ ਕੀਤੀ ਗਈ ਹੈ ਕਿ ਪ੍ਰਾਈਵੇਟ ਸਕੂਲਾਂ ਲਈ ਵਿੱਤੀ ਸੋਮਿਆਂ ਦੀ ਜਾਣਕਾਰੀ ਨਸ਼ਰ ਕਰਨੀ ਜਰੂਰੀ ਹੋਵੇਗੀ।

ਜੇਕਰ ਬਿਲ 28 ਪਾਸ ਹੋ ਜਾਂਦਾ ਹੈ ਤਾਂ ਸਿੱਖਿਆ ਮੰਤਰੀ ਦੇ ਅਧਿਕਾਰ ਖੇਤਰ ਵਿੱਚ ਵੀ ਵਿਸਥਾਰ ਹੋਵੇਗਾ ਤੇ ਸਿੱਖਿਆ ਮੰਤਰੀ ਫਸਟ ਨੇਸ਼ਨਜ਼ ਅਤੇ ਸੂਬੇ ਦੁਆਰਾ ਵਿੱਤੀ ਸਹਾਇਤਾ ਪ੍ਰਾਪਤ ਸਕੂਲਾਂ 'ਚਿ ਕਈ ਤਰ੍ਹਾਂ ਦੇ ਸਮਝੌਤਿਆਂ ਨੂੰ ਅੰਜ਼ਾਮ ਦੇ ਸਕੇਗਾ। ਜਿਸ ਨਾਲ ਸਿੱਖਿਆ ਦੇ ਖੇਤਰ ਵਿੱਚ ਬਰਾਬਰਤਾ ਪੈਦਾ ਹੋਵੇਗੀ।




# ਅਲਬਰਟਾ ਦੇ ਟਰੈਫਿਕ ਨਿਯਮਾਂ ਵਿੱਚ ਹੋਵੇਗੀ ਸੋਧ

**ਐਡਮਿੰਟਨ (ਨਦਬ)** : ਭੰਗ ਦੀ ਕਾਨੂੰਨੀ ਵਿਕਰੀ ਨੂੰ ਧਿਆਨ ਵਿੱਚ ਰੱਖਦਿਆਂ ਡਰਾਇਵਰਾਂ 'ਤੇ ਹੋਰ ਸਖ਼ਤੀ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ। ਫੈਡਰਲ ਸਰਕਾਰ ਨਸ਼ੇ ਦੇ ਮਾਪਦੰਡਾਂ ਨੂੰ ਲੈ ਕੇ ਖ਼ਾਸ ਤਰ੍ਹਾਂ ਦੇ ਸੁਝਾਅ ਪੇਸ਼ ਕਰ ਚੁੱਕੀ ਹੈ।

ਅਲਬਰਟਾ ਸਰਕਾਰ ਵਲੋਂ ਟਰੈਫਕ ਨਿਯਮਾਂ ਵਿੱਚ ਕੀਤੀ ਜਾ ਰਹੀ ਸੋਧ ਬਾਰੇ ਆਵਾਜਾਈ ਮੰਤਰੀ, ਬਰਾਇਨ ਮੇਸਨ ਦੱਸਿਆ ਕਿ ਬਿਲ 29 ਟ੍ਰੈਫ਼ਿਕ ਸੇਫ਼ਟੀ ਐਕਟ ਨੂੰ ਹੋਰ ਮਜ਼ਬੂਤ ਕਰੇਗਾ ਤੇ ਇਸ ਨਾਲ ਸੁਰੱਖਿਅਤ ਡਰਾਇਵਿੰਗ ਦੀਆਂ ਸੰਭਾਵਨਾਵਾਂ ਹੋਰ ਮਜ਼ਬੂਤ ਹੋਣਗੀਆਂ। ਉਹਨਾਂ ਨੇ ਕਿਹਾ ਕਿ ਭੰਗ ਦੀ ਵਿਕਰੀ ਨੂੰ ਕਾਨੂੰਨੀ ਮਾਨਤਾ ਮਿਲਣ ਤੋਂ ਬਾਅਦ ਡਰਾਇਵਰਾਂ ਵੱਲੋਂ ਕੀਤੀਆਂ ਜਾਂਦੀਆਂ ਕੁਤਾਹੀਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ ਇਸ ਲਈ ਇਹ ਬਿਲ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜਨਤਕ ਹਿਤ ਵਿੱਚ ਚੇਤਨਾ ਮੁਹਿੰਮ ਵੀ ਵਿੱਢੀ ਜਾਵੇਗੀ।



ਜ਼ਿਕਰਯੋਗ ਹੈ ਕਿ ਬਿਲ ਸੀ-46 ਦੇ ਤਹਿਤ ਜੇਕਰ ਡਰਾਇਵਰ ਦੇ ਖ਼ੂਨ ਵਿੱਚ ਪ੍ਰਤੀ ਮਿਲੀਲੀਟਰ 2 ਤੋਂ 5 ਨੈਨੋਗ੍ਰਾਮ ਟੀਐਚਸੀ ਪਾਇਆ ਜਾਂਦਾ ਹੈ ਤਾਂ ਇੱਕ ਹਜ਼ਾਰ ਡਾਲਰ ਦਾ ਜ਼ੁਰਮਾਨਾ ਲੱਗੇਗਾ ਤੇ ਜੇ ਇਹ ਪੰਜ ਨੈਨੋਗ੍ਰਾਮ ਤੋਂ ਉੱਪਰ ਹੈ ਤਾਂ ਸਜ਼ਾ ਇਸ ਤੋਂ ਸਖ਼ਤ ਹਵੇਗੀ ਅਤੇ ਜੇਲ੍ਹ ਵੀ ਹੋ ਸਕਦੀ ਹੈ। ਭੰਗ ਵਿੱਚ ਟੀਐਚਸੀ ਹੀ ਅਜਿਹਾ ਮੁੱਖ ਤੱਤ ਹੈ ਜਿਸਦਾ ਸਿੱਧਾ ਸਬੰਧ ਦਿਮਾ.ਗ ਨਾਲ ਹੈ।

ਟ੍ਰੈਫ਼ਿਕ ਸੇਫ਼ਟੀ ਐਕਟ ਵਿੱਚ ਸੁਧਾਰ ਤੋਂ ਬਾਅਦ ਜੇਕਰ ਕੋਈ ਡਰਾਇਵਰ ਨਸ਼ੇ ਦੀ ਹਾਲਤ ਵਿੱਚ ਪਾਇਆ ਜਾਂਦਾ ਹੈ ਤਾਂ 90 ਦਿਨਾਂ ਲਈ ਉਸਦਾ ਲਾਇਸੰਸ ਰੱਦ ਕਰ ਦਿੱਤਾ ਜਾਵੇਗਾ, ਜੋ ਕਿ ਹੁਣ ਜਰੂਰੀ ਨਹੀਂ।

ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਅਲਬਰਟਾ ਮੋਟਰ ਟਰਾਂਸਪੋਰਟ ਐਸੋਸੀਏਸ਼ਨ ਦੇ ਬੁਲਾਰੇ ਡਾਨ ਡਕਰਿੰਗ ਨੇ ਕਿਹਾ ਪੱਕੇ ਡਰਾਇਵਰਾਂ ਲਈ ਨਸ਼ੇ ਜਾਂ ਖ਼ਾਸ ਕਰਕੇ ਭੰਗ ਦੇ ਮਾਮਲੇ ਵਿੱਚ ਸਹਿਣਸ਼ੀਲਤਾ ਜੀਰੋ ਪ੍ਰਤੀਸ਼ਤ ਹੋਵੇਗੀ।

ਮਦਰਜ਼ ਅਗੇਂਸਟ ਡਰੰਕ ਡਰਾਇਵਿੰਗ ਕਨੇਡਾ ਦੀ ਬੁਲਾਰਾ ਬਰੈਂਡਾ ਜੌਹਨਸਨ ਨੇ ਬਿਲ ਦੀ ਤਾਰੀ.ਫ ਕਰਦਿਆਂ ਕਿਹਾ ਕਿ ਅਸੀਂ ਨਸ਼ੇ ਦੀ ਸਮੱਸਿਆ ਨਾਲ ਪਿਛਲੇ ਤੀਹ ਸਾਲਾਂ ਤੋਂ ਜੂਝ ਰਹੇ ਹਾਂ ਪਰ ਅਜੇ ਤੱਕ ਸੜਕਾਂ ਸੁਰੱਖਿਅਤ ਨਹੀਂ ਹਨ ਉਮੀਦ ਹੈ ਕਿ ਸੜਕਾਂ ਸੁਰੱਖਿਅਤ ਹੋਣਗੀਆਂ।

## ਯੂਨੀਅਨ ਵਲੋਂ ਸਨਕੋਰ ਦੀ ਬੇਤੁਕੀ ਡਰੱਗ ਟੈਸਟਿੰਗ ਯੋਜਨਾ ਦਾ ਵਿਰੋਧ

**ਐਡਮਿੰਟਨ (ਨਦਬ)** : ਸਨਕੋਰ ਕਾਮਿਆਂ ਦੀ ਯੂਨੀਅਨ ਨੇ ਕਿਹਾ ਹੈ ਕਿ ਉਹ ਕੰਪਨੀ ਦੀ ਮਨਮਰਜ਼ੀ ਨਾਲ ਕਾਮਿਆਂ ਦਾ ਡਰੱਗ ਟੈਸਟ ਕਰਨ ਦੀ ਨੀਤੀ ਦਾ ਵਿਰੋਧ ਕਰੇਗੀ। ਕੰਪਨੀ ਨੇ ਡਰੱਗ ਟੈਸਟਿੰਗ ਦਾ ਇਹ ਮਾਪਦੰਡ 2012 ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੀਡੀਆ ਵਿੱਚ ਛਪੀ ਰਿਪੋਰਟ ਮੁਤਾਬਿਕ ਕੰਪਨੀ ਇੱਕ ਦਸੰਬਰ ਤੋਂ ਕਾਮਿਆਂ ਦਾ ਡਰੱਗ ਟੈਸਟ ਸ਼ੁਰੂ ਕਰੇਗੀ। ਇਸ ਵਿੱਚ ਅਜਿਹੇ ਕਾਮੇ ਵੀ ਸ਼ਾਮਿਲ ਹੋਣਗੇ ਜਿਨ੍ਹਾਂ ਦਾ ਫੋਰਟ ਮੈਕਮਰੀ ਦੇ ਚੁਫ਼ੇਰੇ ਸਨਕੋਰ ਦੇ ਕੰਮਾਂ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਸ ਮਾਮਲੇ ਵਿੱਚ ਕੰਪਨੀ ਦੀ ਦਲੀਲ ਹੈ ਕਿ ਅਜਿਹਾ ਕਰਨ ਨਾਲ ਵਰਕਰਾਂ ਦੀ ਸੁਰੱਖਿਆ ਵਿੱਚ ਵਾਧਾ ਹੁੰਦਾ ਹੈ ਤੇ ਹਾਦਸਿਆਂ ਦੀ ਗਿਣਤੀ ਘੱਟਦੀ ਹੈ। ਇਹ ਮਾਮਲਾ ਅਦਾਲਤ ਵਿੱਚ ਵੀ ਜਾ ਚੁੱਕਿਆ ਹੈ ਤੇ ਅਦਾਲਤ ਨੇ ਅੰਤਿਮ ਫੈਸਲਾ ਆਉਣ ਤੱਕ ਕੰਪਨੀ ਨੂੰ ਅਜਿਹੀ ਬੇਤਰਤੀਬੀ ਡਰੱਗ ਟੈਸਟਿੰਗ ਕਰਨ ਤੋਂ ਵਰਜਿਆ ਹੈ। ਕਾਮਿਆਂ ਦੀ ਯੂਨੀਅਨ, ਯੂਨੀਫ਼ੋਰ ਜੋ ਪਿਛਲੇ ਪੰਜ ਸਾਲਾਂ ਤੋਂ ਇਸ ਯੋਜਨਾ ਵਿਰੁੱਧ ਲੜਾਈ ਲੜ ਰਹੀ ਹੈ, ਦਾ ਕਹਿਣਾ ਹੈ ਕਿ ਕੰਪਨੀ ਦੀ ਇਸ ਯੋਜਨਾ ਨਾਲ ਲਗਭਗ 300 ਮੈਂਬਰਾਂ ਦੀ ਨਿੱਜਤਾ ਦਾ ਘਾਣ ਹੁੰਦਾ ਹੈ ਤੇ ਇਹ ਉਹਨਾਂ ਦੇ ਮਨੁੱਖੀ ਅਧਿਕਾਰਾਂ ਨੂੰ ਸਿੱਧੀ ਚੁਣੌਤੀ ਹੈ।

# ਕਲਾਸਾਂ ਵਿੱਚ ਵਿਦਿਆਰਥੀਆਂ ਦੀ ਵੱਧਦੀ ਗਿਣਤੀ ਬਣ ਰਹੀ ਹੈ ਸਮੱਸਿਆ

**ਐਡਮਿੰਟਨ (ਨਦਬ)** : ਅਲਬਰਟਾ ਦੇ ਸਕੂਲ ਵਿਦਿਆਰਥੀਆਂ ਦੀ ਵਧਦੀ ਗਿਣਤੀ ਕਾਰਣ ਵੱਡੀਆਂ ਕਲਾਸਾਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗ੍ਰੇਡ 5 ਦੇ ਇੱਕ ਅਧਿਆਪਕ ਕੋਲ ਕਲਾਸ ਵਿੱਚ 36 ਵਿਦਿਆਰਥੀ ਹਨ। ਇਹਨਾਂ ਵਿਦਿਆਰਥੀਆਂ ਦਾ ਪਿਛੋਕੜ ਭਿੰਨ ਹੋਣ ਕਾਰਣ ਮਾਨਸਿਕ ਪੱਧਰ ਵੀ ਵੱਖਰਾ-ਵੱਖਰਾ ਹੈ। ਇਹਨਾਂ ਵਿੱਚੋਂ 15 ਵਿਦਿਆਰਥੀਆਂ ਨੂੰ ਜ਼ਿਆਦਾ ਮਿਹਨਤ ਕਰਵਾਉਣ ਦੀ ਜਰੂਰਤ ਹੈ ਪਰ ਅਧਿਆਪਕ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਣ ਅਜਿਹਾ ਨਹੀਂ ਕਰ ਪਾਉਂਦਾ।

ਐਡਮਿੰਟਨ ਦੀ ਇੱਕ ਔਰਤ ਦਾ ਕਹਿਣਾ ਹੈ ਕਿ ਉਸਦੇ ਬੱਚੇ ਦਾ ਕਿੰਡਰਗਾਰਟਨ ਕਲਾਸ ਰੂਮ ਬਹੁਤ ਹੀ ਛੋਟਾ ਹੈ ਜਿਸ ਵਿੱਚ ਇੱਕ ਤਰ੍ਹਾਂ ਨਾਲ ਬੱਚੇ ਤੁੰਨ ਦਿੱਤੇ ਜਾਂਦੇ ਹਨ। ਇਸ ਮਾਮਲੇ ਵਿੱਚ ਅਲਬਰਟਾ ਟੀਚਰਜ਼ ਯੂਨੀਅਨ ਲਗਾਤਾਰ ਸ਼ੋਸਲ ਮੀਡੀਆ ਰਾਹੀਂ ਸਥਿਤੀਆਂ ਦੀ ਜਾਣਕਾਰੀ ਜਨਤਕ ਕਰਦੀ ਰਹਿੰਦੀ ਹੈ ਤੇ ਐਮਐਲਏ ਨੂੰ ਸਥਿਤੀਆਂ ਦੀ ਜਾਣਕਾਰੀ ਦਿੰਦੀ ਰਹਿੰਦੀ ਹੈ। ਐਸੋਸੀਏਸ਼ਨ ਦੇ ਪ੍ਰਧਾਨ ਗ੍ਰੈਗ ਜੈਫ਼ਰੀ ਦਾ ਕਹਿਣਾ ਹੈ ਕਿ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਅਧਿਆਪਕਾਂ ਲਈ ਵਧੀਆ ਪੜ੍ਹਾਉਣਾ ਇੱਕ ਚੁਣੌਤੀ ਬਣ ਜਾਂਦਾ ਹੈ। ਉਹਨਾਂ ਨੇ ਕਿਹਾ ਕਿ 2003 ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਜਨਤਕ ਫੰਡਾਂ ਦੁਆਰਾ ਚਲਾਏ ਜਾ ਰਹੇ ਕਲਾਸਰੂਮਾਂ ਵਿੱਚ ਤਿੰਨ ਹਜ਼ਾਰ ਤੋਂ ਵੀ ਵੱਧ ਅਧਿਆਪਕਾਂ ਦੀ ਜਰੂਰਤ ਹੈ। ਇੱਕ ਆਮ ਕਿੰਡਰਗਾਰਟਨ ਤੋਂ ਗ੍ਰੇਡ ਤਿੰਨ ਤੱਕ ਕਲਾਸਰੂਮ ਵਿੱਚ ਬੱਚਿਆਂ ਦੀ ਗਿਣਤੀ 17 ਗ੍ਰੇਡ ਚਾਰ ਤੋਂ ਛੇ ਤੱਕ 23, ਜੂਨੀਅਰ ਹਾਈ ਕਲਾਸ ਲਈ 25 ਤੇ ਹਾਈ ਕਲਾਸ ਵਿੱਚ 27 ਵਿਦਿਆਰਥੀ ਹੋ ਸਕਦੇ ਹਨ। ਜੈਫ਼ਰੀ ਨੇ ਕਿਹਾ ਕਿ 2003 ਦੇ ਦਿਸ਼ਾ ਨਿਰਦੇਸ਼ਾਂ ਤੋਂ ਬਾਅਦ ਸਰਕਾਰ ਨੇ ਅਧਿਆਪਕਾਂ ਦੀ ਭਰਤੀ ਕੀਤੀ ਹੈ ਪਰ ਅਜੇ ਵੀ ਇਸ ਖੇਤਰ ਵਿੱਚ ਬਹੁਤ ਕੁੱਝ ਕਰਨਾ ਬਾਕੀ ਹੈ।

ਇੱਥੇ ਜ਼ਿਕਰਯੋਗ ਹੈ ਕਿ 2008 ਦੇ ਮੰਦਵਾੜੇ ਦੇ ਬਾਅਦ ਹੀ ਰੁਝਾਨ ਵਿੱਚ ਬਦਲਾਅ ਆਇਆ ਹੈ। ਕਲਾਸ ਵਿੱਚ ਬੱਚਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਸਮੱਸਿਆ ਨਜਿੱਠਣ ਵਿੱਚ ਨਹੀਂ ਆ ਰਹੀ। ਇਸ ਨਾਲ ਉਹਨਾਂ ਬੱਚਿਆਂ ਨੂੰ ਹੋਰ ਚੁਣੌਤੀਆਂ ਵੱਧ ਗਈਆਂ ਹਨ ਜਿਨ੍ਹਾਂ ਨੇ ਅੰਗਰੇਜ਼ੀ ਸਿੱਖਣੀ ਹੈ।

## ਢਿੱਲੀ ਆਵਾਸ ਪ੍ਰਣਾਲੀ ਨੂੰ ਤੁਰੰਤ ਸੋਧਣ ਦੀ ਲੋੜ: ਟਰੰਪ

ਵਾਸ਼ਿੰਗਟਨ (ਨਦਬ) : ਆਈਐਸਆਈਐਸ ਤੋਂ ਪ੍ਰੇਰਿਤ ਬੰਗਲਾਦੇਸ਼ੀ ਮੂਲ ਦੇ ਵਿਅਕਤੀ ਵੱਲੋਂ ਨਿਊਯਾਰਕ ਸਿਟੀ ਦੇ ਭੀੜ ਭੜੱਕੇ ਵਾਲੇ ਮੈਟਰੋ ਸਟੇਸ਼ਨ ਉਤੇ ਧਮਾਕਾ ਕੀਤੇ ਜਾਣ ਦੇ ਇਕ ਦਿਨ ਬਾਅਦ ਅੱਜ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਨੂੰ ਬਚਾਉਣ ਵਾਸਤੇ ਕਾਂਗਰਸ ਨੂੰ ਕਿਹਾ ਕਿ 'ਢਿੱਲੀ' ਆਵਾਸ ਪ੍ਰਣਾਲੀ 'ਚ ਸੁਧਾਰ ਅਤੇ 'ਲੜੀਵਾਰ ਪਰਵਾਸ' ਨੂੰ ਰੋਕਣ ਲਈ ਤੁਰੰਤ ਕਦਮ ਚੁੱਕੇ ਜਾਣ। ਪੁਲੀਸ ਨੇ ਦੱਸਿਆ ਕਿ 27 ਸਾਲਾ ਸ਼ੱਕੀ ਹਮਲਾਵਰ ਅਕਾਇਦ ਉੱਲ੍ਹਾ ਨੇ ਤਾਰਾਂ ਤੇ ਪਾਈਪ ਬੰਬ ਆਪਣੇ ਸਰੀਰ 'ਤੇ ਵਲੇਟਿਆ ਹੋਇਆ ਸੀ। ਇਹ ਬੰਬ ਪੋਰਟ ਅਥਾਰਟੀ ਨੇੜੇ ਦੋ ਸਬਵੇਅ ਪਲੇਟਫਾਰਮਾਂ ਦਰਮਿਆਨ ਫਟ ਗਿਆ ਸੀ, ਜਿਸ ਵਿੱਚ ਸ਼ੱਕੀ ਹਮਲਾਵਰ ਸਮੇਤ ਚਾਰ ਜਣੇ ਫੱਟੜ ਹੋ ਗਏ ਸਨ।



ਰਾਸ਼ਟਰਪਤੀ ਟਰੰਪ ਨੇ ਕਿਹਾ, 'ਪਿਛਲੇ ਦੋ ਮਹੀਨਿਆਂ ਵਿੱਚ ਨਿਊਯਾਰਕ ਸਿਟੀ ਵਿੱਚ ਸਮੂਹਿਕ ਕਤਲ ਦਾ ਇਹ ਦੂਜਾ ਯਤਨ ਕੀਤਾ ਗਿਆ ਹੈ। ਇਸ ਨਾਲ ਇਕ ਵਾਰ ਫਿਰ ਅਮਰੀਕਾ ਵਾਸੀਆਂ ਦੀ ਰਾਖੀ ਲਈ ਤੁਰੰਤ ਸੁਧਾਰਵਾਦੀ ਕਾਨੂੰਨ ਬਣਾਉਣ ਦੀ ਲੋੜ ਸਾਹਮਣੇ ਆਈ ਹੈ।' ਰਿਪੋਰਟਾਂ ਮੁਤਾਬਕ ਸ਼ੱਕੀ ਹਮਲਾਵਰ ਬੰਗਲਾਦੇਸ਼ ਤੋਂ ਸੱਤ ਵਰ੍ਹੇ ਪਹਿਲਾਂ ਪਰਿਵਾਰਕ ਵੀਜ਼ੇ ਉਤੇ ਅਮਰੀਕਾ ਆਇਆ ਸੀ। ਰਾਸ਼ਟਰਪਤੀ ਨੇ ਕਿਹਾ, 'ਸਭ ਤੋਂ ਪਹਿਲਾਂ ਅਮਰੀਕਾ ਨੂੰ ਆਪਣੀ ਢਿੱਲੀ ਆਵਾਸ ਪ੍ਰਣਾਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ, ਜੋ ਕਈ ਖ਼ਤਰਨਾਕ ਅਤੇ ਬੇਲੋੜੇ ਤਜਰਬੇਕਾਰ ਲੋਕਾਂ ਨੂੰ ਸਾਡੇ ਦੇਸ਼ ਵਿੱਚ ਆਉਣ ਦੀ ਆਗਿਆ ਦੇ ਰਹੀ ਹੈ। ਇਹ ਸ਼ੱਕੀ ਅਤਿਵਾਦੀ ਸਾਡੇ ਦੇਸ਼ ਵਿੱਚ ਪਰਿਵਾਰ ਲੜੀ ਪਰਵਾਸ ਰਾਹੀਂ ਦਾਖ਼ਲ ਹੋਇਆ ਸੀ, ਜੋ ਕੌਮੀ ਸੁਰੱਖਿਆ ਦੇ ਅਨੁਕੂਲ ਨਹੀਂ ਹੈ।'

Emergency Service
24x7
GOLDEN ARROW PEST CONTROL INC.
Free Estimate
with Treatment



CALL @ 780-462-6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com



Sweet and Sassy
Hair Saloon
Licenced Haristylist
Sandy Sandhu
(with over 12 years experience)
7808500752
5716 19 Ave SW Edmonton, Only Appointments ravpreetsandhu@gmail.com

# ਖ਼ਜ਼ਾਨੇ ਦਾ ਦਮ ਤੋੜੇਗਾ ਮੰਤਰੀਆਂ ਤੇ ਵਿਧਾਇਕਾਂ ਦਾ ਇਲਾਜ

ਚੰਡੀਗੜ੍ਹ : ਜਦੋਂ ਪੰਜਾਬ ਸਰਕਾਰ ਆਪਣੇ ਦਾਅਵੇ ਮੁਤਾਬਕ ਵਿੱਤੀ ਤੰਗੀ ਨਾਲ ਜੂਝ ਰਹੀ ਹੈ ਤਾਂ ਵੀ ਸਾਦਗੀ ਮੰਤਰੀਆਂ ਤੇ ਵਿਧਾਇਕਾਂ ਦੀ ਥਾਂ ਸਿਰਫ਼ ਆਮ ਆਦਮੀ ਦੀ ਹੋਣੀ ਜਾਪ ਰਹੀ ਹੈ। ਮੰਤਰੀਆਂ, ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਡਾਕਟਰੀ ਇਲਾਜ ਲਈ ਸੂਬਾ ਸਰਕਾਰ ਨੇ ਹਾਲ ਹੀ ਵਿੱਚ ਵੱਖ ਵੱਖ ਲਗਜ਼ਰੀ ਕਾਰਪੋਰੇਟ ਹਸਪਤਾਲਾਂ ਨਾਲ ਸਮਝੌਤਾ ਕੀਤਾ ਹੈ।

ਇਸ ਤਹਿਤ ਸਰਕਾਰ ਵਿਧਾਇਕਾਂ ਤੇ ਮੰਤਰੀਆਂ ਦੇ ਇਲਾਜ ਲਈ ਆਪਣੇ ਮੁਲਾਜ਼ਮਾਂ ਦੇ ਇਲਾਜ ਨਾਲੋਂ ਦੁੱਗਣੀ ਤੋਂ ਵੀ ਵੱਧ ਰਕਮ ਦੇਵੇਗੀ।

ਦਿੱਲੀ ਦੇ ਕੁੱਝ ਕਾਰਪੋਰੇਟ ਹਸਪਤਾਲਾਂ ਸਣੇ ਇਸ ਖਿੱਤੇ ਦੇ 33 ਮੋਹਰੀ ਹਸਪਤਾਲਾਂ ਨਾਲ ਕੀਤੇ ਇਸ ਸਮਝੌਤੇ ਤਹਿਤ ਸੂਬਾ ਸਰਕਾਰ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਮੰਤਰੀਆਂ ਦੇ ਡਾਕਟਰੀ ਇਲਾਜ ਬਿੱਲਾਂ ਦਾ ਭੁਗਤਾਨ 'ਕੇਂਦਰੀ ਸਰਕਾਰੀ ਸਿਹਤ ਸਕੀਮ' (ਸੀਜੀਐਚਐਸ) ਦੀਆਂ ਦਰਾਂ ਮੁਤਾਬਕ ਕਰੇਗੀ। ਹਾਲਾਂਕਿ ਰਾਜ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਮੈਡੀਕਲ ਬਿੱਲਾਂ ਦਾ ਭੁਗਤਾਨ ਪੀਜੀਆਈ ਚੰਡੀਗੜ੍ਹ, ਅਤੇ ਏਮਸ ਨਵੀਂ ਦਿੱਲੀ ਦੀਆਂ ਦਰਾਂ ਮੁਤਾਬਕ ਕਰਦੀ ਹੈ। ਸੀਜੀਐਚਐਸ ਦੀਆਂ ਦਰਾਂ ਪੀਜੀਆਈ ਤੇ ਏਮਸ ਨਾਲੋਂ ਦੁੱਗਣੀਆਂ ਹਨ। ਇਸ ਫੈਸਲੇ ਤੋਂ ਪਹਿਲਾਂ ਵਿਧਾਇਕਾਂ ਤੇ ਮੰਤਰੀਆਂ ਨੂੰ ਵੀ ਏਮਸ ਤੇ ਪੀਜੀਆਈ ਦੀਆਂ ਦਰਾਂ ਮੁਤਾਬਕ ਇਲਾਜ ਦਾ ਖ਼ਰਚਾ ਮਿਲਦਾ ਸੀ।

ਸਰਕਾਰ ਨੇ ਮੇਦਾਂਤਾ ਦਿ ਮੈਡੀਸਿਟੀ ਹਸਪਤਾਲ ਗੁੜਗਾਉਂ, ਐਸਕਾਰਟ ਹਸਪਤਾਲ ਦਿੱਲੀ, ਸੈਂਟਰ ਫਾਰ ਸਾਈਟ ਦਿੱਲੀ ਅਤੇ ਪੰਜਾਬ ਮੈਕਸ ਸੁਪਰਸਪੈਸ਼ਲਿਟੀ ਹਸਪਤਾਲ ਤੇ ਫੋਰਟਿਸ ਹਸਪਤਾਲ ਮੁਹਾਲੀ ਅਤੇ ਇਸ ਖਿੱਤੇ ਦੇ ਹੋਰ ਹਸਪਤਾਲਾਂ ਨਾਲ ਸਮਝੌਤਾ ਕੀਤਾ ਹੈ। ਸਿਹਤ ਵਿਭਾਗ ਦੇ ਸੂਤਰਾਂ ਅਨੁਸਾਰ ਇਹ ਕਾਰਵਾਈ ਸੂਬੇ ਦੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਨੇ ਸ਼ੁਰੂ ਕੀਤੀ ਸੀ। ਖਿੱਤੇ ਦੇ ਸਾਰੇ ਮੋਹਰੀ ਹਸਪਤਾਲਾਂ ਨੂੰ ਪੈਨਲ ਵਿੱਚ ਸ਼ਾਮਲ ਕਰਨ ਬਾਰੇ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਗਿਆ। ਇਸ ਬਾਰੇ ਸੰਸਦੀ ਮਾਮਲਿਆਂ ਦੇ ਪ੍ਰਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨਾਲ ਸੰਪਰਕ ਕਰਨ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਫੋਨ ਨਹੀਂ ਨਹੀਂ ਚੁੱਕਿਆ। ਵੱਡੇ ਕਾਰਪੋਰੇਟ ਹਸਪਤਾਲਾਂ ਨੂੰ ਪੈਨਲ ਵਿੱਚ ਸ਼ਾਮਲ ਕਰਨ ਦੀ ਕਾਰਵਾਈ ਅਸਲ ਵਿੱਚ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖ਼ਰੀ ਸਾਲ ਵਿੱਚ ਸ਼ੁਰੂ ਕੀਤੀ ਸੀ। ਹਾਲਾਂਕਿ ਜਦੋਂ ਕਾਂਗਰਸ ਸਰਕਾਰ ਸੱਤਾ ਵਿੱਚ ਆਈ ਤਾਂ ਉਸ ਨੇ ਪਿਛਲੀ ਸਰਕਾਰ ਦੇ ਸਾਰੇ ਫੈਸਲਿਆਂ ਦੀ ਸਮੀਖਿਆ ਸ਼ੁਰੂ ਕੀਤੀ ਪਰ ਸਮੀਖਿਆ ਮਗਰੋਂ ਸਾਰੇ ਹਸਪਤਾਲਾਂ ਨੂੰ ਪੈਨਲ ਵਿੱਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਕਿ ਮੰਤਰੀਆਂ ਤੇ ਵਿਧਾਇਕਾਂ ਨੂੰ ਡਾਕਟਰੀ ਇਲਾਜ ਵਿੱਚ ਕੋਈ ਮੁਸ਼ਕਲ ਨਾ ਆਵੇ।

## ਹਮਲੇ ਦੇ ਖ਼ਤਰੇ ਮਗਰੋਂ ਲੰਗਾਹ ਪਟਿਆਲਾ ਜੇਲ੍ਹ 'ਚ ਤਬਦੀਲ



ਚੰਡੀਗੜ੍ਹ (ਨਦਬ) ਪੰਜਾਬ ਦੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲਗਾਹ ਦੇ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹੋਣ ਕਾਰਨ ਜੇਲ੍ਹ ਵਿਭਾਗ ਚੌਕੰਨਾ ਹੋ ਗਿਆ ਹੈ। ਲੰਗਾਹ ਦੀ ਜਾਨ ਨੂੰ ਖ਼ਤਰਾ ਦੇਖਦਿਆਂ ਉਸ ਨੂੰ ਕਪੂਰਥਲਾ ਤੋਂ ਪਟਿਆਲਾ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਵਧੀਕ ਡੀਜੀਪੀ (ਜੇਲ੍ਹਾਂ) ਇਕਬਾਲਪ੍ਰੀਤ ਸਿੰਘ ਸਹੋਤਾ ਨੇ ਸਾਬਕਾ ਮੰਤਰੀ ਨੂੰ ਪਟਿਆਲਾ ਜੇਲ੍ਹ ਤਬਦੀਲ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਉਧਰ ਜੇਲ੍ਹ ਵਿਭਾਗ ਦੇ ਸੂਤਰਾਂ ਮੁਤਾਬਕ ਜਬਰ ਜਨਾਹ ਦੇ ਕੇਸ ਵਿੱਚ ਅਦਾਲਤੀ ਹਿਰਾਸਤ ਅਧੀਨ ਚੱਲ ਰਹੇ ਲੰਗਾਹ ਦਾ ਕਤਲ ਕਰਨ ਲਈ ਸੇਖੋਂ ਗੈਂਗ ਨੇ ਵਿਉਂਤ ਬਣਾ ਲਈ ਸੀ। ਸੂਤਰਾਂ ਦਾ ਕਹਿਣਾ ਹੈ ਕਿ ਲੰਗਾਹ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਪਟਿਆਲਾ ਦੀ ਥਾਂ ਗੁਰਦਾਸਪੁਰ ਜਾਂ ਅੰਮ੍ਰਿਤਸਰ ਜੇਲ੍ਹ ਵਿੱਚ ਉਸ ਨੂੰ ਤਬਦੀਲ ਕਰਨ ਦੀ ਬੇਨਤੀ ਕੀਤੀ ਸੀ ਪਰ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਮਾਝਾ ਖੇਤਰ ਦੀਆਂ ਉਕਤ ਦੋਵੇਂ ਜੇਲ੍ਹਾਂ ਵਿੱਚ ਵੀ ਲੰਗਾਹ ਲਈ ਖ਼ਤਰੇ ਬਰਕਰਾਰ ਹਨ। ਉਕਤ ਜੇਲ੍ਹਾਂ ਵਿੱਚ ਕਈ ਅਜਿਹੇ 'ਬੇਕਸੂਰ' ਵਿਅਕਤੀ ਬੰਦੀ ਹਨ ਜਿਨ੍ਹਾਂ 'ਤੇ ਅਕਾਲੀ ਹਕੂਮਤ ਦੌਰਾਨ ਮਾਮਲੇ ਦਰਜ ਹੋਏ ਅਤੇ ਇਨ੍ਹਾਂ ਵਿੱਚ ਕਈ ਮਾਮਲੇ ਦਰਜ ਕਰਾਉਣ ਪਿੱਛੇ ਅਕਸਰ ਸੁੱਚਾ ਸਿੰਘ ਲੰਗਾਹ ਉਪਰ ਵੀ ਦੋਸ਼ ਲੱਗਦੇ ਰਹੇ ਹਨ। ਸੂਤਰਾਂ ਨੇ ਕਿਹਾ ਕਿ ਲੰਗਾਹ ਨੂੰ ਜਦੋਂ ਕਪੂਰਥਲਾ ਜੇਲ੍ਹ ਵਿੱਚ ਭੇਜਿਆ ਗਿਆ ਸੀ ਤਾਂ ਉਸ ਨੇ ਜਾਨ ਦਾ ਖ਼ਤਰਾ ਹੋਣ ਦੀ ਗੱਲ ਆਖੀ ਸੀ। ਜੇਲ੍ਹ ਅਧਿਕਾਰੀਆਂ ਮੁਤਾਬਕ ਦਸੰਬਰ ਦੇ ਸ਼ੁਰੂ 'ਚ ਹੀ ਸੇਖੋਂ ਗੈਂਗ ਦੇ ਕਪੂਰਥਲਾ ਜੇਲ੍ਹ 'ਚ ਬੰਦ ਕੁਝ ਬੰਦਿਆਂ ਦੀਆਂ ਵਿਉਂਤਾਂ ਬਾਰੇ ਸੂਹ ਮਿਲ ਗਈ ਸੀ। ਗੈਂਗ ਦੇ ਮੈਂਬਰਾਂ ਦਾ ਆਪਸੀ ਵਾਰਤਾਲਾਪ, ਜੋ ਜੇਲ੍ਹ ਅਧਿਕਾਰੀਆਂ ਕੋਲ ਪਹੁੰਚਿਆ ਹੈ, ਮੁਤਾਬਕ ਲੰਗਾਹ ਨੂੰ ਨਿਹੰਗ ਅਜੀਤ ਸਿੰਘ ਪੂਹਲਾ ਵਾਂਗ ਕਤਲ ਕਰਨ ਦੀ ਸਕੀਮ ਬਣਾਈ ਗਈ ਸੀ। ਗੈਂਗਸਟਰਾਂ ਨੇ ਕਤਲ ਦਾ ਮਕਸਦ ਇਹੀ ਮੰਨਿਆ ਸੀ ਕਿ ਲੰਗਾਹ ਨੂੰ ਕਤਲ ਕਰਨ ਤੋਂ ਬਾਅਦ ਵਿਦੇਸ਼ਾਂ ਤੋਂ ਮਾਇਆ ਦੇ ਗੱਫੇ ਮਿਲਣਗੇ।

## ਜਰਨੈਲ ਸਿੰਘ ਸਮਰਾ ਨਹੀਂ ਰਹੇ



ਐਡਮਿੰਟਨ, (ਨਦਬ) : ਜਰਨੈਲ ਸਿੰਘ ਸਮਰਾ ਜਿਨ੍ਹਾਂ ਦਾ ਪਿਛਲਾ ਪਿੰਡ ਸਮਰਾਏ ਜ਼ਿਲ੍ਹਾ ਜਲੰਧਰ ਸੀ, 2 ਦਸੰਬਰ ਨੂੰ ਸੰਖੇਪ ਬਿਮਾਰੀ ਉਪਰੰਤ ਵਿਛੋੜਾ ਦੇ ਗਏ। ਸ੍ਰੀ ਸਮਰਾ ਆਪਣੇ ਪਿੱਛੇ ਪਤਨੀ, ਦਲਬੀਰ ਕੌਰ ਸਮਰਾ, ਪੁੱਤਰ ਸੰਦੀਪ ਸਮਰਾ ਧੀਆਂ ਗੁਰਪ੍ਰੀਤ ਕੌਰ ਅਤੇ ਸੰਦੀਪ ਕੌਰ ਛੱਡ ਗਏ। ਅਦਾਰਾ 'ਨਵੀਂ ਦੁਨੀਆ' ਇਸ ਦੁਖ ਦੀ ਘੜੀ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਾ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕੁਲਵਿੰਦਰ ਸਮਰਾ ਨਾਲ 780-990-6053 ਅਤੇ ਦਲਬੀਰ ਸਾਂਗਿਆਣ ਨਾਲ 780-995-5475 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਗਊ ਦੇ ਨਾਂ 'ਤੇ 2017 'ਚ ਸੱਭ ਤੋਂ ਵੱਧ ਹਿੰਸਾ

ਨਵੀਂ ਦਿੱਲੀ (ਨਦਬ) : ਹਾਲ ਹੀ 'ਚ ਰਾਜਸਥਾਨ ਸਰਹੱਦ 'ਤੇ ਗਊ ਰੱਖਿਅਕਾਂ ਨੇ ਇਕ ਡੇਅਰੀ ਵਪਾਰੀ ਦੀ ਹੱਤਿਆ ਕਰ ਦਿਤੀ। ਇਸ ਦੇ ਨਾਲ ਹੀ 2017 'ਚ ਗਊ ਦੇ ਨਾਂ 'ਤੇ ਹੋਣ ਵਾਲੀ ਹਿੰਸਾ ਦੇ ਸ਼ਿਕਾਰ ਲੋਕਾਂ ਦੀ ਗਿਣਤੀ 11 ਹੋ ਗਈ। ਡਾਟਾ ਵੈਬਸਾਈਟ ਇੰਡੀਆ ਸਪੇਂਡ 'ਚ ਇਹ ਦਾਅਵਾ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਸਾਲ 2017 'ਚ ਗਊ ਦੇ ਨਾਂ 'ਤੇ ਦੇਸ਼ 'ਚ ਸੱਭ ਤੋਂ ਵੱਧ ਹਿੰਸਾ ਹੋਈ। ਸਾਲ 2010 ਅਤੇ 2011 'ਚ ਇਸ ਨਾਲ ਸਬੰਧਤ ਇਕ ਵੀ ਮਾਮਲਾ ਦਰਜ ਨਹੀਂ ਹੋਇਆ ਸੀ, ਪਰ 2012 ਤੋਂ ਬਾਅਦ ਪਿਛਲੇ 6 ਸਾਲ 'ਚ ਗਊ ਰੱਖਿਆ ਦੇ ਨਾਂ 'ਤੇ 29 ਲੋਕਾਂ ਦੀ ਹੱਤਿਆ ਹੋ ਚੁਕੀ ਹੈ। ਇਨ੍ਹਾਂ 'ਚ 25 ਮੁਸਲਿਮ ਭਾਈਚਾਰੇ ਨਾਲ ਸਬੰਧਤ ਹਨ।

ਸਾਲ 2015 ਤੱਕ ਗਊ ਸਬੰਧੀ ਹਿੰਸਾ ਦੀ 76 ਫ਼ੀਸਦੀ ਘਟਨਾਵਾਂ ਉੱਤਰ ਭਾਰਤ 'ਚ ਹੁੰਦੀਆਂ ਸਨ, ਪਰ 2016 ਤੋਂ 2017 'ਚ ਪੂਰਬ, ਪੱਛਮ ਅਤੇ ਦੱਖਣ ਭਾਰਤ 'ਚ ਵੀ ਘਟਨਾਵਾਂ ਵਾਪਰੀਆਂ। ਹਾਲਾਂਕਿ ਹੁਣ ਵੀ ਜ਼ਿਆਦਾਤਰ ਘਟਨਾਵਾਂ ਉੱਤਰ ਭਾਰਤ 'ਚ ਹੁੰਦੀਆਂ ਹਨ। ਪਿਛਲੇ 8 ਸਾਲਾਂ 'ਚ 78 ਘਟਲਾਵਾਂ 'ਚੋਂ 50 ਮਤਲਬ 64 ਫ਼ੀਸਦੀ ਇੱਥੇ ਹੋਈਆਂ।

ਸਾਲ 2012 ਤੋਂ ਬਾਅਦ ਹੁਣ ਤਕ ਗਊ ਦੇ ਨਾਂ 'ਤੇ ਹਿੰਸਾ ਦੀਆਂ 78 ਘਟਨਾਵਾਂ ਵਾਪਰੀਆਂ ਹਨ। 97 ਫ਼ੀਸਦੀ ਹਿੰਸਾ ਪਿਛਲੇ ਤਿੰਨ ਸਾਲ 'ਚ ਹੋਈ। ਇਨ੍ਹਾਂ ਘਟਨਾਵਾਂ 'ਚ ਮਾਰੇ ਗਏ 29 'ਚੋਂ 25 ਲੋਕ ਮੁਸਲਿਮ ਸਨ। ਉਥੇ ਹੀ ਇਨ੍ਹਾਂ ਜਖ਼ਮੀਆਂ ਦੀ ਗਿਣਤੀ ਵੀ ਜੋੜੀ ਜਾਵੇ ਤਾਂ ਕੁਲ ਜਖ਼ਮੀ 273 ਲੋਕਾਂ 'ਚੋਂ 53 ਫ਼ੀਸਦੀ ਮੁਸਲਿਮ, 12 ਫ਼ੀਸਦੀ ਦਲਿਤ ਅਤੇ 10 ਫ਼ੀਸਦੀ ਹੋਰ ਲੋਕ ਇਨ੍ਹਾਂ ਦੇ ਸ਼ਿਕਾਰ ਹੋਏ। ਪੀੜਤ ਲੋਕਾਂ 'ਚ 84 ਫ਼ੀਸਦੀ ਮਰਦ ਸਨ, 9 ਫ਼ੀਸਦੀ ਔਰਤਾਂ ਅਤੇ ਬਾਕੀ ਬੱਚੇ ਸਨ।

## ਗ਼ਦਰ ਮੈਮੋਰੀਅਲ ਸਾਨਫਰਾਸਿਸਕੋ 'ਚ ਮਨਾਇਆ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 102ਵਾਂ ਸ਼ਹੀਦੀ ਦਿਹਾੜਾ



ਸਾਨਫਰਾਸਿਸਕੋ, (ਨਦਬ) ਅੱਜ ਤੋਂ ਲੱਗਭੱਗ 102 ਸਾਲ ਪਹਿਲਾਂ ਸਰਦਾਰ ਕਰਤਾਰ ਸਿੰਘ ਸਰਾਭਾ ਨੇ 19 ਸਾਲ ਦੀ ਚੜਦੀ ਜਵਾਨੀ ਦੀ ਉਮਰੇ ਆਪਣੇ 6 ਹੋਰ ਸਾਥੀਆ ਨਾਲ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਲਈ ਕੁਰਬਾਨੀ ਦਿਤੀ ਸੀ। 16 ਨਵੰਬਰ 1915, ਨੂੰ ਲਾਹੌਰ ਜੇਲ ਵਿਚ ਉਨਾਂ ਦੇ ਨਾਲ ਫਾਸ਼ੀ ਚੜਣ ਵਾਲੇ ਸ਼ਹੀਦ ਸ੍ਰ ਬਖਸ਼ੀਸ ਸਿੰਘ, ਸ੍ਰ ਸਰੈਣ ਸਿੰਘ (ਛੋਟਾ), ਸ੍ਰ ਸਰੈਣ ਸਿੰਘ (ਵੱਡਾ), ਸ੍ਰ ਹਰਨਾਮ ਸਿੰਘ, ਸ੍ਰ ਜਗਤ ਸਿੰਘ ਅਤੇ ਸ੍ਰੀ ਵਿਸ਼ਣੂ ਗਿਣੇਸ਼ ਪਿੰਗਲੇ ਸਨ। ਇਨਾਂ ਮਹਾਨ ਸ਼ਹੀਦਾ ਨੂੰ ਯਾਦ ਕਰਨ ਲਈ ਅਤੇ ਉਨਾਂ ਦੀ ਉਸ ਦੇਸ਼ ਭਗਤੀ ਅਤੇ ਲੋਕ ਪੱਖੀ ਸੋਚ ਪ੍ਰਤੀ ਵਚਨ ਵੱਧਦਾ ਦਰਸਾਉਣ ਲਈ ਇਕ ਸਮਾਗਮ 18 ਨਵੰਬਰ ਨੂੰ ਗਦਰ ਮੈਮੋਰੀਅਲ ਸਾਂਨ ਫਰਾਂਸਿਸਕੋ ਵਿਚ ਕੀਤਾ ਗਿਆ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਸੱਦੇ ਤੇ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾ ਤੋਂ ਲੋਕਾਂ ਨੇ ਭਾਰੀ ਗਿਣਤੀ ਵਿਚ ਹਿਸਾ ਲਿਆ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀਆ ਸਹਿਯੋਗੀ ਸੰਸਥਾਵਾ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ ਵਲੋਂ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਹਰਪਾਲ ਸਿੰਘ ਮਾਨ, ਸਤਬੀਰ ਸਿੰਘ ਬਾਜਵਾ ਅਤੇ ਰਵਿੰਦਰ ਸਿੰਘ ਮਾਨ ਨੇ ਹਿਸਾ ਲਿਆ, ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ ਬੇ-ਏਰੀਆ ਵਲੋਂ ਪੰਕਜ ਆਂਸਲ ਆਪਣੇ ਸਾਥੀਆ ਨਾਲ ਪਹੁੰਚੇ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਗੁਰਦੀਪ ਸਿੰਘ ਗਿਲ ਅਤੇ ਕੁਲਦੀਪ ਸਿੰਘ ਅਟਵਾਲ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸੈਕਟਰੀ ਹਰਜਿੰਦਰ ਢੇਸੀ ਨੇ ਇਥੇ ਪਹੁੰਚੇ ਹੋਏ ਸਾਰੇ ਲੋਕਾਂ ਦਾ ਇਸ ਇਤਿਹਾਸਿਕ ਥਾਂ ਤੇ ਸਵਾਗਤ ਕਰਦਿਆਂ ਸ਼ਹੀਦਾ ਦੀ ਮਨੁਖਵਾਦੀ ਸੋਚ ਨੂੰ ਆਪਣੀ ਜਿੰਦਗੀ ਵਿਚ ਅਪਣਾਉਣ ਦਾ ਸੱਦਾ ਦਿਤਾ। ਇਸ ਪ੍ਰੋਗਰਾਮ ਵਿਚ ਕੌਂਸਲੇਟ ਜਨਰਲ ਸ੍ਰੀ ਵੈਕਟੇਸ਼ਨ ਅਸ਼ੋਕ ਅਤੇ ਕਮਿਉਨਟੀ ਮਸਲਿਆ ਦੇ ਕੌਂਸਲੇਟ ਸ੍ਰੀ ਵੈਕਟਾਂ ਰੱਮਨਾ ਖਾਸ ਤੌਰ ਤੇ ਸ਼ਾਮਲ ਹੋਏ। ਕੌਂਸਲੇਟ ਜਨਰਲ ਸ੍ਰੀ ਵੈਂਕਟੇਸ਼ਨ ਅਸ਼ੋਕ ਨੇ ਸਭ ਦਾ ਸਵਾਗਤ ਕਰਦਿਆ ਇਸ ਗੱਲ ਤੇ ਖੁਸ਼ੀ ਪਰਗਟ ਕੀਤੀ ਕਿ ਇੰਨੀ ਵੱਡੀ ਗਿਣਤੀ ਵਿਚ ਲੋਕੀ ਸ਼ਾਲਮ ਹੋਣ ਲਈ ਆਏ ਹਨ ਉਨਾਂ ਨੇ ਅਜਿਹੇ ਪਰੋਗਰਾਮਾ ਲਈ ਕੌਂਸਲੇਟ ਆਫਸ ਵਲੋਂ ਭਰਪੂਰ ਸਹਿਯੋਗ ਦਾ ਵਾਅਦਾ ਵੀ ਕੀਤਾ। ਉਨਾ ਨੇ ਗਦਰ ਮੈਮੋਰੀਅਲ ਦੀ ਇਮਾਰਤ ਦੀ ਮੁੜ ਉਸਾਰੀ ਲਈ ਆਪਣੀਆਂ ਕੋਸ਼ਿਸਾ ਬਾਰੇ ਵੀ ਦੱਸਿਆ। ਸ੍ਰ ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਦੀਆ ਕੁਰਬਾਨੀਆ ਨੂੰ ਯਾਦ ਕਰਦਿਆ ਲੋਕਾਂ ਨੂੰ ਦੇਸ਼ ਦੀ ਏਕਤਾ ਅਖੰਡਤਾ ਅਤੇ ਮਨੁੱਖੀ ਆਜ਼ਾਦੀਆ ਦੀ ਰਾਖੀ ਲਈ ਅਗਾਹਵਧੂ ਸ਼ਕਤੀਆ ਦਾ ਸਾਥ ਦੇਣ ਦਾ ਸੱਦਾ ਦਿਤਾ।ਸ੍ਰ ਮਲਕੀਤ ਸਿੰਘ ਕਿੰਗਰਾ ਨੇ ਵੀ ਆਪਣੀ ਰੌਚਕ ਤਕਰੀਰ ਰਾਹੀ ਕਵਿਤਾਵਾ ਦੇ ਹਵਾਲੇ ਦੇ ਕੇ ਸੱਚੇ ਸੁਚੇ ਦੇਸ਼ ਭਗਤ ਪਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸੁਰਿੰਦਰ ਮੰਢਾਲੀ ਨੇ ਕੁਝ ਪਿਛਾਹਖਿਚੂ ਤਾਕਾਤਾਂ ਵਲੋਂ ਸ਼ਹੀਦਾ ਨੂੰ ਜਾਤਾਂ ਪਾਤਾ ਅਤੇ ਧਰਮਾ ਜਾਂ ਇਲਾਕਿਆ ਦੇ ਨਾਂ ਤੇ ਵੰਡਣ ਦੀ ਨਿਖੇਧੀ ਕੀਤੀ। ਹੋਰ ਬੁਲਾਰਿਆ ਵਿਚ ਅਮਰੀਕ ਸਿੰਘ ਕਾਨਕਰਡ, ਹਰਨੇਕ ਸਿੰਘ, ਰੂਬਲ ਸਿੰਘ ਸ਼ਾਮਲ ਸਨ। ਬਹੁਤੇ ਬੁਲਾਰਿਆ ਨੇ ਭਾਰਤ ਵਿਚ ਘਟ ਗਿਣਤੀਆ ਤੇ ਹੋ ਰਹੇ ਹਮਲਿਆ ਤੇ ਚਿੰਤਾ ਵੀ ਪ੍ਰਗਟਾਈ ਅਤੇ ਲੋਕਾਂ ਨੂੰ ਸਮਾਜ ਵਿਰੋਧੀ ਤਾਕਤਾ ਪ੍ਰਤੀ ਚੌਕਸ ਰਹਿਣ ਦੀ ਅਪੀਲ ਕੀਤੀ।

ਪ੍ਰੋਰਗਰਾਮ ਦੀ ਸ਼ੁਰੂਆਤ ਵਿਚ ਲਾਲ ਚੰਦ ਜਮਲਾ ਦੀ ਗਾਇਕੀ ਨੂੰ ਪ੍ਰਣਾਏ ਗਾਇਕ ਰਾਜਿੰਦਰ ਸਿੰਘ ਬਰਾੜ ਨੇ ਦੇਸ਼ ਭਗਤੀ ਦੇ ਗੀਤਾ ਨਾਲ ਕੀਤੀ।ਰਣਜੀਤ ਜੋਤ ਨੇ ਵੀ ਆਪਣੀ ਬਲੁੰਦ ਆਵਾਜ ਵਿਚ ਯੋਧਿਆ ਦੀਆ ਵਾਰਾ ਗਾ ਕੇ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕੀਤੀ। ਹਰਜੀਤ ਸਿੰਘ ਮਰਸਿਡ ਨੇ ਦੇਸ਼ ਭਗਤੀ ਦੇ ਅਤੇ ਸਮਾਜਿਕ ਸਰੋਕਾਰਾ ਨੂੰ ਪਰਣਾਏ ਆਪਣੇ ਲਿਖੇ ਹੋਏ ਗੀਤਾ ਰਾਹੀ ਸ਼ਰਧਾਜਲੀ ਭੇਟ ਕੀਤੀ।ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਨੂੰ ਪ੍ਰਗਟਾਉਦੀ ਇਕ ਖੂਬਸੂਰਤ ਕਵਿਤਾ ਸੁਣਾਈ। ਕਰਤਾਰ ਸਿੰਘ ਕਰਮਨ ਨੇ ਵੀ ਇਕ ਕਵਿਤਾ ਰਾਹੀ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕੀਤੀ।

ਅਖੀਰ ਵਿਚ ਸ੍ਰ ਜਸਵੰਤ ਸਿੰਘ ਮਾਨ ਹੁਰਾ ਨੇ ਸ਼ਹੀਦਾ ਦੀ ਸੋਚ ਪ੍ਰਤੀ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਵਚਨ ਵੱਧਤਾ ਨੂੰ ਦੁਹਰਾਇਆ। ਉਨਾਂ ਨੇ ਇਸ ਪ੍ਰੋਗਰਾਮ ਵਿਚ ਪਹੁੰਚੇ ਹੋਏ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲੇਟ ਆਫਿਸ ਦੇ ਸਹਿਯੋਗ ਦੀ ਸਰਾਹਨਾ ਵੀ ਕੀਤੀ। ਚਾਹ ਪਾਣੀ ਦੀ ਸੇਵਾ ਨਵਦੀਪ ਸਿੰਘ ਧਾਲੀਵਾਲ, ਜਗਰੂਪ ਸਿੰਘ ਧਾਲੀਵਾਲ ਅਤੇ ਸੁਰਿੰਦਰ ਸਿੰਘ ਧਿੰਦ ਨੇ ਹੋਰ ਸਾਥੀਆ ਨਾਲ ਮਿਲ ਕੇ ਨਿਭਾਈ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### 35 ਸਾਲ ਬਾਅਦ ਵੀ ਇਨਾਮ ਨੂੰ ਤਰਸ ਰਿਹੈ ਗੋਲਡ ਮੈਡਲ ਜੇਤੂ



ਏਸ਼ੀਆਈ ਖੇਡਾਂ ਦੇ ਗੋਲਡ ਮੈਡਲ ਜਿੱਤਿਆਂ ਬਾਕਸਰ ਕੌਰ ਸਿੰਘ ਨੂੰ 35 ਸਾਲ ਹੋ ਚੁਕੇ ਹਨ। ਇਸ ਪ੍ਰਾਪਤੀ 'ਤੇ ਉਸ ਸਮੇਂ ਦੀ ਪੰਜਾਬ ਸਰਕਾਰ ਨੇ 1 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ, ਪਰ ਇਹ ਰਕਮ ਉਨ੍ਹਾਂ ਨੂੰ ਨਹੀਂ ਮਿਲੀ। ਇਸ ਇਨਾਮ ਦੀ ਯਾਦ ਉਨ੍ਹਾਂ ਨੂੰ ਕਈ ਵਾਰ ਆਈ, ਪਰ ਇਸ ਨੂੰ ਦੇਣ ਦੀ ਅਪੀਲ ਉਹ ਉਸ ਸਮੇਂ ਕਰ ਰਹੇ ਹਨ, ਜਦੋਂ ਉਨ੍ਹਾਂ ਕੋਲ ਆਪਣਾ ਇਲਾਜ ਕਰਵਾਉਣ ਦੇ ਪੈਸੇ ਨਹੀਂ ਹਨ।

ਦਿਲ ਦੀ ਗੰਭੀਰ ਬੀਮਾਰੀ ਨਾਲ ਜੂਝ ਰਹੇ ਕੌਰ ਸਿੰਘ ਮੋਹਾਲੀ ਦੇ ਇਕ ਹਸਪਤਾਲ 'ਚ ਦਾਖ਼ਲ ਹਨ। ਕਦੇ ਮਹਾਨ ਬਾਕਸਰ ਮੁਹੰਮਦ ਅਲੀ ਨਾਲ ਲੜਨ ਵਾਲੇ ਕੌਰ ਸਿੰਘ ਆੜ੍ਹਤੀਏ ਤੋਂ ਵਿਆਜ਼ 'ਤੇ ਪੈਸੇ ਲੈ ਕੇ ਆਪਣਾ ਇਲਾਜ ਕਰਵਾ ਰਹੇ ਹਨ। ਹਸਪਤਾਲ ਦੇ ਬਿਸਤਰ 'ਤੇ ਪਏ ਇਸ ਪਦਮਸ੍ਰੀ ਅਤੇ ਅਰਜੁਨ ਐਵਾਰਡੀ ਬਾਕਸਰ ਦੇ ਮੂੰਹੋਂ ਇਹੀ ਨਿਕਲਦਾ ਹੈ, ਕਾਸ਼! ਹੁਣ ਸਰਕਾਰ ਉਨ੍ਹਾਂ ਲਈ ਐਲਾਨੇ ਪੈਸੇ ਦੇ ਦੇਵੇ, ਜਿਸ ਨਾਲ ਉਹ ਆਪਣਾ ਇਲਾਜ ਕਰਵਾ ਸਕਣ।

ਸੁਪਰ ਹੈਵੀਵੇਟ ਵਰਗ 'ਚ ਕੌਰ ਸਿੰਘ ਨੇ 1982 ਦੇ ਦਿੱਲੀ ਏਸ਼ੀਆਈ ਖੇਡ ਦਾ ਗੋਲਡ, ਦੋ ਵਾਰ ਏਸ਼ੀਅਨ ਚੈਂਪਿਅਨਸ਼ਿਪ ਅਤੇ ਪ੍ਰਸਿੱਧ ਕਿੰਗਜ਼ ਕਪ ਦਾ ਗੋਲਡ ਮੈਡਲ ਜਿੱਤਿਆ ਹੈ। ਪੰਜਾਬ ਪੁਲਿਸ ਤੋਂ ਸੇਵਾਮੁਕਤ ਹੋਣ ਮਗਰੋਂ ਕੌਰ ਸਿੰਘ ਨੂੰ ਪੈਨਸ਼ਨ ਮਿਲਦੀ ਹੈ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਆਰਥਿਕ ਸਥਿਤੀ ਅਜਿਹੀ ਨਹੀਂ ਹੈ ਕਿ ਉਹ ਦਿਲ ਦੀ ਬੀਮਾਰੀ ਦਾ ਇਲਾਜ ਸਹੀ ਤਰੀਕੇ ਨਾਲ ਕਰਵਾ ਸਕਣ।

ਕੌਰ ਸਿੰਘ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਜਦੋਂ ਉਨ੍ਹਾਂ ਦੇ ਦਿਲ ਦਾ ਆਪ੍ਰੇਸ਼ਨ ਹੋਇਆ ਤਾਂ ਉਨ੍ਹਾਂ ਨੇ ਆੜ੍ਹਤੀਏ ਤੋਂ 2 ਲੱਖ ਰੁਪਏ ਉਧਾਰ ਲਏ ਸਨ। ਉਹ ਉਸ ਦਾ ਵਿਆਜ਼ ਅੱਜ ਤੱਕ ਦੇ ਰਹੇ ਹਨ। ਬੀਤੇ ਮਹੀਨੇ ਫਿਰ ਪੂਰੇ ਸਰੀਰ ਨੇ ਕੰਮ ਕਰਨਾ ਬੰਦ ਕਰ ਦਿੱਤਾ। ਉਨ੍ਹਾਂ ਨੂੰ ਸੰਗਰੂਰ ਤੋਂ ਮੋਹਾਲੀ ਲਿਆਇਆ ਗਿਆ। 22 ਦਿਨ ਤੋਂ ਉਹ ਹਸਪਤਾਲ 'ਚ ਦਾਖ਼ਲ ਹਨ। ਹਾਲਾਂਕਿ ਕੁੱਝ ਸਰਕਾਰੀ ਮਦਦ ਮਿਲਦੀ ਹੈ, ਪਰ ਪੂਰੀ ਨਹੀਂ ਪੈ ਰਹੀ।

### ਵਿੱਤ ਮੰਤਰੀ ਦਾ ਜੋਤਿਸ਼ 'ਚ ਵਿਸ਼ਵਾਸ਼



ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਾਰੇ ਪਤਾ ਲੱਗਾ ਹੈ ਕਿ ਉਹ ਜੋਤਿਸ਼ 'ਚ ਵਿਸ਼ਵਾਸ਼ ਰੱਖਦੇ ਹਨ। ਇਸ ਹਫ਼ਤੇ ਜਦੋਂ ਪਾਕਿਸਤਾਨ ਤੋਂ ਆਇਆ ਵਿਧਾਨ ਸਭਾ ਦਾ ਰਿਕਾਰਡ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਦੇਣ ਗਏ ਤਾਂ ਉਨ੍ਹਾਂ ਨੂੰ ਰਿਵਾਲਵਿੰਗ ਚੇਅਰ ਆਫ਼ਰ ਕੀਤੀ ਗਈ। ਇਸ 'ਤੇ ਉਨ੍ਹਾਂ ਕਿਹਾ, "ਮੇਰੇ ਜੋਤਿਸ਼ ਨੇ ਕਿਹਾ ਹੈ ਕਿ ਕਿਸੇ ਵੀ ਬੈਠ ਜਾਓ ਪਰ ਘੁੰਮਣ ਵਾਲੀ ਕੁਰਸੀ 'ਤੇ ਨਾ ਬੈਠਣਾ ਅਤੇ ਕਾਲਾ ਚਸ਼ਮਾ ਨਾ ਲਗਾਉਣਾ। ਉਨ੍ਹਾਂ ਕਿਹਾ, "ਉਦੋਂ ਤੋਂ ਉਹ ਸਥਾਈ ਕੁਰਸੀ 'ਤੇ ਹੀ ਬੈਠਦੇ ਹਨ।" ਕਿਤੇ ਇਸ ਦਾ ਕਾਰਨ ਇਹ ਤਾਂ ਨਹੀਂ ਕਿ ਹੁਣ ਉਨ੍ਹਾਂ ਨੂੰ ਕੁਰਸੀ ਖਿਸਕਣ ਦਾ ਡਰ ਸਤਾਉਣ ਲੱਗਾ ਹੈ। ਵਿੱਤ ਮੰਤੀ ਦੀ ਕੁਰਸੀ ਇਕ ਵਾਰ ਉਨ੍ਹਾਂ ਦੇ ਹੇਠਾਂ ਤੋਂ ਖਿਸਕ ਚੁੱਕੀ ਹੈ।

### ਰਜਾਈ ਨੂੰ ਲੈ ਕੇ ਭੱਜਦੌੜ

ਫਿਰੋਜਪੁਰ ਦੇ ਮੱਲਾਂਵਾਲਾ 'ਚ ਕਾਂਗਰਸੀਆਂ ਨਾਲ ਝੜਪ ਤੋਂ ਬਾਅਦ ਅਕਾਲੀਆਂ ਵਿਰੁੱਧ ਦਰਜ ਹੋਏ ਕੇਸ ਦੇ ਵਿਰੋਧ 'ਚ ਸ਼੍ਰੋਮਣੀ ਅਕਾਲੀ ਦਲ ਦੇ ਕਾਰਕੁੰਨਾਂ ਨੇ ਵੱਖ-ਵੱਖ ਜ਼ਿਲ੍ਹਿਆਂ 'ਚ ਧਰਨਾ ਲਗਾਇਆ। ਹਰੀਕੇ ਦੇ ਬੰਗਾਲੀ ਪੁਲ ਦਾ ਮੋਰਚਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੰਭਾਲਿਆ ਸੀ। ਇੱਥੇ ਰਾਤ ਨੂੰ ਜਦੋਂ ਉਨ੍ਹਾਂ ਨੂੰ ਰਜਾਈ ਦੀ ਲੋੜ ਪਈ ਤਾਂ ਜਿੱਥੇ ਪਾਰਟੀ ਨੇਤਾਵਾਂ ਦੀ ਭੱਜਦੌੜ ਸ਼ੁਰੂ ਹੋ ਗਈ, ਉਥੇ ਐਸ.ਜੀ.ਪੀ.ਸੀ. ਦੇ ਮੈਂਬਰ ਵੀ ਉਨ੍ਹਾਂ ਲਈ ਰਜਾਈ ਲੈ ਕੇ ਆਏ। ਸਾਰਿਆਂ ਨੇ ਕੋਸ਼ਿਸ਼ ਕੀਤੀ ਕਿ ਪਾਰਟੀ ਪ੍ਰਧਾਨ ਦੀ ਖਾਤਰਦਾਰੀ 'ਚ ਕੋਈ ਮੁਸ਼ਕਲ ਨਾ ਆਵੇ।

### ਮੈਂ ਤਾਂ ਆਪ ਅਜੇ ਸੜਕ 'ਤੇ ਹਾਂ



ਗੁਰਦਾਸਪੁਰ ਦੇ ਮੈਂਬਰ ਪਾਰਲੀਮੈਂਟ ਸੁਨੀਲ ਜਾਖੜ, ਜਿਨ੍ਹਾਂ ਨੂੰ ਜਿੱਤਿਆਂ ਡੇਢ ਮਹੀਨੇ ਤੋਂ ਵੱਧ ਹੋ ਚੁੱਕਾ ਹੈ, ਹਾਲੇ ਤਕ ਸੰਸਦ 'ਚ ਸਹੁੰ ਨਹੀਂ ਲੈ ਸਕੇ ਹਨ। ਹਾਲਾਂਕਿ ਉਹ ਅਜਿਹਾ ਸਪੀਕਰ ਦੇ ਚੈਂਬਰ 'ਚ ਵੀ ਕਰ ਸਕਦੇ ਸਨ, ਪਰ ਉਨ੍ਹਾਂ ਦੀ ਇੱਛਾ ਹੈ ਕਿ ਉਹ ਹਾਊਸ 'ਚ ਹੀ ਸਹੁੰ ਚੁੱਕਣ। ਦਰਅਸਲ ਦਸੰਬਰ ਮਹੀਨੇ 'ਚ ਸੰਸਦ ਦਾ ਸ਼ੀਤਕਾਲੀਨ ਸੈਸ਼ਨ ਸ਼ੁਰੂ ਹੋ ਜਾਂਦਾ। ਪਰ ਇਸ ਵਾਰ ਗੁਜਰਾਤ ਚੋਣ ਕਾਰਨ ਸੈਸ਼ਨ ਨੂੰ ਫਰਵਰੀ ਮਹੀਨੇ ਤਕ ਮੁਲਤਵੀ ਕਰ ਦਿੱਤਾ ਗਿਆ ਹੈ। ਅਜਿਹੇ 'ਚ ਉਨ੍ਹਾਂ ਦਾ ਅਧਿਕਾਰਕ ਤੌਰ 'ਤੇ ਸੰਸਦ ਬਨਣ ਦਾ ਸੁਪਨਾ ਵਿਚਕਾਰ ਹੀ ਲਟਕਿਆ ਹੋਇਆ ਹੈ। ਜਦੋਂ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਦੇ ਛੋਟੇ ਸੈਸ਼ਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, ਉਹ ਕਿਸੇ ਦੇ ਬਾਰੇ ਕੀ ਕਹਿ ਸਕਦੇ ਹਨ, ਉਹ ਤਾਂ ਖੁਦ ਹਾਲੇ ਸੜਕ 'ਤੇ ਹਨ। ਤੁਸੀਂ ਉਨ੍ਹਾਂ ਦੀ ਗੱਲ ਹੀ ਨਹੀਂ ਕਰ ਰਹੇ ਜੋ ਸੈਸ਼ਨ ਹੀ ਨਹੀਂ ਕਰਵਾ ਰਹੇ।

### ਸੁਖਬੀਰ ਲਈ ਡਾਈਟ ਕੋਕ



ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਕਾਰਕੁੰਨਾਂ ਲਈ ਧਰਨਾ ਦਿੱਤਾ। ਉਨ੍ਹਾਂ ਨੂੰ ਪਿਆਸ ਲੱਗੀ ਤਾਂ ਉਨ੍ਹਾਂ ਨੇ ਪਾਣੀ ਦੀ ਫਰਮਾਇਸ਼ ਕੀਤੀ। ਧਰਨੇ ਵਾਲੀ ਥਾਂ 'ਤੇ ਜਦੋਂ ਪਾਣੀ ਨਹੀਂ ਮਿਲਿਆ ਤਾਂ ਪਾਰਟੀ ਦੇ ਸੀਨੀਅਰ ਨੇਤਾ ਸ਼ਹਿਰ ਵੱਲ ਭੱਜੇ ਅਤੇ ਡਾਈਟ ਕੋਕ ਲੈ ਆਏ। ਉਹ ਵੀ ਇਕ ਨਹੀਂ ਕਈ ਕ੍ਰੇਟ ਚੁੱਕ ਲਿਆਏ, ਤਾ ਕਿ ਪਾਰਟੀ ਪ੍ਰਧਾਨ ਲਈ ਕੋਈ ਕਮੀ ਨਾ ਪੇਸ਼ ਆਵੇ। ਉਥੇ ਹੀ ਕਈ ਨੇਤਾ ਕੋਲਡ ਡਰਿੰਕ ਵੀ ਲੈ ਆਏ, ਜੋ ਕਿ ਠੰਢ 'ਚ ਸੁਖਬੀਰ ਲਈ ਪੀਣੀ ਮੁਸ਼ਕਲ ਸੀ, ਸੋ ਉਨ੍ਹਾਂ ਨੇ ਡਾਈਟ ਕੋਕ ਨਾਲ ਕੰਮ ਚਲਾਇਆ।

### ਹੁਣ ਵੀ ਜਾਰੀ ਹੈ ਸ਼ੇਰਗਿੱਲ ਦੀ ਭਾਲ



ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਹਿੰਮਤ ਸਿੰਘ ਸ਼ੇਰਗਿੱਲ ਨੇ ਪਿਛਲੇ ਦਿਨੀਂ ਆਪਣੇ ਵਿਆਹ ਲਈ ਅਖ਼ਬਾਰਾਂ 'ਚ ਇਸ਼ਤਿਹਾਰ ਦਿੱਤਾ ਸੀ, ਜਿਸ ਦੀ ਖ਼ੂਬ ਚਰਚਾ ਹੋਈ ਸੀ। ਉਹ ਇਕਲੌਤੇ ਅਜਿਹੇ ਨੇਤਾ ਹਨ, ਜਿਨ੍ਹਾਂ ਨੇ ਵਿਆਹ ਲਈ ਅਖ਼ਬਾਰ 'ਚ ਇਸ਼ਤਿਹਾਰ ਦਿੱਤਾ ਹੋਵੇ। ਪਰ ਹਾਲੇ ਤਕ ਉਨ੍ਹਾਂ ਨੂੰ ਆਪਣੀ ਮੰਗ ਅਨੁਸਾਰ ਲੜਕੀ ਨਹੀਂ ਮਿਲੀ ਹੈ। ਉਨ੍ਹਾਂ ਦੇ ਇਸ਼ਤਿਹਾਰ 'ਤੇ ਕੁੱਝ ਜਿਆਦਾ ਰਿਸਪੋਂਸ ਵੀ ਨਹੀਂ ਮਿਲਿਆ ਹੈ। ਇਸ ਲਈ ਉਨ੍ਹਾਂ ਦੀ ਭਾਲ ਜਾਰੀ ਹੈ।

### ਲਿਫਾਫਾ ਕਲਚਰ ਬਦਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਨਰਲ ਹਾਊਸ 'ਚ ਉਨ੍ਹਾਂ ਉੱਤੇ ਪ੍ਰਧਾਨ ਦੇ



ਪੈਣ ਵਾਲੇ ਗੁਣੀਏ ਬਾਰੇ ਰਸਮੀ ਚੋਣ ਤੋਂ ਇਕ ਘੰਟਾ ਪਹਿਲਾਂ ਹੀ ਜਾਣੂੰ ਕਰਵਾ ਦਿੱਤਾ ਸੀ। ਅਜਿਹੇ 'ਚ ਤਕਨੀਕੀ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਐਤਕੀਂ ਲਿਫਾਫੇ 'ਚੋਂ ਨਹੀਂ ਨਿਕਲਿਆ। ਭਾਈ ਲੌਂਗੋਵਾਲ ਨੇ ਇਸ ਭੇਦ ਦਾ ਖੁਲਾਸਾ ਅੱਜ ਪਟਿਆਲੇ 'ਚ ਇਕ ਜਨਤਕ ਪ੍ਰੋਗਰਾਮ ਦੌਰਾਨ ਕੀਤਾ। ਇਹ ਵੀ ਪਤਾ ਲੱਗਾ ਹੈ ਕਿ ਭਾਈ ਲੌਂਗੋਵਾਲ ਵਾਂਗ ਬਾਕੀ ਅਹੁਦੇਦਾਰਾਂ ਨੂੰ ਵੀ ਇਕ ਘੰਟਾ ਪਹਿਲਾਂ ਹੀ 'ਸੂਚਨਾ' ਮਿਲ ਗਈ ਸੀ।

### 'ਠੋਕੋ ਫਾਸਟਵੇਅ' ਪ੍ਰੋਗਰਾਮ ਲੀਹੋਂ ਲੱਥਿਆ?

FW FASTWAY NETWORK

ਨਵਜੋਤ ਸਿੰਘ ਸਿੱਧੂ ਦਾ ਮਿਸ਼ਨ 'ਠੋਕੋ ਬਾਦਲ' ਲੀਹ 'ਤੇ ਨਹੀਂ ਆ ਰਿਹਾ। ਵੱਡੇ-ਛੋਟੇ ਬਾਦਲ ਨੂੰ ਢਾਹੁਣ ਦੇ ਦਾਅ-ਪੇਚ ਕਾਮਯਾਬ ਨਾ ਹੁੰਦੇ ਦੇਖ ਕੇ ਸਥਾਨਕ ਸੰਸਥਾਵਾਂ ਬਾਰੇ ਮੰਤਰੀ ਨੇ ਪੀਟੀਸੀ ਚੈਨਲਾਂ ਅਤੇ ਫਾਸਟਵੇਅ ਕੇਬਲ ਨੈੱਟਵਰਕ ਖ਼ਿਲਾਫ ਮੋਰਚਾ ਖੋਲ੍ਹਣਾ ਬਿਹਤਰ ਸਮਝਿਆ। ਫਾਸਟਵੇਅ ਸਭ ਤੋਂ ਆਸਾਨ ਨਿਸ਼ਾਨਾ ਜਾਪਦੀ ਸੀ। ਇਸ ਦੀ ਅਜਾਰੇਦਾਰੀ ਤੋੜਨ ਵਾਸਤੇ ਕੇਂਦਰੀ ਕੈਬਨਿਟ ਪਾਸੋਂ ਇਕ ਬਿੱਲ ਵੀ ਅਕਤੂਬਰ ਮਹੀਨੇ ਮਨਜ਼ੂਰ ਕਰਵਾ ਲਿਆ ਪਰ ਹੁਣ ਕਾਨੂੰਨੀ ਮਸ਼ੀਰ ਨੇ ਆਪਣੇ ਕਾਨੂੰਨੀ ਮਸ਼ਵਰੇ ਵਿੱਚ ਸਪਸ਼ਟ ਕਰ ਦਿੱਤਾ ਹੈ ਕਿ ਇਹ ਬਿੱਲ ਕਾਨੂੰਨੀ ਧਾਰਾਵਾਂ ਨਾਲ ਮੇਲ ਨਹੀਂ ਖਾਂਦਾ। ਇਹ ਕੇਬਲ ਟੈਲੀਵਿਜ਼ਨ ਨੈੱਟਵਰਕਾਂ ਬਾਰੇ ਕੇਂਦਰੀ ਰੈਗੂਲੇਟਰੀ ਕਾਨੂੰਨ ਦੀਆਂ ਧਾਰਾਵਾਂ ਨਾਲ ਖਹਿੰਦਾ ਹੈ, ਜਿਸ ਕਾਰਨ ਇਸ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਰਾਸ਼ਟਰਪਤੀ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ। ਰਾਸ਼ਟਰਪਤੀ ਤੋਂ ਮਨਜ਼ੂਰੀ ਲੈਣੀ ਕਿੰਨੀ ਔਖੀ ਹੈ, ਇਸ ਬਾਰੇ ਕਾਂਗਰਸੀ ਹਲਕੇ ਚੰਗੀ ਤਰ੍ਹਾਂ ਜਾਣਦੇ ਹਨ।

### ਅਬਦੁਲ ਹਸਨ ਨੂੰ ਹੁਸੀਨ ਦਿਨਾਂ ਦੀ ਉਡੀਕ



ਭਾਰਤ ਘੁੰਮਣ ਦੇ ਇਰਾਦੇ ਨਾਲ ਗ਼ੈਰਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰ ਕੇ ਆਏ ਬੰਗਲਾਦੇਸ਼ੀ ਨੌਜਵਾਨ ਅਬਦੁਲ ਹਸਨ ਦੇ ਰਾਹ ਆਈਆਂ ਮੁਸ਼ਕਲਾਂ ਨੇ ਉਸ ਦਾ ਦਿਮਾਗੀ ਸੰਤੁਲਨ ਵਿਗਾੜ ਦਿੱਤਾ। ਹਸਨ ਪਿੰਗਲਵਾੜਾ ਸੰਸਥਾ ਵੱਲੋਂ ਕੀਤੀ ਸਾਂਭ-ਸੰਭਾਲ ਨਾਲ ਸਿਹਤਯਾਬ ਹੋਇਆ ਹੈ ਤੇ ਹੁਣ ਘਰ ਜਾਣਾ ਚਾਹੁੰਦਾ ਹੈ। ਪਿੰਗਲਵਾੜਾ ਸੰਸਥਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਨੌਜਵਾਨ ਦੀ ਘਰ ਵਾਪਸੀ ਲਈ ਚਾਰਾਜੋਈ ਕੀਤੀ ਜਾਵੇ।

ਅਬਦੁਲ ਹਸਨ ਨੂੰ ਪਿਛਲੇ ਵਰ੍ਹੇ 20 ਅਪਰੈਲ ਨੂੰ ਪੰਜਾਬ ਪੁਲੀਸ ਦੇ ਕਰਮਚਾਰੀ ਪਿੰਗਲਵਾੜੇ ਛੱਡ ਗਏ ਸਨ। ਹਸਨ ਉਨ੍ਹਾਂ ਨੂੰ ਸਰਹੱਦ ਨੇੜੇ ਲਾਵਾਰਸ ਹਾਲਤ ਵਿੱਚ ਮਿਲਿਆ ਸੀ। ਉਸ ਵੇਲੇ ਉਹ ਜ਼ਖ਼ਮੀ ਸੀ ਤੇ ਦਿਮਾਗੀ ਤੌਰ 'ਤੇ ਵੀ ਠੀਕ ਨਹੀਂ ਸੀ। ਪਿੰਗਲਵਾੜਾ ਸੰਸਥਾ ਨੇ ਉਸ ਦੀ ਦੇਖਭਾਲ ਕੀਤੀ, ਜਿਸ ਤੋਂ ਬਾਅਦ ਉਸ ਦੀ ਸਥਿਤੀ ਬਿਹਤਰ ਹੋ ਗਈ। ਹੁਣ ਉਹ ਆਪਣੇ ਘਰ ਜਾਣ ਨੂੰ ਕਾਹਲਾ ਹੈ। 21 ਵਰ੍ਹਿਆਂ ਦਾ ਹਸਨ ਆਪਣਾ ਪਤਾ ਬੰਗਲਾਦੇਸ਼ ਦੇ ਜ਼ਿਲ੍ਹਾ ਜਮਾਲਪੁਰ, ਥਾਣਾ ਦਰੂਸਲਮ ਤੇ ਪਿੰਡ ਦੇਵੰਗੋ ਦੱਸਦਾ ਹੈ। ਹਸਨ ਦੱਸਦਾ ਹੈ ਕਿ ਉਹ ਭਾਰਤ ਘੁੰਮਣ ਦੇ ਚਾਅ ਨਾਲ ਘਰੋਂ ਨਿਕਲ ਆਇਆ। ਸਰਹੱਦ ਪਾਰ ਕਰਨ ਵੇਲੇ ਉਸ ਕੋਲੋਂ ਕੋਈ ਪੁੱਛਗਿੱਛ ਨਹੀਂ ਹੋਈ ਤੇ ਨਾ ਹੀ ਕਿਸੇ ਨੇ ਰੋਕਿਆ। ਸਰਹੱਦ ਪਾਰ ਕਰਨ ਮਗਰੋਂ ਉਹ ਰੇਲਗੱਡੀ ਵਿੱਚ ਬੈਠਾ ਤੇ ਪੰਜਾਬ ਆ ਗਿਆ। ਇਸ ਦੌਰਾਨ ਉਸ ਤੋਂ ਕਿਸੇ ਸ਼ਹਿਰ ਵਿੱਚ ਬੰਧੂਆ ਮਜ਼ਦੂਰ ਕਰਵਾਈ ਗਈ। ਉਸ ਦੀ ਕੁੱਟਮਾਰ ਵੀ ਕੀਤੀ ਗਈ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਕੰਮ ਬਦਲੇ ਉਸ ਨੂੰ ਕੋਈ ਪੈਸਾ ਨਹੀਂ ਦਿੱਤਾ ਗਿਆ। ਪਿਛਲੇ ਸਾਲ 20 ਅਪਰੈਲ ਨੂੰ ਉਸ ਨੂੰ ਲੋਪੋਕੇ ਥਾਣੇ ਦੇ ਕੁਝ ਕਰਮਚਾਰੀ ਪਿੰਗਲਵਾੜਾ ਛੱਡ ਗਏ। ਪਿੰਗਲਵਾੜਾ ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਜਦੋਂ ਹਸਨ ਪਿੰਗਲਵਾੜਾ ਪੁੱਜਿਆ, ਉਸ ਦੀ ਦਿਮਾਗੀ ਹਾਲਤ ਠੀਕ ਨਹੀਂ ਸੀ। ਉਸ ਦਾ ਇਲਾਜ ਸਰਕਾਰੀ ਮਨੋਰੋਗ ਹਸਪਤਾਲ ਤੋਂ ਕਰਾਇਆ ਗਿਆ ਤੇ ਹੁਣ ਉਸ ਦੀ ਮਾਨਸਿਕ ਸਥਿਤੀ ਬਿਹਤਰ ਹੈ। ਪਿੰਗਲਵਾੜਾ ਸੰਸਥਾ ਚਾਹੁੰਦੀ ਹੈ ਕਿ ਨੌਜਵਾਨ ਸਰਕਾਰੀ ਦਖ਼ਲ ਨਾਲ ਕਾਨੂੰਨੀ ਤੌਰ 'ਤੇ ਆਪਣੇ ਘਰ ਜਾਵੇ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਨੌਜਵਾਨ ਦੀ ਘਰ ਵਾਪਸੀ ਲਈ ਚਾਰਾਜੋਈ ਕੀਤੀ ਜਾਵੇ।

ਅਬਦੁਲ ਵਾਂਗ ਹੀ ਪਿੰਗਲਵਾੜਾ ਵਿੱਚ ਇਕ ਹੋਰ ਨੌਜਵਾਨ ਜ਼ੇਰੇ ਇਲਾਜ ਹੈ, ਜੋ ਬੋਲਣ ਤੋਂ ਅਸਮਰੱਥ ਹੋਣ ਕਾਰਨ ਸ਼ਨਾਖ਼ਤ ਨਹੀਂ ਹੋ ਸਕੀ। ਉਸ ਨੂੰ ਗੁਲਾਬ ਸਿੰਘ ਨਾਮ ਦਿੱਤਾ ਗਿਆ ਹੈ।

# ਗ਼ਦਰ ਲਹਿਰ ਤੇ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਸੈਮੀਨਾਰ ਕਰਵਾਇਆ





**ਨਿਊਯਾਰਕ (ਨਦਬ)** : ਬੀਤੀ 2 ਦਸੰਬਰ ਨੂੰ ਨਿਊਯਾਰਕ ਸਿਟੀ ਵਿਖੇ ਵੈਸ਼ਨਵ ਟੈਂਪਲ ਦੇ ਮੀਟਿੰਗ ਹਾਲ ਵਿਚ ਇੰਡੋ-ਅਮਰਕੀਨ ਹੈਰੀਟੇਜ਼ ਫਾਊਂਡੇਸ਼ਨ ਵੱਲੋਂ ਕੂਕਾ ਲਹਿਰ ਅਤੇ ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ।

ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਰਾਮ ਜੀ ਦਾਸ ਸੇਠੀ, ਸਵਰਨ ਸਿੰਘ ਨਾਮਧਾਰੀ, ਸ਼ਮਸ਼ੇਰ ਸਿੰਘ, ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਕਪੂਰਥਲਾ ਕਲੱਬ ਦੇ ਪ੍ਰਧਾਨ ਜਗਤਾਰ ਕਾਰੀ, ਕਸ਼ਮੀਰ ਸਿੰਘ ਜੀ ਕਾਂਗਣਾ, ਡਾ. ਗੁਰਮੇਲ ਸਿੰਘ ਸਿੱਧੂ, ਬੀਬੀ ਆਇਸ਼ਾ ਅਤੇ ਸੁਰਿਦਰ ਕੌਰ ਨੇ ਕੀਤੀ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਦੋ ਮਿੰਟ ਦਾ ਮੋਨ ਰੱਖ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਭਾਰਤ ਤੋਂ ਉਚੇਚੇ ਤੌਰ 'ਤੇ ਪਹੁੰਚੇ ਸੇਵਕ ਹਰਪਾਲ ਸਿੰਘ ਨਾਮਧਾਰੀ ਨੇ ਬੜੇ ਹੀ ਵਿਸਥਾਰ ਨਾਲ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਨਾਮਧਾਰੀ ਸੰਸਥਾ, ਜਿਸ ਨੂੰ ਕੂਕਾ ਲਹਿਰ ਵਜੋਂ ਵੀ ਜਾਣਿਆ ਜਾਂਦਾ ਹੈ, ਬਾਰੇ ਚਾਨਣਾ ਪਾਇਆ ਕਿ ਇਹ 1857 ਦੇ ਵਿਦਰੋਹ ਤੋਂ 1907 ਤਕ ਅੰਗਰੇਜ਼ਾਂ ਦੇ ਵਿਰੁੱਧ ਸੰਘਰਸ਼ਸ਼ੀਲ ਰਹੀ, ਜਿਸ ਦਾ ਇਤਿਹਾਸ ਗਵਾਹ ਹੈ। ਸਤਿਗੁਰੂ ਰਾਮ ਸਿੰਘ, ਜਿੰਨਾ ਨੇ ਅੰਗਰੇਜ਼ਾਂ ਦੇ ਰਾਜ ਵਿਚ ਅਪਨਾ ਰਾਜ ਕਾਇਮ ਕੀਤਾ ਅਤੇ ਅੰਗੇਰਜ਼ੀ ਹਕੂਮਤ ਦਾ ਬਾਈਕਾਟ ਕਰਦੇ ਹੋਏ ਆਪਣੇ ਸਕੂਲ ਖੋਲ੍ਹੇ, ਡਾਕ ਮਹਿਕਮਾ ਬਣਾਇਆ, ਕਪੜਾ ਆਪ ਬਣਾਇਆ। ਨਾਲ ਹੀ ਆਪਣੀ ਕੋਰਟ (ਨਿਆਂ ਪਾਲਿਕਾ)ਬਣਾਈ। ਨਾ-ਮਿਲਵਰਤਨ ਲਹਿਰ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਸ਼ੁਰੂ ਕੀਤੀ।

ਬੁੱਧੀਜੀਵੀਆਂ ਵਿਚ ਜਾਣੀ-ਪਹਿਚਾਣੀ ਸ਼ਖ਼ਸੀਅਤ ਸੁਰਿੰਦਰ ਸੋਹਲ ਨੇ ਦਿੱਲੀ ਵਿਚ ਦਿਆਲ ਸਿੰਘ ਮਜੀਠੀਆ ਕਾਲਜ ਦਾ ਨਾਮ ਬਦਲਣ ਦੀ ਨਿੰਦਾ ਕੀਤੀ।

ਕੈਲੇਫੋਰਨੀਆ ਤੋਂ ਆਏ ਕਸ਼ਮੀਰ ਸਿੰਘ ਕਾਂਗਣਾ ਨੇ ਆਪਣੇ ਭਾਸ਼ਨ ਵਿਚ ਕੂਕਾ ਲਹਿਰ ਬਾਰੇ ਚਾਨਣਾ ਪਾਇਆ ਅਤੇ ਇਸ ਲਹਿਰ ਦੀ ਸ਼ਲਾਘਾ ਕਰਦੇ 1917 ਵਿਚ ਸ਼ਹੀਦ ਹੋਏ ਗਦਰੀ ਬਾਬਿਆਂ ਵੱਲੋਂ ਆਜ਼ਾਦੀ ਦੀ ਜੰਗ ਵਿਚ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਦਸਿਆ ਕਿ ਗਦਰੀ ਬਾਬੇ ਮਹਾਨ ਸ਼ਖ਼ਸੀਅਤਾਂ ਸਨ, ਜਿੰਨਾ ਨੇ ਸਾਡੇ ਵਾਸਤੇ ਅਨੇਕਾਂ ਤਸੀਹੇ ਝੱਲੇ। ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਖੁਰਦਪੁਰ, ਹਰਨਾਮ ਸਿੰਘ ਨਾਮੇ, ਅਰੂੜ ਸਿੰਘ, ਅਬਦਲ ਹਾਫਜ਼ ਵਰਗੇ ਯੋਧਿਆਂ ਨੂੰ ਆਜ਼ਾਦੀ ਦਾ ਹੱਕ ਮੰਗਣ ਕਰਕੇ ਛੋਟੇ-ਛੋਟੇ ਮੁਕੱਦਮੇ ਬਣਾ ਕੇ ਫਾਂਸੀਆਂ ਦੇ ਦਿਤੀਆਂ।

ਪ੍ਰੋ. ਪਰਮਜੀਤ ਕੌਰ ਨੇ ਗਦਰੀ ਬਾਬਿਆਂ ਦੀ ਯਾਦ ਵਿਚ ਬੋਲਦਿਆਂ ਕਿਹਾ ਕਿ ਜਿੰਨਾ ਨੇ ਆਪਣੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੀ, ਅੱਜ ਸਮੇਂ ਦੀ ਲੋੜ ਹੈ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਅਣਗੌਲੇ ਜਾਣ ਤੋਂ ਬਚਾਇਆ ਜਾਵੇ।

ਹੈਰੀਟੇਜ਼ ਫ਼ਾਊਂਡੇਸ਼ਨ ਦੇ ਉੱਘੇ ਮੈਂਬਰ ਸਰਮੁਖ ਸਿੰਘ ਨਾਮਧਾਰੀ ਨੇ ਬੜਾ ਸੰਖੇਪ ਅਤੇ ਭਾਵ ਪੂਰਤ ਸ਼ਬਦਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਇਸਤ੍ਰੀ ਜਾਤੀ ਦੀ ਮੁਕਤੀ ਲਈ ਕੀਤੇ ਪਰ ਉਪਕਾਰਾਂ ਦਾ ਜ਼ਿਕਰ ਵੀ ਕੀਤਾ ਅਤੇ ਕਿਹਾ ਕਿ ਆਪ ਨੇ ਲੜਕੀਆਂਨੂੰ ਮਾਰਨੋ, ਵੇਚਣੋ ਅਤੇ ਵੱਟਾ ਕਰਨੋ ਬੜੀ ਸਖ਼ਤੀ ਨਾਲ ਵਰਜਿਆ।

ਪ੍ਰੋਗਰਾਮ ਦੇ ਪ੍ਰਮੁੱਖ ਬੁਲਾਰੇ, ਫਰਿਜਨੋ (ਕੈਲੇਫੋਰਨੀਆ) ਤੋਂ ਪੁੱਜੇ ਡਾ. ਗੁਰਮੇਲ ਸਿੰਘ ਸਿੱਧੂ ਨੇ ਖੋਜ ਭਰਪੂਰ ਅਤੇ ਵਿਸਤ੍ਰਿਤ ਭਾਸ਼ਨ ਵਿਚ ਸਮੁੱਚੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਬਾਰੇ ਤੱਥ ਭਰਪੂਰ ਅੰਕੜੇ ਪੇਸ਼ ਕੀਤੇ। ਉਨ੍ਹਾਂ ਨੇ ਕੂਕਾ ਲਹਿਰ ਦੇ ਬਾਨੀ ਅਤੇ ਜੰਗੇ ਆਜ਼ਾਦੀ ਦੇ ਮੋਢੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਦੀ ਸਮਾਜ ਸੁਧਾਰਕ ਅਤੇ ਰਾਜਨੀਤਿਕ ਖੇਤਰ ਵਿਚ ਅਹਿਮ ਭੂਮਿਕਾ ਬਾਰੇ ਜ਼ਿਕਰ ਕੀਤਾ।

# ਟਰਾਂਟੋ ਵਿੱਚ ਬੇਘਰਿਆਂ ਦੀ ਭਰਮਾਰ



**ਟਰਾਂਟੋ (ਨਦਬ)** : ਟਰਾਂਟੋ ਵਿੱਚ ਉਹਨਾਂ ਬੇਘਰੇ ਵਿਅਕਤੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹ ਅਤੇ ਇਹ ਸਮੱਸਿਆ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਅਜਿਹੇ ਹੀ ਇੱਕ ਪਰੇਸ਼ਾਨ ਵਿਅਕਤੀ ਨੇ ਦੱਸਿਆ ਕਿ ਅੱਜਕੱਲ ਬਹੁਤ ਠੰਡ ਹੈ ਤੇ ਅੱਗੇ ਇਸ ਤੋਂ ਜ਼ਿਆਦਾ ਠੰਡ ਆਉਣ ਵਾਲੀ ਹੈ, ਅਜਿਹੀ ਹਾਲਤ ਵਿੱਚ ਬਿਨਾ ਰਹਿਣ ਬਸੇਰੇ ਤੋਂ ਜ਼ਿੰਦਾ ਰਹਿਣਾ ਮੁਸ਼ਕਿਲ ਹੈ।

ਉਸ ਨੇ ਕਿਹਾ ਸ਼ੈਲਟਰ 'ਚ ਰਹਿਣਾ ਬਹੁਤ ਮੁਸ਼ਕਿਲ ਹੈ ਕਿਉਂਕਿ ਕਿ ਸੈਲਟਰ ਵਿੱਚ ਰਹਿਣ ਲਈ ਥਾਂ ਹੀ ਨਹੀਂ ਹੈ। ਹਰ ਰਾਤ ਲਗਭਗ ਪੰਜ ਹਜ਼ਾਰ ਵਿਅਕਤੀ ਸ਼ੈਲਟਰ ਵਿੱਚ ਰਾਤ ਕੱਟਣ ਲਈ ਆਉਂਦੇ ਹਨ। ਸ਼ੈਲਟਰ ਨੱਕੋ-ਨੱਕ ਭਰ ਜਾਂਦੇ ਹਨ ਇਸ ਕਾਰਣ ਉੱਥੇ ਰਾਤ ਕੱਟਣ ਵਾਲੇ ਵਿਅਕਤੀਆਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਬੇਘਰੇ ਲੋਕ ਏਧਰ-ਓਧਰ ਜਨਤਕ ਥਾਂਵਾਂ 'ਤੇ ਰਾਤਾਂ ਕੱਟਦੇ ਹਨ।

ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਸਿਟੀ ਕੌਂਸਲ ਵੱਲੋਂ ਦੋ ਪ੍ਰਸਤਾਵ ਪੇਸ਼ ਕੀਤੇ ਗਏ ਹਨ ਇੱਕ ਇਸ ਸਥਿਤੀ ਨੂੰ ਸ਼ੈਲਟਰ ਸਿਸਟਮ ਦੀ ਐਮਰਜੈਂਸੀ ਐਲਾਨਿਆ ਜਾਵੇ ਤੇ ਫੈਡਰਲ ਸਰਕਾਰ ਫੋਰਟ ਯੌਰਕ ਤੇ ਮੌਸ ਪਾਰਕ ਬੇਘਰੇ ਵਿਅਕਤੀਆਂ ਲਈ ਖੋਲ੍ਹੇ। ਦੂਜਾ ਹਜ਼ਾਰ ਨਵੇਂ ਸ਼ੈਲਟਰ ਬੈਡ ਤਿਆਰ ਕੀਤੇ ਜਾਣ। ਕਿਹਾ ਜਾਂਦਾ ਹੈ ਕਿ ਕੁੱਲੀ, ਗੁੱਲੀ ਅਤੇ ਜੁੱਲੀ ਹਰ ਨਾਗਰਿਕ ਦਾ ਅਧਿਕਾਰ ਹੈ ਤੇ ਹਰ ਸਰਕਾਰ ਦੀ ਜ਼ਿੰਮੇਵਾਰੀ ਹੈ ਪਰ ਇੱਥੇ ਸਰਕਾਰ ਸਾਫ਼ ਆਪਣੀ ਜ਼ਿੰਮੇਵਾਰੀ ਤੋਂ ਭੱਜਦੀ ਨਜ਼ਰ ਆ ਰਹੀ ਹੈ।

# ਦੋ ਪੰਜਾਬੀ 100 ਕਿਲੋ ਕੋਕੇਨ ਸਮੇਤ ਗ੍ਰਿਫ਼ਤਾਰ

**ਟੋਰੰਟੋ (ਨਦਬ)** : ਕਨੇਡੀ ਏਜੰਸੀਆਂ ਵਲੋਂ ਕੈਲਫੋਰਨੀਆ ਦੇ ਰਹਿਣ ਵਾਲੇ ਦੋ ਪੰਜਾਬੀਆਂ ਗੁਰਮਿੰਦਰ ਸਿੰਘ (31) ਅਤੇ ਕਿਰਨਦੀਪ ਕੌਰ (28) ਨੂੰ 100 ਕਿਲੋ ਕੋਕੇਨ ਸਮੇਤ ਗ੍ਰਿਫਤਾਰ ਕੀਤਾ ਹੈ। ਆਰਸੀਐਮਪੀ ਅਤੇ ਕਨੇਡਾ ਬਾਰਡਰ ਏਜੰਸੀ ਵਲੋਂ ਸਾਂਝੇ ਬਿਆਨ ਮੁਤਾਬਕ ਉਹਨਾਂ ਅਲਬਰਟਾ ਦੇ ਦੱਖਣੀ ਬਾਰਡਰ ਕਾਉਂਟ ਤੇ ਇੱਕ ਟਰੱਕ ਨੂੰ ਰੋਕਿਆ ਜੋ ਕਿ ਅਮਰੀਕਾ ਤੋਂ ਅਲਬਰਟਾ ਵੱਲ ਜਾ ਰਿਹਾ ਸੀ ਤੇ ਜਾਂਚ ਉਪਰੰਤ ਉਸ ਵਿੱਚੋਂ ਵੱਡੀ ਮਾਤਰਾ ਵਿੱਚ ਕੋਕੇਨ ਫੜੀ ਗਈ।



# ਅਮੀਰਾਂ ਨੂੰ ਰਾਜਨੀਤੀ 'ਚੋਂ ਬਾਹਰ ਕੱਢੋ : ਮੂਜੀਕਾ

**ਉਰੂਗਵਾਏ (ਨਦਬ)** : ਲੋਕਤੰਤਰ ਅੱਜਕੱਲ ਪੂਰੀ ਦੁਨੀਆ ਅੰਦਰ ਸੈਮੀਨਾਰਾਂ ਦਾ ਦਿਲਚਸਪ ਵਿਸ਼ਾ ਹੁੰਦਾ ਹੈ। ਇਸਦੇ ਪਿੱਛੇ ਕਾਰਣ ਇਹ ਹੈ ਕਿ ਅਖੌਤੀ ਲੋਕਤੰਤਰਿਕ ਸਰਕਾਰਾਂ ਦੀ ਨੱਥ ਉਦਯੋਗਪਤੀਆਂ ਦੇ ਹੱਥ ਵਿੱਚ ਆ ਗਈ ਹੈ। ਪਿਛਲੇ ਕੁੱਝ ਸਮੇਂ ਤੋਂ ਉਦਯੋਗਪਤੀ ਸਿੱਧੇ ਹੀ ਸਿਆਸਤ ਵਿੱਚ ਉੱਤਰ ਚੁੱਕੇ ਹਨ। ਅਮੀਰਾਂ ਅਤੇ ਉਦਯੋਗਪਤੀਆਂ ਨੇ ਰਾਜਨੀਤੀਵਾਨਾਂ ਦੇ ਹੱਥੋਂ ਸੱਤਾ ਹਥਿਆ ਲਈ ਹੈ ਤੇ ਹੁਣ ਆਪਣੀ ਮਰਜ਼ੀ ਨਾਲ ਨੀਤੀਆਂ ਅਤੇ ਯੋਜਨਾਵਾਂ ਬਣਾ ਕੇ ਲੋਕਾਂ ਦੀ ਲੁੱਟ ਕਰ ਰਹੇ ਹਨ।



ਇਹਨਾਂ ਹਾਲਤਾਂ ਨੂੰ ਦੇਖਦਿਆਂ ਹੀ ਉਰੂਗਵਾਏ ਦੇ ਸਾਬਕਾ ਪ੍ਰਧਾਨ ਜੋਸ ਪੇਪੇ ਮੂਜੀਕਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਤੋਂ ਪਹਿਲਾਂ ਕਿ ਬਹੁਤ ਜ਼ਿਆਦਾ ਦੇਰੀ ਹੋ ਜਾਵੇ ਅਮੀਰ ਲੋਕਾਂ ਨੂੰ ਰਾਜਨੀਤਿਕ ਖੇਤਰ ਵਿੱਚੋਂ ਕੱਢ ਮਾਰੋ। ਉਹਨਾਂ ਕਿਹਾ ਕਿ ਅਮੀਰ ਲੋਕ ਕਦੇ ਵੀ ਗਰੀਬਾਂ ਦੇ ਪ੍ਰਤੀਨਿਧ ਨਹੀਂ ਹੋ ਸਕਦੇ। ਮੂਜੀਕਾ ਬਹੁਤ ਸਿੱਧਾ ਅਤੇ ਸਾਦਾ ਰਹਿਣੀ ਬਹਿਣੀ ਵਾਲਾ ਵਿਅਕਤੀ ਹੈ। ਉਸਨੇ ਮਿਲਟਰੀ ਡਿਕਟੇਟਰਸ਼ਿਪ ਖ਼ਿਲਾਫ਼ ਲੰਮੀ ਲੜਾਈ ਲੜੀ ਹੈ। 2010 ਤੋਂ 2015 ਵਿਚਕਾਰ ਉਹ ਉਰੂਗਵਾਏ ਦਾ ਪ੍ਰਧਾਨ ਰਿਹਾ ਹੈ। ਉਹਨਾਂ ਕਿਹਾ ਕਿ ਮੈਂ ਅਮੀਰ ਲੋਕਾਂ ਦੇ ਵਿਰੋਧ ਵਿੱਚ ਨਹੀਂ ਹੈ ਪਰ ਅਮੀਰ ਆਦਮੀ ਦੀ ਸੋਚ ਅਤੇ ਸਿਆਣੇ ਰਾਜਨੀਤੀਵਾਨ ਦੀ ਸੋਚ ਵਿੱਚ ਬਹੁਤ ਅੰਤਰ ਹੁੰਦਾ ਹੈ। ਉਰੂਗਵਾਏ ਦੇ ਸਾਬਕਾ ਪ੍ਰਧਾਨ ਉਪਭੋਗਤਾਵਾਦ ਦੇ ਵੀ ਸਖ਼ਤ ਖ਼ਿਲਾਫ਼ ਹਨ।

# ਮੋਦੀ ਦੀਆਂ ਆਰਥਿਕ ਨੀਤੀਆਂ ਦਾ ਦਿਵਾਲਾ

ਡਾ. ਸਰਬਜੀਤ ਗਿੱਲ

ਮੋਦੀ ਮਾਰਕਾ ਆਰਥਿਕ ਨੀਤੀਆਂ ਨੇ ਕਿਸਾਨਾਂ ਅਤੇ ਛੋਟੇ ਪੱਧਰ ਦੇ ਵਪਾਰੀਆਂ ਦਾ ਦਿਵਾਲਾ ਕੱਢਣ ਦਾ ਰਾਹ ਅਪਣਾ ਲਿਆ ਹੈ। ਸਰਕਾਰੀ ਦਖਲਅੰਦਾਜ਼ੀ ਨੂੰ ਰੋਕਣ ਅਤੇ ਸਰਕਾਰੀ ਅਧੀਨਗੀ ਤੋਂ ਮੁਕਤ ਰੱਖਣ ਦੇ ਨਾਂ ਹੇਠ 1991 ਤੋਂ ਆਰੰਭ ਹੋਈਆਂ ਨਵੀਆਂ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਲਈ ਪਹਿਲਾਂ ਕਾਂਗਰਸ ਅਤੇ ਹੁਣ ਭਾਰਤੀ ਜਨਤਾ ਪਾਰਟੀ ਪੱਬਾਂ ਭਾਰ ਹੋਈ ਬੈਠੀ ਹੈ। ਇਨ੍ਹਾਂ ਨੀਤੀਆਂ ਨਾਲ ਹੀ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਨੂੰ ਹੋਰ ਹੁਲਾਰਾ ਮਿਲ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਬਣੀ ਇਸ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਨੇ ਇਨ੍ਹਾ ਨੀਤੀਆਂ ਨੂੰ ਲਾਗੂ ਕਰਨ ਲਈ ਸਦਮੇ ਵੀ ਦੇਣੇ ਆਰੰਭ ਦਿੱਤੇ ਹਨ। ਇਨ੍ਹਾਂ ਸਦਮਿਆਂ ਦਾ ਹੀ ਇੱਕ ਰੂਪ ਨੋਟਬੰਦੀ ਅਤੇ ਹੁਣ ਜੀਐਸਟੀ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ।

ਮੋਦੀ ਦਾ ਇਹ ਕੰਮ ਉਸ ਅਣਜਾਣ ਡਾਕਟਰ ਵਾਂਗ ਹੈ, ਜਿਸ ਨੂੰ ਡਾਕਟਰੀ ਦੀ ਸਮਝ ਘੱਟ ਹੋਣ ਕਾਰਨ ਬਿਨ੍ਹਾਂ ਲੋੜੋ ਮਹਿੰਗੇ ਇਲਾਜ ਕਰਵਾ ਕੇ ਮਰੀਜ਼ ਨੂੰ ਮਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਅਤੇ ਮਰਨ ਦੀ ਸੂਰਤ 'ਚ ਸੌਰੀ ਕਹਿਣ ਤੋਂ ਵੱਧ ਕੁੱਝ ਨਹੀਂ ਹੈ। ਹਮੇਸ਼ਾ ਸਿਆਣਾ ਡਾਕਟਰ ਬਿਮਾਰੀ ਲੱਭੇਗਾ ਅਤੇ ਇਸ ਦਾ ਇਲਾਜ ਕਰੇਗਾ ਪਰ ਮੋਦੀ ਉਲਟ ਦਿਸ਼ਾ ਵੱਲ ਵੱਧਦਾ ਜਾ ਰਿਹਾ ਹੈ।

ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਦੇਸ਼ ਦੇ ਹਾਕਮ ਲੋਕਾਂ ਦਾ ਕਚੂੰਮਰ ਵੀ ਕੱਢ ਰਹੇ ਹਨ ਅਤੇ ਦੁਹਾਈ ਦੇਸ਼ ਦੀ ਤਰੱਕੀ ਦੀ ਪਾ ਰਹੇ ਹਨ। ਰੁਜ਼ਗਾਰ ਰਹਿਤ ਵਿਕਾਸ ਲੋਕਾਂ ਦੇ ਸਿਰ ਭਾਰ ਪਾਉਣ ਤੋਂ ਬਿਨ੍ਹਾਂ ਕੁੱਝ ਹੋਰ ਕਰ ਹੀ ਨਹੀਂ ਸਕਦਾ। ਬੀਮੇ ਵਰਗੇ ਖੇਤਰ 'ਚ ਵੀ ਵਿਦੇਸ਼ੀ ਪੂੰਜੀ ਲਾਉਣ ਦੀ ਖੁੱਲ ਦੇਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਦੇਸ਼ ਦੇ ਹਾਕਮਾਂ ਨੂੰ ਦੇਸ਼ ਦੇ ਲੋਕਾਂ ਦਾ ਕੋਈ ਫਿਕਰ ਨਹੀਂ ਹੈ ਅਤੇ ਉਹ ਇਥੋਂ ਦੇ ਪੈਸੇ ਦੀ ਲੁੱਟ ਕਰਵਾਉਣ ਲਈ ਤਿਆਰ ਬੈਠੇ ਹਨ। ਨਵੀਆਂ ਸਨਅਤਾਂ ਨੂੰ ਚਾਲੂ ਕਰਕੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਥਾਂ ਦੇਸ਼ ਦੇ ਹਾਕਮ ਬਿਮਾਰ ਸਨਅਤਾਂ ਨੂੰ ਵੀ ਚਾਲੂ ਕਰਨ ਦੇ ਹੱਕ 'ਚ ਨਹੀਂ ਹਨ। ਲਘੂ ਉਦਯੋਗਾਂ ਦਾ ਘਾਣ ਕਰਕੇ ਵੱਡੀ ਸਨਅਤ ਨੂੰ ਹੁਲਾਰਾ ਦੇ ਰਹੇ ਹਨ। ਇਹ ਵੱਡੀ ਸਨਅਤ ਵੀ ਉਨ੍ਹਾਂ ਬੁਹਕੌਮੀ ਕੰਪਨੀਆਂ ਦੀ ਹੀ ਹੈ, ਜਿਨ੍ਹਾਂ ਰੁਜ਼ਗਾਰ ਦੇ ਮੌਕੇ ਘੱਟ ਦੇਣੇ ਹੁੰਦੇ ਹਨ ਅਤੇ ਆਪਣੇ ਮੁਨਾਫੇ ਦੀ ਭੁੱਖ ਮਿਟਾਉਣ ਲਈ ਹਰ ਹਰਬਾ ਵਰਤਣਾ ਹੁੰਦਾ ਹੈ। ਇਹ ਕੰਪਨੀਆਂ ਇਥੋਂ ਦੇ ਮਜ਼ਦੂਰ ਪੱਖੀ ਕਾਨੂੰਨਾਂ ਨੂੰ ਖੋਖਲਾ ਕਰਵਾਉਣ 'ਚ ਹੀ ਰੋਲ ਅਦਾ ਨਹੀਂ ਕਰ ਰਹੀਆ ਸਗੋਂ ਵਾਤਾਵਰਣ ਵਰਗੇ ਮੁੱਦਿਆ ਨੂੰ ਵੀ ਛਿੱਕੇ ਟੰਗ ਰਹੀਆਂ ਹਨ। ਸਾਡੇ ਦੇਸ਼ ਦੇ ਹਾਕਮ ਇਨ੍ਹਾਂ ਗੁਨਾਹਾਂ 'ਚ ਭਾਈਵਾਲ ਹਨ ਅਤੇ ਦਿਓਕੱਦ ਬੁਹਕੌਮੀ ਕੰਪਨੀਆਂ ਸਾਡੇ ਦੇਸ਼ ਦੇ ਕੁਦਰਤੀ ਸਾਧਨਾਂ ਜਲ, ਜੰਗਲ, ਜ਼ਮੀਨ 'ਤੇ ਕਬਜ਼ਾ ਕਰ ਰਹੀਆਂ ਹਨ। ਅਤੇ, ਜੇ ਇਹ ਕਿਤੇ ਕਬਜ਼ਾ ਨਹੀਂ ਕਰਦੀਆਂ ਤਾਂ ਇਨ੍ਹਾਂ ਨੂੰ ਤਹਿਸ ਨਹਿਸ ਕਰਨ ਲਈ ਆਪਣਾ ਵੱਡਾ ਰੋਲ ਨਿਭਾ ਰਹੀਆਂ ਹਨ। ਇਸ ਤੋਂ ਇਲਾਵਾ ਕਸਟਮ ਡਿਊਟੀਆਂ ਘਟਾ ਕੇ ਵਿਦੇਸ਼ਾਂ 'ਚੋਂ ਆ ਰਹੇ ਸਮਾਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜਿਸ ਨਾਲ ਇਥੋਂ ਦਾ ਛੋਟਾ ਉਦਯੋਗ ਆਖਰੀ ਘੜੀਆਂ ਗਿਣ ਰਿਹਾ ਹੈ।

ਕਾਂਗਰਸ ਵੱਲੋਂ ਆਰੰਭੀਆਂ ਉਕਤ ਨੀਤੀਆਂ ਨੂੰ ਮੋਦੀ ਹੋਰ ਵੀ ਤੇਜ਼ੀ ਨਾਲ ਲਾਗੂ ਕਰ ਰਿਹਾ ਹੈ। ਇਸ ਅਰਸੇ ਦੌਰਾਨ ਵੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੇ ਥਾਂ ਪਹਿਲੇ ਰੁਜ਼ਗਾਰ ਤੋਂ ਵੀ ਹੱਥ ਪਿਛੇ ਖਿੱਚੇ ਜਾ ਰਹੇ ਹਨ। ਨਵੀਆਂ ਭਰਤੀਆਂ ਜੇ ਕਿਤੇ ਹੋ ਵੀ ਰਹੀਆਂ ਹੋਣ, ਉਹ ਠੇਕੇ ਆਦਿ 'ਤੇ ਹੀ ਕੀਤੀਆ ਜਾ ਰਹੀਆ ਹਨ, ਜਿਸ ਦਾ ਸਿੱਟਾ ਆਉਣ ਵਾਲੇ ਸਮੇਂ ਦੌਰਾਨ ਬਹੁਤ ਹੀ ਭਿਆਨਕ ਨਿਕਲੇਗਾ। ਕਰੀਬ ਹਰ ਖੇਤਰ 'ਚ ਹਾਇਰ ਅਤੇ ਫਾਇਰ ਦਾ ਫਾਰਮੂਲਾ ਅਪਣਾਇਆ ਜਾ ਰਿਹਾ ਹੈ। ਕਿਤੇ ਮਾੜੇ ਮੋਟੇ ਮਿਲੇ ਰੁਜ਼ਗਾਰ 'ਚੋਂ ਅੱਠ ਘੰਟੇ ਦੀ ਡਿਊਟੀ ਵਾਲਾ ਕੰਮ ਖਤਮ ਕੀਤਾ ਜਾ ਰਿਹਾ ਹੈ ਅਤੇ ਸਾਲਾਨਾ ਪੈਕੇਜ਼ ਦੀ ਗੱਲ ਕੀਤੀ ਜਾਂਦੀ ਹੈ, ਜਿਸ ਨਾਲ ਦਿਨ ਰਾਤ ਲਈ ਕੰਮ ਕਰਨਾ ਜਿੰਮੇਵਾਰੀ ਬਣਾ ਦਿੱਤੀ ਜਾ ਰਹੀ ਹੈ। ਅਤੇ, ਕੰਮ ਕਰਵਾਉਣ ਉਪਰੰਤ ਘਰ ਨੂੰ ਤੋਰ ਦਿੱਤਾ ਜਾਂਦਾ ਹੈ। ਰੁਜ਼ਗਾਰ ਦੇ ਨਵੇਂ ਅਤੇ ਪੱਕੇ ਮੌਕੇ ਨਾ ਪੈਦਾ ਕਰਨ ਕਰਕੇ ਮਹਿੰਗਾਈ 'ਚ ਲੱਕ ਤੋੜਵਾਂ ਵਾਧਾ ਹੋ ਰਿਹਾ ਹੈ। ਲੋਕਾਂ ਦੀ ਜੇਬ 'ਚ ਪੈਸੇ ਨਾ ਹੋਣ ਦੀ ਸੂਰਤ 'ਚ ਸਿਰਫ ਮੁਨਾਫਾ ਅਧਾਰਿਤ ਕੰਪਨੀਆਂ ਆਪਣੇ ਮੁਨਾਫ਼ੇ ਨੂੰ ਕਾਇਮ ਰੱਖਣ ਲਈ ਕੀਮਤਾਂ 'ਚ ਵਾਧਾ ਕਰਦੀਆਂ ਹਨ, ਜਿਸ ਨਾਲ ਮਹਿੰਗਾਈ ਨੂੰ ਕਾਬੂ ਰੱਖਣਾ ਇਨ੍ਹਾਂ ਦੇ ਵੱਸ 'ਚ ਹੀ ਨਹੀਂ ਰਹਿੰਦਾ। ਦੇਸ਼ ਦੇ ਹਾਕਮ ਹਰ ਕੰਮ ਨੂੰ ਮੰਡੀ ਹਵਾਲੇ ਕਰ ਕੇ ਆਪਣਾ ਪੱਲਾ ਝਾੜ ਲੈਂਦੇ ਹਨ।

ਮੋਦੀ ਨੇ ਇਨ੍ਹਾਂ ਸਾਰੀਆਂ ਹੀ ਨੀਤੀਆਂ ਨੂੰ ਲਾਗੂ ਕਰਨ ਦੇ ਨਾਲ-ਨਾਲ ਨਵੇਂ-ਨਵੇਂ ਸਦਮੇ ਵੀ ਦੇਣੇ ਆਰੰਭ ਕੀਤੇ ਹੋਏ ਹਨ। ਲੋਕ ਸਭਾ ਚੋਣਾਂ ਵੇਲੇ ਮੋਦੀ ਨੇ ਚੰਗੇ ਦਿਨਾਂ ਦੇ ਨਾਅਰੇ ਹੇਠ ਲੁੱਟੇ-ਪੁੱਟੇ ਕਿਸਾਨ ਦੀ ਗੱਲ ਕੀਤੀ ਸੀ ਅਤੇ ਕਿਸਾਨ ਵੱਲੋਂ ਪੈਦਾ ਕੀਤੀ ਜਿਣਸ ਖਪਤਕਾਰ ਤੱਕ ਪੁੱਜਣ ਤੱਕ ਮਹਿੰਗੀ ਹੋ ਜਾਣ ਨੂੰ ਵੀ ਚੋਣ ਮੁੱਦਾ ਬਣਾਇਆ ਸੀ। ਲੋਕਾਂ ਨੂੰ ਇਹ ਅਪੀਲ ਠੀਕ ਲੱਗਦੀ ਸੀ ਅਤੇ ਆਮ ਲੋਕ ਇਹ ਆਸ ਪਾਲ ਕੇ ਬੈਠ ਗਏ ਸਨ ਕਿ ਕਿਸਾਨ ਨੂੰ ਫਸਲ ਦਾ ਭਾਅ ਠੀਕ ਮਿਲੇਗਾ ਅਤੇ ਖਪਤਕਾਰ ਤੱਕ ਵਸਤ ਵੀ ਠੀਕ ਭਾਅ 'ਤੇ ਮਿਲ ਜਾਏਗੀ ਪਰ ਹਕੀਕਤ 'ਚ ਪਿਛਲੀ ਸਰਕਾਰ ਵਾਂਗ ਹੀ ਹੋ ਰਿਹਾ ਹੈ।

ਅਸਲ 'ਚ ਮੋਦੀ ਵੀ ਉਨ੍ਹਾਂ ਜਮਾਤਾਂ ਦੀ




ਨੁਮਾਇੰਦਗੀ ਕਰਦਾ ਹੈ, ਜਿਸ ਦੀ ਕਾਂਗਰਸ ਕਰਦੀ ਹੈ। ਇਨ੍ਹਾਂ ਲੋਕ ਵਿਰੋਧੀ ਨੀਤੀਆਂ ਤੋਂ ਖਹਿੜਾ ਛੁਡਵਾਏ ਤੋਂ ਬਿਨ੍ਹਾਂ ਲੋਕਾਂ ਦਾ ਕਲਿਆਣ ਸੰਭਵ ਹੀ ਨਹੀਂ ਹੈ। ਮੋਦੀ ਅਤੇ ਇਸ ਦੀ ਪਾਰਟੀ ਨੂੰ ਵੀ ਇਹ ਭਲੀਭਾਂਤ ਪਤਾ ਹੈ, ਇਸ ਦੇ ਬਾਵਜੂਦ ਉਹ ਜਿਸ ਜਮਾਤ ਦੇ ਨੁਮਾਇੰਦੇ ਹਨ, ਉਹ ਉਸ ਜਮਾਤ ਦੀ ਸੇਵਾ 'ਚ ਡੱਟ ਕੇ ਲੱਗੇ ਹੋਏ ਹਨ। ਲੋਕਾਂ ਦਾ ਧਿਆਨ ਭਟਕਾਉਣ ਲਈ ਨਵੇਂ ਮੁੱਦੇ ਉਭਾਰਨ ਲੱਗ ਪਏ ਹਨ। ਇਨ੍ਹਾਂ ਮੁਦਿਆ 'ਚੋਂ ਹੀ ਇੱਕ ਮੁੱਦਾ ਨੋਟਬੰਦੀ ਦਾ ਸੀ। ਇੱਕ ਸਾਲ ਬੀਤ ਜਾਣ ਬਾਅਦ ਵੀ ਲੋਕਾਂ ਦੇ ਹੱਥ ਪੱਲੇ ਕੁੱਝ ਨਹੀਂ ਪਿਆ ਸਗੋਂ ਇਸ ਨੋਟਬੰਦੀ ਦੇ ਚੱਕਰ 'ਚ ਦੇਸ਼ ਦੇ ਕਿਸਾਨਾਂ ਦੀ ਹਾਲਤ ਪਹਿਲਾ ਨਾਲੋਂ ਹੋਰ ਪਤਲੀ ਹੋਈ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਇਸ ਦਾ ਅਸਰ ਸਿਰਫ ਕਿਸਾਨਾਂ 'ਤੇ ਹੀ ਨਹੀਂ ਸਗੋਂ ਹੋਰਨਾ ਖੇਤਰਾਂ 'ਚ ਵੀ ਦੇਖਣ ਨੂੰ ਮਿਲਿਆ ਹੈ। ਨੋਟਬੰਦੀ ਦੌਰਾਨ ਲਾਈਨਾਂ 'ਚ ਲੱਗੇ ਹੋਏ ਆਮ ਲੋਕ ਹੀ ਨਹੀਂ ਮਾਰੇ ਗਏ ਸਗੋਂ ਇਸ ਨਾਲ ਕਈਆਂ ਦੇ ਵਪਾਰ ਵੀ ਤਬਾਹ ਹੋ ਗਏ। ਇਸ ਦਾ ਅਸਰ ਖਾਸ ਕਰਕੇ ਛੋਟੇ ਉਦਯੋਗ 'ਤੇ ਪਿਆ ਹੈ ਅਤੇ ਰੁਜ਼ਗਾਰਾਂ ਨੂੰ ਵੱਡੀ ਸੱਟ ਵੱਜੀ ਹੈ। ਨੋਟਬੰਦੀ ਦੇ ਨਾਂ 'ਤੇ ਗੁਵਾਂਢੀ ਦੇਸ਼ ਪਾਕਿਸਤਾਨ 'ਤੇ ਇਹ ਕਹਿ ਕੇ ਹਮਲਾ ਬੋਲਿਆ ਗਿਆ ਕਿ ਉਹ ਕਸ਼ਮੀਰੀ ਅਤਿਵਾਦੀਆਂ ਨੂੰ ਸਹਾਇਤਾ ਦੇ ਰਿਹਾ ਹੈ ਅਤੇ ਨਵੇਂ ਨੋਟ ਉਨ੍ਹਾਂ ਦੇ ਹੱਥ ਨਹੀਂ ਲੱਗਣਗੇ, ਜਿਸ ਨਾਲ ਉਨ੍ਹਾਂ ਦਾ ਲੱਕ ਟੁੱਟ ਜਾਵੇਗਾ। ਇਸ ਦੇ ਨਾਲ ਹੀ ਕਿਹਾ ਗਿਆ ਕਿ ਨਕਲੀ ਨੋਟ ਵੀ ਵਿਦੇਸ਼ਾਂ 'ਚੋਂ ਆ ਰਹੇ ਹਨ, ਜਿਸ ਕਾਰਨ ਦੇਸ਼ ਦੀ ਆਰਥਿਕਤਾ ਨੂੰ ਭਾਰੀ ਸੱਟ ਵੱਜਦੀ ਹੈ। ਹੁਣ ਜਦੋਂ 99 ਫ਼ੀਸਦੀ ਨੋਟ ਵਾਪਸ ਆ ਗਏ ਹਨ ਤਾਂ ਦਾਅਵੇ ਮੁਤਾਬਿਕ ਸਵਾਲ ਪੈਦਾ ਹੋ ਗਿਆ ਕਿ ਕਾਲਾ ਧੰਨ ਆਖਰ ਕਿੱਥੇ ਗਿਆ। ਲੋਕ ਸਭਾ ਚੋਣਾਂ ਦੌਰਾਨ ਮੋਦੀ ਵੱਲੋਂ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਵਿਦੇਸ਼ਾਂ 'ਚ ਪਿਆ ਕਾਲਾ ਧੰਨ ਵਾਪਸ ਲਿਆਂਦਾ ਜਾਵੇਗਾ। ਵਿਦੇਸ਼ 'ਚੋਂ ਕਾਲਾ ਧੰਨ ਵਾਪਸ ਲਿਆਉਣ ਦੀ ਥਾਂ ਲੋਕਾਂ ਦੀਆਂ ਜੇਬਾਂ 'ਚ ਪਿਆ ਧੰਨ ਬਾਹਰ ਕਢਵਾਉਣ ਦਾ ਕੰਮ ਆਰੰਭ ਕਰ ਦਿੱਤਾ ਗਿਆ। ਉਕਤ ਮੁੱਦਿਆਂ 'ਤੇ ਵੀ ਦਾਲ ਨਾ ਗਲਦੀ ਦੇਖ ਡਿਜੀਟਲ ਇੰਡੀਆ ਦਾ ਰਾਗ ਅਲਾਪਿਆ ਗਿਆ। ਲੋਕਾਂ ਨੂੰ ਬਿਨ੍ਹਾਂ ਨਗਦੀ ਲੈਣ-ਦੇਣ ਕਰਨ ਲਈ ਪ੍ਰੇਰਨਾ ਆਰੰਭ ਕੀਤਾ ਗਿਆ। ਬਿਨ੍ਹਾਂ ਤਿਆਰੀ ਕੀਤਾ ਗਿਆ ਇਹ ਨੋਟਬੰਦੀ ਦਾ ਫੈਸਲਾ ਲੋਕਾਂ ਲਈ ਇੱਕ ਸਦਮਾ ਹੀ ਸਾਬਤ ਹੋਇਆ ਹੈ। ਅਸਲ 'ਚ ਇਸ ਨਾਮ 'ਤੇ ਵੀ ਵੱਡੀਆਂ ਕੰਪਨੀਆਂ ਨੂੰ ਫਾਇਦਾ ਮਿਲਿਆ ਹੈ। ਮਿਸਾਲ ਦੇ ਤੌਰ 'ਤੇ ਪੇਟੀਐਮ ਵਰਗੀ ਕੰਪਨੀ ਨੂੰ ਆਪਣੇ ਪੈਰ ਪਸਾਰਨ ਦਾ ਖ਼ੂਬਸੂਰਤ ਮੌਕਾ ਮਿਲ ਗਿਆ। ਕੁੱਝ ਲੋਕਾਂ ਨੇ ਬਿਜਲੀ ਦੇ ਬਿੱਲ ਸਮੇਤ ਹੋਰ ਸਹੂਲਤਾਂ ਲੈਣ ਲਈ ਮਜ਼ਬੂਰਨ ਇਸ ਕੰਪਨੀ ਦਾ ਸਹਾਰਾ ਲਿਆ, ਲੋਕਾਂ ਦੀ ਜੇਬ 'ਚੋਂ ਨਿਕਲਿਆਂ ਹੋਇਆ ਪੈਸਾ ਸਹੂਲਤ ਦੇ ਨਾਂ ਹੇਠ ਕੰਪਨੀ ਦੀ ਜੇਬ 'ਚ ਕਸ਼ਿਨ ਦੇ ਰੂਪ 'ਚ ਜਾਣ ਲੱਗ ਪਿਆ। ਕੁੱਝ ਹੀ ਸਮੇਂ 'ਚ ਇਹ ਕੰਪਨੀ ਇੰਨੀ ਵੱਡੀ ਹੋ ਕੇ ਸਾਹਮਣੇ ਆ ਗਈ ਕਿ ਇਹ ਕ੍ਰਿਕਟ ਨੂੰ ਵੀ ਸਪਾਂਸਰ ਕਰਨ ਲੱਗ ਪਈ। ਸਾਡੇ ਦੇਸ਼ ਦੇ ਬਹੁਤੇ ਲੋਕ ਸਧਾਰਨ ਏਟੀਐਮ ਕਾਰਡ ਵਰਤਣ ਯੋਗ ਵੀ ਨਹੀਂ ਹਨ, ਜਿਸ ਦਾ ਫਾਇਦਾ ਚੁੱਕਦੇ ਹੋਏ ਕੁੱਝ ਸ਼ੈਤਾਂਨ ਕਿਸਮ ਦੇ ਲੋਕਾਂ ਨੇ ਠੱਗੀਆਂ ਮਾਰਨੀਆਂ ਆਰੰਭ ਕਰ ਦਿੱਤੀਆ। ਅਤੇ, ਇਹੀ ਡਿਜੀਟਲ ਦੇ ਨਾਮ ਹੇਠ ਕਈ ਕਿਸਮ ਦੇ ਨਵੇਂ ਟੈਕਸ ਲਗਾ ਕੇ ਸਰਕਾਰੀ ਲੁੱਟ 'ਚ ਵਾਧਾ ਕਰ ਲਿਆ। ਵੱਧ ਵਾਰ ਏਟੀਐਮ ਕਾਰਡ ਵਰਤਣ 'ਤੇ ਵੀ ਕਟੌਤੀਆਂ ਲਾਗੂ ਕਰ ਦਿੱਤੀਆ, ਜਿਸ ਨਾਲ ਚੁੱਪ ਚਪੀਤੇ ਲੋਕਾਂ ਦੀਆਂ ਜੇਬਾਂ 'ਚੋਂ ਪੈਸਾ ਕੱਢਣਾ ਆਰੰਭ ਕਰ ਦਿੱਤਾ। ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਕਿਸੇ ਦੀ ਵੀ ਕੋਈ ਫਿਕਰਮੰਦੀ ਨਹੀਂ ਹੈ ਪਰ ਪੈਸੇ ਖਰਚਣ ਲੱਗੇ ਬਿਨ੍ਹਾਂ ਨਗਦੀ ਤੋਂ ਕੀਤੇ ਜਾਣ। ਕਮਾਲ ਦੇ ਇਹ ਫ਼ੈਸਲੇ ਸਰਕਾਰੀ ਲੁੱਟ ਦੇ ਰੂਪ 'ਚ ਸਾਹਮਣੇ ਆਉਣ ਲੱਗੇ ਹਨ।

ਦੂਜਾ ਵੱਡਾ ਫ਼ੈਸਲਾ ਮੋਦੀ ਵਲੋਂ ਜੀਐਸਟੀ ਦੇ ਰੂਪ 'ਚ ਕੀਤਾ ਗਿਆ। ਹੁਣ ਤੱਕ ਇਸ 'ਚ 37 ਸੋਧਾਂ ਹੋ ਚੁੱਕੀਆ ਹਨ। ਬਿਨ੍ਹਾਂ ਤਿਆਰੀ ਲਾਗੂ ਕੀਤਾ ਗਿਆ ਇਹ ਕਾਨੂੰਨ ਖਾਸ ਕਰ ਛੋਟੇ ਵਪਾਰੀਆਂ ਦੇ ਗਿੱਟੇ ਬੈਠ ਗਿਆ ਹੈ। ਦੇਸ਼ 'ਚ ਹਾਲੇ ਇੰਟਰਨੈੱਟ ਦੀ ਸਪੀਡ ਇੰਨੀ ਨਹੀਂ ਕਿ ਜੀਐਸਟੀ ਦੇ ਸਾਰੇ ਕੰਮ ਨੂੰ ਆਪਣੇ ਕਲਾਵੇ 'ਚ ਲੈ ਲਵੇ। ਲੋਕ ਮੁਸ਼ਕਲਾਂ ਦੇ ਮਾਰੇ ਹਨ ਪਰ ਉਹ ਕਰ ਕੁੱਝ ਨਹੀਂ ਸਕਦੇ। ਵਪਾਰ 'ਚ ਮਜ਼ਬੂਰਨ ਉਨ੍ਹਾਂ ਨੂੰ ਹਰ ਮਹੀਨੇ ਲਗਾਤਾਰ ਆਪਣੇ ਵੇਰਵੇ ਨਸ਼ਰ ਕਰਨੇ ਹੀ ਪੈਣੇ ਹਨ। ਛੋਟੇ ਵਪਾਰੀਆਂ ਨੂੰ ਮਜ਼ਬੂਰਨ ਆਪਣੇ ਖਾਤਿਆਂ ਦਾ ਰੱਖ ਰਖਾਂਵ ਕਰਨ ਲਈ ਮਾਹਿਰ ਵਿਅਕਤੀਆਂ ਨੂੰ ਅਦਾਇਗੀ ਕਰਨੀ ਪੈ ਰਹੀ ਹੈ। ਜਿਸ ਨਾਲ ਛੋਟਾ ਵਪਾਰ ਹੋਰ ਵੀ ਘਾਟੇ ਵੱਲ ਜਾਣ ਲੱਗ ਪਿਆ ਹੈ। ਇਸ ਕਾਨੂੰਨ ਨੂੰ ਲਾਗੂ ਕਰਨ ਵੇਲੇ ਇਹ ਕਿਹਾ ਗਿਆ ਸੀ ਕਿ ਇਕ ਦੇਸ਼ ਅਤੇ ਇੱਕ ਟੈਕਸ। ਇਹ ਨਾਅਰਾ ਜਿੱਥੇ ਅੰਧਰਾਸ਼ਟਰਵਾਦ ਫੈਲਾਉਣ ਦਾ ਇੱਕ ਜ਼ਰੀਆ ਬਣਿਆ, ਉਥੇ ਉਸ ਨੂੰ ਉਸੇ 'ਇਮਾਨਦਾਰੀ' ਨਾਲ ਲਾਗੂ ਕਿਉਂ ਨਹੀਂ ਕੀਤਾ ਗਿਆ। ਤੇਲ ਨੂੰ ਇਸ 'ਚੋਂ ਬਾਹਰ ਰੱਖ ਕੇ ਲੋਕਾਂ ਦੀ ਦੋਹਾਂ ਹੱਥਾਂ ਨਾਲ ਲੁੱਟਣ ਦਾ ਰਾਹ ਕਾਇਮ ਰੱਖਿਆ ਗਿਆ ਹੈ। ਜਦੋਂ ਅੰਤਰਰਾਸ਼ਟਰੀ ਮੰਡੀ 'ਚ ਤੇਲ ਦੀਆਂ ਕੀਮਤਾਂ ਘੱਟ ਹੋਣ ਤਾਂ ਸਾਡੇ ਦੇਸ਼ 'ਚ ਕੀਮਤਾਂ ਵੱਧ ਵਸੂਲੀਆਂ ਜਾ ਰਹੀਆ ਹਨ। ਇਸ 'ਚ ਬੇਲੋੜੇ ਟੈਕਸ ਸ਼ਾਮਲ ਕਰਕੇ ਅਤੇ ਤੇਲ ਕੰਪਨੀਆਂ ਨੂੰ ਘਾਟੇ ਤੋਂ ਮੁਕਤ ਕਰਕੇ ਲੋਕਾਂ 'ਤੇ ਸਿਰਫ ਟੈਕਸ ਨਾਲ ਹੀ ਭਾਰ ਨਹੀਂ ਪਾਇਆ ਜਾ ਰਿਹਾ ਸਗੋਂ ਇਸ ਦਾ ਅਸਰ ਹੋਰਨਾ ਥਾਵਾਂ 'ਤੇ ਵੀ ਵੱਡੇ ਪੱਧਰ 'ਤੇ ਹੋ ਰਿਹਾ ਹੈ। ਤੇਲ ਦੀਆਂ ਕੀਮਤਾਂ ਵੱਧ ਹੋਣ ਨਾਲ ਢੋਆਂ ਢੁਆਈ ਵੀ ਮਹਿੰਗੀ ਹੁੰਦੀ ਹੈ, ਜਿਸ ਨਾਲ ਕੀਮਤਾਂ ਦੀ ਵਾਧਾ ਹੋਣ ਨਿਸ਼ਚਤ ਹੈ।

ਜੀਐਸਟੀ ਲਾਗੂ ਹੋਣ ਨਾਲ ਇਕੱਠਾ ਹੋਇਆ ਟੈਕਸ ਰਾਜਾਂ ਦਰਮਿਆਨ ਕਿਵੇਂ ਵੰਡਿਆ ਜਾਵੇਗਾ, ਇਸ ਬਾਰੇ ਹਾਲੇ ਤੱਕ ਫੈਸਲਾ ਹੀ ਨਹੀਂ ਕੀਤਾ ਜਾ ਸਕਿਆ। ਦੇਸ਼ ਦਾ ਵਿੱਤ ਮੰਤਰੀ ਇਹ ਕਹਿ ਰਿਹਾ ਹੈ ਕਿ ਸਾਡਾ ਦੇਸ਼ ਵੱਖ-ਵੱਖ ਰਾਜਾਂ ਦਾ ਸੰਘ ਹੈ, ਜਿਸ ਲਈ ਸੰਘ ਨੂੰ ਬਚਾਉਣਾ ਪਵੇਗਾ। ਜੇ ਸੰਘ ਨੂੰ ਹੀ ਬਚਾਉਣਾ ਹੈ ਤਾਂ ਰਾਜਾਂ ਦਾ ਜਿਕਰ ਕਰਨ ਦੀ ਕੀ ਜ਼ਰੂਰਤ ਹੈ। ਸੰਵਿਧਾਨ ਦੇ ਅਨੁਛੇਦ 280 ਮੁਤਾਬਿਕ ਵਿੱਤ ਆਯੋਗ ਨੇ ਕੇਂਦਰ ਅਤੇ ਰਾਜਾਂ 'ਚ ਟੈਕਸਾਂ ਦੀ ਵੰਡ ਦੀਆਂ ਸਿਫਾਰਸ਼ਾਂ ਦੇਣੀਆਂ ਹੁੰਦੀਆ ਹਨ, ਜਿਸ ਤਹਿਤ ਨਵੀਂ ਕਰ ਪ੍ਰਣਾਲੀ ਨਾਲ ਇਕੱਠਾ ਹੋਣ ਪੈਸਾ ਵੰਡਣ 'ਚ ਦੇਰੀ ਵੀ ਰਾਜਾਂ ਦਾ ਵੱਡਾ ਨੁਕਸਾਨ ਕਰੇਗੀ। ਇਸ ਦੌਰਾਨ ਇਹ ਚਰਚਾ ਵੀ ਸਾਹਮਣੇ ਆ ਰਹੀ ਹੈ ਕਿ ਜੀਐਸਟੀ ਨਾਲ ਇਕੱਠੀ ਹੋਈ ਰਕਮ ਨੂੰ ਵੰਡਣ ਲਈ ਗੈਰ ਭਾਜਪਾ ਸਰਕਾਰਾਂ ਨਾਲ ਵਿਤਕਰੇ ਬਾਜ਼ੀ ਹੋਣੀ ਆਰੰਭ ਹੋ ਗਈ ਹੈ।

ਮੋਦੀ ਸਰਕਾਰ ਨੇ ਹੁਣੇ ਹੁਣੇ ਇੱਕ ਆਰਡੀਨੈਂਸ ਰਾਹੀਂ ਦੀਵਾਲੀਆਂ ਹੋਈਆ ਕੰਪਨੀਆਂ ਬਾਰੇ ਸੋਧ ਪੇਸ਼ ਕੀਤੀ ਹੈ। ਸੰਸਦ 'ਚ ਬਹੁਮਤ ਹੋਣ ਦੇ ਬਾਵਜੂਦ ਵੀ ਆਰਡੀਨੈਂਸ ਪੇਸ਼ ਕਰਨਾ ਅਤੇ ਰਾਸ਼ਟਰਪਤੀ ਵਲੋਂ ਇਸ ਦੇ ਮੋਹਰ ਲਾਉਣੀ ਵੀ ਇਹ ਸਾਬਤ ਕਰਦਾ ਹੈ ਕਿ ਦੇਸ਼ ਦਾ ਰਾਸ਼ਟਰਪਤੀ ਉਸ ਜਮਾਤ ਦਾ ਨੁਮਾਇੰਦਾ ਹੈ। 32 ਹਜ਼ਾਰ ਲੋਕਾਂ ਨੂੰ ਫਲੈਟ ਬਣਾ ਦੇ ਦੇਣ ਵਾਲੀ ਇੱਕ ਕੰਪਨੀ ਨੇ ਬੈਂਕ ਤੋਂ 4000 ਕਰੋੜ ਰੁਪਏ ਦਾ ਕਰਜਾ ਲਿਆ, ਜਿਸ ਨੂੰ ਚੁਕਾਉਣ ਲਈ ਕੋਈ ਰਾਹ ਨਾ ਦੇਣ ਦੀ ਸੂਰਤ 'ਚ ਦਿਵਾਲੀਆਂ ਐਲਾਨਣ ਦੀ ਪ੍ਰਕਿਰਿਆ ਆਰੰਭ ਹੋ ਗਈ ਹੈ। ਜਿਸ ਤਹਿਤ 32 ਹਜ਼ਾਰ ਲੋਕਾਂ ਨੂੰ ਇਹ ਫਿਕਰ ਵੱਢ ਵੱਢ ਕੇ ਖਾਹ ਰਿਹਾ ਹੈ ਕਿ ਉਨ੍ਹਾਂ ਵਲੋਂ 40 ਤੋਂ 90 ਲੱਖ ਰੁਪਏ ਪ੍ਰਤੀ ਵਿਅਕਤੀ ਲਗਾਈ ਰਕਮ ਦਾ ਕੀ ਬਣੇਗਾ। ਇਹ ਲੋਕ ਪਿਛਲੇ ਪੰਜ-ਛੇ ਸਾਲ ਤੋਂ ਆਪਣੇ ਘਰ ਪ੍ਰਾਪਤ ਕਰਨ ਦਾ ਸੁਫਨੇ ਦੇਖ ਰਹੇ ਹਨ। ਅਜਿਹੀਆਂ ਕੰਪਨੀਆਂ ਜਦੋਂ ਚਾਹੁਣ ਆਪਣੇ ਆਪ ਨੂੰ ਦਿਵਾਲੀਆਂ ਐਲਾਨਣ ਤੋਂ ਬਾਅਦ ਸੁਰਖਰੂ ਹੋ ਜਾਣਗੀਆਂ ਅਤੇ ਮੋਦੀ ਮਾਰਕਾ ਨੀਤੀਆਂ ਕਾਰਨ ਲੋਕ ਆਪਣੇ ਖ਼ੂਨ ਪਸੀਨੇ ਦੀ ਕਮਾਈ ਤੋਂ ਵੀ ਹੱਥ ਧੋ ਬੈਠਦੇ ਹਨ। ਵਿਜੇ ਮਾਲੀਆ ਨੂੰ ਭਾਰਤ ਵਾਪਸ ਬਲਾਉਣ ਲਈ ਆਰੰਭੇ ਜਾ ਰਹੇ ਯਤਨ, ਕਿੰਨੇ ਕੁ ਬੈਂਕਾਂ ਨੂੰ ਬਚਾ ਸਕਣਗੇ, ਇਹ ਸਵਾਲ ਆਉਣ ਵਾਲੇ ਸਮੇਂ ਦੇ ਗਰਭ 'ਚ ਹੈ। ਦੇਸ਼ 'ਚ ਹੋਰ ਵੀ ਕਈ ਅਜਿਹੀਆਂ ਕੰਪਨੀਆਂ ਹਨ, ਜਿਨ੍ਹਾਂ ਦੇ ਕਰਤਾ ਧਰਤਾ ਨੂੰ ਕਾਨੂੰਨੀ ਪਰਕਿਰਿਆ 'ਚੋਂ ਲੰਘਾਇਆ ਜਾ ਰਿਹਾ ਹੈ ਪਰ ਬੈਂਕਾਂ ਅਤੇ ਆਮ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਇਹ ਨਿਸ਼ਾਨੀਆਂ ਵੀ ਦੇਸ਼ ਦੇ ਆਰਥਿਕ ਸਿਸਟਮ ਦੇ ਦਿਵਾਲੀਆਂ ਹੋਣ ਦੀਆਂ ਹੀ ਹਨ।

ਹੁਣ ਦੇ ਨਵੇਂ ਆਰਡੀਨੈਸ 'ਚ ਕਿਹਾ ਗਿਆ ਹੈ ਕਿ ਜਾਣ ਬੁੱਝ ਕੇ ਕਰਜਾ ਨਾ ਚੁਕਾਉਣ ਵਾਲੀਆਂ ਕੰਪਨੀਆਂ ਨੂੰ ਦਿਵਾਲੀਆਂ ਐਲਾਨਣ ਉਪਰੰਤ ਕੀਤੀ ਗਈ ਨਿਲਾਮੀ ਦੌਰਾਨ ਉਸ ਕੰਪਨੀਆਂ ਦੇ ਪਰਮੋਟਰਾਂ ਨੂੰ ਬੋਲੀ ਦੇਣ ਤੋਂ ਬਾਹਰ ਰੱਖਿਆ ਜਾਵੇਗਾ। ਇਸ ਐਲਾਨ ਨਾਲ ਬੈਂਕਾਂ ਨੂੰ ਨਵੇਂ ਫਿਕਰ ਸਤਾਉਣ ਲੱਗ ਪਏ ਹਨ। ਖਾਸ ਕਰ ਸਟੀਲ ਸਨਅਤ ਨਾਲ ਸਬੰਧਤ 12 ਕੰਪਨੀਆਂ ਨੂੰ 5000 ਕਰੋੜ ਰੁਪਏ ਤੋਂ ਵੱਧ ਦੀ ਰਕਮ ਦਾ ਹੱਲ ਕਰਨ ਲਈ ਰਿਜ਼ਰਵ ਬੈਂਕ ਨੇ ਕਿਹਾ ਹੈ। ਨਿਲਾਮੀ ਦੀ ਸੂਰਤ 'ਚ ਪਰਮੋਟਰਾਂ ਨੂੰ ਬਾਹਰ ਰੱਖਣ ਕਾਰਨ ਬੈਂਕ ਫਿਕਰਾਂ 'ਚ ਪੈ ਗਏ ਹਨ। ਦਿਵਾਲੀਆਂ ਐਲਾਨਣ ਦਾ ਅਸਰ ਵੀ ਵੱਡੀਆਂ ਕੰਪਨੀਆਂ ਦੇ ਕਾਨੂੰਨੀ ਬਚਾਅ ਲਈ ਇੱਕ ਅਧਾਰ ਪੈਦਾ ਕਰੇਗਾ। ਅਸਲ ਕੁੱਝ ਕੰਪਨੀਆਂ ਹੀ ਦਿਵਾਲੀਆਂ ਨਹੀਂ ਹੋਣਗੀਆਂ ਸਗੋਂ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਦਾ ਹੀ ਦਿਵਾਲਾ ਸਾਹਮਣੇ ਆਵੇਗਾ, ਜਿਸ ਲਈ ਜਨਤਕ ਪ੍ਰਤੀਰੋਧ ਉਸਾਰਨਾ ਸਮੇਂ ਦੀ ਵੱਡੀ ਲੋੜ ਹੈ।

# Yes! Immigration Consultancy Services

iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA

www.yesimmigration.ca



**RIPTAAPAN SINGH (RIP)**
Branch Manager (B.Sc)

**SUPER VISA INSURANCE**

**OUR SERVICES**

- Student Visa
- Express Entry-Jan 2015
- Canadian Experience Class
- Federal Skilled Worker
- LMIA/Work Permits
- Citizenship Services
- P.R. Card Services
- Canadain Experience Class
- Federal Skilled Worker
- Business Immigration
- Family Sponsorship
- Affidavits

- Live in Caregiver
- Change of Employer
- Change of Conditions
- Case History From CIC
- Name Change
- Travel Documents
- Dual Citizenship
- US Visa, UK Visa, Australia Visa
- Provincial Nominee Programs
- Spousal Sponsorship
- Sponsorship Appeals
- Visitor Visa/Super Visa

**ALBERTA OFFICE :**
Unit #201, 4271-23 Ave. NW
( All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com

**TORONTO OFFICE :**
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279




# CREATIVE SOLUTIONS UNLIMITED

## Strategy Planning & Public Relations

Grant Compilation
Board Development
Event Management & Promotions

Commissioner of Oaths
Power of Attorney/ Life Certificate
Letter Drafting
Translation
Affidavit



9245-35 Avenue Edmonton, AB T6E 5Y1
780-469-4009
info@creativesui.com

**SOHAIL QUADRI**


A-WIN Insurance
What we Offer
Home
Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage
E & O Insurance
ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਫ਼ੋਨ ਕਰੋ
Quick Quotes When You Need Them
Discounts up to 60% Payment Options available
Western Canada's
Biggest Brokers Team, designed to serve Canadian's with solutions for your personal and professional insurance needs.
When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.
MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.
A-WIN: MAKING LIFE EASY
ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।
We Provide Services In English, Punjabi, Hindi & Urdu.
PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY
Edmonton: 780-465-6900
ਜਸਵੀਰ ਦਿਓਲ, ਨ'ਤੇਜ ਬੈਂਸ, ਸੰਜੀਵ ਖੰਨਾ, ਮਨਪ੍ਰੀਤ ਗਰੇਵਾਲ, ਸੋਨਿਕਾ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ
Calgary: 403-775-2100
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ



For all your Real Estate needs

NIRMAL (SONY) GILL

BUY OR SELL

Century 21 A.L.L. Stars Realty Ltd

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ

780-937-9067

Office: 780-434-4700
Email : nirmalgill@live.com


3229 22 st. Edmonton


13039 165 Ave. Edmonton


16520 131 st. Edmonton




*In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.*

Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

DRIVING SCHOOL LTD.
Authorised teach Certification Course


Gurcharan Singh Garcha (M.Sc. M.Ed.)

EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu



Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

Do it Once Do it Right !!!
UniTech CONSTRUCTION
ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :
ਰਾਜ
780.860.1975
bhardwaj75@gmail.com

| DESIGN | CONSTRUCTION | RENOVATION |
|---|---|---|
| Hardscapes | Rough to Final Grades | Water Features |
| Greenscapes | Fence & Deck | Renovations |
| | Concrete | |

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.


Harinder Dhaliwal

All kind of Stucco
Acrylic & Rain Screen (780) 297-9165

EconoLodge BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423



403-346-4188
Cell: 403-505-4188
Email: econolodgereddeer@shaw.ca


Varinder Sidhu
President

37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800
2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage


$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਮਾਸਿਕ ਇਕੱਤਰਤਾ

## ਬਲਜਿੰਦਰ ਸੰਘਾ ਨੂੰ ਨਵੀਂ ਚੁਣੀ ਕਮੇਟੀ ਦਾ ਪ੍ਰਧਾਨ ਬਣਾਇਆ



**ਕੈਲਗਰੀ (ਮਹਿੰਦਰਪਾਲ ਸਿੰਘ ਪਾਲ) :** ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਮਾਸਿਕ ਇਕੱਤਰਤਾ 19 ਤਰੀਕ ਨੂੰ ਤਰਲੋਚਨ ਸਿੰਘ ਸੈਹਿੰਬੀ, ਜਸਵੰਤ ਸਿੰਘ ਗਿੱਲ, ਬਲਜਿੰਦਰ ਸੰਘਾ, ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿਚ ਹੋਈ। ਮੀਟਿੰਗ ਦੀ ਸ਼ੁਰੂ ਵਿੱਚ ਸਕੱਤਰ ਬਲਬੀਰ ਗੋਰਾ ਨੇ ਕਵੀਸ਼ਰ ਜੋਗਾ ਸਿੰਘ ਜੋਗੀ ਅਤੇ ਪ੍ਰਸਿੱਧ ਸ਼ਾਇਰ ਗਿੱਲ ਮੋਰਵਾਲੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਮੂਹ ਸਭਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਨਾਲ ਹੀ ਵਿਸ਼ਵ ਯੁੱਧ ਦੇ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਸਭਾ ਦੇ ਬਾਨੀ ਮੈਂਬਰ, ਜਸਵੰਤ ਸਿੰਘ ਗਿੱਲ ਜੀ ਨੇ ਸਭਾ ਦੇ ਬਾਨੀ ਇਕਬਾਲ ਅਰਪਨ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਸਭਾ ਅਰਪਨ ਜੀ ਦਾ ਸੁਪਨਾ ਸੀ ਅਤੇ ਇਹ ਵੇਖ ਕੇ ਬੜੀ ਖ਼ੁਸ਼ੀ ਹੁੰਦੀ ਹੈ ਕਿ ਸਭਾ ਲਗਾਤਾਰ ਪ੍ਰਗਤੀ ਵੱਲ ਵਧਦੀ ਆ ਰਹੀ ਹੈ ਅਤੇ ਅੱਜ ਇਸ ਦਾ ਸ਼ੁਮਾਰ ਵਿਸ਼ਵ ਭਰ ਦੀਆਂ ਚੋਣਵੀਂਆਂ ਸਭਾਵਾਂ 'ਚ ਸ਼ਾਮਲ ਹੈ। ਉਨਾਂ ਨੇ ਨਵੀਂ ਕਮੇਟੀ ਦੇ ਮੈਂਬਰ ਦੇ ਨਾਮ ਸਾਂਝੇ ਕੀਤੇ; ਪ੍ਰਧਾਨ-ਬਲਜਿੰਦਰ ਸੰਘਾ, ਮੀਤ ਪ੍ਰਧਾਨ-ਗੁਰਬਚਨ ਸਿੰਘ ਬਰਾੜ, ਜਨਰਲ ਸਕੱਤਰ- ਰਣਜੀਤ ਸਿੰਘ, ਸਹਾਇਕ ਸਕੱਤਰ-ਜੋਰਾਵਰ ਬੰਸਲ, ਖ਼ਜ਼ਾਨਚੀ-ਮੰਗਲ ਚੱਠਾ, ਸਹਾਇਕ ਖ਼ਜ਼ਾਨਚੀ- ਗੁਰਲਾਲ ਸਿੰਘ ਰੁਪਾਲੋਂ, ਐਗਜ਼ੈਕਟਿਵ ਮੈਂਬਰ - ਦਵਿੰਦਰ ਮਲਹਸ, ਤਰਲੋਚਨ ਸਿੰਘ ਸੈਹਿੰਬੀ, ਬਲਬੀਰ ਗੋਰਾ, ਹਰੀਪਾਲ ਅਤੇ ਮਹਿੰਦਰਪਾਲ ਸਿੰਘ ਪਾਲ ਬਣੇ।

ਨਵੇਂ ਪ੍ਰਧਾਨ ਬਲਜਿੰਦਰ ਸੰਘਾ ਨੇ ਆਪਣੀ ਜ਼ਿੰਮੇਵਾਰੀ ਸੰਭਾਲਦੇ ਹੋਏ ਸਭਾ ਦੀ ਤਰੱਕੀ ਲਈ ਯਤਨਸ਼ੀਲ ਰਹਿਣ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਅਗਰ ਸਭਾ ਅਗਲੀ ਪੀੜੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਵਿਚ ਸਫਲ ਰਹੀ ਤਾਂ ਇਹ ਸਭਾ ਦੀ ਵੱਡੀ ਪ੍ਰਾਪਤੀ ਹੋਵੇਗੀ। ਉਨਾਂ ਹਾਜ਼ਰੀਨ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ। ਸਕੱਤਰ ਰਣਜੀਤ ਸਿੰਘ ਨੇ ਵੀ ਸਭਾ ਦੀ ਤਨ-ਮਨ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਵਾਅਦਾ ਕੀਤਾ।

ਰਚਨਾਵਾਂ ਦੇ ਦੌਰ ਡਾ. ਮਨਮੋਹਨ ਸਿੰਘ ਬਾਠ, ਹਰੀਪਾਲ, ਮਹਿੰਦਰਪਾਲ ਸਿੰਘ ਪਾਲ, ਸਰਵਣ ਸਿੰਘ ਸੰਧੂ, ਜੋਰਾਵਰ ਬੰਸਲ, ਗੁਰਦੀਸ਼ ਕੌਰ ਗਰੇਵਾਲ, ਨਵਪ੍ਰੀਤ ਰੰਧਾਵਾ, ਲਖਵਿੰਦਰ ਜੌਹਲ, ਸੁਖਪਾਲ ਪਰਮਾਰ, ਸੁਖਵਿੰਦਰ ਤੂਰ, ਜਰਨੈਲ ਸਿੰਘ ਤੱਗੜ ਅਤੇ ਬਚਿੱਤਰ ਸਿੰਘ ਗਿੱਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮਾ. ਭਜਨ ਸਿੰਘ ਗਿੱਲ ਅਤੇ ਗੁਰਬਚਨ ਸਿੰਘ ਬਰਾੜ ਨੇ ਬਲਦੇਵ ਸਿੰਘ ਸੜਕਨਾਮਾ ਵੱਲੋਂ ਲਿਖੀ ਕਿਤਾਬ 'ਸੂਰਜ ਦੀ ਅੱਖ' ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਪੰਜਾਬ ਸਰਕਾਰ ਵਲੋਂ ਬਲਦੇਵ ਸਿੰਘ ਨਾਲ ਕੀਤੇ ਜਾ ਰਹੇ ਵਿਵਹਾਰ ਦੀ ਸਖ਼ਤ ਨਿਖੇਧੀ ਕੀਤੀ ਗਈ।

ਸਭਾ ਵਲੋਂ ਇੱਕ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਬਲਦੇਵ ਸਿੰਘ ਖ਼ਿਲਾਫ਼ ਸਭ ਕਾਰਵਾਈਆਂ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ। ਗੁਰਚਰਨ ਕੌਰ ਥਿੰਦ ਨੇ ਨਵੀਂ ਕਮੇਟੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਇੱਕ ਸਰਵੇਖਣ ਦੇ ਆਂਕੜੇ ਸਾਂਝੇ ਕੀਤੇ, ਜਿਸ ਵਿੱਚ ਕੈਨੇਡਾ ਦੇ ਵਸਨੀਕ ਨੂੰ ਮੁਸਲਿਮ ਅਤੇ ਸਿੱਖ ਧਰਮ ਤੋਂ ਖ਼ਤਰੇ ਦੇ ਖ਼ਦਸ਼ੇ ਨੂੰ ਦਰਸਾਇਆ ਗਿਆ ਹੈ। ਉਨਾਂ ਕਿਹਾ ਕਿ ਸੋਚਣ ਦੀ ਲੋੜ ਹੈ ਕਿ ਸਮਾਜ ਵਿਚ ਇਸ ਤਰਾਂ ਦੀ ਭਾਵਨਾ ਕਿਉਂ ਹੈ। ਉਨਾਂ ਕਮਿਊਨਿਟੀ ਵਿਚ ਘਰੇਲੂ ਹਿੰਸਾ ਨੂੰ ਰੋਕਣ ਬਾਰੇ ਹੋ ਰਹੇ ਯਤਨ 'ਤੇ ਵੀ ਚਾਨਣਾ ਪਾਇਆ। ਮੀਟਿੰਗ ਵਿੱਚ ਡਾ. ਹਰਭਜਨ ਸਿੰਘ ਢਿੱਲੋਂ, ਬਚਿੱਤਰ ਸਿੰਘ ਗਿੱਲ ਅਤੇ ਜਸਬੀਰ ਸਿੰਘ ਸਹੋਤਾ ਨੇ ਆਪਣੇ ਵਿਚਾਰ ਸਾਂਝੇ ਕੀਤੇ। ਮਨਜੀਤ ਨੇ ਬੇਘਰੇ ਲੋਕਾਂ ਬਾਰੇ ਕੁੱਝ ਅੰਕੜੇ ਸਾਂਝੇ ਕੀਤੇ ਅਤੇ ਉਨਾਂ ਨੂੰ ਘਰੇਲੂ ਹਿੰਸਾ ਨਾਲ ਜੋੜ ਕੇ ਆਪਣੇ ਵਿਚਾਰ ਪੇਸ਼ ਕੀਤੇ।

ਅਖੀਰ ਵਿਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਸਭਾ ਦੀ ਅਗਲੀ ਮੀਟਿੰਗ 17 ਦਸੰਬਰ ਨੂੰ ਹੋਵੇਗੀ।

# ਗੁਰਬਖਸ਼ ਸਿੰਘ ਧਾਲੀਵਾਲ ਦੀ 12ਵੀਂ ਬਰਸੀ ਮਨਾਈ





**ਐਡਮਿੰਟਨ (ਨਦਬ) :** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਮੈਂਬਰ ਗੁਰਬਖਸ਼ ਸਿੰਘ ਧਾਲੀਵਾਲ ਦੀ 12ਵੀਂ ਬਰਸੀ ਫਰਿਜਨੋ ਵਿਚ ਮਨਾਈ ਗਈ। ਉਨਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਦੇ ਸੱਦੇ 'ਤੇ ਪਹੁੰਚੇ ਹੋਏ ਪਰਿਵਾਰਕ ਮੈਂਬਰ, ਰਿਸਤੇਦਾਰ ਅਤੇ ਇਲਾਕੇ ਦੀਆਂ ਕਈ ਜੰਥੇਬੰਦੀਆਂ ਦੇ ਨਾਲ ਜੁੜੇ ਹੋਏ ਦੋਸਤ ਨਵਦੀਪ ਧਾਲੀਵਾਲ ਦੇ ਘਰ ਇਕੱਤਰ ਹੋਏ।

ਗੁਰਬਖਸ ਸਿੰਘ ਨੇ ਆਪਣੇ ਜੀਵਨ ਦਾ ਇਕ ਲੰਬਾ ਹਿੱਸਾ ਲੋਕ ਘੋਲਾਂ ਦੇ ਲੇਖੇ ਲਾਇਆ ਅਤੇ ਲੋਕ ਦੀ ਤਰਜਮਾਨੀ ਕਰਦਿਆਂ ਪੰਜਾਬ ਅਸੰਬਲੀ ਦੇ ਮੈਂਬਰ ਵੀ ਚੁਣੇ ਗਏ। ਅਮਰੀਕਾ ਵਿਚ ਪਹੁੰਚਣ ਤੋਂ ਬਾਅਦ ਹੋਰ ਸਾਥੀਆਂ ਨਾਲ ਮਿਲ ਕੇ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੀ ਨੀਂਹ ਰੱਖੀ ਜੋ ਕਿ ਪਿਛਲੇ 17 ਸਾਲਾਂ ਤੋਂ ਗਦਰੀ ਬਾਬਿਆਂ ਦੀ ਸੋਚ ਨੂੰ ਲੋਕ ਵਿਚ ਪ੍ਰਚਾਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਸਾਲ 2005 ਵਿਚ ਉਨਾਂ ਦੀ ਮੌਤ ਤੋਂ ਬਾਅਦ ਪਰਿਵਾਰ ਨੇ ਹਰ ਸਾਲ ਉਨਾਂ ਨੂੰ ਯਾਦ ਕਰਨ ਅਤੇ ਉਨਾਂ ਦੀ ਸੋਚ ਪ੍ਰਤੀ ਆਪਣੀ ਵਚਨਵੱਧਤਾ ਦੁਹਰਾਉਣ ਦੀ ਪਿਰਤ ਨੂੰ ਜਾਰੀ ਰੱਖਿਆ ਹੈ।

ਪ੍ਰੋਗਰਾਮ ਦੀ ਪ੍ਰਧਾਨਗੀ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਕੀਤੀ। ਲਛਮਣ ਸਿੰਘ ਰਾਠੌਰ ਨੇ ਆਪਣੀਆਂ ਦੋ ਕਵਿਤਾਵਾਂ ਸੁਣਾ ਕੇ ਗੁਰਬਖਸ ਸਿੰਘ ਦੀ ਸੋਚ ਨੂੰ ਸਲਾਮ ਕੀਤਾ। ਹਰਨੇਕ ਸਿੰਘ ਅਤੇ ਹਰਨਾਮ ਸਿੰਘ ਪਨੂੰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਗੁਰਬਖਸ ਸਿੰਘ ਨੂੰ ਯਾਦ ਕੀਤਾ। ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਰਪਰਸਤ ਗੁਰਦੀਪ ਸਿੰਘ ਅਣਖੀ ਨੇ ਗੁਰਬਖਸ਼ ਸਿੰਘ ਦੀ ਲੋਕਾਂ ਪ੍ਰਤੀ ਘਾਲਣਾ ਨੂੰ ਯਾਦ ਕੀਤਾ ਅਤੇ ਉਨਾਂ ਦੇ ਪਰਿਵਾਰ ਵਲੋਂ ਗੁਰਬਖਸ ਸਿੰਘ ਵਲੋਂ ਪਾਈਆਂ ਨਿਰੋਈਆਂ ਕਦਰਾਂ ਕੀਮਤਾਂ ਨੂੰ ਅਪਣਾਈ ਰੱਖਣ ਲਈ ਧੰਨਵਾਦ ਵੀ ਕੀਤਾ। ਉਨਾਂ ਨੇ ਅੱਜ ਭਾਰਤ ਵਿਚ ਫਿਰਕਾਪ੍ਰਸਤ ਤਾਕਤਾਂ ਵਲੋਂ ਲੋਕ ਨੂੰ ਧਰਮ ਦੇ ਅਧਾਰ 'ਤੇ ਲੜਾਉਣ ਦੇ ਮਨਸੂਬਿਆਂ ਦੀ ਸਖਤ ਨਿੰਦਾ ਕੀਤੀ ਅਤੇ ਲੋਕ ਨੂੰ ਅਜਿਹੀਆਂ ਤਾਕਤਾਂ ਤੋਂ ਸੁਚੇਤ ਹੋਣ ਦਾ ਸੱਦਾ ਦਿਤਾ।

ਇਸ ਮੌਕੇ ਗੁਰਬਖਸ਼ ਸਿੰਘ ਧਾਲੀਵਾਲ ਦੇ ਜੀਵਨ 'ਤੇ ਲਿਖੀ ਹੋਈ ਇਕ ਕਿਤਾਬ 'ਕਾਲੇ ਪਾਣੀਆਂ ਦਾ ਚਿੱਟਾ ਮੋਤੀ' ਪਰਿਵਾਰ ਵਲੋਂ ਜਗਜੀਤ ਸਿੰਘ ਥਿੰਦ ਨੂੰ ਭੇਂਟ ਕੀਤੀ ਗਈ। ਇਹ ਕਿਤਾਬ ਪ੍ਰਸਿੱਧ ਲੇਖਕ ਬਲਦੇਵ ਸਿੰਘ ਸੜਕਨਾਮਾ ਵਲੋਂ ਲਿਖੀ ਗਈ ਹੈ। ਪ੍ਰਸਿੱਧ ਕਹਾਣੀਕਾਰ ਕਰਮ ਸਿੰਘ ਮਾਨ ਨੇ ਇਸ ਕਿਤਾਬ 'ਤੇ ਇਕ ਪੇਪਰ ਵੀ ਪੜਿਆ ਅਤੇ ਗੁਰਬਖਸ਼ ਸਿੰਘ ਹੋਰਾ ਦੀ ਲੋਕ ਪੱਖੀ ਸੋਚ ਨੂੰ ਆਪਣੇ ਵਲੋਂ ਸਿਜਦਾ ਕੀਤਾ।

ਪ੍ਰੋਗਰਾਮ ਦਾ ਅੰਤ ਰਾਜ ਬਰਾੜ ਹੋਰ ਵਲੋਂ ਇੱਕ ਸੁਰੀਲਾ ਗੀਤ ਪੇਸ਼ ਕਰਨ ਨਾਲ ਹੋਇਆ। ਸਟੇਜ ਸੈਕਟਰੀ ਦੀ ਜਿੰਮੇਵਾਰੀ ਸੁਰਿੰਦਰ ਸਿੰਘ ਮੰਢਾਲੀ ਨੇ ਨਿਭਾਈ।

# ਸ਼ਬਦ ਸਾਂਝ ਵਲੋਂ ਪ੍ਰੋ. ਔਜਲਾ ਅਤੇ ਡਾ. ਸਿੱਧੂ ਦੀਆਂ ਕਿਤਾਬਾਂ ਰਿਲੀਜ਼

**ਐਡਮਿੰਟਨ (ਨਦਬ) :** ਪੰਜਾਬੀ ਸ਼ਬਦ ਸਾਂਝ ਕੈਲਗਰੀ ਵਲੋਂ ਇਕ ਸਾਹਿਤਕ ਸਮਾਗਮ ਐਕਸ ਸਰਵਿਸਮੈਨ ਸੋਸਾਇਟੀ ਕੈਲਗਰੀ ਵਿਖੇ ਕੀਤਾ ਗਿਆ ਅਤੇ ਇਸ ਸਮਾਗਮ ਵਿਚ ਪ੍ਰੋਫੈਸਰ ਮੋਹਨ ਸਿੰਘ ਔਜਲਾ ਦੀ ਸਾਹਿਤਕ ਪਰਵਾਜ਼ ਪੁਸਤਕ ਅਤੇ ਸੁਖਵਿੰਦਰ ਕੌਰ ਸਿੱਧੂ ਵਲੋਂ ਲਿਖੀ ਪੁਸਤਕ ਜਾਗਦੀਆਂ ਅੱਖਾਂ ਦੇ ਸੁਪਨੇ ਲੋਕ ਅਰਪਣ ਕੀਤੀਆਂ ਗਈਆਂ। ਸਮਾਗਮ ਦੀ ਪ੍ਰਧਾਨਗੀ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਡਾਕਟਰ ਜੈ ਰੂਪ ਸਿੰਘ ਨੇ ਕੀਤੀ।

ਇਸ ਸਮਾਗਮ ਵਿਚ ਸੀਨੀਅਰ ਸੁਸਾਇਟੀ, ਗਲੋਬਲ ਪ੍ਰਵਾਸੀ ਸਭਾ, ਪ੍ਰੋਗਰੈਸਿਵ ਕਲਚਰ ਸੁਸਾਇਟੀ , ਪੰਜਾਬੀ ਲਿਖਾਰੀ ਸਭਾ ਅਤੇ ਇੰਡੋ ਕੈਨੇਡੀਅਨ ਸੰਸਥਾਵਾਂ ਦੇ ਬਹੁਤ ਸਾਰੇ ਅਹੁਦੇਦਾਰ ਅਤੇ ਕੈਲਗਰੀ ਸ਼ਹਿਰ ਦੇ ਪਤਵੰਤੇ ਸੱਜਣ ਸ਼ਾਮਲ ਹੋਏ। ਪ੍ਰੋਫੈਸਰ ਹਰਭਜਨ ਸਿੰਘ ਢਿੱਲੋਂ ਨੇ ਪੰਜਾਬੀ ਸ਼ਬਦ ਸਾਂਝ ਦੇ ਕੰਮਾਂ ਅਤੇ ਮਹੱਤਵ ਬਾਰੇ ਵਿਸਥਾਰ ਸਾਹਿਤ ਚਾਨਣਾ ਪਾਉਂਦਿਆਂ ਦਸਿਆ ਕਿ ਇਹ ਸੰਸਥਾ ਹਰ ਸਾਲ ਕਿਸੇ ਇਕ ਕੈਨੇਡੀਅਨ ਸਾਹਿਤਕਾਰ ਬਾਰੇ ਕਿਤਾਬ ਲਿਖ ਕੇ ਅਰਪਣ ਕਰਿਆ ਕਰੇਗੀ। ਪੁਸਤਕ ਬਾਰੇ ਸ੍ਰੀ ਹਰੀਪਾਲ ਨੇ ਵਿਸਥਾਰਪੂਰਵਕ ਪਰਚਾ ਪੜਦਿਆਂ ਔਜਲਾ ਸਾਹਿਬ ਨੂੰ ਵੱਡੇ ਕੱਦ ਵਾਲਾ ਸ਼ਾਇਰ ਦੱਸਿਆ। ਬਲਜਿੰਦਰ ਸਿੰਘ ਸੰਘਾ ਨੇ ਵੱਖ-ਵੱਖ ਲੇਖਕਾਂ ਵਲੋਂ ਲਿਖੇ ਆਰਟੀਕਲਾਂ ਦਾ ਜਿਕਰ ਕਰਦਿਆਂ ਪ੍ਰੋਫੈਸਰ ਔਜਲਾ ਨੂੰ ਮਾਨਵਵਾਦੀ ਸੋਚ ਦਾ ਕਵੀ ਕਿਹਾ।

ਡਾ. ਮੁਖਤਿਆਰ ਸਿੰਘ ਬੱਦੂਵਾਲੀਆ ਨੇ ਡਾ. ਸਿੱਧੂ ਦੀਆਂ ਕਵਿਤਾਵਾਂ ਦੀ ਗੱਲ ਕਰਦਿਆਂ ਉਸ ਨੂੰ ਮਾਲਵੇ ਦੀ ਮਹਾਨ ਸ਼ਾਇਰ ਦੱਸਿਆ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਾਬਕਾ ਵਾਈਸ ਚਾਂਸਲਰ ਡਾਕਟਰ ਜੈ ਰੂਪ ਸਿੰਘ ਨੇ ਜਿਥੇ ਪੰਜਾਬੀ ਸ਼ਬਦ ਸਾਂਝ ਕੈਲਗਰੀ ਨੂੰ ਉਹਨਾਂ ਦੇ ਕੰਮ ਵਾਸਤੇ ਵਧਾਈ ਦਿੱਤੀ ਅਤੇ ਦੱਸਿਆ ਕੇ ਪੰਜਾਬੀ ਦਾ ਭਵਿੱਖ ਪੰਜਾਬ ਨਾਲੋਂ ਕੈਨੇਡਾ ਵਿਚ ਸੁਰੱਖਿਅਤ ਹੈ।

ਸਮਾਗਮ ਵਿੱਚ ਸੁਰਿੰਦਰਗੀਤ, ਮਾਸਟਰ ਬਚਿੱਤਰ ਸਿੰਘ ਗਿੱਲ, ਮੈਡਮ ਸਿੱਧੂ, ਤਰਲੋਚਨ ਸੈਂਹਬੀ ਅਤੇ ਡਾਕਟਰ ਸੁਬਾਸ਼ ਸ਼ਰਮਾ ਨੇ ਆਪਣੇ ਆਪਣੇ ਗੀਤ ਸੁਣਾ ਕੇ ਕਾਫੀ ਵਧੀਆ ਰੰਗ ਬੰਨਿਆ। ਡਾਕਟਰ ਬਲਵਿੰਦਰ ਕੌਰ ਬਰਾੜ ਨੇ ਸਮਾਗਮ ਵਿਚ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਸੰਸਥਾ ਜਿਸ ਮਕਸਦ ਨਾਲ ਬਣਾਈ ਹੈ, ਉਨਾਂ ਇਛਾਵਾਂ 'ਤੇ ਪੂਰਾ ਉਤਰੇਗੀ। ਸਟੇਜ ਦੀ ਕਾਰਵਾਈ ਡਾ. ਮੁਖਤਿਆਰ ਸਿੰਘ ਨੇ ਬਾਖੂਬੀ ਨਿਭਾਈ।



# ਲਾਈਫ਼ ਸਰਟੀਫਿਕੇਟ ਬਣਾਉਣ ਦਾ ਸਫ਼ਲ ਕੈਂਪ ਲਗਾਇਆ



**ਬਰੈਂਪਟਨ, (ਡਾ ਬਲਜਿੰਦਰ ਸਿੰਘ ਸੇਖੋਂ) :** ਬੀਤੇ ਐਤਵਾਰ ਇੰਡੀਅਨ ਐਕਸ-ਸਰਵਿਸਮੈਨ ਐਸੋਸੀਏਸ਼ਨ ਵਲੋਂ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਭਾਰਤੀ ਕੌਂਸਲੇਟ ਸਟਾਫ ਦੇ ਸਹਿਯੋਗ ਨਾਲ ਲਾਈਫ਼ ਸਰਟੀਫਿਕੇਟ (ਜੀਵਨ ਪ੍ਰਮਾਣ) ਬਣਾਉਣ ਦਾ ਕੈਂਪ ਲਗਾਇਆ ਗਿਆ, ਜੋ ਬਹੁਤ ਹੀ ਸਫ਼ਲ ਸਿੱਧ ਹੋਇਆ।

ਪੰਜਾਬ ਵਿੱਚ ਵੱਖ-ਵੱਖ ਮਹਿਕਮਿਆਂ ਵਿਚ ਸੇਵਾ ਨਿਭਾਉਣ ਉਪਰੰਤ ਕੈਨੇਡਾ ਆਏ ਲੋਕਾਂ ਨੂੰ ਭਾਰਤ ਵਿਚਲੀ ਅਪਨੀ ਪੈਨਸ਼ਨ ਲੈਂਦੇ ਰਹਿਣ ਲਈ ਨਵੰਬਰ ਮਹੀਨੇ ਵਿਚ ਅਪਣੇ ਵਲੋਂ ਲਾਈਫ ਸਰਟੀਫੀਕੇਟ ਦੇਣਾ ਹੁੰਦਾ ਹੈ। ਭਾਰਤ ਨਾ ਜਾ ਸਕਣ ਵਾਲੇ ਲੋਕਾਂ ਨੂੰ ਇਹ ਸਰਟੀਫਿਕੇਟ ਇਥੋਂ ਹੀ ਬਣਾਅ ਕੇ ਅਪਣੇ ਬੈਂਕ ਨੂੰ ਭੇਜਣਾ ਪੈਂਦਾ ਹੈ। ਪਹਿਲਾਂ ਪਹਿਲ ਇਸ ਕੰਮ ਲਈ ਭਾਰਤ ਦੇ ਕੌਂਸਲੇਟ ਦੇ ਦਫਤਰ ਟੋਰਾਂਟੋ ਜਾਣਾ ਪੈਂਦਾ ਸੀ, ਪਰ ਕੁਝ ਸਾਲਾਂ ਤੋਂ ਕੁਝ ਜਥੇਬੰਦੀਆਂ ਕੌਂਸਲੇਟ ਨਾਲ ਤਾਲਮੇਲ ਕਰ ਕੇ ਬਰੈਂਪਟਨ ਵਿਚ ਹੀ ਇਸ ਪੱਤਰ ਨੂੰ ਬਣਾਉਣ ਵਿਚ ਸਹਾਇਤਾ ਕਰਦੀਆਂ ਹਨ। ਇਨਾਂ ਵਿਚੋਂ ਇਨਡੀਅਨ ਐਕਸ-ਸਰਵਿਸਮੈਨ ਐਸੋਸੀਏਸ਼ਨ ਇਹ ਸੇਵਾ ਲੰਬੇ ਸਮੇਂ ਤੋਂ ਨਿਭਾ ਰਹੀ ਹੈ। ਇਸ ਸਾਲ ਉਨਾਂ ਵਲੋਂ ਇਸ ਕੈਂਪ ਦਾ ਪ੍ਰਬੰਧ ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਵਿਚ ਕੀਤਾ ਗਿਆ। ਇਸ ਵਾਰ ਸਰਟੀਫੀਕੇਟ ਬਣਵਾਉਣ ਆਏ ਲੋਕਾਂ ਨੂੰ ਇਹ ਜ਼ਿਆਦਾ ਸੌਖਾਲਾ ਮਹਿਸੂਸ ਹੋਇਆ, ਕਿਉਂਕਿ ਇੱਕ ਤਾਂ ਸਥਾਨ ਖੁਲਾ-ਡੁਲਾ ਹੈ ਅਤੇ ਦੂਸਰੇ ਇਸ ਸਮੇਂ ਲੰਗਰ ਪਾਣੀ ਦਾ ਵੀ ਖੁੱਲਾ ਪ੍ਰਬੰਧ ਸੀ।

ਭਾਰਤੀ ਕੌਂਸਲੇਟ ਦਾ ਸਟਾਫ਼ ਲੋੜੀਂਦੀ ਗਿਣਤੀ ਵਿਚ ਆਇਆ ਹੋਇਆ ਸੀ ਅਤੇ ਉਨਾਂ ਬੜੀ ਸੁਹਦਿਰਤਾ ਨਾਲ ਕੰਮ ਨੇਪਰੇ ਚਾੜਿਆ। ਐਸੋਸੀਏਸ਼ਨ ਦੇ ਵਲੰਟੀਅਰਾਂ ਨੇ ਫਾਰਮ ਭਰਨ ਵਿਚ ਸਹਾਇਤਾ ਕਰਨ ਤੋਂ ਇਲਾਵਾ ਬਗੈਰ ਦੇਰੀ ਦੇ ਸਰਟੀਫੀਕੇਟ ਬਨਾਵਾਉਣ ਵਿਚ ਆਪਨਾ ਯੋਗਦਾਨ ਪਾਇਆ। ਐਸੋਸੀਏਸ਼ਨ ਦੇ ਨੁਮਾਇੰਦੇ ਕਰਨਲ ਗੁਰਮੇਲ ਸਿੰਘ ਸੋਹੀ (647 878 7644) ਨੇ ਦੱਸਿਆ ਕਿ ਉਸ ਦਿਨ 750 ਤੋਂ ਵੱਧ ਸਰਟੀਫੀਕੇਟ ਬਣਾਏ ਗਏ। ਹਰ ਪੈਨਸ਼ਨਰ ਨਾਲ ਦੋ ਤਿੰਨ ਘਰ ਦੇ ਜੀਆਂ ਦੇ ਆਉਣ ਨਾਲ ਸਾਰਾ ਦਿਨ ਮੇਲੇ ਵਰਗਾ ਮਾਹੌਲ ਬਣਿਆ ਰਿਹਾ। ਉਨਾਂ ਕਿਹਾ ਕਿ ਐਸੋਸੀਏਸ਼ਨ ਲੋੜ ਅਨੁਸਾਰ ਇਸ ਤਰਾਂ ਦੇ ਕੰਮ ਵਿਚ ਸਹਾਇਤਾ ਦਿੰਦੀ ਰਹੇਗੀ।

### ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵੱਲੋਂ

# ‘ਸਿਆਸੀ ਪਾਰਟੀਆਂ ਅਤੇ ਲੋਕ ਮਸਲੇ’ ਵਿਸ਼ੇ ’ਤੇ ਵਿਚਾਰ ਚਰਚਾ





**ਕੈਲਗਰੀ (ਨਦਬ) :** ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਜੈਨਸਸ ਸੈਂਟਰ ਵਿਚ ਮਾਸਿਕ ਮੀਟਿੰਗ ਦੌਰਾਨ ਕੈਲਗਰੀ ਦੇ ਉੱਘੇ ਚਿੰਤਕ, ਜੋ ਸੰਸਾਰ ਪਧਰੀ ਰਾਜਨੀਤੀ ’ਤੇ ਡੂੰਘੀ ਪਕੜ ਰੱਖਦੇ ਹਨ, ਦਾ ਲੈਕਚਰ ਕਰਵਾਇਆ ਗਿਆ।

ਮੁੱਖ ਵਕਤਾ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਕੈਨੇਡਾ ਦੀਆਂ ਤਿੰਨ ਮੁੱਖ ਪਾਰਟੀਆਂ ਕੰਜਰਵੇਟਿਵ, ਲਿਬਰਲ ਅਤੇ ਐਨ.ਡੀ.ਪੀ. ਸੱਜੇਪੱਖੀ ਕੈਂਪ ਵਿਚ ਹੀ ਆਉਂਦੀਆਂ ਹਨ, ਪਰੰਤੂ ਕੰਜਰਵੇਟਿਵ ਅਤੇ ਸੱਜੇਪੱਖੀ ਪਾਰਟੀ ਹੈ। ਕੈਨੇਡਾ ਦੇ ਹਿਸਾਬ ਨਾਲ ਐਨ.ਡੀ.ਪੀ. ਨੂੰ ਹੀ ਖੱਬੇਪੱਖੀ ਮੰਨ ਲਿਆ ਜਾਂਦਾ ਹੈ, ਕਿਉਂਕਿ ਮੁਕਾਬਲਤਨ ਇਹ ਹੇਠਲੇ ਵਰਗਾਂ ਵੱਲ ਡੱਕਾ ਸੁੱਟਦੀ ਹੈ, ਜਿਵੇਂ ਮਿਨੀਮਮ ਵੇਜ 15 ਡਾਲਰ ਕਰਨਾ ਆਦਿ। ਉਨ੍ਹਾਂ ਕਿਹਾ ਕਿ ਸੱਜੇ ਪੱਖ ਦਾ ਇਤਿਹਾਸ ਦੱਸਦਾ ਹੈ ਕਿ ਰਾਜੇ ਵੱਲ ਖੜ੍ਹਨ ਕਰਕੇ ਹੀ ਇਸ ਨੂੰ ਸੱਜੇਪੱਖੀ ਪਾਰਟੀ ਕਿਹਾ ਜਾਂਦਾ ਹੈ। ਜੋ ਪਾਰਟੀਆਂ ਲੋਕਾਂ ਵੱਲ ਖੜ੍ਹਦੀਆਂ, ਮਤਲਬ ਲੋਕਾਂ ਦੇ ਹੱਕਾਂ, ਅਧਿਕਾਰਾਂ ਅਤੇ ਮਸਲਿਆਂ ਦੀ ਗੱਲ ਕਰਦੀਆਂ ਸਨ, ਉਨ੍ਹਾਂ ਨੂੰ ਖੱਬੇਪੱਖੀ ਕਿਹਾ ਜਾਂਦਾ ਸੀ। ਕੈਨੇਡਾ ਵਿਚ ਇਹ ਸਾਰੀਆਂ ਪਾਰਟੀਆਂ ਸਰਮਾਏਦਾਰੀ ਸਿਸਟਮ ਅਤੇ ਵੱਡੀਆਂ ਕਾਰਪੋਰੇਸ਼ਨ ਦੇ ਹੱਕ ’ਚ ਹੀ ਭੁਗਤਦੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸੁਚੇਤ ਰੂਪ ’ਚ ਨਿੱਜਵਾਦ ਤੋਂ ਉੱਪਰ ਹੋ ਕੇ ਪਾਰਟੀਆਂ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਦੇਖ ਕੇ ਹੀ ਫੈਸਲੇ ਲੈਣੇ ਚਾਹੀਦੇ ਹਨ। ਇਸ ਉਪਰੰਤ ਡੈਨ ਸਿੰਘ ਸਿੱਧੂ, ਤਰਨਜੀਤ ਐਂਜਲਾ, ਜਗਦੇਵ ਸਿੰਘ ਸਿੱਧੂ, ਸਿਮਰਨ ਬੈਂਸ, ਹਰਨੇਕ ਬੱਧਨੀ, ਸੰਗਰਾਮ ਸਿੰਘ ਸੰਧੂ, ਗੁਰਚਰਨ ਕੌਰ ਥਿੰਦ ਅਤੇ ਕਮਲਪ੍ਰੀਤ ਕੌਰ ਪੰਧੇਰ ਦੇ ਸਵਾਲਾ ਦੇ ਜਵਾਬ ਅਮਰਪ੍ਰੀਤ ਵਲੋਂ ਦਿਤੇ ਗਏ।

ਸਟੇਜ ਸੰਚਾਲਨ ਚਲਾ ਰਹੇ ਮਾ. ਭਜਨ ਵੱਲੋਂ 2 ਦਸੰਬਰ ਪ੍ਰਦੂਸ਼ਣ ਰੋਕੂ ਦਿਵਸ, 3 ਨੂੰ ਵਾਪਰੇ ਭੋਪਾਲ ਗੈਸ ਕਾਂਡ, 10 ਨੂੰ ਮਨੁੱਖੀ ਅਧਿਕਾਰ ਦਿਵਸ, ਸ਼ਹੀਦ ਉਧਮ ਸਿੰਘ ਅਤੇ ਮਾਓ ਜੇ ਤੁੰਗ ਦੇ ਜਨਮ ਆਦਿ ਦਿਨਾਂ ਬਾਰੇ ਸੰਖੇਪ ਜਾਣਕਾਰੀ ਦਿਤੀ। ਸਰੀਰਕ ਤੌਰ ’ਤੇ ਅਪਾਹਜ ਪ੍ਰੋ. ਸਾਈਂ ਬਾਬਾ ਦੀ ਬਿਨਾਂ ਸ਼ਰਤ ਰਿਹਾਈ ਲਈ ਮਤਾ ਰੱਖਿਆ ਗਿਆ। ਸਾਰਿਆਂ ਨਾਲ ਹੱਥ ਖੜੇ ਕਰਕੇ ਮਤਾ ਪਾਸ ਕੀਤਾ। ਹਰਚਰਨ ਪਰਹਾਰ ਵੱਲੋਂ ਲੈਕਚਰ ਦੀ ਲਾਈਵ ਵੀਡੀਓ ਰੀਕਾਰਡਿੰਗ ਅਤੇ ਫੋਟੋਗ੍ਰਾਫੀ ਲਈ ਧੰਨਵਾਦ ਕੀਤਾ ਗਿਆ। ਅਗਲੀ ਮੀਟਿੰਗ ਜਨਵਰੀ 2018 ਪਹਿਲੇ ਐਤਵਾਰ ਹੋਵੇਗੀ।

# ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ

**ਕੈਲਗਰੀ (ਨਦਬ) :** ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਦੇ ਹਾਲ ਵਿਚ ਹੋਈ। ਇਕੱਤਰਤਾ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਅਤੇ ਬੀਬੀ ਸੁਰਿੰਦਰ ਗੀਤ ਨੇ ਕੀਤੀ।

ਮੀਟਿੰਗ ਵਿੱਚ ਛੋਟੇ ਸਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀਆਂ ਸ਼ਹਾਦਤਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਅਤੇ ਮਹਾਨ ਗੁਰੂ ਸਾਹਿਬਾਂ ਦੇ ਮਹਾਨ ਕਾਰਨਾਮਿਆਂ ਜਿਨ੍ਹਾਂ ਸਦਕੇ ਖਾਲਸਾ ਹੋਂਦ ਵਿਚ ਆਇਆ ਅਤੇ ਦੱਬੇ ਕੁਚਲ਼ੇ ਗਰੀਬ ਨਿਤਾਣਿਆ ਨੇ ਸਵੈਮਾਨ ਹਾਸਲ ਕੀਤਾ ਨੂੰ ਯਾਦ ਕੀਤਾ ਗਿਆ।

ਮੀਟਿੰਗ ਵਿੱਚ ਸ਼ਮਸ਼ੇਰ ਸਿੰਘ ਸੰਧੂ, ਪ੍ਰਭਦੇਵ ਸਿੰਘ ਗਿੱਲ, ਰਣਜੀਤ ਸਿੰਘ ਮਿਨਹਾਸ, ਸੁਰਿੰਦਰ ਗੀਤ, ਸੁਖਵਿੰਦਰ ਤੂਰ, ਅਜੈਬ ਸਿੰਘ ਸੇਖੋਂ, ਅਹਿਮਦ ਚੁਗਤਾਈ, ਜਰਨੈਲ ਸਿੰਘ ਤੱਗੜ, ਹਰਦਿਆਲ ਸਿੰਘ ਮਾਨ, ਰਵੀ ਜਨਾਗਲ, ਬੀਬੀ ਮਨਜੀਤ ਨਿਰਮਲ, ਬੀਬੀ ਹਰਚਰਨ ਬਾਸੀ, ਜਾਵੇਦ ਨਿਜ਼ਾਮੀ ਨੇ ਆਪਣੀਆਂ ਰਚਨਾਵਾਂ ਅਤੇ ਵਿਚਾਰ ਪੇਸ਼ ਕੀਤੇ। ਸਭਾ ਦੀ ਕਾਰਵਾਈ ਜਸਵੀਰ ਸਿੰਘ ਸਿਹੋਤਾ ਨੇ ਨਿਭਾਈ।

# ਐਡਮਿੰਟਨ ਸਿਟੀ ਕੌਂਸਲ ਵੱਲੋਂ 3.2 ਫ਼ੀਸਦੀ ਰਿਹਾਇਸ਼ੀ ਟੈਕਸ ਵਿੱਚ ਵਾਧਾ ਪ੍ਰਵਾਨ



**ਐਡਮਿੰਟਨ (ਨਦਬ) :** ਐਡਮਿੰਟਨ ਸਿਟੀ ਕੌਂਸਲ ਵੱਲੋਂ ਡੇਢ ਦਿਨ ਦੇ ਵਿਚਾਰ ਤੋਂ ਬਾਅਦ ਬਜਟ ਵਿੱਚ ਸਰਵ ਸੰਮਤੀ ਨਾਲ ਵਾਧਾ ਪਰਵਾਨ ਕਰ ਲਿਆ ਗਿਆ ਹੈ। ਇਸ ਨਵੇਂ ਬਜਟ ਮੁਤਾਬਿਕ ਅਲਬਰਟਾ ਵਾਸੀਆਂ ਨੂੰ 2018 ਤੋਂ ਰਿਹਾਇਸ਼ੀ ਟੈਕਸ ਵਿੱਚ 3.2 ਦੇ ਵਾਧੇ ਦਾ ਸਾਹਮਣਾ ਕਰਨਾ ਪਵੇਗਾ। ਜਾਣਕਾਰੀ ਮੁਤਾਬਿਕ 397000 ਡਾਲਰ ਦੀ ਜਾਇਦਾਦ ਹੈ ਉਪਰ 77 ਡਾਲਰ ਦਾ ਵਾਧੂ ਬੋਝ ਪਵੇਗਾ। ਘਰ ਦੇ ਮਾਲਕ ਵੱਲੋਂ ਮਿਉਂਸੀਪਲ ਟੈਕਸ ਦੇ ਰੂਪ ਵਿੱਚ 2462 ਟੈਕਸ ਦੇ ਰੂਪ ਵਿੱਚ ਭਰੇ ਜਾਣਗੇ ਜੇਕਰ ਇਸ ਵਿੱਚ ਸਿਟੀ ਵੱਲੋਂ ਦਿੱਤੀਆਂ ਸੁਵਿਧਾਵਾਂ ਜੋੜੀਆਂ ਜਾਣਗੀਆਂ ਤਾਂ ਇਹ 3013 ਡਾਲਰ ਹੋਣਗੇ। ਬਜਟ ਬਾਰੇ ਪ੍ਰਤੀਕਿਰਿਆ ਦਿੰਦਿਆਂ ਮੇਅਰ ਡਾਨ ਇਵਸਨ ਨੇ ਕਿਹਾ ਕਿ ਹੁਣ ਬਜਟ ਬਿਲਕੁੱਲ ਉਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ ਮੈਂ ਦੇਖਣਾ ਚਾਹੁੰਦਾ ਸੀ। ਅਗਲੇ ਕੁੱਝ ਸਾਲ ਜੇਕਰ ਇਸ ਤਰ੍ਹਾਂ ਦਾ ਬਜਟ ਬਣਦਾ ਰਿਹਾ ਤਾਂ ਨਿਸਚਿਤ ਤੌਰ ’ਤੇ ਸ਼ਹਿਰ ਦਾ ਭਵਿੱਖ ਸੁਨਹਿਰਾ ਹੋਵੇਗਾ।


PAKISTANI & EAST AFRICAN MENU

BEEF RIB, MOGO, MISHKAKI, CHOPS, CHAPPALI KABAB, SEEKH KABAB

Shafi Tandoori Grill

Party Hall Available

Catering in Town or Out of Town

Tuesday Closed

ASK For

780 462 3556

3444-93 Street, NW, Edmonton AB T6E 6A4, Fax : 780 462 3575, Toll Free : 1 866 362 3556

# ਸਸਕੈਚਵਨ ਵਲੋਂ ਸੂਬੇ ਦੇ ਜਨਤਕ ਪ੍ਰਾਜੈਕਟਾਂ ਵਾਲੀਆਂ ਥਾਂਵਾਂ 'ਤੇ ਅਲਬਰਟਾ ਪਲੇਟ ਵਾਲੇ ਵਾਹਨਾਂ ਦੇ ਜਾਣ ਉਪਰ ਪਾਬੰਦੀ

## ਅਲਬਰਟਾ ਵਲੋਂ ਕੋਰਟ ਵਿੱਚ ਜਾਣ ਦੀ ਚੇਤਾਵਨੀ



**ਐਡਮਿੰਟਨ (ਨਦਬ)** : ਸਸਕੈਚਵਨ ਦੇ ਹਾਈਵੇਅ ਅਤੇ ਨਿਰਮਾਣ ਮੰਤਰਾਲੇ ਵਲੋਂ ਅਲਬਰਟਾ ਲਾਇਸੰਸ ਪਲੇਟ ਵਾਲੇ ਵਹੀਕਲਾਂ 'ਤੇ ਸੂਬੇ ਦੇ ਜਨਤਕ ਪ੍ਰੋਜੈਕਟਾਂ ਵਿੱਚ ਜਾਣ ਤੇ ਅਚਾਨਕ ਪਾਬੰਦੀ ਤੋਂ ਬਾਅਦ ਅਲਬਰਟਾ ਅਤੇ ਸਸਕੈਚਵਨ ਸੂਬਿਆਂ ਅੰਤਰ ਤਣਾਅ ਪੈਦਾ ਹੋ ਗਿਆ ਹੈ। ਸਸਕੈਚਵਨ ਵਲੋਂ ਇਹ ਪਾਬੰਦੀ ਮੰਤਰਾਲੇ ਵੱਲੋਂ ਫੰਡ ਮੁਹੱਈਆ ਕਰਵਾਏ ਜਾਣ ਵਾਲੇ ਪ੍ਰੋਜੈਕਟਾਂ ਉਪਰ ਲਾਈ ਗਈ ਹੈ ਅਤੇ ਇਹ ਪਾਬੰਦੀ ਸਿਰਫ ਅਲਬਰਟਾ ਪਲੇਟ ਵਾਲੇ ਵਹੀਕਲਾਂ ਉਪਰ ਹੀ ਲਗਾਈ ਗਈ ਹੈ ਜਦੋਂ ਕਿ ਮੈਨੀਟੋਬਾ, ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਸੂਬਿਆਂ 'ਤੇ ਵਹੀਕਲਾਂ 'ਤੇ ਇਹ ਪਾਬੰਦੀ ਨਹੀਂ ਹੈ। ਸਸਕੈਚਵਨ ਦੇ ਮੰਤਰੀ ਡੇਵਿਡ ਮੇਰਿਟ ਨੇ ਕਿਹਾ ਕਿ ਇਸ ਸਬੰਧੀ ਠੇਕੇਦਾਰਾਂ, ਉਪ ਠੇਕੇਦਾਰਾਂ, ਸਲਾਹਕਾਰਾਂ ਅਤੇ ਪ੍ਰੋਜੈਕਟਾਂ ਨਾਲ ਜੁੜੇ ਹੋਰ ਸਟਾਫ਼ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਉਹਨਾਂ ਇਸ ਫੈਸਲੇ ਨੂੰ ਜਾਇਜ਼ ਠਹਿਰਾਉਣ ਲਈ ਅਲਬਰਟਾ ਅੰਦਰ ਸਸਕੈਚਵਨ ਦੇ ਕਾਮਿਆਂ ਨਾਲ ਭੇਦ-ਭਾਵ ਦਾ ਦੋਸ਼ ਲਾਇਆ। ਦੂਜੇ ਪਾਸੇ ਅਲਬਰਟਾ ਦੇ ਆਵਾਜਾਈ ਮੰਤਰੀ ਬਰਾਇਨ ਮੇਸਨ ਦਾ ਕਹਿਣਾ ਹੈ ਕਿ ਅਲਬਰਟਾ ਅੰਦਰ ਭਿੰਨ-ਭੇਦ ਵਾਲੀ ਕੋਈ ਨੀਤੀ ਨਹੀ ਨਹੀ ਹੈ। ਅਲਬਰਟਾ ਉਸਾਰੀ ਦੇ ਕੰਮ ਨਾਲ ਜੁੜੇ ਮਾਹਿਰ ਵਿਅਕਤੀਆਂ ਦਾ ਕਹਿਣਾ ਹੈ ਕਿ ਸਸਕੈਚਵਨ ਦੇ ਮੰਤਰਾਲੇ ਦਾ ਇਹ ਬਿਆਨ ਬਿਲਕੁਲ ਸੱਚ ਨਹੀਂ ਹੈ, ਅਲਬਰਟਾ ਵਿੱਚ ਇਸ ਆਧਾਰ 'ਤੇ ਕਿਸੇ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ ਹੈ।

ਅਲਬਰਟਾ ਦੇ ਆਰਥਿਕ ਵਿਕਾਸ ਅਤੇ ਵਪਾਰ ਮੰਤਰੀ ਡੈਰਿਨ ਬਿਲਾਸ ਨੇ ਸਸਕੈਚਵਨ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਉਹਨਾਂ ਨੇ ਇਹ ਫੈਸਲਾ ਕੁੱਝ ਦਿਨਾਂ ਵਿੱਚ ਵਾਪਸ ਨਾ ਲਿਆ ਤਾਂ ਉਹ ਇਸ ਮੰਦਭਾਗੇ ਫੈਸਲੇ ਨੂੰ ਨਿਸਚਿਤ ਤੌਰ 'ਤੇ ਅਦਾਲਤ ਵਿੱਚ ਲੈ ਕੇ ਜਾਣਗੇ। ਅਲਬਰਟਾ ਯੂਨੀਵਰਸਿਟੀ ਦੇ ਪ੍ਰੋਫੈਸਰ ਇਰਿਕ ਐਡਮ ਦਾ ਕਹਿਣਾ ਹੈ ਕਿ ਸਸਕੈਚਵਨ ਵੱਲੋਂ ਇਹ ਚਾਰਟਰ ਆਫ਼ ਰਾਈਟ ਦੇ ਸੈਕਸ਼ਨ 6.2 ਅਤੇ ਨਿਊ ਵੈਸਟ ਪਾਰਟਨਰਸ਼ਿਪ ਟਰੇਡ ਐਗਰੀਮੈਂਟ ਦੀਆਂ ਮਦਾਂ ਦੀ ਦੀ ਸਿੱਧੀ ਉਲੰਘਣਾ ਹੈ। ਇਸ ਮਾਮਲੇ ਨੂੰ ਅਦਾਲਤ ਵਿੱਚ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ।

# ਚੋਣਾਂ ਵਿੱਚ ਬਿਗ ਮਨੀ ਤੋਂ ਬਾਅਦ ਪਵੇਗੀ ਹੁਣ ਡਾਰਕ ਮਨੀ ਨੂੰ ਵੀ ਨੱਥ



**ਐਡਮਿੰਟਨ (ਨਦਬ)** : ਲੋਕਾਂ ਨੂੰ ਚੋਣ ਪ੍ਰਣਾਲੀ ਨਾਲ ਜੋੜਨ ਅਤੇ ਇਸਨੂੰ ਹੋਰ ਸੁਖਾਲਾ ਕਰਨ ਲਈ ਐਨਡੀਪੀ ਸਰਕਾਰ ਵੱਲੋਂ 2015 ਵਿੱਚ ਯੂਨੀਅਨਾਂ ਅਤੇ ਕਾਰਪੋਰੇਟ ਘਰਾਣਿਆਂ ਵੱਲੋਂ ਰਾਜਨੀਤੀ ਵਿੱਚ ਕੀਤੇ ਜਾਂਦੇ ਨਿਵੇਸ਼ 'ਤੇ ਨੱਥ ਪਾਉਣ ਤੋਂ ਬਾਅਦ, ਰਾਜਨੀਤਕ ਐਕਸ਼ਨ ਕਮੇਟੀਆਂ (ਪੀਏਸੀ) ਅਤੇ ਹੋਰ ਧਿਰਾਂ ਵਲੋਂ ਅਸਿੱਧੇ ਢੰਗ ਨਾਲ ਕੀਤੇ ਜਾਂਦੇ ਨਿਵੇਸ਼ ਨੂੰ ਰੋਕਣ ਲਈ ਬਿਲ 32 ਪੇਸ਼ ਕੀਤਾ ਗਿਆ ਹੈ।

ਇਸ ਬਿਲ ਦਾ ਅਸਲ ਮਕਸਦ ਉਸ ਪੈਸੇ (ਡਾਰਕ ਮਨੀ) 'ਤੇ ਕਾਬੂ ਪਾਉਣਾ ਹੈ ਜਿਹੜਾ ਨਾ ਤਾਂ ਰਾਜਨੀਤਿਕ ਪਾਰਟੀਆਂ ਵੱਲੋਂ ਇਕੱਠਾ ਕੀਤਾ ਤੇ ਖਰਚਿਆ ਜਾਂਦਾ ਹੈ ਤੇ ਨਾ ਹੀ ਰਾਜਨੀਤੀਵਾਨਾਂ ਵੱਲੋਂ ਵਰਤਿਆ ਜਾਂਦਾ ਹੈ। ਇਹ ਪੈਸਾ ਰਾਜਨੀਤਿਕ ਐਕਸ਼ਨ ਕਮੇਟੀ (ਪੀਏਸੀ) ਵੱਲੋਂ ਜਾਂ ਹੋਰ ਧਿਰਾਂ ਵੱਲੋਂ ਪ੍ਰਚਾਰ ਦੇ ਨਾਮ 'ਤੇ ਇਕੱਠਾ ਕੀਤਾ ਜਾਂਦਾ ਹੈ। ਰਾਜਨੀਤਿਕ ਐਕਸ਼ਨ ਕਮੇਟੀਆਂ ਆਪਣੀਆਂ ਚਹੇਤੀਆਂ ਪਾਰਟੀਆਂ ਅਤੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ, ਓਪੀਨੀਅਨ ਪੋਲ ਅਤੇ ਰਾਜਨੀਤਿਕ ਰਿਸਰਚ ਦੇ ਨਾਂ 'ਤੇ ਬਹੁਤ ਜ਼ਿਆਦਾ ਧਨ ਇਕੱਠਾ ਕਰਦੀਆਂ ਹਨ ਤੇ ਫਿਰ ਇਸਦੀ ਵਰਤੋਂ ਮਨ ਮਰਜ਼ੀ ਮੁਤਾਬਿਕ ਕਰਦੀਆਂ ਹਨ।

ਪੀਏਸੀ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਯੂਨਾਈਟਡ ਕੰਜ਼ਰਵੇਟਿਵ ਪਾਰਟੀ ਦੇ ਆਗੂ ਜੇਸ਼ਨ ਕੈਨੀ ਦੀ ਪ੍ਰਚਾਰ ਮੁਹਿੰਮ ਵਿੱਚ ਪੀਏਸੀ ਯੂਨਾਈਟਡ ਅਲਬਰਟਾ ਵੱਲੋਂ ਪੰਜ ਲੱਖ ਡਾਲਰ ਇਕੱਠੇ ਕੀਤੇ ਗਏ ਸਨ। ਇਸੇ ਤਰ੍ਹਾਂ ਸਾਰੀਆਂ ਰਾਜਨੀਤਿਕ ਪਾਰਟੀਆਂ ਕੋਲ ਰਾਜਨੀਤਿਕ ਐਕਸ਼ਨ ਕਮੇਟੀਆਂ ਹਨ ਜੋ ਪਾਰਟੀਆਂ ਅਤੇ ਉਮੀਦਵਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਕਰਦੀਆਂ ਹਨ। ਨਵੇਂ ਬਣ ਰਹੇ ਕਾਨੂੰਨ ਮੁਤਾਬਿਕ ਚੋਣ ਸਮਾਂ ਸ਼ੁਰੂ ਹੋਣ ਦੇ ਤਿੰਨ ਮਹੀਨਿਆਂ ਵਿੱਚ ਪੀਏਸੀ ਵੱਧ ਤੋਂ ਵੱਧ ਡੇਢ ਲੱਖ ਡਾਲਰ ਹੀ ਖਰਚ ਕਰ ਸਕੇਗੀ। ਇਸ ਤੋਂ ਇਲਾਵਾ ਮੈਂਬਰਸ਼ਿਪ ਨਹੀਂ ਵੇਚ ਸਕੇਗੀ ਤੇ ਨਾ ਹੀ ਰਾਜਨੀਤਿਕ ਪਾਰਟੀਆਂ ਅਤੇ ਪੀਏਸੀ ਚੋਰੀ ਛਿਪੇ ਕੀਤੇ ਸਮਝੌਤਿਆਂ ਨੂੰ ਅੰਜ਼ਾਮ ਦੇ ਸਕਣਗੀਆਂ। ਇਸ ਕਾਨੂੰਨ ਰਾਹੀਂ ਉਹਨਾਂ ਗਰੁੱਪਾਂ ਨੂੰ ਵੀ ਨੱਥੀ ਪਾਈ ਜਾਵੇਗੀ ਜਿਹੜੇ ਪੈਸੇ ਦੇ ਦਮ 'ਤੇ ਰਾਜਨੀਤਿਕ ਅਸਤੁੰਲਨ ਪੈਦਾ ਕਰਦੇ ਹਨ। ਇਸਦੇ ਨਾਲ ਹੀ ਬਿਲ ਵਿੱਚ ਚੋਣ ਕਮਿਸ਼ਨਰ ਦੇ ਅਹੁਦੇ ਦਾ ਵੀ ਸੁਝਾਅ ਦਿੱਤਾ ਗਿਆ ਹੈ।

ਰਾਜਨੀਤਿਕ ਪਾਰਟੀਆਂ ਨੇ ਇਸ ਬਾਰੇ ਵੱਖੋ-ਵੱਖ ਪ੍ਰਤੀਕਿਰਿਆ ਪੇਸ਼ ਕੀਤੀ ਹੈ। ਯੂਨਾਈਟਡ ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਬਿਲ 32 ਦੀ ਪੜਚੋਲ ਕਰਨਾ ਸਮੇਂ ਦੀ ਲੋੜ ਹੈ ਜਦੋਂਕਿ ਲਿਬਰਲਾਂ ਦਾ ਕਹਿਣਾ ਹੈ ਕਿ ਐਨਡੀਪੀ ਵੱਲੋਂ ਪੇਸ਼ ਕੀਤੇ ਗਏ ਬਿਲ ਵਿੱਚ ਬਹੁਤ ਖਾਮੀਆਂ ਹਨ।

## ਨਵੀਂ ਰਾਸ਼ਟਰੀ ਹਾਊਸਿੰਗ ਰਣਨੀਤੀ

# ਸਿਆਸੀ ਆਗੂ ਉਤਸ਼ਾਹਿਤ, ਲੋਕ ਨਿਰਾਸ਼

**ਐਡਮਿੰਟਨ (ਨਦਬ)** : ਕਨੇਡਾ ਵਿੱਚ ਲਗਾਤਾਰ ਬੇਘਰਿਆਂ ਦੀ ਗਿਣਤੀ ਵੱਧ ਰਹੀ ਹੈ ਅਤੇ ਇਹ ਸਮੱਸਿਆ ਦਿਨ ਪ੍ਰਤੀ ਦਿਨ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਫੈਡਰਲ ਸਰਕਾਰ ਵੱਲੋਂ ਰਾਸ਼ਟਰੀ ਹਾਊਸਿੰਗ ਰਣਨੀਤੀ ਦਾ ਐਲਾਨ ਕੀਤਾ ਗਿਆ ਹੈ। ਜਿਸਨੂੰ ਲੈ ਕੇ ਰਾਜਨੀਤਿਕ ਆਗੂਆਂ ਵੱਲੋਂ ਵਧਾ ਚੜ੍ਹਾ ਕੇ ਗੱਲਾਂ ਕੀਤੀਆਂ ਜਾ ਰਹੀਆਂ ਹਨ ਪਰ ਲੋਕਾਂ ਵੱਲੋਂ ਉਸ ਤਰ੍ਹਾਂ ਦਾ ਉਤਸ਼ਾਹ ਨਹੀਂ ਦਿਖਾਇਆ ਜਾ ਰਿਹਾ।

ਨਵੀਂ ਹਾਊਸਿੰਗ ਰਣਨੀਤੀ ਤਹਿਤ ਹਾਊਸਿੰਗ ਕੌਅਪਰੇਟਿਵ ਨਾਲ ਖਤਮ ਹੋ ਚੁੱਕੇ ਸਮਝੌਤਿਆਂ ਨੂੰ ਫਿਰ ਤੋਂ ਪੁਨਰ ਸੁਰਜੀਤ ਕੀਤਾ ਜਾਵੇਗਾ। ਇਸ ਸਬੰਧੀ ਗੱਲਬਾਤ ਕਰਦਿਆਂ ਰੋਡਜ਼ ਹਾਊਸਿੰਗ ਕੌਅਪਰੇਟਿਵ ਦੇ ਮੈਂਬਰ ਮੈਕ ਵੈਨ ਬ੍ਰੂਮ ਨੇ ਕਿਹਾ ਕਿ ਅਸੀਂ ਇਹ ਸਭ ਤੁਰੰਤ ਕਰਨਾ ਚਾਹੁੰਦੇ ਹਾਂ ਹਾਲਾਂਕਿ ਅਸੀਂ ਇਹ ਜਾਣਦੇ ਹਾਂ ਲਗਾਤਾਰ ਮੈਂਬਰਾਂ ਨੂੰ ਸੇਵਾਵਾਂ ਪ੍ਰਦਾਨ ਕਰਨਾ ਕੌਅਪਰੇਟਿਵਾਂ ਲਈ ਵੀ ਬਹੁਤ ਮੁਸ਼ਕਿਲ ਹੈ। ਇਸ ਮਾਮਲੇ ਵਿੱਚ ਇੰਨਫਰਾਸਟਰੱਕਚਰ ਅਤੇ ਕਮਿਊਨਿਟੀ ਮੰਤਰੀ, ਅਮਰਜੀਤ ਸੋਹੀ ਦਾ ਕਹਿਣਾ ਹੈ ਕਿ ਉਮੀਦ ਹੈ ਇਸ ਨਵੀਂ ਨੀਤੀ ਤਹਿਤ ਹਾਊਸਿੰਗ ਦੇ ਖੇਤਰ ਵਿੱਚ 40 ਬਿਲੀਅਨ ਦਾ ਨਿਵੇਸ਼ ਹੋਵੇਗਾ। ਇਸ ਨੀਤੀ ਦਾ ਮੁੱਖ ਮਕਸਦ ਸਾਰਿਆਂ ਨੂੰ ਘਰ ਉਪਲਬਧ ਕਰਵਾਉਣਾ ਹੈ। ਇਸ ਨੀਤੀ ਤਹਿਤ 25 ਪ੍ਰਤੀਸ਼ਤ ਫੰਡ ਔਰਤਾਂ, ਕੁੜੀਆਂ ਜਾਂ ਉਹਨਾਂ ਦੇ ਪਰਿਵਾਰਾਂ ਲਈ ਯਕੀਨੀ ਤੌਰ 'ਤੇ ਮੁੱਹਈਆ ਕਰਵਾਇਆ ਜਾਵੇਗਾ।

ਇਸ ਪ੍ਰਾਜੈਕਟ ਨਾਲ ਸੰਬੰਧਤ ਧਿਰਾਂ ਦਾ ਕਹਿਣਾ ਹੈ ਕਿ ਫੈਡਰਲ ਨੂੰ ਹੁਣ ਨਾਲੋਂ ਚਾਰ ਗੁਣਾ ਜ਼ਿਆਦਾ ਹਾਊਸਿੰਗ ਯੂਨਿਟਾਂ ਦੀ ਜਰੂਰਤ ਹੈ ਤੇ ਤਿੰਨ ਗੁਣਾ ਜ਼ਿਆਦਾ ਮੁਰੰਮਤ ਕਰਨੀ ਹੋਵੇਗੀ। ਇਹ ਫੰਡ ਅਗਲੇ 10 ਸਾਲਾਂ ਵਿੱਚ ਮੁਹਈਆ ਹੋਣਗੇ ਅਤੇ ਇਸ ਵਿੱਚੋਂ ਬਹੁਤੇ ਫੰਡ 2019 ਤੋਂ ਬਾਅਦ ਹੀ ਉਪਲਭਦ ਹੋਣ ਸਕਣਗੇ।



New Location of K.P. ACCOUNTING & TAX SERVICES
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34


Kapil Sharma

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਸੰਪਾਦਕੀ

## ਨੇਪਾਲ 'ਚ ਸੁਰਖ਼ ਪਰਚਮ

ਨੇਪਾਲ ਵਿਚ ਲਾਲ ਪਰਚਮ ਦੀ ਜਿੱਤ ਨੇ ਆਮ ਨੇਪਾਲੀਆਂ ਦੇ ਚਿਹਰੇ ਖਿੜਾ ਦਿੱਤੇ ਹਨ। ਸਾਬਕਾ ਪ੍ਰਧਾਨ ਮੰਤਰੀ ਕੇ.ਪੀ. ਓਲੀ ਦੀ ਅਗਵਾਈ ਵਾਲੀ ਸੀ.ਪੀ.ਐਨ-ਯੂ.ਐਮ.ਐਲ. ਅਤੇ ਸਾਬਕਾ ਪ੍ਰਧਾਨ ਮੰਤਰੀ ਪ੍ਰਚੰਡ ਦੀ ਅਗਵਾਈ ਵਾਲੀ ਸੀ.ਪੀ.ਐਨ.-ਮਾਓਵਾਦੀ ਦੇ ਗਠਜੋੜ ਨੇ ਸੱਤਾਧਾਰੀ ਨੇਪਾਲੀ ਕਾਂਗਰਸ ਨੂੰ ਜ਼ਬਰਦਸਤ ਮਾਤ ਦਿੱਤੀ ਹੈ।

ਨੇਪਾਲ ਵਿਚ ਰਜਵਾੜਾਸ਼ਾਹੀ ਦਾ ਭਾਵੇਂ 2006 ਵਿਚ ਅੰਤ ਹੋ ਗਿਆ ਸੀ ਪਰ ਸਿਆਸੀ ਅਸਥਿਰਤਾ ਤੇ ਆਰਥਕ ਖੜੌਤ ਨੇ ਮੁਲਕ ਬੁਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ ਹੈ। ਪਿਛਲੇ 11 ਵਰ੍ਹਿਆਂ ਦੌਰਾਨ ਹੀ ਇਸ ਮੁਲਕ ਨੇ 10 ਪ੍ਰਧਾਨ ਮੰਤਰੀ ਦੇਖ ਲਏ ਹਨ। ਕਈ ਸਰਕਾਰਾਂ ਬਣੀਆਂ, ਡਿੱਗੀਆਂ, ਕਈ ਪ੍ਰਧਾਨ ਮੰਤਰੀ ਆਏ ਪਰ ਕੋਈ ਵੀ ਆਪਣਾ ਕਾਰਜਕਾਲ ਪੂਰਾ ਨਾ ਕਰ ਸਕਿਆ। ਪਰ ਹੁਣ ਨਵਾਂ ਸੰਵਿਧਾਨ ਬਣਨ ਮਗਰੋਂ ਪਹਿਲੀ ਵਾਰ ਹੋਈਆਂ ਚੋਣਾਂ ਵਿਚ ਲੋਕਾਂ ਨੂੰ ਸਥਿਰ ਸਰਕਾਰ ਕਾਇਮ ਹੋਣ ਦੇ ਨਾਲ-ਨਾਲ ਮੁਲਕ ਦੇ ਹਾਲਾਤ ਬਦਲਣ ਦੀ ਉਮੀਦ ਵੀ ਜਾਗੀ ਹੈ, ਤੇ ਸ਼ਾਇਦ ਇਸੇ ਲਈ ਉਨ੍ਹਾਂ ਨੇ ਸਥਿਰਤਾ ਦਾ ਭਰੋਸਾ ਦੇਣ ਵਾਲੀਆਂ ਖੱਬੀਆਂ ਧਿਰਾਂ ਦਾ ਸਾਥ ਦਿੱਤਾ ਹੈ। ਜਦਕਿ ਨੇਪਾਲੀ ਕਾਂਗਰਸ ਤੀਸਰੇ ਸਥਾਨ 'ਤੇ ਲੁੜਕ ਗਈ ਹੈ। ਇਸ ਤੋਂ ਇਲਾਵਾ ਮਧੇਸੀ ਪਾਰਟੀਆਂ ਰਾਸ਼ਟਰੀ ਜਨ ਪਾਰਟੀ ਨੇਪਾਲ ਤੇ ਫੈਡਰਲ ਸੋਸ਼ਲਿਸਟ ਫੋਰਮ ਨੇਪਾਲ ਨੇ ਵੀ ਕੁਝ ਸੀਟਾਂ ਹਾਸਲ ਕੀਤੀਆਂ ਹਨ।

ਨੇਪਾਲ ਦੀ ਸਭਿਆਚਾਰਕ-ਭੂਗੋਲਿਕ ਸਥਿਤੀ ਇਸ ਦੀ ਸਿਆਸਤ ਨੂੰ ਅਸਰਅੰਦਾਜ਼ ਕਰਦੀ ਆਈ ਹੈ। ਹਿਮਾਲਿਆ ਤੇ ਤਰਾਈ ਹਿੱਸਿਆਂ ਵਿਚ ਵੰਡੇ ਨੇਪਾਲ ਲਈ ਇਕਜੁਟ ਹੋਣਾ ਆਸਾਨ ਨਹੀਂ ਹੈ। ਪਰ ਸੰਵਿਧਾਨਕ ਸੋਧ ਮਗਰੋਂ ਹੋਈਆਂ ਵਿਧਾਨ ਸਭਾ ਤੇ ਸੂਬਾਈ ਚੋਣਾਂ ਲੋਕ ਜਮਹੂਰੀਅਤ ਦੀ ਹਾਮੀ ਭਰ ਰਹੀਆਂ ਹਨ। ਇਹ ਚੋਣਾਂ ਇਸ ਕਰਕੇ ਵੀ ਅਹਿਮ ਹਨ ਕਿਉਂਕਿ ਇਕੋ ਵੇਲੇ ਕੇਂਦਰ ਤੇ ਸੂਬਿਆਂ ਵਿਚ ਨਵੀਆਂ ਸਰਕਾਰਾਂ ਹੋਂਦ ਵਿਚ ਆਉਣਗੀਆਂ। ਲੋਕਾਂ ਦਾ ਖੱਬੀਆਂ ਧਿਰਾਂ 'ਤੇ ਭਰੋਸਾ ਕਰਨ ਦਾ ਵੱਡਾ ਕਾਰਨ ਜਿੱਥੇ ਸਿਆਸੀ ਤੇ ਆਰਥਕ ਅਸਥਿਰਤਾ ਰਿਹਾ ਹੈ, ਉਥੇ ਪ੍ਰਚੰਡ ਦੇ ਪੁੱਤਰ ਪ੍ਰਕਾਸ਼ ਦੀ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੋਈ ਅਚਨਚੇਤੀ ਮੌਤ ਕਾਰਨ ਹਮਦਰਦੀ ਮਿਲਣਾ ਵੀ ਇਕ ਕਾਰਨ ਮੰਨਿਆ ਜਾ ਰਿਹਾ ਹੈ।

ਉਦਾਰਵਾਦੀ ਕਮਿਊਨਿਸਟਾਂ ਅਤੇ ਸਾਬਕਾ ਮਾਓਵਾਦੀ ਬਾਗ਼ੀਆਂ ਵਿਚਾਲੇ ਜਦੋਂ ਸੀਟਾਂ ਨੂੰ ਲੈ ਕੇ ਗੱਲ ਟੁੱਟਦੀ ਨਜ਼ਰ ਆ ਰਹੀ ਸੀ, ਉਦੋਂ ਪ੍ਰਕਾਸ਼ ਨੇ ਹੀ ਦੋਹਾਂ ਧਿਰਾਂ ਵਿਚਾਲੇ ਗਠਜੋੜ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਸੀਟਾਂ ਦੀ ਵੰਡ ਵੀ ਉਸੇ ਦੇ ਕਹਿਣ ਮੁਤਾਬਕ ਹੋਈ ਸੀ। ਜਮਹੂਰੀਅਤ ਦੀ ਭਾਵੇਂ ਜਿੱਤ ਹੋਈ ਹੈ ਪਰ ਦੋਹਾਂ ਧਿਰਾਂ ਲਈ ਆਉਣ ਵਾਲੇ ਸਮੇਂ ਵਿਚ ਤਾਲਮੇਲ ਬਿਠਾਏ ਰੱਖਣਾ ਵੱਡੀ ਚੁਣੌਤੀ ਰਹੇਗੀ। ਚੋਣਾਂ ਵਿਚ ਜਿੱਤ ਹਾਸਲ ਕਰਨ ਨਾਲੋਂ ਖੱਬੀਆਂ ਧਿਰਾਂ ਲਈ ਇਸ ਜਿੱਤ ਨੂੰ ਕਾਇਮ ਰੱਖਣਾ ਬੇਹੱਦ ਚੁਣੌਤੀ ਭਰਿਆ ਕਾਰਜ ਹੈ।

ਇਕ ਪਾਸੇ ਨੇਪਾਲ ਨੂੰ ਅੰਦਰੂਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਏਗਾ, ਦੂਜੇ ਪਾਸੇ ਗਵਾਂਢੀ ਮੁਲਕ ਚੀਨ ਤੇ ਭਾਰਤ ਨਾਲ ਵੀ ਉਸ ਦੇ ਸਮੀਕਰਨ ਬਦਲਦੇ ਦਿਖਾਈ ਦੇ ਰਹੇ ਹਨ। ਕਿਉਂਕਿ ਨੇਪਾਲ ਦੀ ਪਹੁੰਚ ਕਿਸੇ ਸਮੁੰਦਰ ਤੱਕ ਨਹੀਂ ਹੈ, ਇਸ ਲਈ ਨੇਪਾਲ ਆਪਣੇ ਦੁਵੱਲੇ ਤੇ ਵਿਸ਼ਵੀ ਵਪਾਰ ਲਈ ਭਾਰਤ 'ਤੇ ਨਿਰਭਰ ਰਿਹਾ ਹੈ। ਪਰ ਜਦੋਂ ਭਾਰਤ ਨੇ ਨੇਪਾਲ ਵਿਚ ਆਰਥਕ ਨਾਕਾਬੰਦੀ ਲਾਗੂ ਕੀਤੀ, ਉਦੋਂ ਤੋਂ ਹੀ ਇਨ੍ਹਾਂ ਦਾ ਰਿਸ਼ਤਾ ਫਿੱਕਾ ਪੈ ਗਿਆ। ਜਦੋਂ ਓਲੀ ਦੀ ਅਗਵਾਈ ਵਾਲੀ ਸਰਕਾਰ ਨੇ 2015 ਵਿਚ ਸੰਵਿਧਾਨਕ ਸੋਧ ਦਾ ਪ੍ਰਸਤਾਵ ਰੱਖਿਆ ਸੀ, ਤਾਂ ਭਾਰਤੀ ਮੂਲ ਦੇ ਮਧੇਸੀ ਆਗੂਆਂ ਨੇ ਕਈ ਮਹੀਨਿਆਂ ਤੱਕ ਸਖ਼ਤ ਵਿਰੋਧ ਪ੍ਰਗਟਾਇਆ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਉਨ੍ਹਾਂ ਨਾਲ ਭੇਦਭਾਵ ਹੋ ਰਿਹਾ ਹੈ। ਬਾਅਦ ਵਿਚ ਭਾਰਤ ਨੇ ਨੇਪਾਲ ਨੂੰ ਭੇਜਣ ਵਾਲੀ ਸਾਰੀ ਆਰਥਕ ਮਦਦ ਰੋਕ ਦਿੱਤੀ, ਜਿਸ ਦੇ ਚਲਦਿਆਂ ਨੇਪਾਲ ਦੀ ਹਾਲਤ ਖ਼ਰਾਬ ਹੋ ਗਈ। ਮਜਬੂਰਨ ਨੇਪਾਲ ਨੂੰ ਚੀਨ ਦਾ ਸਹਿਯੋਗ ਲੈਣਾ ਪਿਆ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਵੇਂ ਦੋ ਵਾਰ ਨੇਪਾਲ ਜਾ ਆਏ ਹਨ ਪਰ ਉਨ੍ਹਾਂ ਦੇ ਦੌਰੇ ਕਿਸੇ ਠੋਸ ਵਿਦੇਸ਼ ਨੀਤੀ ਦੀ ਬਜਾਏ ਸੈਰ-ਸਪਾਟੇ ਹੀ ਸਮਝੇ ਜਾਂਦੇ ਹਨ। ਜੇਕਰ ਕੇ.ਪੀ. ਓਲੀ ਨੇਪਾਲ ਦੇ ਅਗਲੇ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਦੋਹਾਂ ਮੁਲਕਾਂ ਵਿਚਾਲੇ ਸਬੰਧਾਂ 'ਚ ਸੁਧਾਰ ਦੀ ਸੰਭਾਵਨਾ ਘੱਟ ਹੈ ਕਿਉਂਕਿ ਓਲੀ ਦਾ ਝੁਕਾਅ ਚੀਨ ਪ੍ਰਤੀ ਵਧੇਰੇ ਹੈ। ਚੀਨ ਵਿਚ ਵੀ ਕਮਿਊਨਿਸਟ ਪਾਰਟੀ ਦੀ ਸਰਕਾਰ ਹੈ ਜਦਕਿ ਭਾਰਤ ਵਿਚ ਮੋਦੀ ਦੀ ਅਗਵਾਈ ਵਾਲੀ 'ਹਿੰਦੂਤਵੀ, ਅਖੌਤੀ ਰਾਸ਼ਟਰਵਾਦੀ' ਸਰਕਾਰ ਹੈ। ਮੁਸੀਬਤ ਵੇਲੇ ਜਦੋਂ ਭਾਰਤ ਨੇ ਨੇਪਾਲ ਦਾ ਸਾਥ ਛੱਡਿਆ ਸੀ ਤਾਂ ਚੀਨ ਨੇ ਹੀ ਨੇਪਾਲ ਦਾ ਹੱਥ ਫੜਿਆ ਸੀ। ਚੀਨ ਨੇ ਨੇਪਾਲ ਵਿਚ ਭਾਰੀ ਨਿਵੇਸ਼ ਵੀ ਕੀਤਾ, ਜਿਸ ਦੀ ਵਰਤੋਂ ਬੁਨਿਆਦੀ ਵਿਕਾਸ ਵਿਚ ਹੋ ਰਹੀ ਹੈ।

ਨੇਪਾਲੀਆਂ ਨੇ ਆਪਣੀਆਂ ਔਕੜਾਂ ਤੋਂ ਪਾਰ ਲੰਘਣ ਲਈ ਖੱਬੀਆਂ ਧਿਰਾਂ ਵਿਚ ਭਰੋਸਾ ਜ਼ਾਹਰ ਕੀਤਾ ਹੈ ਤੇ ਹੁਣ ਇਸ ਭਰੋਸੇ ਨੂੰ ਕਾਇਮ ਰੱਖਣ ਤੇ ਰਾਸ਼ਟਰਹਿਤ ਨੂੰ ਤਰਜੀਹ ਦੇਣ ਦੀ ਜ਼ੁੰਮੇਵਾਰੀ ਖੱਬੀਆਂ ਧਿਰਾਂ ਉਪਰ ਹੀ ਹੈ।

# ਘੱਟ ਗਿਣਤੀਆਂ ਦੀ ਸੁਰੱਖਿਆ ਲਈ ਸਹੀ ਪੈਂਤੜਾ

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਆਮ ਲੋਕਾਂ ਨੂੰ ਰਾਜਨੀਤਕ ਤੇ ਵਿਚਾਰਧਾਰਕ ਤੌਰ 'ਤੇ ਚੇਤਨ ਕਰਕੇ ਆਜ਼ਾਦੀ, ਬਰਾਬਰੀ ਤੇ ਜਮਹੂਰੀ ਲੀਹਾਂ 'ਤੇ ਅਧਾਰਤ ਸਮਾਜ ਸਿਰਜਣ ਲਈ ਸੰਘਰਸ਼ਸ਼ੀਲ ਸ਼ਕਤੀਆਂ ਨਾਲੋਂ ਕਿਤੇ ਜ਼ਿਆਦਾ ਉਹ ਲੋਕ ਤੇ ਸੰਸਥਾਵਾਂ ਸਰਗਰਮ ਹਨ, ਜੋ ਜਨ ਸਧਾਰਣ ਨੂੰ ਫਿਰਕੂ, ਪਿਛਾਖੜੀ ਤੇ ਕਿਸਮਤਵਾਦੀ ਫਲਸਫੇ ਨਾਲ ਮੰਤਰ ਮੁਗਧ ਕਰਕੇ ਵਧੇਰੇ ਮਾਯੂਸ, ਨਿਕੰਮੇ, ਨਿਸ਼ਕਿਰਿਆ ਅਤੇ ਉਪਰਾਮ ਬਣਾਉਣਾ ਚਾਹੁੰਦੀਆਂ ਹਨ। ਅਜਿਹੇ ਸੱਜਣ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਇਸ ਢੰਗ ਨਾਲ ਕਰਦੇ ਹਨ, ਜਿਸ ਨਾਲ ਸਮਾਜਕ ਵਿਕਾਸ ਲਈ ਮਾਨਵੀ ਏਕਤਾ ਅਤੇ ਸੰਘਰਸ਼ ਦੀਆਂ ਭਾਵਨਾਵਾਂ ਉਗਮਣ ਦੀ ਥਾਂ ਸਥਿਤੀ ਜਿਓਂ ਦੀ ਤਿਓਂ ਕਾਇਮ ਰਹੇ, ਤਾਂ ਕਿ ਮਨੁੱਖ ਹੱਥੋਂ ਮਨੁੱਖ ਦੀ ਆਰਥਿਕ ਲੁੱਟ-ਖਸੁੱਟ ਤੇ ਸਮਾਜਕ ਜਬਰ ਦੇ ਖ਼ਾਤਮੇ ਦਾ ਸੰਕਲਪ ਧੁੰਦਲਾ ਬਣਿਆ ਰਹੇ। ਮਨੁੱਖੀ ਇਤਿਹਾਸ ਨੂੰ ਪੜ੍ਹਿਆ ਤੇ ਸਮਝਿਆ ਜਾ ਸਕਦਾ ਹੈ, ਤਾਂ ਕਿ ਜੋ ਚੰਗਾ ਤੇ ਵਿਕਾਸਮੁਖੀ ਰਿਹਾ, ਉਸ ਤੋਂ ਸਿੱਖਿਆ ਪ੍ਰਾਪਤ ਕੀਤੀ ਜਾਵੇ ਅਤੇ ਜੋ ਗਲਤ ਤੇ ਤਰਕਹੀਣ ਵਾਪਰਿਆ, ਉਸ ਨੂੰ ਪੜਚੋਲੀਆ ਨਜ਼ਰਾਂ ਨਾਲ ਘੋਖਿਆ ਜਾਵੇ ਤਾਂ ਕਿ ਬੀਤੇ ਦੀਆਂ ਗਲਤੀਆਂ ਨੂੰ ਮੁੜ ਵਾਪਰਨ ਤੋਂ ਸੁਚੇਤ ਰਿਹਾ ਜਾ ਸਕੇ। ਅਜਿਹਾ ਸਮਾਜ ਦੇ ਉਜਲੇ ਭਵਿੱਖ ਲਈ ਅੱਗੇ ਵੱਧਣ ਵਾਸਤੇ ਸਹਾਈ ਸਿੱਧ ਹੋਵੇਗਾ। ਪ੍ਰੰਤੂ ਸਵਾਰਥੀ ਹਿੱਤਾਂ ਤੋਂ ਪ੍ਰੇਰਤ ਲੋਕ ਅਜਿਹੀ ਵਿਧੀ ਅਪਣਾਉਣ ਦੀ ਥਾਂ ਹਰ ਘਟਨਾ ਨੂੰ ਸੰਦਰਭ ਤੋਂ ਅਲੱਗ ਕਰਕੇ ਅੰਤਰਮੁਖੀ ਹੋ ਕੇ ਇਕ ਆਜ਼ਾਦ ਵਰਤਾਰੇ ਦੇ ਰੂਪ ਵਿਚ ਹੀ ਦੇਖਦੇ ਹਨ। ਅੱਧਾ ਤੇ ਊਣਾ ਸੱਚ ਬਹੁਤ ਹੀ ਖ਼ਤਰਨਾਕ ਤੇ ਨੁਕਸਾਨਦੇਹ ਹੁੰਦਾ ਹੈ।

ਸਾਰੇ ਹੀ ਵਿਵੇਕਸ਼ੀਲ ਲੋਕਾਂ ਵਲੋਂ ਨਵੰਬਰ 1984 ਦੌਰਾਨ ਦਿੱਲੀ ਵਿਚ ਸਿੱਖਾਂ ਦੇ ਹੋਏ ਕਤਲੇਆਮ ਨੂੰ ਹਰ ਵਰ੍ਹੇ ਦਰਦ ਦੇ ਗੁੱਸੇ ਨਾਲ ਯਾਦ ਕੀਤਾ ਜਾਂਦਾ ਹੈ। ਇਹ ਚੀਸ ਹੋਰ ਵੀ ਅਸਹਿ ਬਣ ਜਾਂਦੀ ਹੈ, ਜਦੋਂ ਦੋਸ਼ੀਆਂ ਨੂੰ ਅਜੇ ਤੱਕ ਕੋਈ ਢੁਕਵੀਂ ਸਜ਼ਾ ਨਾ ਮਿਲਣ ਦਾ ਦੁਖਾਂਤ ਸਾਹਮਣੇ ਆਉਂਦਾ ਹੈ। ਬਿਨਾਂ ਸ਼ੱਕ ਵਾਪਰਿਆ ਇਹ ਕਹਿਰ ਭਾਰਤੀ ਇਤਿਹਾਸ ਦਾ ਇਕ ਕਾਲਾ ਅਧਿਆਏ ਹੈ, ਜਿਸਦਾ ਸੰਤਾਪ ਦਿੱਲੀ ਦੰਗਿਆਂ ਵਿਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰ, ਰਿਸ਼ਤੇਦਾਰ ਤੇ ਸਨੇਹੀ ਅਜੇ ਤੱਕ ਝੇਲ ਰਹੇ ਹਨ। ਜੇਕਰ ਸਮੇਂ ਦੀਆਂ ਸਰਕਾਰਾਂ ਨੇਕ ਇਰਾਦੇ ਨਾਲ ਸਮੇਂ ਸਿਰ ਲੋੜੀਂਦੇ ਅਸਰਦਾਇਕ ਕਦਮ ਪੁਟ ਲੈਂਦੀਆਂ, ਤਦ ਇਸ ਦੁਖਾਂਤ ਨੂੰ ਰੋਕਿਆ ਜਾ ਸਕਦਾ ਸੀ। ਪ੍ਰੰਤੂ ਇਹ ਗਲ ਵੀ ਬਹੁਤ ਦੁਖਦਾਈ ਹੈ ਕਿ ਇਹ ਮੰਦਭਾਗੀ ਘਟਨਾ ਬਹੁਤ ਸਾਰੇ ਰਾਜਨੀਤਕ ਦਲਾਂ, ਰਾਜਸੀ ਆਗੂਆਂ ਤੇ ਇਕ ਪਾਸੜ ਸੌੜੀ ਸੋਚ ਵਾਲੇ ਬੁੱਧੀਜੀਵੀਆਂ ਲਈ ਆਪਣਾ ਉਲੂ ਸਿੱਧਾ ਕਰਨ ਅਤੇ ਰਾਜਸੀ ਖੱਟੀ ਖੱਟਣ ਦਾ ਹਥਿਆਰ ਮਾਤਰ ਬਣ ਗਈ ਹੈ। 33 ਸਾਲਾਂ ਦੇ ਸਮੇਂ ਦੌਰਾਨ ਜਿਹੜੇ ਰਾਜਸੀ ਦਲ ਭਾਰਤ ਦੀ ਕੇਂਦਰੀ ਤੇ ਵੱਖ-ਵੱਖ ਪ੍ਰਾਂਤਾਂ ਦੀਆਂ ਸੂਬਾਈ ਸਰਕਾਰਾਂ ਦੇ ਚਾਲਕ ਰਹੇ ਹਨ ਤੇ ਜਿਨ੍ਹਾਂ ਨੇ ਆਪਣੇ ਕਾਰਜਕਾਲ ਦੁਰਾਨ 1984 ਵਿਚ ਦਿੱਲੀ ਦੀਆਂ ਸੜਕਾਂ ਉਪਰ ਖੇਡੀ ਗਈ ਖ਼ੂਨ ਦੀ ਹੋਲੀ ਦੇ ਸੂਤਰਧਾਰਾਂ ਨੂੰ ਢੁਕਵੀਆਂ ਸਜ਼ਾਵਾਂ ਦਿਵਾਉਣ ਤੇ ਪੀੜਤਾਂ ਨੂੰ ਵਾਜਿਬ ਸਹਾਇਤਾ ਦੇਣ ਲਈ ਕੋਈ ਠੋਸ ਕਦਮ ਨਹੀਂ ਪੁੱਟਿਆ, ਉਹੀ ਦਲ ਸੱਤਾ ਤੋਂ ਲਾਂਭੇ ਹੋ ਕੇ ਜੇਕਰ ਦਿੱਲੀ ਦੰਗਿਆਂ ਦੇ ਪੀੜਤਾਂ ਲਈ ਹੰਝੂ ਵਹਾਉਣ ਤਾਂ ਉਨ੍ਹਾਂ ਨੂੰ ਮਗਰਮੱਛ ਦੇ ਹੰਝੂ ਹੀ ਕਿਹਾ ਜਾਣਾ ਚਾਹੀਦਾ ਹੈ।

1984 ਵਿਚ ਦਿੱਲੀ ਤੇ ਕਈ ਹੋਰਨਾਂ ਸ਼ਹਿਰਾਂ ਵਿਚ ਸਿੱਖਾਂ ਦੇ ਕਤਲੇਆਮ ਦੀਆਂ ਘਟਨਾਵਾਂ ਨੂੰ ਇਸਤੋਂ ਪਹਿਲਾਂ ਪੰਜਾਬ ਅੰਦਰ ਖਾਲਿਸਤਾਨੀ ਦਹਿਸ਼ਤਗਰਦਾਂ ਵਲੋਂ ਭਾਰਤ ਤੋਂ ਅਲੱਗ ਵੱਖਰੇ ਖਾਲਿਸਤਾਨ ਬਣਾਉਣ ਦੇ ਨਾਅਰੇ ਅਤੇ ਬੇਗੁਨਾਹ ਲੋਕਾਂ ਦੀਆਂ ਕੀਤੀਆਂ ਗਈਆਂ ਹੱਤਿਆਵਾਂ ਤੋਂ ਅਲੱਗ ਕਰਕੇ ਠੀਕ ਸਿੱਟੇ 'ਤੇ ਨਹੀਂ ਪੁੱਜਿਆ ਜਾ ਸਕਦਾ। ਦੇਸ਼ ਭਰ ਵਿਚ ਆਪਣੀ ਬਹਾਦਾਰੀ, ਲੋੜਵੰਦਾਂ ਤੇ ਗਰੀਬਾਂ ਦੀ ਰੱਖਿਆ, ਦੇਸ਼ ਭਗਤੀ ਤੇ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਚੱਲੀਆਂ ਲਹਿਰਾਂ ਵਿਚ ਸ਼ਾਨਾਮੱਤੇ ਯੋਗਦਾਨ ਪਾਉਣ ਵਾਲਾ ਸਿੱਖ ਭਾਈਚਾਰਾ, ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਆਪਣੇ ਹੀ ਅੰਗ ਰੱਖਿਅਕਾਂ ਵਲੋਂ ਕਤਲ ਕੀਤੇ ਜਾਣ ਤੋਂ ਤੁਰੰਤ ਬਾਅਦ ਨਫਰਤ ਦਾ ਪਾਤਰ ਕਿਵੇਂ ਬਣ ਗਿਆ? ਕਿਸੇ ਸਿੱਖ ਦੇ ਸੰਗ ਹੋਣ ਨਾਲ ਜਿਹੜੀਆਂ ਔਰਤਾਂ ਤੇ ਬੱਚੀਆਂ ਆਪਣੇ ਆਪ ਨੂੰ ਸੁਰੱਖਿਅਤ ਸਮਝਦੀਆਂ ਸਨ, ਉਨਾਂ ਦੇ ਮਨ ਵਿਚ ਸਮੁੱਚੇ ਸਿੱਖਾਂ ਲਈ ਇਕ ਖਾਸ ਕਿਸਮ ਦੀ ਗੁੱਸੇ ਤੇ ਰੰਜ ਦੀ ਭਾਵਨਾ ਕਿਵੇਂ ਪੈਦਾ ਹੋ ਗਈ?

ਹਾਲਾਂਕਿ ਦਿੱਲੀ ਤੇ ਕਾਨਪੁਰ ਦੀਆਂ ਸੜਕਾਂ 'ਤੇ ਮਾਰੇ ਜਾਣ ਵਾਲੇ ਸਿੱਖਾਂ ਦਾ ਪੰਜਾਬ ਦੇ ਖਾਲਿਸਤਾਨੀ ਦਹਿਸ਼ਤਗਰਦਾਂ ਨਾਲ ਕੋਈ ਸਿੱਧਾ ਸਬੰਧ ਜਾਂ ਸਰੋਕਾਰ ਨਹੀਂ ਸੀ, ਪ੍ਰੰਤੂ ਹੱਥਾਂ ਵਿਚ ਬੰਦੂਕਾਂ ਤਾਣ ਕੇ ਬੇਗੁਨਾਹਾਂ ਦਾ ਸ਼ਿਕਾਰ ਕਰਨ ਸਮੇਂ ਆਪਣੇ ਆਪ ਨੂੰ ਸਿੱਖਾਂ ਦੀ ਆਜ਼ਾਦੀ ਲਈ ਜੂਝਣ ਵਾਲੇ "ਸਿਰਲੱਥਾਂ" ਦੇ ਦਾਅਵੇਦਾਰ ਬਣਨ ਦੇ ਕੁਸੱਚ ਵੱਲ ਨੂੰ ਸਿੱਖ ਵਸੋਂ ਦੇ ਇਕ ਚੋਖੇ ਭਾਗ ਵਲੋਂ ਅਸੰਬੰਧਤਾ ਵਾਲਾ ਜਾਂ ਲੁਕਵੀਂ ਹਮਦਰਦੀ ਵਾਲਾ ਰੁਖ ਅਖਤਿਆਰ ਕਰਨਾ ਵੀ ਤਾਂ ਠੀਕ ਨਹੀਂ ਕਿਹਾ ਜਾ ਸਕਦਾ। ਜੇਕਰ ਕੋਈ ਵਿਅਕਤੀ ਪੰਜਾਬ ਵਿਚ 26 ਹਜ਼ਾਰ ਹੱਤਿਆਵਾਂ ਲਈ ਸਿਰਫ ਸਮੇਂ ਦੀ ਸਰਾਕਰ ਨੂੰ ਦੋਸ਼ੀ ਦੱਸਕੇ (ਜੋ ਇਕ ਹੱਦ ਤੱਕ ਠੀਕ ਵੀ ਹੈ) ਦਹਿਸ਼ਤ ਦਾ ਨੰਗਾ ਨਾਚ ਕਰਨ ਵਾਲੇ ਕਾਤਲਾਂ ਨੂੰ ਬਰੀ ਕਰਦਾ ਹੈ ਤਾਂ ਉਹ ਦਿੱਲੀ ਦੀਆਂ ਸੜਕਾਂ ਉਤੇ ਖ਼ੂਨ 'ਚ ਲੱਥ ਪੱਥ ਸਿੱਖਾਂ ਦੀਆਂ ਮੌਤਾਂ ਪ੍ਰਤੀ ਸੱਚੇ ਦਿਲੋਂ ਸੰਵੇਦਨਸ਼ੀਲਤਾ ਜ਼ਾਹਰ ਨਹੀਂ ਕਰ ਰਿਹਾ ਹੋਵੇਗਾ। ਤੇ ਨਾ ਹੀ ਇਸ ਦੁਖਾਂਤ ਲਈ ਜ਼ਿੰਮੇਵਾਰ ਸਾਰੇ ਕਾਰਕਾਂ ਦੀ ਠੀਕ ਨਿਸ਼ਾਨਦੇਹੀ ਕਰਕੇ ਭਵਿੱਖ ਵਿਚ ਅਜਿਹੀਆਂ ਕਾਰਵਾਈਆਂ ਮੁੜ ਵਾਪਰਨ ਤੋਂ ਰੋਕਣ ਵਿਚ ਹੀ ਸਹਾਈ ਸਿੱਧ ਹੋ ਸਕੇਗਾ।

ਕਈ ਵਾਰ ਦਿੱਲੀ ਦੰਗਿਆਂ ਦੇ ਪੀੜਤਾਂ ਲਈ ਹਮਦਰਦੀਆਂ ਪ੍ਰਗਟ ਕਰਨ ਵਾਲੇ ਵਿਅਕਤੀ ਤੇ ਸੰਗਠਨ ਇਸ ਕਤਲੇਆਮ ਦੀ ਦੋਸ਼ੀ ਹਾਕਮ ਧਿਰ ਨਾਲ ਜੋਟੀਆਂ ਪਾਈ ਖੜੇ ਵੀ ਨਜ਼ਰ ਆਉਂਦੇ ਹਨ। ਦਿੱਲੀ 'ਚ ਸਿੱਖਾਂ ਦਾ ਕਤਲੇਆਮ ਦੋ ਸਿੱਖ ਅੰਗ ਰੱਖਿਅਕਾਂ ਵਲੋਂ ਇੰਦਰਾ ਗਾਂਧੀ ਦੀ ਹੱਤਿਆ ਹੋਣ ਬਾਅਦ ਸਿੱਖਾਂ ਵਿਰੁੱਧ ਹਿੰਦੂ ਫਿਰਕਾਪ੍ਰਸਤ ਜਥੇਬੰਦੀਆਂ ਵਲੋਂ ਫਿਰਕੂ ਲੀਹਾਂ 'ਤੇ ਕੀਤਾ ਜ਼ਹਿਰੀਲਾ ਪ੍ਰਚਾਰ ਵੀ ਵੱਡੀ ਹੱਦ ਤੱਕ ਜ਼ਿੰਮੇਵਾਰ ਹੈ।

ਸੰਨ 2002 ਵਿਚ ਗੁਜਰਾਤ ਅੰਦਰ, ਜਦੋਂ ਨਰਿੰਦਰ ਮੋਦੀ ਮੁੱਖ ਮੰਤਰੀ ਸਨ, ਹੋਏ ਫਿਰਕੂ ਦੰਗਿਆਂ ਦੌਰਾਨ ਹਜ਼ਾਰਾਂ ਬੇਗੁਨਾਹ ਮੁਸਲਮਾਨਾਂ ਦੇ ਕਾਤਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹੋਣ ਦੀ ਜਗ੍ਹਾ ਅੱਜ ਸੱਤਾ ਦੇ ਗਲਿਆਰਿਆਂ ਵਿਚ ਕੱਛਾਂ ਵਜਾਈ ਫਿਰਦੇ ਨਜ਼ਰ ਆਉਂਦੇ ਹਨ। ਦਿੱਲੀ ਦੰਗਿਆਂ ਪ੍ਰਤੀ ਸੰਵੇਦਨਾ ਜ਼ਾਹਰ ਕਰਨ ਵਾਲਾ ਸੰਘ ਪਰਿਵਾਰ ਗੁਜਰਾਤ ਵਿਚ ਮੁਸਲਮਾਨਾਂ ਦੇ ਕੀਤੇ ਕਤਲਾਂ ਉਪਰ ਗਰਵ ਮਹਿਸੂਸ ਕਰਦਾ ਹੈ ਤੇ ਇਸ ਵਰਤਾਰੇ ਨੂੰ ਦੇਸ਼ ਪੱਧਰ ਉਪਰ ਫੈਲਾਉਣ ਦਾ ਯਤਨ ਕਰ ਰਿਹਾ ਹੈ। ਇਸ ਤੱਥ ਦੇ ਬਾਵਜੂਦ ਗੁਜਰਾਤ ਦੰਗਿਆਂ ਦੀ ਰੌਸ਼ਨੀ ਵਿਚ ਬਦਲੇ ਦੀ ਭਾਵਨਾ ਤਹਿਤ ਕੁਝ ਕੱਟੜਪੰਥੀ ਮੁਸਲਮਾਨ ਜਥੇਬੰਦੀਆਂ ਵਲੋਂ ਫਿਰਕੂ ਲੀਹਾਂ ਉਤੇ ਕੀਤਾ ਜਾਂਦਾ ਪ੍ਰਚਾਰ ਤੇ ਅੱਤਵਾਦੀ ਕਾਰਵਾਈਆਂ ਕਿਸੇ ਵੀ ਤਰ੍ਹਾਂ ਹੱਕੀ ਨਹੀਂ ਠਹਿਰਾਈਆਂ ਜਾ ਸਕਦੀਆਂ। ਇਸਦੇ ਵਿਪਰੀਤ ਮੁਸਲਮਾਨਾਂ ਵਲੋਂ ਜਮਹੂਰੀ ਪੈਂਤੜੇ ਤੋਂ ਅਜਿਹੇ ਜਨੂੰਨੀ ਲੋਕਾਂ ਨਾਲੋਂ ਸਪਸ਼ਟ ਨਿਖੇੜਾ ਕੀਤਾ ਜਾਣਾ ਚਾਹੀਦਾ ਹੈ।

ਜੰਮੂ-ਕਸ਼ਮੀਰ ਵਿਚ ਪੈਦਾ ਹੋਏ ਸੰਕਟ ਲਈ ਮੁੱਖ ਰੂਪ ਵਿਚ ਦਿੱਲੀ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ, ਭਾਵੇਂ ਇਹ ਕਾਂਗਰਸੀ ਜਾਂ ਭਾਜਪਾਈ ਝੰਡਿਆਂ ਵਿਚ ਲਿਪਟੀਆਂ ਹੋਣ। ਜੰਮੂ-ਕਸ਼ਮੀਰ ਨੂੰ ਭਾਰਤ ਵਿਚ ਸ਼ਾਮਲ ਕਰਨ ਸਮੇਂ ਜੋ ਲਿਖਤੀ ਵਾਅਦੇ ਇਸ ਪ੍ਰਾਂਤ ਦੇ ਆਗੂਆਂ ਨਾਲ ਕੀਤੇ ਗਏ ਸਨ, ਉਨ੍ਹਾਂ ਨੂੰ ਭਾਰਤ ਦੇ ਵੱਖ ਵੱਖ ਰੰਗਾਂ ਦੇ ਹਾਕਮਾਂ ਨੇ ਤਾਰ ਤਾਰ ਕਰ ਦਿੱਤਾ ਹੈ। ਮਸਲੇ ਦੀ ਮੂਲ ਜੜ੍ਹ ਇਹ ਹੈ। ਪਰ ਮੁਸਲਮਾਨ ਕੱਟੜਵਾਦੀ ਸੰਗਠਨਾਂ ਵਲੋਂ ਭਾਰਤੀ ਹਾਕਮਾਂ ਦੀ ਅਕਿਰਤਘਣਤਾ ਦਾ ਲਾਹਾ ਲੈ ਕੇ ਬੇਗੁਨਾਹ ਹਿੰਦੂਆਂ ਤੇ ਮੁਸਲਮਾਨਾਂ ਦੇ ਕਤਲ ਕਰਨਾ, ਭਾਰਤ ਤੋਂ ਅਲੱਗ ਇਕ ਧਰਮ ਅਧਾਰਤ ਆਜ਼ਾਦ ਦੇਸ਼ ਦੀ ਮੰਗ ਕਰਨਾ ਅਤੇ ਫਿਰਕੂ ਤੱਤਾਂ

☛ ਬਾਕੀ ਸਫ਼ਾ 41 'ਤੇ

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਨ, ਸੁਸ਼ੀਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Sushil Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ 'ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿੱਖਿਆ ਵਿਰੋਧੀ ਫ਼ੈਸਲਾ ਹੈ, 800 ਸਕੂਲ ਬੰਦ ਕਰਨਾ


ਮੱਖਣ ਕੁਹਾੜ
+91-95013-65522
makhansinghkohar@gmail.com

ਦੀਵਾਲੀ ਤੋਂ ਅਗਲੇ ਹੀ ਦਿਨ ਕਾਂਗਰਸ ਦੀ ਕੈਪਟਨ ਸਰਕਾਰ ਨੇ ਗੁਰਦਾਸਪੁਰ ਦੀ ਜਿਮਨੀ ਚੋਣ ਜਿੱਤਣ ਦੇ ਜਸ਼ਨ ਮਨਾਉਣ ਦੇ ਫੌਰੀ ਬਾਅਦ ਪੰਜਾਬੀਆਂ ਨੂੰ 20 ਅਕਤੂਬਰ 2017 ਨੂੰ 800 ਸਕੂਲ ਤੋੜ ਦੇਣ ਦਾ ਦੀਵਾਲੀ 'ਤੋਹਫਾ' ਦੇ ਦਿੱਤਾ। ਪੰਜਾਬ ਵਿੱਚ ਨਾਮਜ਼ਦ ਕੀਤੇ 20 ਤੋਂ ਘੱਟ ਗਿਣਤੀ ਵਾਲੇ ਬੱਚਿਆਂ ਦੇ 1700 ਸਕੂਲਾਂ ਵਿਚੋਂ ਪਹਿਲੀ ਕਿਸ਼ਤ ਵਜੋਂ 800 ਸਕੂਲ ਤੋੜ ਕੇ ਬੱਚਿਆਂ ਨੂੰ ਨਾਲ ਦੇ ਸਕੂਲਾਂ ਵਿਚ ਦਾਖਲ ਕਰਨ ਦੇ ਆਦੇਸ਼ ਦਿਤੇ ਗਏ ਹਨ। ਇਹ ਫੈਸਲਾ ਕਿਸੇ ਵੀ ਤਰਾਂ ਨਾ ਤਾਂ ਪੰਜਾਬ ਦੇ ਗਰੀਬਾਂ ਲਈ ਬਿਹਤਰ ਹੈ ਅਤੇ ਨਾ ਹੀ ਪੰਜਾਬ ਦੇ ਸਿੱਖਿਆ ਵਿਭਾਗ ਲਈ। ਕਿਉਂਕਿ ਸਰਕਾਰੀ ਸਕੂਲਾਂ ਵਿੱਚ ਸਿਰਫ ਗਰੀਬ ਲੋਕਾਂ ਦੇ ਹੀ ਬੱਚੇ ਪੜ ਰਹੇ ਹਨ।

ਬੱਚਿਆਂ ਦੀ ਘੱਟਗਿਣਤੀ ਵਾਲੇ ਸਕੂਲ ਤੋੜਨ ਨਾਲ ਸਰਕਾਰ ਨੂੰ ਆਰਥਕ ਲਾਭ ਤਾਂ ਮਿਲ ਸਕਦਾ ਹੈ, ਪਰੰਤੂ ਇਸ ਨਾਲ ਗਰੀਬਾਂ ਦੇ ਬੱਚਿਆਂ ਨੂੰ ਅਨਪੜ ਰੱਖਣਾ ਪਵੇਗਾ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਇਸ ਸਮੇਂ ਉਨਾਂ ਮਾਪਿਆਂ ਦੇ ਬੱਚੇ ਹੀ ਪੜਦੇ ਹਨ, ਜੋ ਨਿੱਜੀ ਸਕੂਲਾਂ ਦੀਆਂ ਫੀਸਾਂ ਤਾਰਨ ਤੋਂ ਅਸਮਰੱਥ ਹਨ, ਜਿਨਾਂ ਨੂੰ ਦੋ ਡੰਗ ਦੀ ਰੋਟੀ ਦਾ ਵੀ ਸਹਿੰਸਾ ਰਹਿੰਦਾ ਹੈ। ਅਜਿਹੇ ਮਾਪੇ ਬੱਚਿਆਂ ਵੱਲ ਧਿਆਨ ਨਹੀਂ ਦੇ ਪਾਉਂਦੇ ਅਤੇ ਦਿਹਾੜੀ-ਦੱਪਾ ਕਰਨ ਚਲੇ ਜਾਂਦੇ ਹਨ। ਬੱਚੇ ਅਕਸਰ ਸਕੂਲ ਦੀ ਖਿਚ ਨਾ ਹੋਣ ਕਾਰਨ ਖੇਡਣ ਮੱਲਣ ਨੂੰ ਪਹਿਲ ਦਿੰਦੇ ਹਨ। ਉਨਾਂ ਨੂੰ ਸਿਰਫ ਮਿਡ-ਡੇ-ਮੀਲ ਦਾ ਹੀ ਲਾਲਚ ਹੁੰਦਾ ਹੈ। ਅਧਿਆਪਕ ਐਸੇ ਖੇਡਦੇ ਬੱਚਿਆਂ ਦੇ ਆਪ ਮਗਰ ਜਾ-ਜਾ ਕੇ ਉਨਾਂ ਨੂੰ ਪ੍ਰੇਰ ਕੇ ਸਕੂਲ ਲਿਆਉਂਦੇ ਹਨ। ਜੇ ਪਿੰਡ 'ਚ ਸਕੂਲ ਨਹੀਂ ਰਹੇਗਾ ਤਾਂ ਉਹ ਬੱਚੇ ਨਾਲ ਦੇ ਪਿੰਡ ਵਿੱਚ ਨਹੀਂ ਜਾ ਸਕਣਗੇ। ਮਾਪੇ ਉਨਾਂ ਨੂੰ ਛੱਡਣ ਨਹੀਂ ਜਾਣਗੇ। ਸਿੱਟੇ ਵਜੋਂ ਉਹ ਬੱਚੇ ਅਨਪੜ ਰਹਿ ਜਾਣਗੇ।

ਸਿੱਖਿਆ ਦਾ ਅਧਿਕਾਰ ਕਾਨੂੰਨ-2009 ਹਰ ਬੱਚੇ ਨੂੰ ਲਾਜ਼ਮੀ ਤੇ ਮੁਫਤ ਸਿੱਖਿਆ ਦੇਣ ਦੇ ਪ੍ਰਬੰਧ ਕਰਨ ਦੀ ਜਾਮਨੀ ਭਰਦਾ ਹੈ ਪਰੰਤੂ ਸਕੂਲ ਤੋੜਨ ਨਾਲ ਆਰ.ਟੀ.ਈ. ਕਾਨੂੰਨ ਦੀ ਵੀ ਘੋਰ ਉਲੰਘਣਾ ਹੋਈ ਹੈ। ਇਸ ਸਮੇਂ ਸਰਕਾਰੀ ਸਕੂਲਾਂ ਵਿੱਚ ਲਗਭਗ 40% ਅਤੇ ਨਿੱਜੀ ਸਕੂਲਾਂ ਵਿਚ 60% ਦੇ ਕਰੀਬ ਬੱਚੇ ਪੜਦੇ ਹਨ। ਅਜਕਲ ਆਮ ਤੌਰ 'ਤੇ ਗਰੀਬੀ ਰੇਖਾ ਤੋਂ ਹੇਠਾਂ ਜੀਅ ਰਹੇ ਮਾਪਿਆਂ ਦੇ ਬੱਚੇ ਹੀ ਸਰਕਾਰੀ ਸਕੂਲਾਂ ਵੱਲ ਮੂੰਹ ਕਰਦੇ ਹਨ। ਇਹ 800 ਸਕੂਲ, ਜਿਨਾਂ ਵਿਚ ਔਸਤਨ 10 ਬੱਚੇ ਵੀ ਗਿਣੇ ਜਾਣ ਤਾਂ 8000 ਬੱਚੇ ਬਣਦੇ ਹਨ, ਤੋੜਨ ਨਾਲ ਇਹ ਬੱਚੇ ਵਿਦਿਆ ਵਿਹੂਣੇ ਹੋ ਜਾਣਗੇ। ਅਸੀਂ 21ਵੀਂ ਸਦੀ 'ਚ ਜੀਅ ਰਹੇ ਹਾਂ। ਕੀ ਕਿਸੇ ਨੂੰ ਗਰੀਬ ਹੋਣ ਕਾਰਨ ਸਿੱਖਿਆ ਤੋਂ ਦੂਰ ਰੱਖਣਾ ਚਾਨਣ ਵਿਹੂਣੀ ਸੋਚ ਨਹੀਂ ਹੈ? ਜਾਪਾਨ ਵਿੱਚ ਜੇ ਸਿਰਫ ਇਕ ਬੱਚੇ ਨੂੰ ਸਕੂਲ ਲਿਆਉਣ-ਲਿਜਾਣ ਲਈ ਸਪੈਸ਼ਲ ਰੇਲ ਗੱਡੀ ਜਾ ਸਕਦੀ ਹੈ ਤਾਂ ਭਾਰਤ ਐਸੀ ਵਿਵਸਥਾ ਕਿਉਂ ਨਹੀਂ ਕਰ ਸਕਦਾ? ਪੰਜਾਬੀਆਂ ਲਈ ਸਕੂਲ ਬੰਦ ਕਰਨ ਦਾ ਫੈਸਲਾ ਮੰਦਭਾਗਾ ਤਾਂ ਹੈ ਹੀ, ਨਾਮੋਸ਼ੀ ਭਰਿਆ ਵੀ ਹੈ। ਉਹ ਪੰਜਾਬ ਜਿੱਥੇ ਸ਼ਰਾਬ ਦੀ ਖਪਤ ਸਾਰੇ ਦੇਸ਼ ਤੋਂ ਵੱਧ ਹੋਵੇ, ਹਰ ਪਿੰਡ 'ਚ ਸ਼ਹਿਰ ਦੇ ਹਰ ਮੁਹੱਲੇ 'ਚ ਸ਼ਰਾਬ ਦੇ ਠੇਕੇ ਤਾਂ ਹੋਣ ਪਰ ਸਕੂਲ ਨਾ ਹੋਣ ਕਿਸ ਤਰਾਂ ਦਾ ਲਗਦਾ ਹੈ। ਸਿਰਫ ਇਸ ਕਰਕੇ ਕਿ ਸ਼ਰਾਬ ਤੋਂ ਆਮਦਨ ਹੁੰਦੀ ਹੈ ਅਤੇ ਸਿੱਖਿਆ ਤੋਂ ਕੋਈ ਆਮਦਨ ਨਹੀਂ ਸਗੋਂ ਖਰਚ ਹੁੰਦਾ ਹੈ। ਦੇਸ਼ ਨੂੰ ਅੱਗੇ ਲਿਜਾਣਾ ਹੈ ਤਾਂ ਸੱਭ ਤੋਂ ਜ਼ਰੂਰੀ ਸਿੱਖਿਆ ਗਿਣੀ ਜਾਂਦੀ ਹੈ। ਕੇਵਲ ਵਿਦਿਆ ਹੀ ਇੱਕ ਅਜਿਹਾ ਚਾਨਣ ਹੈ ਜੋ ਕਿਸੇ ਦੇਸ਼, ਪ੍ਰਾਂਤ, ਕੌਮ ਦੀ ਤਰੱਕੀ ਦਾ ਜਾਮਨ ਹੋ ਸਕਦਾ ਹੈ। ਹਾਂ, ਇਸ ਦਾ ਲਾਭ ਜ਼ਰਾ ਦੇਰ ਨਾਲ ਦਿਸਦਾ ਹੈ।

ਸਰਕਾਰ ਨੇ ਪਹਿਲਾਂ ਹੀ ਸਿੱਖਿਆ, ਸਿਹਤ, ਪਾਣੀ, ਬਿਜਲੀ, ਰੋਟੀ, ਕਪੜਾ, ਮਕਾਨ ਆਦਿ ਜ਼ਰੂਰੀ ਬੁਨਿਆਦੀ ਸਹੂਲਤਾਂ ਦੇਣ ਤੋਂ ਪਾਸਾ ਵੱਟ ਲਿਆ ਹੋਇਆ ਹੈ। ਸਾਰੇ ਕੁਝ ਦਾ ਨਿੱਜੀਕਰਨ ਕਰ ਦਿੱਤਾ ਗਿਆ ਹੈ। ਵਿਦਿਆ ਹੁਣ ਪਰਉਪਕਾਰ ਨਹੀਂ ਵਪਾਰ ਬਣਾ ਦਿੱਤੀ ਗਈ ਹੈ। ਜਿਸ ਕੋਲ ਪੈਸਾ ਹੈ ਉਹ ਵਧੀਆ ਸਕੂਲ 'ਚੋਂ ਵਿਦਿਆ ਖਰੀਦ ਲਵੇ ਨਹੀਂ ਤਾਂ ਤੱਪੜਾਂ ਵਾਲੇ ਬਿਨਾਂ-ਅਧਿਆਪਕੀ ਸਕੂਲਾਂ ਵਿੱਚ ਖੁਆਰ ਹੋਵੇ।

ਸਵਾਲ ਤਾਂ ਇਹ ਹੱਲ ਕਰਨਾ ਬਣਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਕਿਉਂ ਘੱਟ ਰਹੀ ਹੈ? ਜੇ ਕੋਈ ਬਿਮਾਰ ਹੋ ਗਿਆ ਹੈ ਤਾਂ ਉਸ ਮਰੀਜ਼ ਦਾ ਇਲਾਜ ਕਰਨ ਦੀ ਥਾਂ ਉਸ ਨੂੰ ਜਾਨੋਂ ਹੀ ਮਾਰ ਦੇਣ ਦੀ ਨੀਤੀ ਦੀ ਇਜ਼ਾਜਤ ਕੋਈ ਵੀ ਸਮਾਜ ਜਾਂ ਨਿਆਂਕਰਤਾ ਨਹੀਂ ਦੇ ਸਕਦਾ। ਪਰ ਪੰਜਾਬ ਵਿੱਚ ਐਸਾ ਕਿਉਂ ਹੈ? ਇਹ ਨਹੀਂ ਹੈ ਕਿ ਐਸੀ ਨੀਤੀ ਸਿੱਖਿਆ ਮੰਤਰੀ ਅਰੁਣਾ ਚੌਧਰੀ ਜਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੀ ਅਪਣਾਈ ਹੈ। 20 ਬੱਚਿਆਂ ਵਾਲੇ ਸਕੂਲ ਤੋੜ ਦੇਣ ਦੀ ਤਜ਼ਵੀਜ਼ ਅਸਲ ਵਿੱਚ ਅਕਾਲੀ-ਭਾਜਪਾ ਸਰਕਾਰ ਦੀ ਸੀ। ਸੇਵਾ ਸਿੰਘ ਸੇਖਵਾਂ ਦੇ ਸਿੱਖਿਆ ਮੰਤਰੀ ਹੋਣ ਸਮੇਂ ਜੋ ਸਿੱਖਿਆ ਸੁਧਾਰ ਕਮੇਟੀ ਬਣਾਈ ਗਈ ਸੀ, ਉਸ ਨੇ ਵੀ ਇਹੀ ਤਜਵੀਜ ਦਿੱਤੀ ਸੀ। ਪਰੰਤੂ ਅਗਲੀ ਵਾਰੀ ਉਸ ਦੇ ਚੋਣ ਹਾਰ ਜਾਣ ਕਾਰਨ ਉਹ ਸਰਕਾਰ ਦਾ ਮੁਨਾਫਾ ਕਮਾਉਣ ਵਾਲੀ ਖੇਡ ਸਿਰੇ ਨਹੀਂ ਸੀ ਚੜੀ। ਅਕਾਲੀ-ਭਾਜਪਾ ਦੀ ਬਾਦਲ ਸਰਕਾਰ ਨੇ ਸਿਰਫ 10 ਬੱਚਿਆਂ ਵਾਲੇ ਸਕੂਲ ਹੀ ਤੋੜੇ ਸਨ।



ਸਰਕਾਰੀ ਸਕੂਲਾਂ 'ਚੋਂ ਲੋਕਾਂ ਵੱਲੋਂ ਬੱਚਿਆਂ ਨੂੰ ਪੜਾਉਣੋਂ ਹਟਾਉਣ ਦੇ ਅਨੇਕਾਂ ਕਾਰਨ ਹਨ, ਪਰ ਮੋਟੇ ਤੌਰ 'ਤੇ ਤਾਂ ਇਹੀ ਹੈ ਕਿ ਸਰਕਾਰ ਦੀ ਨੀਅਤ ਹੀ ਲੋਕਾਂ ਨੂੰ ਸਿੱਖਿਅਤ ਕਰਨ ਦੀ ਨਹੀਂ, ਸਗੋਂ ਇਨਾਂ ਸਕੂਲਾਂ ਲਈ ਕੀਤੇ ਜਾ ਰਹੇ ਖਰਚ ਨੂੰ ਘਟਾਉਣਾ ਦੀ ਹੈ। ਜਿਵੇਂ ਹੋਰ ਬੁਨਿਆਦੀ ਸਹੂਲਤਾਂ ਉੱਪਰ ਖਰਚ ਸਹਿਜੇ-ਸਹਿਜੇ ਘੱਟ ਕੀਤੇ ਜਾਂਦੇ ਰਹੇ, ਉਵੇਂ ਹੀ ਸਿੱਖਿਆ ਦਾ ਹਸ਼ਰ ਹੋਇਆ ਹੈ। 1982 ਵਿੱਚ ਇੰਦਰਾ ਗਾਂਧੀ ਸਰਕਾਰ ਨੇ ਅੰਤਰਰਾਸ਼ਟਰੀ ਮੁਦਰਾ ਕੋਸ਼ ਤੋਂ 52 ਅਰਬ ਡਾਲਰ ਦਾ ਕਰਜ਼ਾ ਲਿਆ ਅਤੇ ਉਸ ਦੀਆਂ ਸ਼ਰਤਾਂ ਨੂੰ ਵੀ ਸਵੀਕਾਰ ਕੀਤਾ। ਉਨਾਂ ਸ਼ਰਤਾਂ 'ਚੋਂ ਪਬਲਿਕ ਸੈਕਟਰ ਦੀ ਥਾਂ ਨਿੱਜੀ ਸੈਕਟਰ ਨੂੰ ਤਰਜ਼ੀਹ ਦੇਣ ਦੀ ਪ੍ਰਮੁੱਖ ਸ਼ਰਤ ਸੀ। ਕੇਂਦਰ ਤੇ ਸੂਬਾਈ ਸਰਕਾਰਾਂ ਨੇ ਨਿੱਜੀ ਖੇਤਰ 'ਚ ਨਿਵੇਸ਼ ਘਟਾ ਦਿੱਤਾ। ਸੰਸਾਰ ਬੈਂਕ, ਆਈ.ਐਮ.ਐਫ. ਅਤੇ ਹੋਰ ਸਾਮਰਾਜੀ ਸੰਸਥਾਵਾਂ ਤੋਂ ਕਰਜ਼ੇ ਲੈਣ ਦੀ ਦੌੜ ਤੇਜ਼ ਹੁੰਦੀ ਗਈ। ਸਰਕਾਰੀ ਵਿਭਾਗਾਂ ਦੇ ਨਿਜੀਕਰਨ ਦੀਆਂ ਸ਼ਰਤਾਂ ਹੋਰ ਜ਼ਰੂਰੀ ਹੁੰਦੀਆਂ ਗਈਆਂ। ਸਿੱਟੇ ਵਜੋਂ ਬੱਸਾਂ, ਹਸਪਤਾਲਾਂ, ਸਕੂਲਾਂ, ਬਿਜਲੀ, ਪਾਣੀ, ਰੇਲ ਵਿਭਾਗ, ਸਰਕਾਰੀ ਉਦਯੋਗਾਂ ਆਦਿ ਜ਼ਰੂਰੀ ਸੇਵਾਵਾਂ ਦੇਣ ਵਾਲੇ ਵਿਭਾਗਾਂ ਦੇ ਨਿਜੀਕਰਨ ਦਾ ਸਿਲਸਿਲਾ ਤੇਜ਼ੀ ਨਾਲ ਸ਼ੁਰੂ ਹੋ ਗਿਆ। 1991 ਦੀਆਂ ਨਵੀਆਂ ਨੀਤੀਆਂ ਨਾਲ ਇਹ ਪਸਾਰਾ ਇਕਦਮ ਤੇਜ ਹੋ ਗਿਆ। ਇਸੇ ਨੀਤੀ ਤਹਿਤ ਪਬਲਿਕ ਸੈਕਟਰ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੇ ਅਮਲੇ ਦਾ ਅਨੁਸ਼ਾਸਨੀ ਰੱਸਾ ਇੱਕਦਮ ਬੇਹੱਦ ਲੰਬਾ ਤੇ ਢਿੱਲਾ ਕਰ ਦਿੱਤਾ। ਵਿਭਾਗਾਂ ਵਾਂਗ ਸਿੱਖਿਆ ਵਿਭਾਗ ਵਿੱਚ ਸਿਆਸੀ ਦਖਲ ਵਧਾ ਦਿੱਤਾ। ਸਰਕਾਰੀ ਤੰਤਰ ਨਾਲ ਨੇੜਤਾ ਵਾਲੇ ਚੰਦ ਕੁ ਅਧਿਆਪਕ ਮੌਜਾਂ ਮਾਨਣ ਲੱਗੇ। ਜ਼ਿਲਾ ਸਿੱਖਿਆ ਅਫਸਰ ਐਸੇ ਅਧਿਆਪਕਾਂ ਨੂੰ ਉੱਠ ਕੇ ਮਿਲਦੇ। ਉਨਾਂ ਰਾਹੀਂ ਬਦਲੀਆਂ, ਤਰੱਕੀਆਂ, ਐਡਜਸਟਮੈਂਟਾਂ ਹੋਣ ਲੱਗੀਆਂ। ਉਹ ਸਕੂਲੇ ਜਾਣ ਜਾਂ ਨਾ ਜਾਣ ਕੋਈ ਕੁਝ ਨਾ ਕਹਿੰਦਾ। ਸਹਿਜੇ-ਸਹਿਜੇ ਇਹ ਬੀਮਾਰੀ ਨਿਰੰਤਰ ਫੈਲਦੀ ਗਈ। ਜਥੇਬੰਦੀਆਂ ਵਿੱਚ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਫਿਕਰ ਹੋਇਆ। ਉਨਾਂ 'ਜਨਹਿੱਤ ਪ੍ਰਥਮੈ' ਦਾ ਨਾਅਰਾ ਦਿੱਤਾ। ਸੂਝਵਾਨ ਅਧਿਆਪਕਾਂ ਨੇ ਲੋਕਾਂ ਨੂੰ ਸਮਝਾਇਆ। ਸਰਕਾਰ ਵਲੋਂ ਸਾਂਝੀ ਅਧਿਆਪਕ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਨਾਲ ਗੱਲ ਕਰਨ ਦੀ ਥਾਂ ਉਸ ਦਾ ਵਿਰੋਧ ਹੋਇਆ। ਆਪਣੇ ਪੱਖੀ ਜਥੇਬੰਦੀਆਂ ਐਨ.ਐਫ.ਟੀ. (ਨੈਸ਼ਨਲ ਫੈਡਰੇਸ਼ਨ ਆਫ ਟੀਚਰਜ਼), ਅਧਿਆਪਕ ਦਲ, ਐਨ.ਜੀ.ਈ.ਓ. ਆਦਿ ਬਣਾ ਕੇ ਸੁਹਿਰਦ ਸਿੱਖਿਆ ਤੰਤਰ ਬਚਾਉਣ ਲਈ ਲੜ ਰਹੀਆਂ ਜਥੇਬੰਦੀਆਂ ਦੀ ਥਾਂ ਆਪਣਿਆਂ ਨੂੰ ਤਰਜ਼ੀਹ ਦੇਣੀ ਸ਼ੁਰੂ ਕੀਤੀ। ਛੋਟੀਆਂ ਤੇ ਵੱਡੀਆਂ ਅਧਿਅਪਕ ਜਥੇਬੰਦੀਆਂ 'ਤੇ ਡੋਰੇ ਸੁੱਟੇ ਅਤੇ ਉਨਾਂ ਨੂੰ ਸਰਕਾਰ-ਪੱਖੀ ਬਨਾਉਣ ਦਾ ਹਰ ਯਤਨ ਕੀਤਾ। ਬਦਲੀਆਂ, ਨਿਯੁਕਤੀਆਂ, ਤਰੱਕੀਆਂ, ਡੈਪੂਟੇਸ਼ਨ, ਸਟੇਸ਼ਨ ਚੋਣ ਆਦਿ ਵਿੱਚ ਸਿਆਸਤ ਦਾ ਬੋਲਬਾਲਾ ਹੋ ਗਿਆ। ਕੋਈ ਕਾਇਦਾ ਕਾਨੂੰਨ ਨਾ ਰਿਹਾ। ਬਦਲੀਆਂ 'ਚ ਚੱਕ-ਥਲ ਹੋਣ ਲੱਗੀ। ਸਿਆਸੀ ਅਧਾਰ 'ਤੇ ਸਕੂਲ ਅਪਗ੍ਰੇਡ ਹੋਣ ਲੱਗੇ। ਸਰਕਾਰ ਪੱਖੀ ਐਮ.ਐਲ.ਏ., ਮੰਤਰੀ ਤੇ ਸਿਆਸੀ ਆਗੂ ਮਨਮਰਜ਼ੀਆਂ ਕਰਨ ਲੱਗੇ। ਲੋੜਵੰਦ ਸਕੂਲ ਪਦਉੱਨਤ ਹੋਣੋਂ ਰਹਿ ਗਏ। ਲੜਾਕੂ ਅਤੇ ਸਾਂਝੀ ਜਥੇਬੰਦੀ 'ਗੌਰਮਿੰਟ ਟੀਚਰਜ਼ ਯੂਨੀਅਨ' ਦੀ ਚੋਣ ਹੋਣੋਂ ਹਟ ਗਈ। ਜਥੇਬੰਦਕ ਦਬਾਅ ਘੱਟ ਗਿਆ। ਅਧਿਆਪਕਾਂ ਦੀ ਨਵੀਂ ਭਰਤੀ 'ਤੇ ਕਈ-ਕਈ ਚਿਰ ਰੋਕ ਲੱਗੀ ਰਹੀ। ਅਧਿਆਪਕ ਦੀ ਸੇਵਾਮੁਕਤੀ ਨਾਲ ਅਸਾਮੀ ਵੀ 'ਸੇਵਾ ਮੁਕਤ' ਹੋ ਗਈ। ਖਾਲੀ ਅਸਾਮੀਆਂ ਖਾਲੀ ਹੀ ਰਹੀਆਂ। ਕੀ ਪ੍ਰਾਇਮਰੀ, ਕੀ ਹਾਈ ਸਭ ਸਕੂਲ ਅਧਿਆਪਕ ਵਿਹੂਣੇ ਹੋ ਗਏ। ਮੁਖੀ ਤੱਕ ਨਾ ਰਹੇ। ਪ੍ਰਾਇਮਰੀ ਵਿਭਾਗ ਦੀਆਂ 25% ਹੈਡ ਟੀਚਰ, ਸੈਂਟਰ ਹੈਡ ਟੀਚਰ ਸਾਰੀਆਂ ਪਦਉੱਨਤ ਅਸਾਮੀਆਂ ਵਿਧੀ ਭਰਤੀ ਰਾਹੀਂ ਕਰ ਦਿੱਤੀਆਂ, ਜੋ ਸਿਵਾ ਇਕ ਵਾਰ (2001) ਉਹ ਵੀ 10% ਦੇ ਕਰੀਬ ਭਰਨ ਤੋਂ ਬਾਅਦ ਹਮੇਸ਼ਾ ਅੱਜ ਤੱਕ ਖਾਲੀ ਹੀ ਰਹੀਆਂ। ਇਕ ਮੁਖੀ ਨੂੰ ਕਈ-ਕਈ ਸਕੂਲਾਂ ਦਾ ਚਾਰਜ ਦਿੱਤਾ ਗਿਆ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਲੋੜ ਤੋਂ ਕਿਤੇ ਘੱਟ ਗਈ। ਦੂਜੇ ਪਾਸੇ ਸਿਫਾਰਸ਼ੀ ਅਧਿਆਪਕਾਂ ਦੇ ਡੈਪੁਟੇਸ਼ਨਾਂ ਨਾਲ ਵੱਡੇ ਸ਼ਹਿਰਾਂ ਦੇ ਨੇੜੇ ਵਾਲੇ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਮਾਰ ਹੋ ਗਈ ਤੇ ਇਹ ਬੇਲੋੜੇ ਵਧਦੇ ਗਏ। 'ਰੈਸ਼ਨੇਲਾਈਜੇਸ਼ਨ' ਤਰਕ ਸੰਗਤ ਨਾ ਰਹੀ ਜਾਂ ਲਾਗੂ ਹੀ ਨਾ ਹੋ ਸਕੀ। ਸਿਆਸੀ ਸਿਫਾਰਸ਼ੀ ਇਮਤਿਹਾਨ ਕੇਂਦਰ, ਉਨਾਂ ਦੇ ਸੁਪਰਡੈਂਟ ਤੇ ਹੋਰ ਅਮਲਾ ਵੀ ਸਿਆਸੀ ਨਿੱਜੀ ਸਕੂਲਾਂ ਨੇ ਆਪਣੇ ਹੀ ਸਕੂਲ ਸੈਂਟਰ ਬਣਾ ਕੇ ਇਸ ਵਰਤਾਰੇ ਨੂੰ ਹੋਰ ਅੱਗੇ ਤੋਰਿਆ। ਨਕਲ ਵਿਆਪਕ ਹੋ ਗਈ। ਅਤਿਵਾਦ ਦੌਰਾਨ ਸਿੱਖਿਆ ਢਾਂਚੇ ਦਾ ਹੋਰ ਵੀ ਬੁਰਾ ਹਾਲ ਹੋਇਆ। ਅਠਵੀਂ ਤੱਕ ਬੱਚੇ ਨੂੰ ਫੇਲ ਨਾ ਕਰਨ ਅਤੇ ਨਾਮ ਨਾ ਕੱਟਣ ਦੀ ਨੀਤੀ ਨੇ ਬੱਚਿਆਂ ਦਾ ਸਕੂਲ ਨਾਲੋਂ ਨਾਤਾ ਹੀ ਤੋੜ ਦਿੱਤਾ। ਪ੍ਰਾਇਮਰੀ ਤਾਂ ਕੀ ਬਾਰਡਰ, ਬੇਟ ਦੇ ਕੰਡੀ ਦੇ ਅਨੇਕਾਂ ਸਕੂਲਾਂ ਵਿੱਚ ਤਾਂ ਪਹਿਲਾਂ ਹੀ ਐਸੀ ਹਾਲਤ ਸੀ, ਮੈਦਾਨੀ ਇਲਾਕਿਆਂ 'ਚ ਵੀ ਭਾਵੇਂ ਉਹ ਪ੍ਰਾਈਮਰੀ, ਮਿਡਲ, ਹਾਈ ਜਾਂ +2 ਦੇ ਸਨ, ਇਕ-ਇਕ ਅਧਿਆਪਕ ਰਹਿ ਗਿਆ। ਵਧੇਰੇ ਅਧਿਆਪਕਾਂ ਨੂੰ ਜਨਗਣਨਾ, ਆਰਥਿਕ ਸਰਵੇ, ਬੀ.ਪੀ.ਐਲ., ਡਾਕ ਤਿਆਰ ਕਰਨ, ਪਸ਼ੂਆਂ ਦੀ ਗਿਣਤੀ ਆਦਿ ਡਿਊਟੀਆਂ 'ਤੇ ਤਾਇਨਾਤ ਕਰ ਦਿੱਤਾ। ਉਧਰ ਨਿੱਜੀ ਸਕੂਲਾਂ ਨੂੰ ਸਰਕਾਰ ਉਤਸਾਹਿਤ ਕਰਨ ਲੱਗੀ। ਉਨਾਂ ਨੂੰ ਗ੍ਰਾਂਟਾਂ ਦਿੱਤੀਆਂ ਜਾਣ ਲੱਗੀਆਂ। ਅੰਗਰੇਜ਼ੀ ਨੂੰ ਪ੍ਰਮੁੱਖਤਾ ਦਿੱਤੀ ਜਾਣ ਲੱਗੀ। ਲੋਕਾਂ 'ਚ ਅੰਗਰੇਜ਼ੀ ਪ੍ਰਤੀ ਮਿਰਗ ਤ੍ਰਿਸ਼ਨੀ ਲਲਕ ਪੈਦਾ ਕੀਤੀ ਗਈ। ਅੱਠਵੀਂ ਤੱਕ ਬੱਚੇ ਫੇਲ ਨਾ ਕਰਨ ਦੀ ਨੀਤੀ ਨੇ ਸਰਕਾਰੀ ਸਕੂਲਾਂ ਦਾ ਵਿਦਿਅਕ ਢਾਂਚਾ ਹੋਰ ਵੀ ਤਬਾਹ ਕਰ ਦਿੱਤਾ।

ਨੌਕਰੀਆਂ ਤੇ ਹੋਰ ਕੰਮਾਂ ਵਿੱਚ ਅੰਗਰੇਜ਼ੀ ਨੂੰ ਪਹਿਲ ਹੋਈ। ਮਾਂ-ਬੋਲੀ ਪੰਜਾਬੀ ਦੇ ਸਕੂਲਾਂ ਤੋਂ ਲੋਕਾਂ ਦਾ ਮੋਹ ਭੰਗ ਹੁੰਦਾ ਗਿਆ। ਸਰਕਾਰੀ ਸਕੂਲਾਂ ਦੀਆਂ ਚਾਰ ਦੀਵਾਰੀਆਂ ਪਹਿਲਾਂ ਹੀ ਨਹੀਂ ਸਨ, ਛੱਤਾਂ ਵੀ ਡਿੱਗਣ ਲੱਗੀਆਂ। ਤੱਪੜ ਵੀ ਸਕੂਲਾਂ 'ਚ ਆਉਣੋਂ ਹੱਟ ਗਏ। ਗਰਮੀਆਂ ਵਿੱਚ ਪੱਖੇ ਨਹੀਂ, ਸਰਦੀਆਂ 'ਚ ਠਰੂੰ-ਠਰੂੰ ਬੈਠਣ ਨੂੰ ਥਾਂ ਨਹੀਂ। ਨਾ ਅਧਿਆਪਕ, ਨਾ ਹੋਰ ਬੁਨਿਆਦੀ ਸਹੂਲਤਾਂ। ਸਕੂਲ ਖੰਡਰ ਬਣ ਗਏ। ਸਿਖਿਆ ਤੇ ਖਰਚਾ ਵਧਾਉਣ ਦੀ ਥਾਂ ਲਗਾਤਾਰ ਘਟਦਾ ਗਿਆ, ਜੋ ਅੱਜ ਜੀ.ਡੀ.ਪੀ. ਦਾ (6% ਦੀ ਥਾਂ) 0.47% ਅਤੇ ਬਜਟ ਦਾ (10% ਦੀ ਥਾਂ) 3.71% ਕਰ ਦਿੱਤਾ ਹੈ। ਪਹੁੰਚ ਵਾਲੇ ਲੋਕਾਂ ਨੇ ਆਪਣੇ ਬੱਚੇ ਸਰਕਾਰੀ ਸਕੂਲਾਂ ਤੋਂ ਹਟਾ ਕੇ ਅਖਾਉਤੀ ਨਿੱਜੀ ਅੰਗਰੇਜ਼ੀ/'ਮਾਡਲ'/'ਪਬਲਿਕ' ਸਕੂਲਾਂ ਵਿੱਚ ਦਾਖਲ ਕਰਵਾ ਦਿੱਤੇ। ਅੰਗਰੇਜ਼ੀ ਦੁਕਾਨਾਂ ਖੂਬ ਸਜਣ ਲੱਗੀਆਂ। ਹਰ ਸਹੂਲਤ, ਹਰ ਕਲਾਸ ਤੇ ਵਿਸ਼ੇ ਲਈ ਵੱਖਰੇ ਅਧਿਆਪਕ-ਅਧਿਆਪਕਾਵਾਂ ਨਿਗੂਣੀਆਂ ਤਨਖਾਹਾਂ, ਕੋਈ ਸੇਵਾ ਸੁਰੱਖਿਆ ਨਹੀਂ। ਬੇਰੋਜ਼ਗਾਰੀ ਦਾ ਖੂਬ ਲਾਹਾ ਲਿਆ। ਫੀਸਾਂ ਤੋਂ ਮੋਟਾ ਮੁਨਾਫਾ। ਸਰਕਾਰੀ ਸਕੂਲਾਂ ਵੱਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ। ਸਗੋਂ ਕੇਂਦਰ ਨੇ ਸਿੱਖਿਆ ਨੂੰ ਰਾਜਾਂ ਦੀ ਸੂਚੀ 'ਚੋਂ ਕੱਢ ਕੇ ਸਮਵਰਤੀ ਸੂਚੀ ਵਿਚ ਸ਼ਾਮਲ ਕਰ ਲਿਆ। ਸਰਬ ਸਿੱਖਿਆ ਅਭਿਆਨ ਦਾ ਛਲਾਵਾ ਸ਼ੁਰੂ ਕਰ ਦਿੱਤਾ। ਕੇਂਦਰ ਤੇ ਸੂਬਾਈ ਸਰਕਾਰਾਂ ਵੱਲੋਂ ਖੁਦ ਨਿਗੂਣੀਆਂ ਤਨਖਾਹਾਂ ਉਤੇ ਠੇਕੇ 'ਤੇ 'ਨੇਸ਼ਨ ਬਿਲਡਰ' ਭਰਤੀ ਕੀਤੇ ਗਏ। ਦਿਹਾੜੀਦਾਰ ਮਜ਼ਦੂਰ ਤੋਂ ਵੀ ਘੱਟ ਤਨਖਾਹ, ਨਾ ਕੋਈ ਸੇਵਾ ਸੁਰੱਖਿਆ, ਨਾ ਸੀ.ਐਸ.ਆਰ.। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਗਿਆ। ਕਿਸੇ ਸਕੀਮ ਲਈ ਭੇਜੇ ਗਏ 100 ਰੁਪਏ 'ਚੋਂ 12 ਰੁਪਏ ਤੱਕ ਹੀ ਅਸਲ ਟਿਕਾਣੇ ਲੱਗਦੇ। ਗਿਣੀ-ਮਿਥੀ ਸਾਜਿਸ਼ ਤਹਿਤ ਸਹਿਜੇ-ਸਹਿਜੇ ਸਰਕਾਰੀ ਸਕੂਲਾਂ ਦਾ ਢਾਂਚਾ ਸਰਕਾਰ ਨੇ ਆਪਣੇ ਹੱਥੀਂ ਆਪ ਢਹਿ ਢੇਰੀ ਕਰ ਦਿੱਤਾ। ਹੁਣ ਰਹਿੰਦਾ-ਖੂੰਹਦਾ ਵੀ ਤਬਾਹ ਕਰਨ ਲਈ ਸਿੱਖਿਆ 'ਤੇ 'ਬੇਲੋੜੇ' ਖਰਚੇ ਦਾ ਬੋਝ ਘਟਾਉਣ ਲਈ ਸਕੂਲਾਂ ਵਿੱਚ 'ਸੁਧਾਰ' ਤੇ ਅਧਿਆਪਕਾਂ ਦੀ ਹੋਰ ਭਰਤੀ ਕਰਨ ਦੀ ਥਾਂ ਸਕੂਲਾਂ ਦਾ ਭੋਗ ਪਾਉਣ ਦੀ ਨੀਤੀ ਅਪਣਾਈ ਗਈ ਹੈ। 400 ਸਕੂਲਾਂ ਦਾ ਮਾਧਿਅਮ ਅੰਗਰੇਜ਼ੀ ਕਰ ਦੇਣਾ ਵੀ ਗਰੀਬਾਂ ਤੋਂ ਸਿੱਖਿਆ ਖੋਹਣ ਵਲ ਵੱਡਾ ਕਦਮ ਹੈ। ਹੁਣ 800 ਸਕੂਲ 20 ਤੋਂ ਘੱਟ ਬੱਚਿਆਂ ਵਾਲੇ ਗਏ, ਅਜੇ 900 ਹੋਰ ਤਜ਼ਵੀਜ਼ਤ ਹਨ। ਮਿਡਲ ਸਕੂਲ, ਜੋ 30 ਬੱਚਿਆਂ ਤੋਂ ਘੱਟ ਗਿਣਤੀ ਵਾਲੇ 900 ਦੇ ਕਰੀਬ ਹਨ, ਨੂੰ ਤੋੜਨ ਦਾ ਫਰਮਾਨ ਵੀ ਜਲਦੀ ਹੀ ਆ ਸਕਦਾ ਹੈ।

ਸਿੱਖਿਆ ਸੁਧਾਰ ਦੀ ਜਿਸ ਨੀਤੀ 'ਤੇ ਸਰਕਾਰਾਂ ਚੱਲ ਰਹੀਆਂ ਹਨ, ਉਸ ਮੁਤਾਬਕ ਬੱਚਿਆਂ ਦੀ ਗਿਣਤੀ ਹੋਰ ਘਟਣੀ ਹੈ। ਹੋਰ ਸਕੂਲ ਬੰਦ ਹੋਣੇ ਹਨ। ਸਹਿਜੇ-ਸਹਿਜੇ ਸਰਕਾਰੀ ਸਕੂਲਾਂ ਦਾ ਭੋਗ ਪੈ ਜਾਣਾ ਹੈ। ਪਹਿਲੀ 'ਚ ਦਾਖਲ ਹੋਏ ਬੱਚੇ ਪੰਜਵੇਂ ਤੱਕ 40% ਦੇ ਕਰੀਬ ਅਤੇ ਦਸਵੀਂ ਤੱਕ 16% ਦੇ ਕਰੀਬ ਰਹਿ ਜਾਂਦੇ ਹਨ। ਬੀ.ਏ. ਤੱਕ ਇਹ ਕੇਵਲ 4% ਰਹਿ ਜਾਂਦੇ ਹਨ।

☛ ਬਾਕੀ ਸਫ਼ਾ 41 'ਤੇ

# ਆਰ.ਐਮ.ਪੀ.ਆਈ. ਦੀ ਪਲੇਠੀ ਕੁਲ-ਹਿੰਦ ਕਾਨਫਰੰਸ 'ਚ ਇਨਕਲਾਬੀ ਦਿਸਹੱਦੇ ਦੀ ਸਪੱਸ਼ਟ ਨਿਸ਼ਾਨਦੇਹੀ

ਰਿਪੋਰਟ - ਇੰਦਰਜੀਤ ਚੁਗਾਵਾਂ












ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੀ ਪਲੇਠੀ ਚਾਰ ਰੋਜ਼ਾ ਕੁਲ ਹਿੰਦ ਕਾਨਫਰੰਸ ਚੰਡੀਗੜ੍ਹ 'ਚ ਸਫਲਤਾ ਸਹਿਤ ਸੰਪੰਨ ਹੋ ਗਈ। 23 ਨਵੰਬਰ ਤੋਂ 26 ਨਵੰਬਰ ਤੱਕ ਚੱਲੀ ਇਸ ਕਾਨਫਰੰਸ ਲਈ ਮੱਖਣ ਸ਼ਾਹ ਲੁਬਾਣਾ ਕੰਪਲੈਕਸ ਨੂੰ ਸ਼ਹੀਦ-ਇ-ਆਜ਼ਮ ਭਗਤ ਸਿੰਘ ਨਗਰ ਦਾ ਨਾਂਅ ਦਿੱਤਾ ਗਿਆ ਸੀ। ਸਰਬ ਸਾਥੀ ਮਹੀਪਾਲ, ਡਾ. ਸਰਬਜੀਤ ਗਿੱਲ ਅਤੇ ਸੁਭਾਸ਼ ਸ਼ਰਮਾ 'ਤੇ ਅਧਾਰਤ ਸਜਾਵਟ ਕਮੇਟੀ ਦੀ ਅਗਵਾਈ ਹੇਠ ਲੁਬਾਣਾ ਕੰਪਲੈਕਸ ਬਹੁਤ ਹੀ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਸੀ। ਵੱਖ-ਵੱਖ ਇਨਕਲਾਬੀ ਆਗੂਆਂ, ਪ੍ਰਗਤੀਵਾਦੀ ਅੰਦੋਲਨਾਂ ਦੇ ਮੁਖੀਆਂ ਤੇ ਸਮਾਜ ਸੁਧਾਰਕਾਂ ਦੇ ਪ੍ਰਸੰਗਕ ਕਥਨਾਂ ਵਾਲੇ ਫਲੈਕਸਾਂ ਅਤੇ ਆਰ ਐੱਮ ਪੀ ਆਈ ਦੀ ਕਾਨਫਰੰਸ ਦੇ ਲੋਗੋ ਵਾਲੀਆਂ ਝੰਡੀਆਂ ਨਾਲ ਸਜਾਇਆ ਗਿਆ ਕੰਪਲੈਕਸ ਇੱਕ ਵੱਖਰਾ ਹੀ ਦ੍ਰਿਸ਼ ਪੇਸ਼ ਕਰ ਰਿਹਾ ਸੀ।

ਇਸ ਕਾਨਫਰੰਸ ਦੀ ਸ਼ੁਰੂਆਤ ਕੇਰਲ ਤੋਂ ਆਈ ਕੇਂਦਰੀ ਕਮੇਟੀ ਦੀ ਮੈਂਬਰ ਕਾਮਰੇਡ ਕੇ ਕੇ ਰੇਮਾ ਵੱਲੋਂ ਪਾਰਟੀ ਦਾ ਸੂਹਾ ਪਰਚਮ ਲਹਿਰਾਉਣ ਨਾਲ ਹੋਈ। ਝੰਡਾ ਲਹਿਰਾਉਂਦੇ ਸਾਰ ਹੀ ਪੂਰਾ ਕੰਪਲੈਕਸ ਵੱਖ-ਵੱਖ ਭਾਸ਼ਾਵਾਂ ਵਾਲੇ ਇਨਕਲਾਬੀ ਨਾਅਰਿਆਂ ਨਾਲ ਗੂੰਜ ਉੱਠਿਆ। ਇਸ ਮੌਕੇ 'ਰੈੱਡ ਆਰਟਸ' ਗਰੁੱਪ ਵੱਲੋਂ ਝੰਡੇ ਦੇ ਗੀਤ ਤੋਂ ਇਲਾਵਾ ਹੋਰ ਵੀ ਕੋਰੀਓਗ੍ਰਾਫ਼ੀਆਂ ਪੇਸ਼ ਕੀਤੀਆਂ ਗਈਆਂ। ਬਾਅਦ ਵਿੱਚ ਵੱਖ-ਵੱਖ ਸੂਬਿਆਂ ਤੋਂ ਆਏ ਡੈਲੀਗੇਟਾਂ ਨੇ ਸ਼ਹੀਦੀ ਮੀਨਾਰ 'ਤੇ ਫੁੱਲ ਅਰਪਿਤ ਕਰਕੇ ਕਮਿਊਨਿਸਟ ਅੰਦੋਲਨ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ, ਜਿਸ ਤੋਂ ਬਾਅਦ ਉਹ ਗੋਦਾਵਰੀ ਪਾਰੁਲੇਕਰ ਹਾਲ 'ਚ ਚਲੇ ਗਏ, ਜਿੱਥੇ ਕਾਨਫਰੰਸ ਦੀ ਰਸਮੀ ਸ਼ੁਰੂਆਤ ਹੋਣੀ ਸੀ। ਕਾਨਫਰੰਸ ਵਾਲੀ ਸਟੇਜ ਦਾ ਨਾਂਅ ਕੇਰਲ ਦੇ ਸ਼ਹੀਦ ਸਾਥੀ ਟੀ ਪੀ ਚੰਦਰਸ਼ੇਖਰਨ ਦੇ ਨਾਂਅ 'ਤੇ ਰੱਖਿਆ ਗਿਆ ਸੀ। ਰਸਮੀ ਸ਼ੁਰੂਆਤ ਤੋਂ ਪਹਿਲਾਂ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਵੇਲੇ ਦੀ ਕੇਂਦਰੀ ਕਮੇਟੀ ਦੀ ਤਰਫੋਂ ਹਾਊਸ ਕੋਲੋਂ ਪ੍ਰਧਾਨਗੀ ਮੰਡਲ, ਸੰਚਾਲਨ ਕਮੇਟੀ, ਕਾਰਵਾਈ ਕਮੇਟੀ, ਜਾਣ-ਪਛਾਣ ਕਮੇਟੀ ਅਤੇ ਮਤਾ ਕਮੇਟੀ ਦੀ ਪ੍ਰਵਾਨਗੀ ਲਈ, ਜਿਸ ਤੋਂ ਬਾਅਦ ਸਰਬ ਸਾਥੀ ਕੇ ਐੱਸ ਹਰੀਹਰਨ, ਰਮੇਸ਼ ਠਾਕੁਰ, ਕੇ ਗੰਗਾਧਰਨ, ਰਤਨ ਸਿੰਘ ਰੰਧਾਵਾ ਤੇ ਤੇਜਿੰਦਰ ਸਿੰਘ ਥਿੰਦ ਦੇ ਪ੍ਰਧਾਨਗੀ ਮੰਡਲ ਦੀ ਰਹਿਨੁਮਾਈ ਹੇਠ ਕਾਨਫਰੰਸ ਦੀ ਕਾਰਵਾਈ ਸ਼ੁਰੂ ਹੋਈ। ਸਭ ਤੋਂ ਪਹਿਲਾਂ ਪ੍ਰਧਾਨਗੀ ਮੰਡਲ ਵਲੋਂ ਹਾਊਸ ਅੱਗੇ ਵੱਖ-ਵੱਖ ਸ਼ੋਕ ਮਤੇ ਰੱਖੇ ਗਏ ਅਤੇ ਮੌਨ, ਧਾਰਨ ਕਰਕੇ ਵਿਛੜੇ ਆਗੂਆਂ ਤੇ ਹਾਦਸਿਆਂ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ

ਸਵਾਗਤੀ ਕਮੇਟੀ ਦੇ ਚੇਅਰਮੈਨ ਉੱਘੇ ਕਹਾਣੀਕਾਰ ਤੇ ਕਾਲਮਨਵੀਸ ਸ੍ਰੀ ਗੁਲਜਾਰ ਸਿੰਘ ਸੰਧੂ ਨੇ ਵੱਖ-ਵੱਖ ਸੂਬਿਆਂ ਤੋਂ ਆਏ ਡੈਲੀਗੇਟਾਂ ਨੂੰ ਜੀ ਆਇਆਂ ਕਿਹਾ ਤੇ ਆਸ ਪ੍ਰਗਟਾਈ ਕਿ ਆਰ ਐੱਮ ਪੀ ਆਈ ਦੀ ਇਹ ਕਾਨਫਰੰਸ ਦੇਸ਼ ਦੀ ਸਿਆਸਤ ਦਾ ਮੁਹਾਣ ਭਾਈ ਲਾਲੋਆਂ ਵੱਲ ਮੋੜਨ ਵਾਲੇ ਇੱਕ ਯੁੱਗ ਪਲਟਾਊ ਦੌਰ ਦਾ ਆਗਾਜ਼ ਸਾਬਤ ਹੋਵੇਗੀ। ਇਸ ਮੌਕੇ ਉਨ੍ਹਾ ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਂਅ ਬਦਲ ਕੇ ਵੰਦੇ ਮਾਤਰਮ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਇਹ ਆਸ ਵੀ ਪ੍ਰਗਟਾਈ ਕਿ ਇਹ ਕਾਨਫਰੰਸ ਅਜਿਹੇ ਫਿਰਕੂ ਹਮਲਿਆਂ ਵਿਰੁੱਧ ਅੰਦੋਲਨ ਕਰਨ ਲਈ ਵੀ ਕੋਈ ਫੈਸਲਾ ਜ਼ਰੂਰ ਕਰੇਗੀ।

## ਜਨਰਲ ਸੱਕਤਰ ਦਾ ਉਦਘਾਟਨੀ ਭਾਸ਼ਣ

ਬਾਅਦ ਵਿੱਚ ਕਾਮਰੇਡ ਮੰਗਤ ਰਾਮ ਪਾਸਲਾ ਨੇ ਉਦਘਾਟਨੀ ਭਾਸ਼ਣ ਦਿੰਦਿਆਂ ਕਿਹਾ ਕਿ ਆਰਐਮਪੀਆਈ ਦੀ ਇਹ ਇਤਿਹਾਸਕ ਕਾਨਫਰੰਸ ਉਸ ਸਮੇਂ ਹੋ ਰਹੀ ਹੈ ਜਦੋਂ ਵਿਸ਼ਵ ਪੱਧਰ 'ਤੇ ਪੂੰਜੀਵਾਦ ਦਾ ਸੰਕਟ, ਜਿਹੜਾ 2008 ਦੀ ਆਖਰੀ ਤਿਮਾਹੀ ਤੋਂ ਸ਼ੁਰੂ ਹੋਇਆ ਸੀ, ਹੋਰ ਡੂੰਘਾ ਹੋ ਗਿਆ ਹੈ। ਇਸ ਸੰਕਟ ਤੋਂ ਕੋਈ ਵੀ ਦੇਸ਼ ਅਛੂਤਾ ਨਹੀਂ ਰਿਹਾ। ਵਿਸ਼ਵ ਭਰ ਦੇ ਲੋਕਾਂ ਦੀਆਂ ਜੀਵਨ ਹਾਲਤਾਂ ਬੁਰੀ ਤਰ੍ਹਾਂ ਪਰਭਾਵਿਤ ਹੋਈਆਂ ਹਨ। ਇਸ ਸੰਕਟ ਨੂੰ ਹੱਲ ਕਰਨ ਦੇ ਸਾਰੇ ਯਤਨ ਅਸਫਲ ਸਾਬਤ ਹੋਏ ਹਨ। ਇਸ ਦੇ ਨਾਲ ਹੀ ਸਾਮਰਾਜੀ ਤਾਕਤਾਂ ਵਲੋਂ ਇਸ ਸੰਕਟ ਦਾ ਬੋਝ ਮਜ਼ਦੂਰ ਜਮਾਤ 'ਤੇ ਪਾਇਆ ਜਾ ਰਿਹਾ ਹੈ। ਵਿਕਾਸਸ਼ੀਲ ਤੇ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਕੁਦਰਤੀ ਵਸੀਲਿਆਂ ਦੀ ਅੰਨ੍ਹੀਂ ਲੁੱਟ ਕੀਤੀ ਜਾ ਰਹੀ ਹੈ ਅਤੇ ਪੂਰੀ ਦੁਨੀਆ ਨੂੰ ਜੰਗ ਦਾ ਮਾਹੌਲ ਬਣਾ ਕੇ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ। ਦੇਸ਼ ਦੇ ਹਾਲਾਤ ਦਾ ਜ਼ਿਕਰ ਕਰਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਭਾਰਤ ਵੀ ਇਕ ਬੇਹਦ ਚਿੰਤਾਜਨਕ ਦੌਰ 'ਚੋਂ ਲੰਘ ਰਿਹਾ ਹੈ।

## ਪਾਰਟੀ ਪ੍ਰੋਗਰਾਮ 'ਤੇ ਬਹਿਸ

ਦੁਪਹਿਰ ਦੇ ਖਾਣੇ ਤੋਂ ਬਾਅਦ ਸ਼ੁਰੂ ਹੋਈ ਕਾਨਫਰੰਸ ਦੇ ਅਗਲੇ ਸੈਸ਼ਨ 'ਚ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਹਰਕੰਵਲ ਸਿੰਘ ਨੇ ਪਾਰਟੀ ਪ੍ਰੋਗਰਾਮ ਦਾ ਖਰੜਾ ਪੇਸ਼ ਕੀਤਾ। ਇਹ ਖਰੜਾ ਪੇਸ਼ ਕਰਦਿਆਂ ਉਨ੍ਹਾ ਕਿਹਾ ਕਿ ਆਰ ਐੱਮ ਪੀ ਆਈ ਦਾ ਮੁੱਖ ਮਕਸਦ ਲੋਕ ਜਮਹੂਰੀ ਇਨਕਲਾਬ ਰਾਹੀਂ ਜਾਤ, ਜਮਾਤ ਤੇ ਲਿੰਗਕ ਵਿਤਕਰੇ ਤੋਂ ਰਹਿਤ ਇੱਕ ਸੈਕੂਲਰ ਸਮਾਜ ਦੀ ਸਿਰਜਣਾ ਹੈ, ਜਿਸ ਵਾਸਤੇ ਇੱਕ ਬੇਹੱਦ ਮਜ਼ਬੂਤ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਲੋੜ ਹੈ ਤੇ ਆਰ ਐੱਮ ਪੀ ਆਈ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰੀ ਵਾਹ ਲਾਵੇਗੀ। ਉਨ੍ਹਾ ਕਿਹਾ ਕਿ ਲੋਕ ਜਮਹੂਰੀ ਇਨਕਲਾਬ ਦੇ ਨਿਸ਼ਾਨਿਆਂ ਦੀ ਪ੍ਰਾਪਤੀ ਦਾ ਸੰਘਰਸ਼ ਬਹੁਤ ਹੀ ਜਟਿਲ ਤੇ ਲੰਮਾ ਹੈ ਜੋ ਸਾਰੀਆਂ ਦੇਸ਼ ਭਗਤ ਤੇ ਜਮਹੂਰੀ ਤਾਕਤਾਂ ਦੀ ਇਨਕਲਾਬੀ ਏਕਤਾ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ, ਜਿਸ ਦਾ ਮੁੱਖ ਕੇਂਦਰ ਬਿੰਦੂ ਮਜ਼ਦੂਰ-ਕਿਸਾਨ ਏਕਤਾ ਹੋਵੇਗਾ।

ਉਨ੍ਹਾ ਇਹ ਗੱਲ ਵਿਸ਼ੇਸ਼ ਤੌਰ 'ਤੇ ਜ਼ੋਰ ਦੇ ਕੇ ਕਹੀ ਕਿ ਮਜ਼ਦੂਰ ਜਮਾਤ ਦੀ ਅਸਰਦਾਇਕ, ਇਕਜੁੱਟ ਤੇ ਰਾਜਨੀਤਕ ਤੌਰ 'ਤੇ ਤਿੱਖੇ ਰੂਪ 'ਚ ਕ੍ਰਿਆਸ਼ੀਲ ਲਹਿਰ ਦੀ ਅਣਹੋਂਦ ਕਾਰਨ, ਪੂੰਜੀਵਾਦੀ ਰਾਹ ਦੀ ਭਿਆਨਕਤਾ ਖਿਲਾਫ ਨਿੱਤ ਵਧਦੇ ਰੋਸ ਦੀ ਵਰਤੋਂ ਕੁੱਝ ਨਾਂਹ ਪੱਖੀ ਪ੍ਰਤੀਕਿਰਿਆਵਾਦੀ ਫਿਰਕੂ ਤੇ ਇਨਕਲਾਬ ਵਿਰੋਧੀ ਤਾਕਤਾਂ ਨੇ ਆਪਣਾ ਆਧਾਰ ਮਜ਼ਬੂਤ ਕਰਨ ਲਈ ਕੀਤੀ ਹੈ। ਇਨ੍ਹਾਂ ਤਾਕਤਾਂ 'ਚੋਂ ਹੀ ਸੰਘ ਪਰਵਾਰ ਦੀ ਔਲਾਦ ਭਾਜਪਾ ਹੁਣ ਸਭ ਤੋਂ ਮੋਹਰੀ ਹੈ। ਸੰਘ ਦੀ ਫਾਸ਼ੀਵਾਦੀ ਵਿਚਾਰਧਾਰਾ ਵਲੋਂ ਪਿੱਠ ਪੂਰੇ ਜਾਣ ਨਾਲ ਇਹ ਕੇਂਦਰ ਤੇ ਕਈ ਸਾਰੇ ਸੂਬਿਆਂ 'ਚ ਸੱਤਾ ਹਥਿਆਉਣ 'ਚ ਕਾਮਯਾਬ ਹੋਈ ਹੈ। ਇਸ ਪਾਰਟੀ ਤੇ ਸੰਘ ਪਰਿਵਾਰ ਦੀਆਂ ਦੂਸਰੀਆਂ ਜਥੇਬੰਦੀਆਂ ਦੇ ਪੈਰੋਕਾਰਾਂ ਵਲੋਂ ਘੱਟ ਗਿਣਤੀਆਂ, ਦਲਿਤਾਂ ਤੇ ਘਿਨਾਉਣੇ ਹਿੰਸਕ ਹਮਲਿਆਂ ਤੇ ਇਨ੍ਹਾਂ ਦੇ ਅਤਿ ਦਰਜੇ ਦੇ ਫਿਰਕੂ ਅਮਲਾਂ ਨੇ ਘੱਟ ਗਿਣਤੀਆਂ ਵਿਚਾਲੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਇਹ ਵਰਤਾਰਾ ਨਾ ਸਿਰਫ ਮਜ਼ਦੂਰ ਜਮਾਤ ਲਈ ਖਤਰਨਾਕ ਹੈ ਸਗੋਂ ਕੌਮਾਂਤਰੀ ਪੱਧਰ 'ਤੇ ਕੱਟੜਪੰਥੀਆਂ ਦੇ ਉਭਾਰ ਨਾਲ ਮਿਲਕੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਨਾਲ-ਨਾਲ ਆਮ ਲੋਕਾਂ ਦੀ ਸਲਾਮਤੀ ਲਈ ਵੀ ਗੰਭੀਰ ਖਤਰਾ ਹੈ। ਸੱਜੇ ਤੇ ਖੱਬੇ ਕੁਰਾਹੇ ਤੋਂ ਬਚਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾ ਕਿਹਾ ਕਿ ਸੈਕੂਲਰਿਜ਼ਮ ਤੇ ਜਮਹੂਰੀਅਤ ਪੀਡੀ ਤਰ੍ਹਾਂ ਇਕ ਦੂਜੇ ਨਾਲ ਜੁੜੇ ਹੋਏ ਹਨ। ਲੋਕ ਏਕਤਾ ਲਈ ਦੋਹਾਂ ਦੀ ਬਰਾਬਰ ਦੀ ਅਹਿਮੀਅਤ ਹੈ। ਉਨ੍ਹਾ ਆਸ ਪ੍ਰਗਟਾਈ ਗਈ ਕਿ ਧਰਤੀ ਅਜੇ ਬਾਂਝ ਨਹੀਂ ਹੋਈ। ਲੋਕ ਘੋਲ ਅਤੇ ਘੋਲਾਂ ਦੇ ਆਗੂ ਅੰਤ ਨੂੰ ਪ੍ਰਵਾਨ ਚੜ੍ਹਨਗੇ ਅਤੇ ਲੋਕਾਈ ਦੇ ਹਿੱਤਾਂ ਦੀ ਪਹਿਰੇਦਾਰ ਅਸਲ ਸਮਾਜਕ ਕ੍ਰਾਂਤੀ ਵੀ ਲਾਜ਼ਮੀ ਆਵੇਗੀ।

## ਪਾਰਟੀ ਪ੍ਰੋਗਰਾਮ ਦੀ ਪ੍ਰਵਾਨਗੀ

ਪਾਰਟੀ ਪ੍ਰੋਗਰਾਮ ਦੇ ਖਰੜੇ 'ਤੇ ਬਹਿਸ ਅਗਲੇ ਦਿਨ 24 ਨਵੰਬਰ ਤੱਕ ਚੱਲੀ। ਉਸਾਰੂ ਆਲੋਚਨਾਤਮਕ ਨਜ਼ਰੀਏ ਤੋਂ ਹੋਈ ਇਸ ਬਹਿਸ ਵਿਚ 21 ਡੈਲੀਗੇਟਾ ਨੇ ਹਿੱਸਾ ਲਿਆ। ਬਾਅਦ ਦੁਪਹਿਰ ਇਹ ਖਰੜਾ ਸਰਵਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਦੁਪਹਿਰ ਦੇ ਖਾਣੇ ਤੋਂ ਬਾਅਦ ਸ਼ੁਰੂ ਹੋਏ ਅਗਲੇ ਸੈਸ਼ਨ ਵਿਚ ਇਨਕਲਾਬੀ ਗਾਇਕ ਜਗਸੀਰ ਜੀਦਾ ਦੀ ਲੋਕ ਸੰਗੀਤ ਮੰਡਲੀ ਨੇ 'ਰੋਟੀ ਹੱਕ ਦੀ ਖਾਈਏ ਜੀ ਕਾਹਨੂੰ ਬੂਟ ਪਾਲਸ਼ਾਂ ਕਰੀਏ' ਵਰਗੇ ਗੀਤਾਂ ਨਾਲ ਮਾਹੌਲ ਗਰਮਾ ਦਿੱਤਾ। ਉਨ੍ਹਾਂ ਤੋਂ ਬਾਅਦ ਨਾਮਵਰ ਗਾਇਕ ਬਲਬੀਰ ਸੂਫ਼ੀ ਦੀ ਗਾਇਕੀ ਨੇ ਹਰ ਡੈਲੀਗੇਟ ਦੀਆਂ ਸੰਵੇਦਨਾਵਾਂ ਨੂੰ ਟੁੰਬਿਆ। ਸੂਫੀ ਦੇ ਗੀਤ 'ਵੋਟਾਂ ਅਸੀਂ ਧਰਮਾਂ ਦੇ ਨਾਂਅ 'ਤੇ ਹੀ ਪਾਉਣੇ ਆਂ' ਨੇ ਜਿੱਥੇ ਸਮਾਜਿਕ ਤਾਣੇਬਾਣੇ 'ਤੇ ਡੂੰਘੀ ਸੱਟ ਮਾਰੀ ਉਥੇ ਉਸਨੇ ਆਪਣੇ ਦੂਸਰੇ ਗੀਤ 'ਅੱਖੀਆਂ 'ਚ ਜਾਨ' ਰਾਹੀਂ ਧੀਆਂ ਦੀ ਗੱਲ ਕਰਕੇ ਹਰ ਅੱਖ ਨਮ ਕਰ ਦਿੱਤੀ। ਇਸ ਸੱਭਿਆਚਾਰਕ ਪੜਾਅ ਦੇ ਅੰਤਲੇ ਪਲਾਂ 'ਚ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਕਵਿਤਾ ਕ੍ਰਿਸ਼ਨਨ ਆਪਣੀ ਪਾਰਟੀ ਵਲੋਂ ਇਸ ਸਰਵ ਭਾਰਤ ਕਾਨਫਰੰਸ ਦੀ ਸਰਵਪੱਖੀ ਸਫਲਤਾ ਲਈ ਕ੍ਰਾਂਤੀਕਾਰੀ ਸ਼ੁਭ ਇੱਛਾਵਾਂ ਭੇਟ ਕਰਨ ਲਈ ਪੁੱਜੇ। ਉਨ੍ਹਾ ਆਪਣੇ ਸੰਬੋਧਨ ਵਿਚ ਕਿਹਾ ਕਿ ਆਰ.ਐਮ.ਪੀ.ਆਈ. ਤੇ ਲਿਬਰੇਸ਼ਨ ਮਾਰਕਸਵਾਦ-ਲੈਨਿਨਵਾਦ ਦੇ ਵਿਗਿਆਨਕ ਫਲਸਫੇ, ਮਹਾਨ ਅਕਤੂਬਰ ਇਨਕਲਾਬ, ਭਾਰਤ ਦੇ ਸੁਤੰਤਰਤਾ ਸੰਗਰਾਮ ਅਤੇ ਵੱਖ ਵੱਖ ਸਮੇਂ 'ਤੇ ਚੱਲੀਆਂ ਲੋਕ ਪੱਖੀ ਲਹਿਰਾਂ ਦੇ ਹਾਂ ਪੱਖੀ ਪਹਿਲੂਆਂ ਤੋਂ ਪ੍ਰੇਰਣਾ ਲੈਂਦੀਆਂ ਹਨ ਜੋ ਸਾਡੀ ਦੋਹਾਂ ਦੀ ਸਾਂਝ ਦਾ ਆਧਾਰ ਹੈ। ਇਸ ਤੋਂ ਬਿਨਾਂ ਲੋਕਾਂ ਦੇ ਜੀਵਨ ਅਤੇ ਸਵੈਮਾਣ ਦੀ ਰਾਖੀ ਲਈ ਘੋਲਾਂ ਦੀ ਤੀਬਰਤਾ, ਉਤਸ਼ਾਹ, ਪ੍ਰਤੀਬੱਧਤਾ ਅਤੇ ਲਗਾਤਾਰਤਾ ਵੀ ਸਾਡੀ ਅਜੋਕੀ ਤੇ ਭਵਿੱਖੀ ਸਾਂਝ ਦਾ ਆਧਾਰ ਸਤੰਭ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਪ੍ਰਧਾਨ ਸਾਥੀ ਅਵਤਾਰ ਸਿੰਘ ਜੌਹਲ ਨੇ ਆਪਣੇ ਸੰਦੇਸ਼ ਰਾਹੀਂ ਕਾਨਫਰੰਸ ਦੀ ਸਫਲਤਾ ਲਈ ਕ੍ਰਾਂਤੀਕਾਰੀ ਸ਼ੁਭ ਇੱਛਾਵਾਂ ਭੇਟ ਕਰਦਿਆਂ ਭਵਿੱਖ 'ਚ ਹੋਰ ਵਧੇਰੇ ਸਹਿਯੋਗ ਦਾ ਭਰੋਸਾ ਦਿਵਾਇਆ।

## ਰਾਜਨੀਤਕ ਮਤੇ ਦਾ ਖਰੜਾ ਪੇਸ਼

ਬਾਅਦ 'ਚ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਹਾਊਸ ਅੱਗੇ ਵਿਚਾਰਨ ਲਈ ਰਾਜਨੀਤਕ ਮਤੇ ਦਾ ਖਰੜਾ ਪੇਸ ਕੀਤਾ। ਇਹ ਖਰੜਾ ਪੇਸ਼ ਕਰਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਸਾਮਰਾਜੀ ਸੰਸਾਰੀਕਰਨ ਪੂੰਜੀਵਾਦੀ ਲੁੱਟ ਦਾ ਇਕ ਆਧੁਨਿਕ ਰੂਪ ਹੈ। ਦੁਨੀਆਂ ਭਰ ਦੇ ਆਮ ਲੋਕਾਂ ਨੂੰ ਫਾਹੁਣ ਲਈ ਇਕ ਭਰਮ ਜਾਲ ਹੈ ਜਿਸਨੂੰ ਤੋੜਨਾ ਬਹੁਤ ਲਾਜ਼ਮੀ ਹੈ। ਇਹ ਜ਼ੁੰਮੇਵਾਰੀ ਖੱਬੀਆਂ ਧਿਰਾਂ ਹੀ ਨਿਭਾਅ ਸਕਦੀਆਂ ਹਨ ਤੇ ਆਰ.ਐਮ.ਪੀ.ਆਈ. ਇਸ ਜ਼ੁੰਮੇਵਾਰੀ ਨੂੰ ਸੁਹਿਰਦਤਾ ਨਾਲ ਨਿਭਾਏਗੀ।

ਸਾਥੀ ਪਾਸਲਾ ਨੇ ਕਿਹਾ ਕਿ ਸਾਮਰਾਜੀ ਸੰਸਾਰੀਕਰਨ ਇਕ ਅਜਿਹਾ ਫਰਾਡ ਹੈ ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਜੇ ਇਹ ਫਰਾਡ ਨਹੀਂ ਤਾਂ ਦੁਨੀਆਂ ਭਰ 'ਚ ਸਾਮਰਾਜ ਦੇ ਮੁਹਰੈਲੀ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਇਹ ਨਾ ਆਖਦਾ ਕਿ ਅਮਰੀਕਾ ਸਿਰਫ ਅਮਰੀਕੀ ਲੋਕਾਂ ਲਈ ਹੀ ਹੈ। ਉਹ ਦੂਸਰੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਪ੍ਰਵਾਸੀ ਕਾਮਿਆਂ 'ਤੇ ਰੋਕਾਂ ਨਾ ਲਾਉਂਦਾ। ਉਨ੍ਹਾ ਕਿਹਾ ਕਿ ਲੋਕਾਈ ਦੀ ਭਲਾਈ ਸਿਰਫ ਤੇ ਸਿਰਫ ਸਮਾਜਵਾਦੀ ਵਿਵਸਥਾ ਅਧੀਨ ਹੀ ਹੋ ਸਕਦੀ ਹੈ। ਪੂੰਜੀਵਾਦੀ ਵਿਵਸਥਾ 'ਚ ਲੋਕਾਂ, ਖਾਸਕਰ ਮਜ਼ਦੂਰ ਵਰਗ ਦੀ ਲੁੱਟ ਹੀ ਹੁੰਦੀ ਰਹੇਗੀ। ਉਨ੍ਹਾ ਕਿਹਾ ਕਿ ਸੰਨ 2008 ਦੇ ਆਰਥਿਕ ਸੰਕਟ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪੂੰਜੀਵਾਦ ਆਪਣੇ ਆਪ ਵਿਚ ਹੀ ਅੰਦਰੂਨੀ ਵਿਰੋਧਤਾਈਆਂ ਨਾਲ ਭਰਿਆ ਹੋਇਆ ਹੈ। ਇਸਦੇ ਉਲਟ ਚੀਨ ਦੀ ਸਮਾਜਵਾਦੀ ਵਿਵਸਥਾ ਪੱਕੇ ਪੈਰੀਂ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ ਤੇ ਅਮਰੀਕਾ ਦੀ ਘੇਰਾਬੰਦੀ ਦੇ ਬਾਵਜੂਦ ਕਿਊਬਾ ਵਰਗਾ ਛੋਟਾ ਜਿਹਾ ਦੇਸ਼ ਸਮਾਜਵਾਦੀ ਵਿਵਸਥਾ ਦੇ ਸਿਰ 'ਤੇ ਅਡੋਲ ਅੱਗੇ ਵੱਧ ਰਿਹਾ ਹੈ।

ਉਨ੍ਹਾਂ ਕਿਹਾ ਕਿ ਵਿਸ਼ਵ ਆਰਥਿਕ ਸੰਕਟ ਨੇ ਭਾਰਤੀ ਅਰਥਚਾਰੇ ਨੂੰ ਵੀ ਆਪਣੀ ਲਪੇਟ 'ਚ ਲਿਆ ਹੋਇਆ ਹੈ। ਇਸਦਾ ਕੋਈ ਵੀ ਖੇਤਰ ਇਸ ਸੰਕਟ ਤੋਂ ਅਛੂਤਾ ਨਹੀਂ ਰਿਹਾ। ਆਜ਼ਾਦੀ ਤੋਂ ਬਾਅਦ ਦੇ 70 ਸਾਲਾਂ ਦੌਰਾਨ ਪੂੰਜੀਵਾਦੀ ਪ੍ਰਬੰਧ ਦੇ ਲੁਟੇਰੇ ਸੁਭਾਅ ਕਾਰਨ ਇਸਦੀ ਜਮਾਂਦਰੂ ਆਰਥਿਕ ਅਸਥਿਰਤਾ ਹੁਣ ਰਾਜਨੀਤਕ ਅਸਥਿਰਤਾ ਵਿਚ ਬਦਲ ਚੁੱਕੀ ਹੈ, ਜਿਸਦਾ ਪ੍ਰਗਟਾਵਾ ਸਰਮਾਏਦਾਰ, ਜਗੀਰਦਾਰ ਪਾਰਟੀਆਂ ਪ੍ਰਤੀ ਲੋਕਾਂ ਅੰਦਰ ਸਥਾਈ ਬੇਭਰੋਸਗੀ ਦੇ ਰੂਪ 'ਚ ਹੋ ਰਿਹਾ ਹੈ। ਇਨ੍ਹਾਂ ਪਾਰਟੀਆਂ ਦੇ ਲੀਡਰਾਂ ਦੇ ਭ੍ਰਿਸ਼ਟਾਚਾਰ, ਗੈਰ ਇਖਲਾਕੀ, ਗੈਰ ਜਮਹੂਰੀ ਤੇ ਆਪਾਧਾਪੀ ਵਾਲੀਆਂ ਗਤੀਵਿਧੀਆਂ 'ਚ ਲਿਪਤ ਹੋਣ ਕਾਰਨ ਲੋਕ ਇਨ੍ਹਾਂ ਪਾਰਟੀਆਂ ਨੂੰ ਨਫ਼ਰਤ ਕਰਨ ਲੱਗ ਪਏ ਹਨ ਤੇ ਇਕ ਬੱਝਵੇਂ ਲੋਕ ਪੱਖੀ ਰਾਜਨੀਤਕ-ਆਰਥਕ ਬਦਲ ਦੀ ਭਾਲ ਵਿਚ ਹਨ। ਅਜੋਕੇ ਹਾਲਾਤ ਨੂੰ ਕਿਸੇ ਪਿਛਾਂਹ ਖਿੱਚੂ ਫਾਸ਼ੀਵਾਦੀ ਪ੍ਰਬੰਧ ਵੱਲ ਖਿਸਕਣ ਤੋਂ ਰੋਕਣ ਲਈ ਮੌਜੂਦਾ ਅਵਸਥਾਵਾਂ ਮਾਰਕਸਵਾਦੀਆਂ ਤੋਂ ਸਪੱਸ਼ਟ ਸਮਾਜਕ-ਆਰਥਕ ਬਦਲ ਰਾਹੀਂ ਤੁਰੰਤ ਜ਼ਰੂਰੀ ਤੇ ਪ੍ਰਭਾਵਸ਼ਾਲੀ ਦਖਲ ਦੀ ਮੰਗ ਕਰਦੀਆਂ ਹਨ। ਪਰ ਭਾਰਤ ਦੇ ਖੱਬੇ ਪੱਖੀ ਇੰਨੇ ਕਮਜ਼ੋਰ ਤੇ ਵੰਡੇ ਹੋਏ ਹਨ ਕਿ ਇਸ ਵਿਸ਼ਾਲ ਕਾਰਜ ਦੀ ਜ਼ਿੰਮੇਵਾਰੀ ਨਹੀਂ ਚੁੱਕ ਸਕਦੇ। ਲੰਮੇ ਸਮੇਂ ਤੋਂ ਖੱਬਾ ਪੱਖ ਕੁੱਝ ਸਿਧਾਂਤਕ-ਰਾਜਨੀਤਕ ਮੁੱਦਿਆਂ 'ਤੇ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ। ਜੇ ਇਕ ਹਿੱਸਾ ਵਿਗਿਆਨਕ ਮਾਰਕਸਵਾਦੀ-ਲੈਨਿਨਵਾਦੀ ਰਾਹ ਤੋਂ ਮਾਅਰਕੇਬਾਜ਼ੀ ਦੇ ਭਟਕਾਵਾਂ ਦਾ ਸ਼ਿਕਾਰ ਹੈ ਤੇ ਦੂਜਾ ਵੱਡਾ ਹਿੱਸਾ ਹਾਲੇ ਵੀ ਸਰਮਾਏਦਾਰ ਪਾਰਟੀਆਂ ਦਾ ਪਿਛਲੱਗ ਬਣਿਆ ਹੋਇਆ ਹੈ।

☛ ਬਾਕੀ ਸਫ਼ਾ 41 'ਤੇ

# ਭਾਰਤ ਨੂੰ ਖੱਬੀਆਂ ਧਿਰਾਂ ਦੀ ਲੋੜ ਕਿਉਂ ਹੈ ?

ਪ੍ਰਭਾਤ ਪਟਨਾਇਕ

ਕਿਉਂਕਿ ਭਾਰਤ ਵਿਚ ਖੱਬੇ ਪੱਖੀਆਂ ਨੇ ਅਕਤੂਬਰ ਇਨਕਲਾਬ ਦੌਰਾਨ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ ਸਨ, ਇਸ ਲਈ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਮਗਰੋਂ ਇਸ ਦੇ ਭਵਿੱਖ ਬਾਰੇ ਹਮੇਸ਼ਾ ਖ਼ਦਸ਼ੇ ਹੀ ਪ੍ਰਗਟਾਏ ਜਾਂਦੇ ਰਹੇ ਹਨ। ਹਾਲਾਂਕਿ ਅਜਿਹੀਆਂ ਬਹਿਸਾਂ ਲਗਾਤਾਰ ਗ਼ਲਤ ਸਵਾਲ ਪੇਸ਼ ਕਰਦੀਆਂ ਹਨ। ਸਵਾਲ ਇਹ ਨਹੀਂ ਕਿ ਕੀ ਇਸ ਮੁਲਕ ਵਿਚ ਖੱਬੀਆਂ ਧਿਰਾਂ ਕਾਇਮ ਰਹਿਣਗੀਆਂ, ਸਗੋਂ ਸਵਾਲ ਤਾਂ ਇਹ ਬਣਦਾ ਹੈ ਕਿ ਖੱਬੀਆਂ ਧਿਰਾਂ ਤੋਂ ਬਿਨਾਂ ਕੀ ਇਸ ਮੁਲਕ ਦਾ ਕੋਈ ਭਵਿੱਖ ਹੈ ?

ਨਵਉਦਾਰਵਾਦ ਪੂੰਜੀਵਾਦ, ਜਿਸ ਨੂੰ ਭਾਰਤ ਨੇ ਹੋਰਨਾਂ ਮੁਲਕਾਂ ਦੀ ਰੀਸੇ ਆਰਥਕ ਹਕੂਮਤ ਵਜੋਂ ਜ਼ਰਾ ਦੇਰੀ ਨਾਲ ਅਪਣਾਇਆ ਹੈ, ਹੁਣ ਆਪਣੇ ਅੰਤ ਦੇ ਨੇੜੇ ਢੁਕ ਚੁੱਕਾ ਹੈ। 2008 ਵਿਚ ਸ਼ੁਰੂ ਹੋਇਆ ਇਹ ਆਰਥਕ ਸੰਕਟ ਨਾ ਸਿਰਫ਼ ਮਹਾਂਨਗਰੀ ਮੁਲਕਾਂ ਵਿਚ ਹਾਲੇ ਤੱਕ ਬੁਰੀ ਤਰ੍ਹਾਂ ਪਸਰਿਆ ਹੋਇਆ ਹੈ, ਸਗੋਂ ਭਾਰਤ ਅਤੇ ਚੀਨ ਵਰਗੇ ਮੁਲਕਾਂ ਵਿਚ ਵੀ ਫੈਲ ਚੁੱਕਾ ਹੈ, ਜਿਨ੍ਹਾਂ ਨੇ ਸ਼ੁਰੂ-ਸ਼ੁਰੂ ਵਿਚ ਇਸ ਸੰਕਟ ਤੋਂ ਮੁਕਤ ਹੋਣ ਦਾ ਦਿਖਾਵਾ ਕੀਤਾ ਸੀ। ਇਕ ਹੀ ਤਰੀਕਾ ਹੈ ਜਿੱਥੇ ਨਵੇਂ ਸੰਪਤੀ-ਮੁੱਲ ਬੁਲਬੁਲੇ ਰਾਹੀਂ ਨਵਉਦਾਰਵਾਦ ਵਿਵਸਥਾ ਅੰਦਰ ਹੀ ਨਵੀਂ ਦੁਨੀਆ ਉਸਰ ਸਕਦੀ ਹੈ, ਜਿੱਥੇ ਵਿੱਤੀ ਸਾਧਨਾਂ ਰਾਹੀਂ ਮੰਗ ਪ੍ਰਬੰਧਨ ਵਿਚ ਸਟੇਟ ਦਾ ਦਖ਼ਲ ਸ਼ਰਾਪ ਮੰਨਿਆ ਜਾਂਦਾ ਹੈ। ਪਰ ਅਜਿਹੇ ਬੁਲਬੁਲੇ ਆਦੇਸ਼ ਸੁਣਾਉਣ ਲਈ ਨਹੀਂ ਬਣਾਏ ਜਾਂਦੇ ਅਤੇ ਇਥੋਂ ਤੱਕ ਕਿ ਜੇਕਰ ਇਤਫ਼ਾਕਨ ਬੁਲਬੁਲੇ ਬਣ ਵੀ ਜਾਣ ਤਾਂ ਲਾਜ਼ਮੀ ਤੌਰ 'ਤੇ ਇਸ ਦਾ ਠੁੱਸ ਹੋਣਾ ਵਿਸ਼ਵ ਪੂੰਜੀਵਾਦ ਨੂੰ ਮੁੜ ਸੰਕਟ ਵਿਚ ਧੱਕੇਗਾ। ਸੋ, ਵਿਸ਼ਵ ਪੂੰਜੀਵਾਦ ਵਿਚ ਲੰਬੇ ਸਮੇਂ ਦੀ ਖੜੋਤ ਸਾਡੇ ਸਾਹਮਣੇ ਹੈ, ਜਿਸ ਦਾ ਭਾਰਤੀ ਅਰਥ-ਵਿਵਸਥਾ ਦੀ ਖੜੋਤ 'ਤੇ ਵੀ ਡੂੰਘਾ ਅਸਰ ਪੈਣਾ ਲਾਜ਼ਮੀ ਹੈ। ਨਰਿੰਦਰ ਮੋਦੀ ਸਰਕਾਰ ਦੀ ਬੇਤੁਕੀ ਸਮਝ ਨੇ ਨੋਟਬੰਦੀ ਕਰਕੇ ਤੇ ਮਗਰੋਂ ਜੀ.ਸੀ.ਐਸ.ਟੀ. (ਗੈਰ-ਰਸਮੀ ਖੇਤਰ ਵਿਚ ਲਾਏ ਭਾਰੀ ਟੈਕਸ) ਲਾਗੂ ਕਰਕੇ ਇਸ ਸਮੱਸਿਆ ਨੂੰ ਹੋਰ ਉਲਝਾ ਦਿੱਤਾ ਹੈ।

ਇਥੋਂ ਤਕ ਕਿ ਇਸ ਤੋਂ ਪਹਿਲਾਂ ਜਦੋਂ ਭਾਰਤੀ ਅਰਥ-ਵਿਵਸਥਾ ਦੀਆਂ ਬੇਜੋੜ ਦਰਾਂ ਜ਼ਾਹਰਾ ਤੌਰ 'ਤੇ ਵਧ ਰਹੀਆਂ ਸਨ, ਖੇਤੀ ਸਮੇਤ ਲਘੂ ਉਤਪਦਾਨ ਖੇਤਰ ਬੁਰੀ ਤਰ੍ਹਾਂ ਸੁੰਗੜ ਗਿਆ ਸੀ। ਇਨ੍ਹਾਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਦੋ ਦਹਾਕਿਆਂ ਦੌਰਾਨ ਭਾਰਤ ਵਿਚ ਤਿੰਨ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਅਜਿਹਾ ਇਸ ਲਈ ਕਿਉਂਕਿ ਨਵਉਦਾਰਵਾਦ ਵਿਵਸਥਾ ਲੋੜ 'ਤੇ ਜ਼ੋਰ ਨਹੀਂ ਦਿੰਦੀ, ਜਿਵੇਂ ਕਿ ਆਮ ਤੌਰ 'ਤੇ ਮੰਨਿਆ ਜਾਂਦਾ ਹੈ, ਇਸ ਤਰ੍ਹਾਂ ਅਰਥ-ਵਿਵਸਥਾ ਤੋਂ ਸਟੇਟ ਦਾ ਮੂੰਹ ਮੋੜਨਾ ਤੇ 'ਬਾਜ਼ਾਰ ਵਿਚ ਚੀਜ਼ਾਂ ਛੱਡਣੀਆਂ', ਪਰ ਵਿਸ਼ਵੀ ਪੂੰਜੀ ਦੇ ਹਿਤਾਂ ਲਈ ਸਟੇਟ ਵਿਸ਼ੇਸ਼ ਤੌਰ 'ਤੇ ਸਮਰਥਨ ਕਰਦੀ ਹੈ, ਜਿਸ ਨਾਲ ਘਰੇਲੂ-ਵਿੱਤੀ ਕੁਲੀਨਤੰਤਰ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਇਹ ਜ਼ਰੂਰੀ ਹੈ, ਇਸ ਲਈ ਸਟੇਟ ਲਘੂ ਉਤਪਾਦਨ ਨੂੰ ਸਥਿਰ ਬਣਉਣ ਤੇ ਬਚਾ ਕੇ ਰੱਖਣ ਦੀ ਆਪਣੀ ਪਹਿਲੀ ਭੂਮਿਕਾ ਤੋਂ ਦੜ ਵੱਟ ਲੈਂਦੀ ਹੈ। ਨਵਉਦਾਰਵਾਦ ਤਹਿਤ ਲਘੂ ਉਤਪਾਦਨ ਨੂੰ ਮੁਕਤ ਕਰ ਦਿੱਤਾ ਗਿਆ, ਜਿਸ 'ਤੇ ਪੂੰਜੀਵਾਦ ਖੇਤਰ ਨੇ ਆਪਣਾ ਕਬਜ਼ਾ ਜਮਾ ਲਿਆ ਹੈ, ਇਸ ਵਰਤਾਰੇ ਨੂੰ ਕਾਰਲ ਮਾਰਕਸ ਨੇ 'ਪੂੰਜੀ ਦਾ ਬੇਅੰਤ ਢੇਰ' ਕਿਹਾ ਸੀ, ਜੋ ਬਸਤੀਵਾਦੀ ਦੌਰ ਦੀ ਯਾਦ ਤਾਜ਼ਾ ਕਰਾਉਂਦਾ ਹੈ ਤੇ ਇਸ ਨੂੰ ਇਕੋ ਪ੍ਰਕਿਰਿਆ ਰਾਹੀਂ ਚਿੰਨ੍ਹਿਤ ਕੀਤਾ ਗਿਆ ਹੈ।

ਡਾਇਰਿਜਿਸਟ ਯੁੱਗ (ਅਜਿਹਾ ਯੁੱਗ, ਜਿੱਥੇ ਆਰਥਕ ਤੇ ਸਮਾਜਕ ਨੀਤੀਆਂ 'ਤੇ ਸਟੇਟ ਦਾ ਕੰਟਰੋਲ ਹੋਵੇ) ਦੇ ਮੁਕਾਬਲੇ ਪੂੰਜੀਵਾਦੀ ਦੌਰ ਵਿਚ ਕਿਸਾਨਾਂ ਦੇ ਲਾਭ ਤੇਜ਼ੀ ਨਾਲ ਡਿੱਗੇ ਅਤੇ ਵਿਸ਼ਵ ਦੀਆਂ ਕੀਮਤਾਂ ਵਿਚ ਉਤਾਰ-ਚੜ੍ਹਾਅ ਦੀਆਂ ਤਬਦੀਲੀਆਂ ਇਸੇ ਖੇਤਰ ਵਿਚ ਆਜ਼ਾਦ ਰੂਪ ਵਿਚ ਆਉਂਦੀਆਂ ਹਨ ਕਿਉਂਕਿ ਵਿਸ਼ਵ ਬਾਜ਼ਾਰ ਤੋਂ ਇਸ ਦੀ ਪੂਰਤੀ, ਖ਼ਾਸ ਤੌਰ 'ਤੇ ਵਪਾਰਕ ਫ਼ਸਲਾਂ ਦੇ ਮਾਮਲੇ ਵਿਚ, ਖ਼ਤਮ ਹੋ ਜਾਂਦੀ ਹੈ। ਪੀੜਤ ਕਿਸਾਨ ਰੁਜ਼ਗਾਰ ਦੀ ਭਾਲ ਵਿਚ ਸ਼ਹਿਰੀ ਅਰਥਵਿਵਸਥਾ ਵਿਚ ਵੱਡੀ ਸੰਖਿਆ ਵਿਚ ਹਿਜਰਤ ਕਰਨਾ ਸ਼ੁਰੂ ਕਰ ਦਿੰਦੇ ਹਨ ਪਰ ਰੁਜ਼ਗਾਰ ਮੌਕੇ ਸੀਮਤ ਹੋਣ ਕਾਰਨ ਨੌਕਰੀਆਂ ਲੱਭਣ ਵਿਚ ਦਿੱਕਤ ਆਉਂਦੀ ਹੈ।

ਸਿੱਟੇ ਵਜੋਂ, ਕਿਸਾਨਾਂ ਦਾ ਸੰਕਟ ਸਮੁੱਚੀ ਕਾਮਾ ਜਮਾਤ, ਜਿਸ ਵਿਚ ਜਥੇਬੰਦਕ ਖੇਤਰ ਦੇ ਕਾਮੇ ਵੀ ਸ਼ਾਮਲ ਹਨ, ਦੀ ਵੱਡੇ ਪੱਧਰ 'ਤੇ ਬੇਚੈਨੀ ਦਾ ਕਾਰਨ ਬਣਦਾ ਹੈ ਕਿਉਂਕਿ ਟਰੇਡ ਯੂਨੀਅਨਾਂ ਦੀ ਸੌਦੇਬਾਜ਼ੀ ਦੀ ਤਾਕਤ ਵੱਧ ਰਹੀ ਕਿਰਤ ਮੰਡੀ ਦੇ ਕਾਰਨ ਨੂੰ ਘਟਾਉਂਦੀ ਹੈ।

ਇਸ ਤਰ੍ਹਾਂ ਨਵਉਦਾਰਵਾਦ ਲਘੂ ਉਦਯੋਗ ਨੂੰ ਦੋਵੇਂ ਸਪਲਾਈ ਅਤੇ ਮੰਗ ਪੱਖੋਂ ਅਸਰਅੰਦਾਜ਼ ਕਰਦਾ ਹੈ (ਕਿਉਂਕਿ ਉਤਪਾਦਕਾਂ ਦੀ ਆਮਦਨ ਘਟਣ ਕਾਰਨ ਸਪਲਾਈ 'ਤੇ ਅਨੁਕੂਲ ਅਸਰ ਪੈਂਦਾ ਹੈ, ਜਦਕਿ ਕਾਮਾ ਵਰਗ ਦੀ ਆਮਦਨ ਘੱਟ ਜਾਣ ਕਾਰਨ ਮੰਗ 'ਤੇ ਅਸਰ ਪੈਂਦਾ ਹੈ) ਜ਼ਿਕਰਯੋਗ ਹੈ ਕਿ ਭਾਰਤ ਵਿਚ 1990-91 ਅਤੇ 2013-14 (ਦੋਵੇਂ ਚੰਗੀ ਫ਼ਸਲ ਦੇ ਵਰ੍ਹੇ ਰਹੇ) ਪ੍ਰਤੀ ਵਿਅਕਤੀ ਖ਼ੁਰਾਕ ਉਤਪਾਦਨ ਸਥਿਰ ਰਿਹਾ, ਜਿਸ ਵਿਚ ਸਪਲਾਈ ਘੱਟ ਗਈ, ਜਦਕਿ ਪ੍ਰਤੀ ਵਿਅਕਤੀ ਭੋਜਨ ਦੀ ਉਪਲਬਧਤਾ 4× ਹੇਠਾਂ ਆ ਗਈ ਕਿਉਂਕਿ ਕਾਮਾ ਵਰਗ ਦੀ ਖ਼ਰੀਦ ਸ਼ਕਤੀ ਘੱਟ ਗਈ।

ਭਾਰਤ ਵਿਚ ਭੁੱਖ ਦਾ ਇਹ ਹਾਲ ਹੈ ਕਿ ਆਈ.ਐਫ਼.ਪੀ.ਆਰ. ਆਈ. ਇੰਡੈਕਸ ਵਲੋਂ ਤਿਆਰ ਸੂਚੀ ਵਿਚ ਭੁੱਖ ਨਾਲ ਪੀੜਤ 119 ਮੁਲਕਾਂ ਵਿਚੋਂ ਭਾਰਤ ਦਾ 100ਵਾਂ ਸਥਾਨ ਹੈ ਤੇ ਇਸ ਵਿਚ ਉੱਨਤ ਮੁਲਕ ਸ਼ਾਮਲ ਨਹੀਂ ਹਨ। ਲੋਕ ਇਹ ਘੱਟ ਹੀ ਜਾਣਦੇ ਹੋਣਗੇ ਕਿ ਠੀਕ ਇਨ੍ਹਾਂ ਵਰ੍ਹਿਆਂ ਦੌਰਾਨ ਜਦੋਂ ਦੇਸ਼ ਦੀ ਵੱਡੀ ਆਬਾਦੀ ਭੁੱਖ ਨਾਲ ਜੂਝ ਰਹੀ ਹੈ ਤਾਂ ਵਿਸ਼ਵ ਮੰਡੀ ਵਿਚ ਭਾਰਤ ਖ਼ੁਰਾਕ ਪਦਾਰਥਾਂ ਦਾ ਅਹਿਮ ਬਰਾਮਦਕਾਰ ਹੈ, ਜਿੱਥੇ ਇਹ ਅਨਾਜ ਅਮੀਰ ਮੁਲਕ ਆਪਣੇ ਜਾਨਵਰਾਂ ਲਈ ਖ਼ਰੀਦਦੇ ਹਨ।

ਭਾਰਤ ਵਿਚ ਗ਼ਰੀਬੀ ਦਾ ਮਾਪਦੰਡ ਕੈਲੋਰੀਜ਼ ਨਾਲ ਜੋੜਿਆ ਗਿਆ ਹੈ, ਜਿੱਥੇ ਦਿਹਾਤੀ ਭਾਰਤ ਵਿਚ ਪ੍ਰਤੀ ਵਿਅਕਤੀ ਰੋਜ਼ਾਨਾ 2200 ਕੈਲੋਰੀਜ਼ ਅਤੇ ਸ਼ਹਿਰੀ ਭਾਰਤ ਵਿਚ 2100 ਕੈਲੋਰੀਜ਼। 2200 ਕੈਲੋਰੀਜ਼ ਤੋਂ ਹੇਠਾਂ ਪੇਂਡੂ ਆਬਾਦੀ ਦਾ ਪ੍ਰਤੀਸ਼ੱਤ 1993-94 ਵਿਚ 58 ਤੋਂ ਵੱਧ ਕੇ 2011-12 (ਚੰਗੀ ਫ਼ਸਲ ਦਾ ਵਰ੍ਹਾ) ਵਿਚ 68 ਹੋ ਗਿਆ। ਇਸੇ ਤਰ੍ਹਾਂ ਦੇ ਨਤੀਜੇ ਸ਼ਹਿਰੀ ਭਾਰਤ ਵਿਚ ਦੇਖਣ ਨੂੰ ਮਿਲੇ। ਨਵਉਦਾਰਵਾਦ ਦੇ ਦੌਰ ਦੌਰਾਨ ਗ਼ਰੀਬੀ ਘਟਣ ਦੇ ਤਮਾਮ ਦਾਅਵੇ ਬਿਨਾਂ ਕਿਸੇ ਆਧਾਰ ਦੇ ਕੀਤੇ ਗਏ।

ਵਿਸ਼ਵੀ ਸੰਕਟ ਦੇ ਭਾਰਤ ਤੱਕ ਫੈਲਾਅ ਨਾਲ ਲਘੂ ਉਤਪਾਦਨ 'ਤੇ ਸ਼ਿਕੰਜਾ ਹੋਰ ਕੱਸਿਆ ਗਿਆ। ਮੋਦੀ ਹਕੂਮਤ ਦੇ 2013-14 ਅਤੇ 2016-17 ਦੇ ਸਮੇਂ ਦੌਰਾਨ, ਖੇਤੀ ਆਧਾਰਤ ਆਬਾਦੀ (ਅੰਦਾਜ਼ਨ ਦੇਸ਼ ਦੀ ਕੁੱਲ ਆਬਾਦੀ ਦਾ ਅੱਧ ਹੈ) ਦੀ ਪ੍ਰਤੀ ਜੀਅ ਆਮਦਨ ਬਿਲਕੁਲ ਵੀ ਨਹੀਂ ਵਧੀ; ਸਗੋਂ ਮਾਮੂਲੀ ਗਿਰਾਵਟ ਹੀ ਆਈ ਹੈ। ਜ਼ਾਹਰਾ ਤੌਰ 'ਤੇ ਇਸ ਵਿਚ ਖੇਤੀ 'ਤੇ ਨੋਟਬੰਦੀ ਦਾ ਅਸਰ ਸ਼ਾਮਲ ਨਹੀਂ ਹੈ, ਜਿਸ ਨੇ ਕਰਜ਼ੇ ਦੇ ਬੋਝ ਨੂੰ ਹੋਰ ਵਧਾ ਦਿੱਤਾ ਹੈ। ਦੂਜੇ ਪਾਸੇ, ਜਿਵੇਂ ਕਿ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ, ਆਬਾਦੀ ਦੇ ਸ਼ਿਖ਼ਰਲੇ ਇਕ ਫ਼ੀਸਦੀ ਦੀ ਆਮਦਨ ਅਤੇ ਦੌਲਤ ਵਿਚ ਚੋਖਾ ਵਾਧਾ ਹੋਇਆ ਹੈ। ਦਰਅਸਲ, 1922 ਤੋਂ ਬਾਅਦ ਦੇ ਸਮੇਂ ਤੋਂ (ਜਦੋਂ ਆਮਦਨ ਕਰ ਲਾਗੂ ਹੋਇਆ) ਅੱਜ ਇਨ੍ਹਾਂ ਦੀ ਆਮਦਨ ਸ਼ਿਖ਼ਰਲੇ ਪੱਧਰ 'ਤੇ ਹੈ। ਇਸ ਸੰਕਟ ਨੇ ਨਾ ਸਿਰਫ਼ ਛੋਟੇ ਉਤਪਾਦਕਾਂ ਨੂੰ ਨੁਕਸਾਨ ਪਹੁੰਚਾਇਆ ਹੈ, ਸਗੋਂ ਮੱਧ ਵਰਗ ਵੀ, ਜਿਨ੍ਹਾਂ ਵਿਚੋਂ ਕਈ ਨਵਉਦਾਰਵਾਦ ਦਾ ਲਾਹਾ ਖੱਟਦੇ ਰਹੇ ਹਨ, ਮੰਦੀ ਦੇ ਅਸਰ ਹੇਠ ਹੈ। ਜ਼ਰੂਰੀ ਵਸਤਾਂ ਅਤੇ ਉਤਪਾਦਕਾਂ ਵਿਚਾਲੇ ਵਪਾਰ ਦੀਆਂ ਵਿਸ਼ਵੀ ਸ਼ਰਤਾਂ ਹੁਣ ਪਹਿਲਾਂ ਦੇ ਮੁਕਾਬਲੇ ਅੱਗੇ ਵੱਧ ਰਹੀਆਂ ਹਨ। ਸਰਕਾਰ ਦੇ ਕਿਰਤ ਬਿਊਰੋ ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ 15 ਅਤੇ ਇਸ ਤੋਂ ਵੱਧ ਉਮਰ ਵਰਗ ਲਈ ਰੁਜ਼ਗਾਰ ਵਿਚ ਪੂਰਨ ਤੌਰ 'ਤੇ 2013-14 ਅਤੇ 2015-16 ਤੱਕ 37.4 ਲੱਖ ਦੀ ਗਿਰਾਵਟ ਆਈ ਹੈ। ਇੱਥੋਂ ਤੱਕ ਕਿ ਸ਼ਹਿਰੀ ਮੱਧ ਵਰਗ ਵੀ ਹੁਣ ਬੇਰੁਜ਼ਗਾਰੀ ਦੇ ਭਿਆਨਕ ਦੌਰ ਵਿਚੋਂ ਲੰਘ ਰਿਹਾ ਹੈ।

ਇਹ ਅਜਿਹੇ ਹਾਲਾਤ ਹਨ, ਜੋ ਇਕੱਲੇ ਭਾਰਤ ਤੱਕ ਹੀ ਸੀਮਤ ਨਹੀਂ, ਜਿਨ੍ਹਾਂ ਨੇ ਫ਼ਾਸੀਵਾਦ ਦੇ ਮੌਜੂਦਾ ਵਿਸ਼ਵੀ ਵਾਧੇ ਨੂੰ ਜਨਮ ਦਿੱਤਾ ਹੈ। ਹਾਲੇ ਤੱਕ ਸਾਡੇ ਕੋਲ ਫ਼ਾਸੀਵਾਦੀ ਢਾਂਚੇ ਵਾਲਾ ਕੋਈ ਵੀ ਮੁਲਕ ਨਹੀਂ ਹੈ, ਪਰ ਫ਼ਾਸੀਵਾਦੀ ਤੱਤ ਕਈ ਮੁਲਕਾਂ ਵਿਚ ਸੱਤਾ 'ਤੇ ਬਿਰਾਜਮਾਨ ਹੋ ਗਏ ਹਨ। ਸਾਡੇ ਭਾਰਤ ਵਿਚ ਵੀ ਇਹੋ ਕੁਝ ਵਾਪਰ ਰਿਹਾ ਹੈ, ਜੋ ਇਸ ਨੂੰ ਫ਼ਾਸੀਵਾਦੀ ਮੁਲਕ ਬਣਾਉਣਾ ਚਾਹੁੰਦੇ ਹਨ। ਅਜਿਹੇ ਫ਼ਾਸੀਵਾਦ ਤੱਤ ਸਾਰੇ ਬੁਰਜੁਆ ਸਮਾਜਾਂ ਵਿਚ ਕੱਟੜਤਾ ਦੇ



ਰੂਪ ਵਿਚ ਮੌਜੂਦ ਹਨ, ਪਰ ਸੰਕਟ ਸਮੇਂ ਕੇਂਦਰੀ ਪੱਧਰ 'ਤੇ ਆਉਂਦੇ ਹਨ, ਜਦੋਂ ਸਥਾਪਤ ਬੁਰਜੁਆ ਸਿਆਸੀ ਢਾਂਚਾ ਕਿਸੇ ਸੰਕਟ ਦਾ ਹੱਲ ਮੁਹੱਈਆ ਕਰਾਉਣ ਦੇ ਸਮਰੱਥ ਨਹੀਂ ਹੁੰਦਾ ਅਤੇ ਜਦੋਂ ਕਾਮਾ-ਜਮਾਤ ਪਾਰਟੀਆਂ ਬਹੁਤ ਕਮਜ਼ੋਰ ਪੈ ਚੁੱਕੀਆਂ ਹੁੰਦੀਆਂ ਹਨ ਤੇ ਖੱਪੇ ਨੂੰ ਭਰਨ ਦੇ ਯੋਗ ਨਹੀਂ ਹੁੰਦੀਆਂ; ਅਤੇ ਇਹ ਫ਼ਾਸੀਵਾਦੀ ਤਾਕਤਾਂ ਵੱਡੇ ਕਾਰੋਬਾਰੀਆਂ ਦੇ ਸਹਿਯੋਗ ਨਾਲ ਅੱਗੇ ਆਉਂਦੀਆਂ ਹਨ, ਜੋ ਇਨ੍ਹਾਂ ਨੂੰ ਆਪਣੀ ਸੱਤਾ ਨੂੰ ਦਰਪੇਸ਼ ਕਿਸੇ ਵੀ ਸੰਭਾਵੀ ਖ਼ਤਰੇ ਖ਼ਿਲਾਫ਼ ਢਾਲ ਵਜੋਂ ਵਰਤਦੀਆਂ ਹਨ। ਸੰਕਟ ਦਾ ਹੱਲ ਲੱਭਣ ਲਈ ਉਨ੍ਹਾਂ ਦੇ ਏਜੰਡੇ ਵਿਚ ਕੋਈ ਵੀ ਠੋਸ ਸੋਚ-ਵਿਚਾਰ ਨਹੀਂ ਹੁੰਦਾ, ਸਗੋਂ 'ਮਸੀਹੀ' ਨੇਤਾ ਨੂੰ ਪ੍ਰੋਜੈਕਟ ਕਰਕੇ ਅਤੇ ਆਮ ਤੌਰ 'ਤੇ ਕਮਜ਼ੋਰ ਘੱਟ ਗਿਣਤੀ ਗਰੁੱਪ, ਜੋ ਸੰਕਟ ਲਈ ਜ਼ਿੰਮੇਵਾਰ ਬਣਦਾ ਹੈ, ਨੂੰ ਬੇਦਰਦੀ ਨਾਲ 'ਦੂਜੇ' ਦੇ ਅਧੀਨ ਕੀਤਾ ਜਾਂਦਾ ਹੈ।

ਬੇਸ਼ੱਕ, ਜੋ ਅੱਜ ਅਸੀਂ ਦੇਖ ਰਹੇ ਹਾਂ, ਉਹ 1930 ਦੇ ਦਹਾਕੇ ਦੇ ਫ਼ਾਸੀਵਾਦ ਦੀ ਨਕਲ ਨਹੀਂ ਹੈ। ਇਹ ਦੇਸ਼-ਵਿਸ਼ੇਸ਼ ਦੀਆਂ ਵਿਸ਼ੇਸ਼ਤਾਵਾਂ ਨਾਲ ਵੀ ਲੈਸ ਹੈ। ਪਰ ਇਸ ਵਿਚ ਸਾਰੇ ਫ਼ਾਸੀਵਾਦ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਹਨ: 'ਸਰਵਉੱਚਤਾ' ਦਾ ਪ੍ਰਚਾਰ (ਪੱਛਮ ਵਿਚ 'ਸਫ਼ੇਦ ਸਰਵੋਤਮ', ਇੱਥੇ 'ਹਿੰਦੂ ਸਰਵੋਤਮ'); ਬੇਅਕਲੀ ਦਾ ਗੁਣਗਾਨ ('ਮਸੀਹਾ' ਵਾਂਗ ਪੇਸ਼ ਕਰਨਾ); ਜ਼ਮੀਨੀ ਪੱਧਰ 'ਤੇ ਹਰਕਤ (ਜੋ ਇਸ ਨੂੰ ਸਿਰਫ਼ ਤਾਨਾਸ਼ਾਹੀ ਤੋਂ ਵੱਖ ਕਰਦਾ ਹੈ) ਅਤੇ ਵੱਡੇ ਪੂੰਜੀਪਤੀਆਂ ਨਾਲ ਗਠਜੋੜ। ਆਰ.ਐਸ.ਐਸ. ਅਤੇ ਵੱਡੇ ਪੂੰਜੀ ਘਰਾਣਿਆਂ ਵਿਚਾਲੇ ਗਠਜੋੜ ਕਾਇਮ ਕਰਨਾ ਮੋਦੀ ਦੀ 'ਪ੍ਰਾਪਤੀ' ਹੈ।

ਹਾਲਾਂਕਿ 1930ਵੇਂ ਦਹਾਕੇ ਅਤੇ ਹੁਣ ਵਿਚਾਲੇ ਵੱਡਾ ਅੰਤਰ ਹੈ। 1930 ਦਾ ਦਹਾਕਾ ਤਿੱਖੀ ਅੰਤਰ-ਸਾਮਰਾਜੀ ਵਿਰੋਧਤਾ ਦਾ ਸਮਾਂ ਸੀ, ਜਿਸ ਕਾਰਨ ਫ਼ਾਸੀਵਾਦ ਜਿੱਥੇ ਵੀ ਕਿਤੇ ਸੱਤਾ ਵਿਚ ਆਇਆ, ਵੱਡੇ ਪੱਧਰ 'ਤੇ ਫ਼ੌਜੀ ਖ਼ਰਚ ਕੀਤਾ, ਜੋ ਅਸਲ ਵਿਚ ਉਨ੍ਹਾਂ ਅਰਥਵਿਵਸਥਾਵਾਂ ਨੂੰ ਸੰਕਟ ਤੋਂ ਬਾਹਰ ਲੈ ਗਏ ਸਨ। ਉਦਾਰ ਪੂੰਜੀਵਾਦੀ ਅਰਥਵਿਵਸਥਾਵਾਂ ਤੋਂ ਲੰਬਾ ਸਮਾਂ ਪਹਿਲਾਂ 1931 ਵਿਚ ਜਪਾਨ ਅਤੇ 1933 ਵਿਚ ਜਰਮਨੀ ਨੇ ਫ਼ੌਜੀਕਰਨ ਰਾਹੀਂ ਭਾਰੀ ਉਦਾਸੀਨਤਾ 'ਤੇ ਕਾਬੂ ਪਾਇਆ, ਜਿਸ ਨੇ ਜੰਗ ਦੀ ਦੌੜ ਵਿਚ 1930 ਦੇ ਅੰਤ ਵਿਚ ਸੰਕਟ ਨੂੰ ਮਾਤ ਦਿੱਤੀ। ਪਰ ਅੱਜ ਸੰਸਾਰ ਵਿਚ ਡੂੰਘੀ ਅੰਤਰ ਸਾਮਰਾਜਵਾਦੀ ਵਿਰੋਧਤਾ ਨਹੀਂ ਹੈ, ਕਿਉਂਕਿ ਆਲਮੀ ਪੂੰਜੀਵਾਦ ਨਹੀਂ ਚਾਹੁੰਦਾ ਕਿ ਵਿਸ਼ਵ ਨੂੰ ਵਿਰੋਧੀ 'ਆਰਥਕ ਖੇਤਰ' ਵਿਚ ਤੋੜ ਦਿੱਤਾ ਜਾਵੇ ਜੋ ਇਸ ਦੇ ਆਜ਼ਾਦ ਵਿਸ਼ਵੀ ਗਤੀਵਿਧੀਆਂ ਵਿਚ ਰੁਕਾਵਟ ਖੜ੍ਹੀ ਕਰਦਾ ਹੋਵੇ। ਇਸ ਲਈ ਵਿਸ਼ੇਸ਼ ਮੁਲਕਾਂ ਵਿਚ ਵੱਡੀ ਪੂੰਜੀ, ਜਦੋਂ ਫ਼ਾਸੀਵਾਦਾਂ ਦਾ ਸਮਰਥਨ ਹਾਸਲ ਹੋਵੇ, ਨਵਉਦਾਰਵਾਦ ਸ਼ਾਸਨ ਦੇ ਕਿਸੇ ਵੀ ਬੁਨਿਆਦੀ ਆਧਾਰ ਨੂੰ ਘੱਟ ਨਹੀਂ ਕਰਨਾ ਚਾਹੁੰਦੀ। ਭਾਰਤ ਵਿਚ ਮੋਦੀ ਸਰਕਾਰ ਦੀ ਸੁਪਰ-ਨਵਉਦਾਰਵਾਦ ਪ੍ਰਤੀ ਪੂਰਨ ਵਚਨਬੱਧਤਾ ਸਾਫ਼-ਸਾਫ਼ ਨਜ਼ਰ ਆਉਂਦੀ ਹੈ। ਇਹ ਕਿਸੇ ਸੰਕਟ ਨੂੰ ਦੂਰ ਨਹੀਂ ਕਰੇਗੀ।

ਇਸ ਤਰ੍ਹਾਂ ਦੇਸ਼ ਅੱਜ ਹਨੇਰੀ ਗਲੀ ਵਿਚ ਫ਼ਸ ਗਿਆ ਹੈ: ਵਿਗੜਦੇ ਆਰਥਕ ਸੰਕਟ ਵਿਚ ਜਿਸ ਲਈ ਨਵਉਦਾਰਵਾਦ ਅੰਦਰ ਕੋਈ ਜਵਾਬ ਨਹੀਂ ਹੈ; ਸੁੰਗੜ ਰਹੀ ਜਮਹੂਰੀਅਤ, ਜੋ ਲੋਕਾਂ ਦੇ ਸਿਆਸੀ ਅਧਿਕਾਰਾਂ ਲਈ ਖ਼ਤਰਾ ਹੈ; ਅਤੇ ਫਿਰਕੂ ਏਜੰਡੇ ਅਤੇ ਜਾਤੀ ਵਿਵਸਥਾ ਨੂੰ ਹਿੰਦੂਤਵ ਦਾ ਚੋਲਾ ਪਾ ਦਿੱਤਾ ਹੈ। ਪਿਛਲੇ ਸੌ ਵਰ੍ਹਿਆਂ ਦੌਰਾਨ ਜੋ ਸਮਾਜਕ ਪ੍ਰਾਪਤੀਆਂ ਅਸੀਂ ਕੀਤੀਆਂ ਸਨ, ਮੋਦੀ ਸਰਕਾਰ ਦੀ ਸਮਾਜਕ ਕਰਾਂਤੀ ਵਿਰੋਧੀ ਵਿਵਸਥਾ ਨੇ ਖ਼ਤਮ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਉਦਾਰ ਬੁਰਜੁਆ ਸਿਆਸੀ ਸਰੰਚਨਾਵਾਂ, ਜੋ ਨਵਉਦਾਰਵਾਦ ਵਜੋਂ ਵਚਨਬੱਧ ਹਨ, ਇਸ ਹਨੇਰੀ ਗਲੀ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੁਝਾਉਂਦੀਆਂ। ਸਿਰਫ਼ ਖੱਬੀਆਂ ਧਿਰਾਂ ਹੀ ਇਸ ਨਵਉਦਾਰਵਾਦ ਪੂੰਜੀਵਾਦ ਤੋਂ ਪਾਰ ਜਾਣ ਦਾ ਏਜੰਡਾ ਮੁਹੱਈਆ ਕਰਵਾ ਸਕਦੀਆਂ ਹਨ। ਲੋਕਾਂ ਲਈ ਰਾਹਤ ਦੇ ਘੱਟੋ-ਘੱਟ ਪ੍ਰੋਗਰਾਮ ਲਾਗੂ ਕਰਨ ਅਤੇ ਜਮਹੂਰੀ ਹੱਕਾਂ ਦੀ ਰੱਖਿਆ ਲਈ ਖੱਬੀਆਂ ਧਿਰਾਂ ਨੂੰ ਫ਼ਾਸੀਵਾਦ ਨੂੰ ਟੱਕਰ ਦੇਣ ਵਾਲੀਆਂ ਸਾਰੀਆਂ ਤਾਕਤਾਂ ਨੂੰ ਇਕਜੁਟ ਕਰਨਾ ਪਏਗਾ। ਨਵਉਦਾਰਵਾਦ ਸ਼ਾਸਨ ਦੇ ਢਾਂਚੇ ਅੰਦਰ ਘੱਟੋ-ਘੱਟ ਪ੍ਰੋਗਰਾਮ ਲਾਗੂ ਕਰਨ ਦੀ ਪ੍ਰਕਿਰਿਆ ਵਿਚ ਕਿਉਂਕਿ ਵਿਰੋਧਤਾਈਆਂ ਹੋਣ ਕਾਰਨ, ਇਹ ਬਦਲਦੇ ਸਿਆਸੀ ਗਠਜੋੜਾਂ ਰਾਹੀਂ ਇਸ ਰੂਪਰੇਖਾ 'ਤੇ ਖ਼ੁਦ ਦਾ ਸਾਹਮਣਾ ਕਰਨ ਲਈ ਵਧੇਰੇ ਸਾਰਥਕ ਕੰਮ ਕਰ ਸਕਦੀਆਂ ਹਨ।

ਮੈਂ ਸਮਝਦਾ ਹਾਂ, ਜਮਹੂਰੀ ਸੰਸਥਾਵਾਂ ਅਤੇ ਆਜ਼ਾਦੀਆਂ ਦੀ ਬਹਾਲੀ ਤੋਂ ਇਲਾਵਾ ਘੱਟੋ-ਘੱਟ ਪ੍ਰੋਗਰਾਮ ਦੇ ਮੂਲ ਰੂਪ ਵਿਚ ਵਿਸ਼ਵ-ਵਿਆਪੀ, ਨਿਆਂਸੰਗਤ, ਆਰਥਕ ਅਧਿਕਾਰਾਂ ਦੇ ਸਮੂਹ ਦੀ ਸੰਸਥਾ ਹੋਣੀ ਚਾਹੀਦੀ ਹੈ। ਇਸ ਵਿਚ ਰੋਟੀ-ਰੋਜ਼ੀ ਦੇ ਅਧਿਕਾਰ, ਮੁਫ਼ਤ ਤੇ ਗੁਣਾਤਮਕ ਪੱਧਰ ਦੀਆਂ ਸਿਹਤ ਸੇਵਾਵਾਂ (ਕੌਮੀ ਸਿਹਤ ਸੇਵਾ ਰਾਹੀਂ), ਸਰਕਾਰ ਵਲੋਂ ਗਵਾਂਢ ਵਿਚ ਚਲਾਏ ਜਾਂਦੇ ਸਕੂਲਾਂ ਰਾਹੀਂ ਮੁਫ਼ਤ ਅਤੇ ਗੁਣਾਤਮਕ ਸਿੱਖਿਆ ਦਾ ਅਧਿਕਾਰ ਅਤੇ ਢੁਕਵੀਂ ਬੁਢਾਪਾ ਪੈਨਸ਼ਨ ਅਤੇ ਅਪਾਹਜਤਾ ਦੇ ਲਾਭਾਂ ਦਾ ਅਧਿਕਾਰ ਸ਼ਾਮਲ ਹੋਣਗੇ। ਇਨ੍ਹਾਂ ਦਾ ਖ਼ਰਚ ਸਾਡੇ ਕੁੱਲ ਘਰੇਲੂ ਉਤਪਾਦ ਦੇ 10 ਫ਼ੀਸਦੀ ਨਾਲੋਂ ਜ਼ਿਆਦਾ ਨਹੀਂ ਹੋਵੇਗਾ ਪਰ ਸਾਡੀ ਮੌਜੂਦਾ ਤਰਸਦੀ ਵਿਚੋਂ ਸਾਨੂੰ ਬਾਹਰ ਨਿਕਲਣ ਵਿਚ ਕਾਫ਼ੀ ਸਮਾਂ ਲੱਗੇਗਾ। ਇਕੱਲੀਆਂ ਖੱਬੀਆਂ ਧਿਰਾਂ ਹੀ ਇਸ ਦਿਸ਼ਾ ਵਿਚ ਅੱਗੇ ਵਧ ਸਕਦੀਆਂ ਹਨ।

*ਲੇਖਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਖੇ ਅਰਥ-ਸ਼ਾਸਤਰ ਦੇ ਪ੍ਰੋਫੈਸਰ ਹਨ।*

# ਗੱਲਾਂ ਕਰਨੀਆਂ ਬਹੁਤੀਆਂ, ਪਰ ਅਮਲੋਂ ਰਹਿਣਾ ਕੋਰੇ

ਜਸਵੰਤ ਸਿੰਘ 'ਅਜੀਤ'
+91- 95827-19890

ਇਤਿਹਾਸ ਗੁਆਹ ਹੈ ਕਿ ਸਿੱਖ ਜਗਤ ਵਲੋਂ ਬੀਤੇ ਵਰ੍ਹਿਆਂ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਦਰਜਨਾਂ ਹੀ ਸ਼ਤਾਬਦੀਆਂ ਮੰਨਾਈਆਂ ਗਈਆਂ ਹਨ। ਇਹ ਸ਼ਤਾਬਦੀਆਂ ਮੰਨਾਉਣ ਸਮੇਂ ਸਿੱਖਾਂ ਦੀਆਂ ਸਭ ਤੋਂ ਵੱਡੀਆਂ ਧਾਰਮਕ ਜੱਥੇਬੰਦੀਆਂ ਹੋਣ ਦੀਆਂ ਦਾਅਵੇਦਾਰ ਜੱਥੇਬੰਦੀਆਂ ਦੇ ਮੁਖੀਆਂ ਵਲੋਂ ਅਨੇਕਾਂ ਦਿਲ-ਲੁਭਾਊ ਪ੍ਰੋਗਰਾਮ ਉਲੀਕੇ ਤੇ ਐਲਾਨੇ ਜਾਂਦੇ ਰਹੇ। ਜਦੋਂ ਇਨ੍ਹਾਂ ਉਲੀਕੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ ਤਾਂ ਉਸ ਸਮੇਂ ਸਿੱਖੀ ਵਿੱਚ ਆ ਰਹੇ ਨਿਘਾਰ ਤੋਂ ਚਿੰਤਿਤ ਸਿੱਖਾਂ ਦੇ ਦਿਲ ਵਿੱਚ ਇਕ ਆਸ ਦੀ ਕਿਰਨ ਉਭਰਦੀ ਰਹੀ ਕਿ ਆਖਿਰ ਸਿੱਖੀ ਪ੍ਰਤੀ ਸਮਰਪਿਤ ਜਥੇਬੰਦੀਆਂ ਦੇ ਮੁੱਖੀ ਸਿੱਖੀ ਵਿਰਸੇ ਨੂੰ ਸੰਭਾਲਣ ਪ੍ਰਤੀ ਚੇਤੰਨ ਹੋ ਹੀ ਗਏ ਹਨ।

ਅਜਿਹੇ ਹੀ ਦਿਲ ਲੁਭਾਊ ਦਾਅਵਿਆਂ ਵਿੱਚੋਂ ਕੁਝ-ਕੁ ਉਹ ਵਾਇਦੇ ਹੇਠਾਂ ਦਿੱਤੇ ਜਾ ਰਹੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੀ ਚੌਥੀ ਸ਼ਤਾਬਦੀ ਮੰਨਾਉਣ ਸਮੇਂ ਕੀਤੇ ਗਏ ਸਨ :

(ੳ) ਸਿੱਖੀ ਪ੍ਰਤੀ ਸਮਰਪਿਤ ਪੰਜ ਸੌ ਸਿੱਖਾਂ ਦਾ ਇਕ ਅਜਿਹਾ ਜੱਥਾ ਤਿਆਰ ਕੀਤਾ ਜਾਇਗਾ, ਜਿਸ ਦੇ ਵੱਖ-ਵੱਖ ਵਿੰਗ ਪਿੰਡ-ਪਿੰਡ ਜਾ ਸਿੱਖੀ ਦਾ ਪ੍ਰਚਾਰ ਕਰਨਗੇ। (ਅ) ਸਾਰੇ ਖਾਲਸਾ ਸਕੂਲਾਂ ਅਤੇ ਕਾਲਜਾਂ ਵਿੱਚ ਗੁਰਮਤਿ ਕੇਂਦਰ ਸਥਾਪਤ ਕੀਤੇ ਜਣਗੇ, ਜੋ ਵਿਦਿਆਰਥੀਆਂ ਨੂੰ ਸਿੱਖੀ ਵਿਰਸੇ ਨਾਲ ਜੋੜਨ ਦੀ ਜ਼ਿੰਮੇਦਾਰੀ ਨਿਭਾਉਣਗੇ। ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਸਿੱਖੀ ਵਿਰਸੇ ਤੋਂ ਜਾਣੂ ਕਰਵਾ ਕੇ ਉਸ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਣਗੇ। (ੲ) ਦਸ ਹਜ਼ਾਰ ਨੌਜਵਾਨਾਂ ਨੂੰ ਬਾਣੀ ਤੇ ਬਾਣੇ ਦਾ ਧਾਰਨੀ ਬਣਾਇਆ ਜਾਇਗਾ, ਜੋ ਦੂਸਰੇ ਸਿੱਖ ਨੌਜਵਾਨਾਂ ਲਈ ਮਾਡਲ ਹੋਣਗੇ। (ਸ) ਇਨ੍ਹਾਂ ਸਕੂਲਾਂ-ਕਾਲਜਾਂ ਦੇ ਟੀਚਰਾਂ ਦੇ 15-15 ਦਿਨਾਂ ਟ੍ਰੇਨਿੰਗ ਕੈਂਪ ਲਾਏ ਜਾਣਗੇ, ਜੋ ਭਵਿਖ ਵਿੱਚ ਵਿਦਿਆਰਥੀਆਂ ਨੂੰ ਸਿੱਖੀ ਵਿਰਸੇ ਤੋਂ ਜਾਣੂ ਕਰਵਾਉਣ ਦੀ ਜ਼ਿੰਮੇਦਾਰੀ ਨਿਭਾਣਗੇ। (ਹ) ਸਿੱਖ ਇਤਿਹਾਸ ਨਾਲ ਸਬੰਧਤ ਸੀਰੀਅਲ ਅਤੇ ਫਿਲਮਾਂ ਤਿਆਰ ਕਰਵਾਈਆਂ ਜਾਣਗੀਆਂ। (ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਵ-ਵਿਆਪੀ ਸਰਬ-ਸਾਂਝੀਵਾਲਤਾ ਸੰਦੇਸ਼ ਘਰ-ਘਰ ਪਹੁੰਚਾਣ ਲਈ ਹਰ ਹਫ਼ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਬੰਧ ਵਿੱਚ, ਹਰ ਮਹੀਨੇ ਦੀ ਪੰਜ ਤਾਰੀਖ ਨੂੰ ਅਨੰਦਪੁਰ ਸਾਹਿਬ, ਪਰਿਵਾਰ ਵਿਛੋੜਾ, ਫਤਿਹਗੜ੍ਹ ਸਾਹਿਬ ਤੇ ਚਮਕੌਰ ਸਾਹਿਬ ਵਿੱਖੇ ਸਮਾਗਮਾਂ ਦਾ ਆਯੋਜਨ ਕੀਤਾ ਜਾਇਆ ਕਰੇਗਾ। (ਖ) ਇਹ ਮਹਿਸੂਸ ਕਰਦਿਆਂ ਕਿ ਅਜੇ ਤਕ ਆਪਣਾ ਪ੍ਰਚਾਰ ਆਪਣਿਆਂ ਤਕ ਹੀ ਹੋ ਰਿਹਾ ਹੈ, ਫੈਸਲਾ ਕੀਤਾ ਗਿਆ ਕਿ ਜਿਨ੍ਹਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਨ੍ਹਾਂ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਅਸਥਾਨਾਂ ਤੇ ਵੀ ਸਮਾਗਮ ਕਰਕੇ ਉਨ੍ਹਾਂ ਦੇ ਪੈਰੋਕਾਰਾਂ ਤਕ ਸਿੱਖੀ ਦਾ ਸੰਦੇਸ਼ ਪਹੁੰਚਾਇਆ ਜਾਇਗਾ, ਆਦਿ।

ਇਨ੍ਹਾਂ ਐਲਾਨੇ ਪ੍ਰੋਗਰਾਮਾਂ ਤੋਂ ਇਲਾਵਾ ਵੱਖ-ਵੱਖ ਵਿਦਵਾਨਾਂ ਤੇ ਬੁੱਧੀਜੀਵੀਆਂ ਅਤੇ ਸਿੱਖ ਮੁੱਖੀਆਂ ਵਲੋਂ ਆਏ ਸੁਝਾਵਾਂ ਨੂੰ ਮੁੱਖ ਰਖਦਿਆਂ ਬੱਚੀਆਂ ਲਈ ਮਾਤਾ ਖੀਵੀ ਜੀ ਅਤੇ ਮਾਤਾ ਗੁਜਰੀ ਜੀ ਦੇ ਨਾਂ ਤੇ ਉੱਚ-ਪਧਰੀ ਵਿਦਿਆਕ ਅਤੇ ਤਕਨੀਕੀ ਸੰਸਥਾਵਾਂ ਅਤੇ ਸਾਹਿਬਜ਼ਾਦਿਆਂ ਦੇ ਨਾਂ 'ਤੇ ਛੋਟੇ ਬੱਚਿਆਂ ਲਈ ਜੂਨੀਅਰ ਸਕੂਲਾਂ ਦੀ ਸਥਾਪਨਾ ਕੀਤੇ ਜਾਣ ਦਾ ਵੀ ਫੈਸਲਾ ਕੀਤਾ ਗਿਆ। ਇਸੇ ਤਰ੍ਹਾਂ ਇਕ ਹੋਰ ਸਿੱਖ ਧਾਰਮਕ ਜਥੇਬੰਦੀ ਦੇ ਮੁੱਖੀਆਂ ਵਲੋਂ ਆਪਣੇ ਪੱਧਰ ਤੇ ਉਲੀਕੇ ਗਏ ਹੇਠ ਦਿਤੇ ਪ੍ਰੋਗਰਾਮਾਂ ਨੂੰ ਸਰੰਜਾਮ ਦੇਣ ਦਾ ਐਲਾਨ ਕੀਤਾ ਗਿਆ:

(ਅ) ਇਕ ਹਾਈ-ਟੈੱਕ ਅਜਾਇਬ ਘਰ ਤੇ ਇੰਨਫਾਰਮੇਸ਼ਨ ਸੈਂਟਰ ਕਾਇਮ ਕੀਤਾ ਜਾਇਗਾ। (ਅ) ਸਿੱਖ ਧਰਮ ਸਬੰਧੀ ਪੰਜ-ਪੰਜ, ਦਸ-ਦਸ, ਕਿਤਾਬਾਂ ਦੇ ਸੈੱਟ ਸਾਂਸਦਾਂ, ਵਿਧਾਇਕਾਂ, ਜੱਜਾਂ, ਦੂਤਾਵਾਸਾਂ, ਸੁਸਾਇਟੀਆਂ, ਜਥੇਬੰਦੀਆਂ, ਮੀਡੀਆ ਅਤੇ ਉੱਚ ਦਰਜੇ ਦੇ ਅਫ਼ਸਰਾਂ ਤਕ ਪਹੁੰਚਾਏ ਜਾਣਗੇ। (ੲ) ਸਕੂਲਾਂ, ਕਾਲਜਾਂ, ਅਤੇ ਹੋਰ ਲਾਇਬ੍ਰੇਰੀਆਂ ਨੂੰ ਸਿੱਖ ਧਰਮ ਸਬੰਧੀ ਕਿਤਾਬਾਂ ਭੇਜੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਇਹ ਪੇਸ਼ਕਸ਼ ਵੀ ਕੀਤੀ ਜਾਇਗੀ ਕਿ ਜੇ ਉਹ ਚਾਹੁਣ ਤਾਂ ਸਿੱਖ ਧਰਮ ਦੀ ਜਾਣਕਾਰੀ ਦੇਣ ਵਾਸਤੇ ਵਿਦਵਾਨ ਵੀ ਭੇਜੇ ਜਾਣਗੇ। (ਸ) ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਸਿੱਖ ਧਰਮ ਰੀਸਰਚ ਸੈਂਟਰ ਕਇਮ ਕੀਤਾ ਜਾਇਗਾ। (ਹ) ਵੱਡੇ ਅਫਸਰਾਂ ਸਿਆਸੀ ਅਤੇ ਧਾਰਮਕ ਆਗੂਆਂ ਅਤੇ ਮੀਡੀਆ ਦੇ ਨਾਲ ਸਬੰਧ ਕਾਇਮ ਕੀਤਾ ਜਾਇਗਾ। ਇਸਦੇ ਨਾਲ ਹੀ ਇਕ ਐੱਫਐੱਮ ਰੇਡੀਓ ਸਟੇਸ਼ਨ ਅਤੇ ਟੀਵੀ ਚੈਨਲ ਕਾਇਮ ਕੀਤਾ ਜਾਇਗਾ। (ਕ) ਦੁਸਹਿਰੇ ਦੀਆਂ ਛੁਟੀਆਂ ਵਿੱਚ ਇਕ ਕੇਂਦਰੀ ਗੁਰਮਤਿ ਕੈਂਪ ਲਾਇਆ ਜਾਇਆ ਕਰੇਗਾ। (ਖ) ਸਕੂਲਾਂ ਤੇ ਕਾਲਜਾਂ ਦੇ ਟੀਚਰਾਂ ਵਾਸਤੇ ਇਕ ਰੀਫਰੈਸ਼ਰ ਕੋਰਸ ਤੇ ਕੈਂਪ ਲਾਇਆ ਜਾਇਗਾ। (ਗ) ਦੁਰਲਭ ਕਿਤਬਾਂ ਤੇ ਖਰੜਿਆਂ ਨੂੰ ਐਡਿਟ ਕਰ ਨਵੇਂ ਸਿਰੇ ਤੋਂ ਛਾਪਿਆ ਜਾਇਗਾ। (ਘ) ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਬਾਰੇ ਇਕ ਸੌ-ਕੁ ਸਫ਼ੇ ਦੀ ਕਿਤਾਬ ਤਿਆਰ ਕਰਕੇ ਵੱਖ-ਵੱਖ ਭਾਸ਼ਾਵਾਂ ਵਿੱਚ ਛਾਪੀ ਜਾਇਗੀ। (ਚ) ਵੱਖ-ਵੱਖ ਖੇਤਰਾਂ ਵਿੱਚ ਮੁਹਾਰਤ ਹਾਸਲ ਕਰਨ ਵਾਲੀਆਂ ਸਿੱਖ ਸ਼ਖਸੀਅਤਾਂ ਦਾ ਰਜਿਸਟਰ ਤਿਆਰ ਕੀਤਾ ਜਾਇਗਾ। (ਛ) 'ਗੁਰੂ ਮਾਨਿਓ ਗ੍ਰੰਥ' ਵਿਸ਼ੇ ਨਾਲ ਸਬੰਧਤ, ਦੀਵਾਨ, ਸੈਮੀਨਾਰ ਆਦਿ ਵੱਖ-ਵੱਖ ਥਾਵਾਂ ਤੇ ਕੀਤੇ ਜਾਣਗੇ।

ਵਰਨਣਯੋਗ ਹੈ ਕਿ ਅਜਿਹੇ ਵਾਇਦਿਆਂ ਭਰੇ ਐਲਾਨ ਹਰ ਇਤਿਹਾਸਕ ਸ਼ਤਾਬਦੀ ਨੂੰ ਮੰਨਾਉਂਦਿਆਂ ਕੀਤੇ ਜਾਂਦੇ ਚਲੇ ਆ ਰਹੇ ਹਨ। ਹਰ ਵਾਰ ਦੇ ਵਾਇਦਿਆਂ ਦੀ ਹਵਾ ਨਿਕਲ ਜਾਂਦੀ ਰਹੀ। ਇਨ੍ਹਾਂ ਵਾਇਦਿਆਂ ਅਧੀਨ ਉਲੀਕੇ ਸਾਰੇ ਪ੍ਰੋਗਰਾਮ ਅਜਿਹੇ ਹਨ, ਜੇ ਇਨ੍ਹਾਂ ਪੁਰ ਇਮਾਨਦਾਰੀ ਨਾਲ ਅਮਲ ਕੀਤਾ ਜਾਂਦਾ ਤਾਂ ਸਿੱਖ ਇਤਿਹਾਸ ਵਿੱਚ ਕ੍ਰਾਂਤੀ ਦਾ ਇਕ ਨਵਾਂ ਯੁਗ ਅਰੰਭ ਹੋ ਸਕਦਾ ਸੀ। ਪ੍ਰੰਤੂ ਇਨ੍ਹਾਂ ਵਾਇਦਿਆਂ ਦਾ ਹੋਇਆ ਕੀ? ਸਮੇਂ ਦੇ ਬੀਤਣ ਨਾਲ ਹੀ ਇਨ੍ਹਾਂ ਐਲਾਨਾਂ ਅਧੀਨ ਕੀਤੇ ਗਏ ਵਾਇਦਿਆਂ ਨੂੰ, ਭੁਲਾ ਠੰਡੇ ਬਸਤੇ ਵਿੱਚ ਪਾ ਦਿਤਾ ਗਿਆ।

ਗੱਲਾਂ ਚੰਗੀਆਂ ਪਰ ਅਮਲ ਨਹੀਂ! ਬੀਤੇ ਦਾ ਇਤਿਹਾਸ ਗੁਆਹ ਹੈ ਕਿ ਇਸੇ ਤਰ੍ਹਾਂ ਸਮੇਂ-ਸਮੇਂ ਸਿੱਖੀ ਨੂੰ ਲਗ ਰਹੀ ਢਾਹ ਅਤੇ ਸਿੱਖੀ ਦੇ ਹੋ ਰਹੇ ਨੁਕਸਾਨ ਦੇ ਬਾਰੇ ਬਹੁਤ ਚਰਚਾ ਕੀਤੀ ਜਾਂਦੀ ਰਹਿੰਦੀ ਹੈ। ਜਦੋਂ ਕਦੀ ਇਸ ਸਥਿਤੀ ਵਿਚੋਂ ਉਭਰਨ ਦੀ ਗਲ ਸ਼ੁਰੂ ਹੁੰਦੀ ਹੈ ਤਾਂ ਇਹ ਕਿਹਾ ਜਾਣ ਲੱਗਦਾ ਹੈ ਕਿ ਪ੍ਰਮੁਖ ਧਾਰਮਕ ਜਥੇਬੰਦੀਆਂ ਪੁਰ ਰਾਜਸੀ ਪ੍ਰਭਾਵ ਹੋਣ ਕਾਰਣ ਹੀ ਸਿੱਖੀ ਨੂੰ ਢਾਹ ਲਗ ਰਹੀ ਹੈ। ਇਸ ਕਰਕੇ ਜਦੋਂ ਤਕ ਇਨ੍ਹਾਂ ਤੋਂ ਰਾਜਸੀ ਗ਼ਲਬਾ ਖਤਮ ਨਹੀਂ ਕੀਤਾ ਜਾਂਦਾ, ਤਦ ਤਕ ਸਿੱਖੀ ਨੂੰ ਬਚਾ ਪਾਣਾ ਸੰਭਵ ਨਹੀਂ।

ਕੁਝ ਵਰ੍ਹੇ ਪਹਿਲਾਂ ਦਿੱਲੀ ਵਿੱਚ ਉੱਚ-ਪਧਰੀ 'ਸਿੱਖ ਕਨਵੈਨਸ਼ਨ' ਆਯੋਜਿਤ ਕੀਤੀ ਗਈ ਸੀ, ਜਿਸ ਵਿਚ ਸ਼ਾਮਲ ਹੋਣ ਲਈ ਵਿਸ਼ਵ-ਭਰ ਤੋਂ ਆਏ ਸਿੱਖ ਪਤਵੰਤਿਆਂ ਨੇ ਮਿਲ-ਬੈਠ ਸਿੱਖੀ ਨੂੰ ਢਾਹ ਲਗਣ ਦੇ ਸਬੰਧ ਵਿਚ ਖੁਲ੍ਹ ਕੇ ਵਚਾਰ-ਚਰਚਾ ਕੀਤੀ। ਇਸ ਚਰਚਾ ਦੌਰਾਨ ਬਹੁਤੇ ਵਿਦਵਾਨ ਅਤੇ ਬੁਧੀਜੀਵੀ ਬੁਲਾਰਿਆਂ ਦਾ ਇਹੀ ਮੰਨਣਾ ਸੀ ਕਿ ਵੱਢੀਆਂ ਸਿੱਖ ਧਾਰਮਕ ਜੱਥੇਬੰਦੀਆਂ ਪੁਰ ਰਾਜਸੀ ਗਲਬਾ ਹੋਣ ਕਾਰਣ ਹੀ ਸਿੱਖੀ ਨੂੰ ਢਾਹ ਲਗ ਰਹੀ ਹੈ।

ਅਤੇ ਅੰਤ ਵਿੱਚ; ਇਥੇ ਇਹ ਗਲ ਸਮਝਣ ਵਾਲੀ ਹੈ ਕਿ ਜੇ ਸਿੱਖੀ ਨੂੰ ਬਚਾਣ ਦੇ ਸੰਕਲਪ ਵਿਚ ਇਮਾਨਦਾਰੀ ਅਤੇ ਦ੍ਰਿੜ੍ਹਤਾ ਹੋਵੇ, ਤਾਂ ਪੁਰਾਤਨ ਸਿੱਖ ਇਤਿਹਾਸ ਵਲ ਝਾਤ ਮਾਰ, ਉਸਤੋਂ ਮਾਰਗ-ਦਰਸਨ ਲੈਣਾ ਅਤੇ ਆਪਣੇ ਆਪਨੂੰ ਰਾਜਸੀ ਲਾਲਸਾ ਤੋਂ ਮੁਕਤ ਕਰ ਸਮਰਪਿਤ ਕਰਨਾ ਹੋਵੇਗਾ। ਇਸਦੇ ਨਾਲ ਹੀ ਕਿਸੇ ਪੁਰ ਟੇਕ ਰਖਣ ਦੀ ਬਜਾਏ, ਆਪ ਸਿਰੜੀ ਬਣਨਾ ਹੋਵੇਗਾ।



Nidhi Kapoor
REALTOR® BA, ABR
COMMERCIAL & RESIDENTIAL REAL ESTATE

REALTY EXECUTIVES POLARIS

780 318 3434

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ

nidhi@nidhikapoor.ca www.nidhikapoor.ca

# 217 6608 28 AV MLS# E3399888



Bedroom : 1 + Den Condo Bathroom : 1
Special Feature: Adult 55+ Condo, on-site service of a guest room for out-of-town visitors, private bus foroutings, home care coordinator, hairdresser
Parking : 1 Titled Underground Parking
Sqft. 620 Sq.Ft
Condo Fees: $260.00

# 401 4316 139 AV NW MLS# E3405945




Bedroom : 2
Bathroom : 2
Special Feature: Top Floor Unit, Quck Access to LRT Station
Parking : 1 Titled Underground Parking
Sqft : 1002 Sq ft.
Condo Fees: $420.00

#1472 LAKEWOOD RD W MLS# E3409941




Bedroom : 3
Bathroom : 1
Special Feature : newly renovated,walking distance to Grant MacEwan, Lakewood Transit Center,
Sqft. 1011 sq.ft
Condo Fees : $281.00

Services available in Hindi, Punjabi & Urdu Also. Real Estate Service for your Success

2.5 Acre for Sale 51151 Range Road 235, (SW) Edmonton Close to Ellerslie Road $ 399,900

# ਕੁਮਾਰ ਵਿਸ਼ਵਾਸ ਨਾਲੋਂ ਕਿੰਨੀ ਵੱਖਰੀ ਹੈ ਆਮ ਆਦਮੀ ਪਾਰਟੀ ?



ਸਤੇਂਦਰ ਰੰਜਨ

ਆਮ ਆਦਮੀ ਪਾਰਟੀ (ਆਪ) ਦੇ ਨੇਤਾ ਕੁਮਾਰ ਵਿਸ਼ਵਾਸ ਨੇ ਸਫ਼ਾਈ ਦਿੱਤੀ ਹੈ ਕਿ ਰਾਖਵੇਂਕਰਨ ਦੇ ਅੰਦੋਲਨ ਲਈ ਉਨਾਂ ਦੇ ਨਿਸ਼ਾਨੇ 'ਤੇ ਬਾਬਾ ਸਾਹਿਬ ਅੰਬੇਦਕਰ ਨਹੀਂ ਸਗੋਂ ਸਾਬਕਾ ਪ੍ਰਧਾਨ ਮੰਤਰੀ ਵਿਸ਼ਵਨਾਥ ਪ੍ਰਤਾਪ ਸਿੰਘ ਸਨ।

ਰਾਜਸਥਾਨ ਵਿਚ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਇਕ ਰੈਲੀ ਵਿਚ ਉਨਾਂ ਕਿਹਾ, "ਇਕ ਆਦਮੀ ਰਾਖਵੇਂਕਰਨ ਦੇ ਅੰਦੋਲਨ ਦੇ ਨਾਂ 'ਤੇ ਸਾਡੇ ਦੇਸ਼ ਵਿਚ ਜਾਤੀਵਾਦ ਦੀ ਨੀਂਹ ਰੱਖ ਗਿਆ ਸੀ।" ਇਸ ਬਿਆਨ ਦੇ ਵਾਇਰਲ ਹੋਣ 'ਤੇ ਉਨਾਂ ਦੀ ਸਖ਼ਤ ਆਲੋਚਨਾ ਹੋਈ ਅਤੇ ਕਿਹਾ ਗਿਆ ਕਿ ਉਨ੍ਹਾਂ ਨੇ ਅੰਬੇਦਕਰ 'ਤੇ ਹਮਲਾ ਬੋਲਿਆ ਹੈ।

ਪਰ ਭਾਵੇਂ ਹੀ ਕੁਮਾਰ ਵਿਸ਼ਵਾਸ ਦੇ ਨਿਸ਼ਾਨੇ 'ਤੇ ਪੱਛੜੀਆਂ ਜਾਤੀਆਂ ਨੂੰ ਰਾਖਵਾਂਕਰਨ ਦੇਣ ਵਾਲੇ ਸਾਬਕਾ ਪ੍ਰਧਾਨ ਮੰਤਰੀ ਵਿਸ਼ਵਨਾਥ ਪ੍ਰਤਾਪ ਸਿੰਘ ਹੀ ਕਿਉਂ ਨਾ ਹੋਣ, ਉਸ ਦੇ ਮੂਲ ਵਿਚ ਰਾਖਵਾਂਕਰਨ ਵਿਰੋਧੀ ਵਿਚਾਰ ਹੀ ਸਨ।

ਇਸ ਵੀਡੀਓ ਵਿਚ ਕੁਮਾਰ ਵਿਸ਼ਵਾਸ ਜੋ ਕਹਿੰਦੇ ਸੁਣੇ ਗਏ, ਉਹ ਨਾ ਸਿਰਫ਼ ਕੱਟੜ ਵਰਣ ਵਿਵਸਥਾਵਾਦੀ, ਸਗੋਂ ਇਸਤਰੀ ਵਿਰੋਧੀ ਵੀ ਹਨ। ਉਨਾਂ ਦੀ ਇਸਤਰੀ ਵਿਰੋਧੀ, ਰੰਗਭੇਦੀ ਤੇ ਨਰਿੰਦਰ ਮੋਦੀ ਦੇ ਗੁਣਗਾਣ ਵਿਚ ਕਹੀਆਂ ਗਈਆਂ ਗੱਲਾਂ ਪਹਿਲਾਂ ਵੀ ਸਾਹਮਣੇ ਆਈਆਂ ਹਨ। ਇਸ ਦੇ ਬਾਵਜੂਦ 'ਆਪ' ਵਿਚ ਉਨਾਂ ਦੀ ਖ਼ਾਸ ਹੈਸੀਅਤ ਬਣੀ ਰਹੀ ਹੈ। ਖ਼ੈਰ, ਇਸ ਵਾਰ ਸਿੱਧਾ ਕੋਟਾ ਲਾਗੂ ਕਰਨ ਵਾਲੇ ਵਿਸ਼ਵਨਾਥ ਪ੍ਰਤਾਪ ਸਿੰਘ ਨੂੰ ਨਿਸ਼ਾਨੇ 'ਤੇ ਲੈ ਕੇ ਕੁਮਾਰ ਵਿਸ਼ਵਾਸ ਆਪਣੀ ਮਨਸ਼ਾ ਜ਼ਾਹਰ ਕਰ ਚੁੱਕੇ ਹਨ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਕਹਿੰਦੇ ਹਨ ਕਿ ਕੁਮਾਰ ਵਿਸ਼ਵਾਸ ਨਾ ਸਿਰਫ਼ ਉਨ੍ਹਾਂ ਦੇ ਨਿੱਜੀ ਮਿੱਤਰ ਹਨ, ਸਗੋਂ ਉਹ ਉਨ੍ਹਾਂ ਲੋਕਾਂ ਵਿਚੋਂ ਹਨ, ਜਿਨ੍ਹਾਂ ਨੇ 'ਆਪ' ਦੀ ਨੀਂਹ ਰੱਖੀ।

ਇਹ ਹੈਰਾਨੀਜਨਕ ਹੈ ਕਿ ਇਹ ਸਵਾਲ ਉਨਾਂ ਤੋਂ ਕਦੇ ਗੰਭੀਰਤਾ ਨਾਲ ਨਹੀਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਇਸ ਤਰ੍ਹਾਂ ਦੀ ਸਮਾਜਕ ਦ੍ਰਿਸ਼ਟੀ ਵਾਲੇ ਲੋਕਾਂ ਨੂੰ ਲੈ ਕੇ ਉਸ ਪਾਰਟੀ ਦੀ ਬੁਨਿਆਦ ਰੱਖੀ, ਜਿਸ ਨੂੰ ਇਕ ਸਮੇਂ ਭਾਰਤ ਵਿਚ 'ਨਵੀਂ ਸਿਆਸਤ' ਦਾ ਜਨਕ ਦੱਸਿਆ ਗਿਆ ਸੀ।

ਉਦੋਂ ਕਿਹਾ ਗਿਆ ਸੀ ਕਿ ਤਮਾਮ ਸਵਾਰਥਾਂ ਤੋਂ ਉਪਰ ਉਠਦੇ ਹੋਏ 'ਆਪ' ਨਵ-ਉਮੀਦਾਂ ਦੇ ਪ੍ਰਗਟਾਵੇ ਦਾ ਜ਼ਰੀਆ ਬਣੇਗੀ। ਕੀ ਇਹ ਗੱਲ ਸਮਾਜਕ ਯਥਾਰਥ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਸੀ ? ਇਹ ਸਵਾਲ ਪੁਛਿਆ ਜਾਂਦਾ ਤਾਂ ਇਸ ਪਾਰਟੀ ਦੇ ਸੰਸਥਾਪਕਾਂ ਦੇ ਪਿਛੋਕੜ ਅਤੇ ਉਸ ਦੀ ਉਤਪਤੀ ਨੂੰ ਲੈ ਕੇ ਕਈ ਮਹੱਤਵਪੂਰਨ ਤੱਥਾਂ 'ਤੇ ਦੇਸ਼ ਦਾ ਧਿਆਨ ਜਾਂਦਾ। ਪਰ ਭ੍ਰਿਸ਼ਟਾਚਾਰ ਵਿਰੋਧ ਦਾ ਅਜਿਹਾ ਭਰਮ ਖੜਾ ਕੀਤਾ ਗਿਆ ਕਿ 'ਆਪ' ਦੇ ਆਰਥਕ ਤੇ ਸਮਾਜਕ ਨਜ਼ਰੀਏ ਨਾਲ ਸਬੰਧਤ ਬੁਨਿਆਦੀ ਮੁੱਦੇ ਸਹਾਈ ਬਣੇ ਰਹੇ। ਦਰਅਸਲ, ਅੰਨਾ ਹਜ਼ਾਰੇ ਦਾ ਅੰਦੋਲਨ ਸਚਮੁੱਚ ਭ੍ਰਿਸ਼ਟਾਚਾਰ ਖ਼ਿਲਾਫ਼ ਸੀ, ਜਾਂ ਇਹ ਕਾਂਗਰਸ ਦੀ ਅਗਵਾਈ ਵਾਲੀ ਉਸ ਵੇਲੇ ਦੀ ਯੂ.ਪੀ.ਏ. ਦੀ ਦਿਖ ਨੂੰ ਤਹਿਸ-ਨਹਿਸ ਕਰਨ ਦਾ ਗਿਣਿਆ-ਮਿਥਿਆ ਯਤਨ ਸੀ, ਹੁਣ ਅਸੀਂ ਇਸ ਸਵਾਲ ਦਾ ਉਤਰ ਲੱਭਣ ਦੀ ਬਿਹਤਰ ਸਥਿਤੀ ਵਿਚ ਹਾਂ।

2011 ਤੋਂ 2014 ਤੱਕ ਮੁੱਖਧਾਰਾ ਦੇ ਮੀਡੀਆ ਦੇ ਰੌਲੇ ਅਤੇ ਉਦੋਂ ਤਮਾਮ ਤੱਥ ਸਾਹਮਣੇ ਨਾ ਹੋਣ ਕਾਰਨ ਬਹੁਤ ਸਾਰੇ ਭਲੇਮਾਨਸ ਲੋਕ ਭ੍ਰਿਸ਼ਟਾਚਾਰ ਵਿਰੋਧੀ ਦੇ 'ਨੇਕ ਉਦੇਸ਼' ਨਾਲ ਮੋਹਿਤ ਹੋ ਗਏ। ਪਰ ਖ਼ੁਦ ਕੁਮਾਰ ਵਿਸ਼ਵਾਸ ਇਹ ਰਾਜ਼ ਖੋਲ ਚੁੱਕੇ ਹਨ ਕਿ ਅੰਨਾ ਅੰਦੋਲਨ ਵਿਚ 'ਭਾਜਪਾ ਨੇਤਾਵਾਂ ਦੇ ਭ੍ਰਿਸ਼ਟਾਚਾਰ ਪ੍ਰਤੀ ਹਮਲਾਵਰ ਰੁਖ਼ ਨਾ ਅਪਣਾਉਣ' 'ਤੇ ਸਹਿਮਤੀ ਸੀ।

ਤਾਂ ਭ੍ਰਿਸ਼ਟਾਚਾਰ ਵਿਰੋਧ ਮਹਿਜ਼ ਡਰਾਮਾ ਸੀ। ਇਸ ਰਾਹੀਂ ਉਸ ਵੇਲੇ ਦੀ ਸਰਕਾਰ ਦੀ ਵਿਚਾਰਕ ਤੇ ਸਿਆਸਤ ਵਿਰੋਧੀ ਸ਼ਕਤੀਆਂ ਦੀ ਮਦਦ ਨਾਲ ਕੁਝ ਅਭਿਲਾਸ਼ੀ ਵਿਅਕਤੀਆਂ ਨੇ ਆਪਣੀ ਸਿਆਸਤ ਦੀ ਸ਼ੁਰੂਆਤ ਕੀਤੀ।

ਲੋਕਤੰਤਰ ਵਿਚ ਸਿਆਸਤ 'ਚ ਕਦਮ ਰੱਖਣਾ ਆਪਣੇ-ਆਪ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਪਰ ਆਮ ਸਥਿਤੀਆਂ ਵਿਚ ਸਭ ਤੋਂ ਅਹਿਮ ਮੁੱਦਾ ਇਹੀ ਹੁੰਦਾ ਹੈ ਕਿ ਕੋਈ ਸਿਆਸੀ ਦਲ ਜਾਂ ਸਿਆਸਤ ਵਿਚ ਆਏ ਵਿਅਕਤੀ ਦੇ ਵਿਚਾਰ ਕੀ ਹਨ ? ਇਸ ਨੂੰ 'ਆਪ' ਦੀ ਵੱਡੀ ਸਫਲਤਾ ਮੰਨਿਆ ਜਾਵੇਗਾ ਕਿ ਇਸ ਸਵਾਲ ਨੂੰ ਹਾਸ਼ੀਏ 'ਤੇ ਰੱਖਣ ਵਿਚ ਉਹ ਹੁਣ ਤੱਕ ਕਾਮਯਾਬ ਹੈ। ਵਰਨਾ, ਇਸ ਦੀਆਂ ਜੜ੍ਹਾਂ ਵਿਚ ਜਾਣ ਦੀ ਕੋਸ਼ਿਸ਼ ਹੁੰਦੀ, ਤਾਂ 'ਆਪ' ਲਈ ਆਪਣੀ ਪ੍ਰਗਤੀਸ਼ੀਲ ਅਤੇ ਨਿਆਂਪ੍ਰਿਯ ਦਿਖ ਬਣਾ ਸਕਣਾ ਮੁਸ਼ਕਲ ਹੋ ਜਾਂਦਾ। ਅਰਵਿੰਦ ਕੇਜਰੀਵਾਲ ਡਾ. ਅੰਬੇਦਕਰ ਪ੍ਰਤੀ ਸ਼ਰਧਾ ਜ਼ਾਹਰ ਕਰਦੇ ਹਨ। ਉਨਾਂ ਦੀ ਪਾਰਟੀ ਦੇ ਨੇਤਾ ਬ੍ਰਹਮਣਵਾਦ ਨੂੰ ਜ਼ਹਿਰ ਦੱਸਣ ਵਾਲੇ ਬਾਬਾ ਸਾਹਿਬ ਦੇ ਕਥਨ ਦਾ ਹਵਾਲੇ ਦਿੰਦੇ ਹਨ ਅਤੇ ਰਾਖਵਾਂਕਰਨ ਵਿਰੋਧ ਨੂੰ 'ਮਨੁਵਾਦੀ ਨਿਰਾਸ਼ ਮਾਨਸਿਕਤਾ' ਦਾ ਸਿੱਟਾ ਦੱਸਦੇ ਹਨ।



ਕੁਮਾਰ ਵਿਸ਼ਵਾਸ ਦਾ ਪਾਰਟੀ ਵਿਚ ਬਣੇ ਰਹਿਣ ਦਾ ਸਿੱਧਾ ਮਤਲਬ ਹੋਵੇਗਾ ਕਿ 'ਆਪ' ਜਾਤੀਵਾਦੀ, ਇਸਤਰੀ ਵਿਰੋਧੀ ਦੀ ਰਵਾਇਤੀ ਮਾਨਸਿਕਤਾ ਅਤੇ ਐਨਜੀਓਵਾਦੀ ਸੋਚ ਤੋਂ ਅੱਜ ਤੱਕ ਨਹੀਂ ਉਭਰ ਸਕੀ ਹੈ। ਪੂੰਜੀਵਾਦ ਦੇ ਐਲਾਨੇ ਸਮਰਥਕ ਉਹ ਪਹਿਲਾਂ ਤੋਂ ਹਨ। ਇਹ ਰੁਝਾਨ ਦੱਖਣਪੰਥੀ, ਅਨੁਦਾਰਵਾਦੀ ਅਤੇ ਇਕ ਹੱਦ ਤੱਕ ਪੁਰਾਤਣਪੰਥੀ ਚਰਿਤਰ ਦੀ ਝਲਕ ਦਿੰਦੇ ਹਨ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕਾਂ ਦੇ ਵਿਚਾਰਾਂ ਦਾ ਵਿਕਾਸ ਹੁੰਦਾ ਹੈ। ਉਮਰ ਦੇ ਕਿਸੇ ਪੜਾਅ ਕਿਸੇ ਸ਼ਖ਼ਸ ਨੇ ਜੋ ਕਿਹਾ ਜਾਂ ਕੀਤਾ, ਉਹ ਉਸ ਨਾਲੋਂ ਅੱਗੇ ਨਿਕਲ ਸਕਦਾ ਹੈ। ਕੇਜਰੀਵਾਲ ਜੇਕਰ ਰਾਖਵਾਂਕਰਨ ਵਿਰੋਧੀ ਗੁੱਟ 'ਯੂਥ ਫਾਰ ਇਕੁਐਲਟੀ' ਦੇ ਸਮਰਥਨ ਅਤੇ ਆਪਣੇ ਕਥਿਤ ਦਲਿਤ ਵਿਰੋਧੀ ਰੁਖ਼ ਤੋਂ ਅੱਜ ਅੱਗੇ ਨਿਕਲ ਗਏ ਹਨ, ਤਾਂ ਇਸ ਲਈ ਉਨਾਂ ਦੀ ਪ੍ਰਸੰਸਾ ਹੋਣੀ ਚਾਹੀਦੀ ਹੈ। ਪਰ ਉਹ ਸਚਮੁੱਚ ਉਸ ਸੋਚ ਤੋਂ ਅੱਗੇ ਨਿਕਲ ਗਏ ਹਨ ਜਾਂ ਸਿਆਸੀ ਮਜਬੂਰੀਆਂ ਵਿਚ ਉਨਾਂ ਨੇ ਆਪਣਾ ਰੁਖ਼ ਬਦਲਿਆ ਹੈ, ਇਹ ਜਾਣਨ ਦਾ ਸਾਡੇ ਕੋਲ ਕੋਈ ਜ਼ਰੀਆ ਨਹੀਂ ਹੈ। ਕਿਉਂਕਿ ਨਾ-ਸਵੀਕਾਰੇ ਜਾਣ ਵਾਲੇ ਬਿਆਨਾਂ ਦੇ ਬਾਵਜੂਦ ਕੁਮਾਰ ਵਿਸ਼ਵਾਸ ਨੂੰ ਪਾਰਟੀ ਵਿਚ ਲਗਾਤਾਰ ਸਹਿਆ ਜਾ ਰਿਹਾ ਹੈ, ਇਸ ਲਈ ਕੇਜਰੀਵਾਲ ਦੇ ਬਦਲੇ ਵਿਚਾਰਾਂ ਬਾਰੇ ਸ਼ੱਕ ਕਰਨ ਦਾ ਢੁਕਵਾਂ ਆਧਾਰ ਬਣਦਾ ਹੈ।

'ਆਪ' ਹੁਣ ਆਪਣੀ ਪੁਰਾਣੀ ਚਮਕ ਗੁਆ ਕੇ ਇਕ ਆਮ ਸਿਆਸੀ ਪਾਰਟੀ ਵਜੋਂ ਜਾਣੀ ਜਾਣ ਲੱਗੀ ਹੈ। ਪਰ ਜਦੋਂ ਉਸ ਦੀ ਚਮਕ ਤੇਜ਼ ਸੀ ਤੇ ਬਹੁਤ ਸਾਰੇ ਲੋਕਾਂ ਨੇ ਉਸ ਤੋਂ ਬਦਲਾਅ ਦੀ ਉਮੀਦ ਲਾ ਰੱਖੀ ਸੀ, ਤਾਂ ਵੀ ਪਾਰਟੀ ਦੇ ਸਿਧਾਂਤਕਾਰ ਇਹ ਨਹੀਂ ਦਸਦੇ ਸਨ ਕਿ 'ਆਪ' ਦੀਆਂ ਨੀਤੀਆਂ ਕੀ ਹਨ ?

ਇਹ ਖੱਬੇ ਪੱਖੀ ਹਨ ਜਾਂ ਸੱਜੇ ਪੱਖੀ ? ਇਸ ਅਹਿਮ ਸਵਾਲ 'ਤੇ ਪਰਦਾ ਪਾਉਣ ਲਈ ਉਨਾਂ ਨੇ 'ਸੋਲਿਊਸ਼ਨ ਬੇਸਡ ਪਾਰਟੀ' ਹੋਣ ਦਾ ਜੁਮਲਾ ਘੜਿਆ ਸੀ। ਪਾਰਟੀ ਨੇਤਾ ਕਹਿੰਦੇ ਸਨ ਕਿ 'ਆਪ' ਸਮੱਸਿਆਵਾਂ ਦਾ ਹੱਲ ਲੱਭਣ ਲਈ ਹੋਂਦ ਵਿਚ ਆਈ ਹੈ। ਇਸ ਨੂੰ ਜਿੱਧਰ ਹੱਲ ਦਿਸੇਗਾ, ਉਧਰ ਜਾਏਗੀ। ਪਾਰਟੀ ਨੇਤਾ ਕਹਿੰਦੇ ਸਨ ਕਿ 'ਆਪ' ਪੂੰਜੀਵਾਦ ਖ਼ਿਲਾਫ਼ ਨਹੀਂ ਸਗੋਂ ਉਹ ਕਰੋਨੀ ਪੂੰਜੀਵਾਦ ਖ਼ਿਲਾਫ਼ ਹਨ। (ਕਰੋਨੀ ਪੂੰਜੀਵਾਦ ਭਾਵ ਅਰਥਵਿਵਸਥਾ ਦੀ ਉਸ ਸਥਿਤੀ ਦਾ ਸੂਚਕ ਹੈ ਜਿੱਥੇ ਵਪਾਰ-ਕਾਰੋਬਾਰ ਵਿਚ ਸਫਲਤਾ ਵਪਾਰੀ ਤੇ ਸਰਕਾਰੀ ਅਧਿਕਾਰੀਆਂ ਦੇ ਆਪਸੀ ਸਬੰਧ ਨਾਲ ਤੈਅ ਹੋਣ ਲਗਦੀ ਹੈ। ਇਸ ਤਹਿਤ ਸਰਕਾਰੀ ਤੰਤਰ ਵਲੋਂ ਵਪਾਰੀਆਂ-ਉਦਯੋਗਪਤੀਆਂ ਨੂੰ ਕਾਨੂੰਨੀ ਸਹਿਮਤੀ ਦੀ ਵੰਡ ਵਿਚ ਪੱਖ ਲੈ ਕੇ, ਉਨਾਂ ਨੂੰ ਸਰਕਾਰੀ ਫੰਡ ਦੇ ਕੇ, ਟੈਕਸ ਸਬੰਧੀ ਸਹੂਲਤਾਂ ਦੇ ਕੇ ਅਤੇ ਹੋਰਨਾਂ ਆਰਥਕ ਬੇਨਿਯਮੀਆਂ ਰਾਹੀਂ ਲਾਭ ਪਹੁੰਚਾਇਆ ਜਾਂਦਾ ਹੈ।) 21ਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਆ ਕੇ ਕੋਈ ਪਾਰਟੀ ਅਜਿਹੀ ਗੱਲ ਕਹੇ, ਜਦੋਂ ਇਹ ਸਿੱਧ ਹੋ ਚੁੱਕਾ ਹੈ ਕਿ ਕਰੋਨੀਵਾਦ ਤੋਂ ਵੱਖਰਾ ਕਿਸੇ ਪੂੰਜੀਵਾਦ ਦਾ ਵਜੂਦ ਕਿਤੇ ਨਹੀਂ ਹੈ, ਤਾਂ ਇਸ ਨੂੰ ਲੋਕਾਂ ਨੂੰ ਭੁਲੇਖੇ ਵਿਚ ਰੱਖਣ ਦੀ ਕੋਸ਼ਿਸ਼ ਹੀ ਸਮਝਿਆ ਜਾਵੇਗਾ।

ਖ਼ੈਰ ਸੱਚ ਇਹ ਹੈ ਕਿ 'ਸੋਲਿਊਸ਼ਨ ਬੇਸਡ ਪਾਰਟੀ' ਦਾ ਤਰਕ ਦੇ ਕੇ 'ਆਪ' ਜਾਤੀ ਵਿਵਸਥਾ ਅਤੇ ਸਮਾਜਕ ਅਨਿਆਂ ਬਾਰੇ ਆਪਣੀ ਨੀਤੀ ਦੱਸਣ ਤੋਂ ਬਚਦੀ ਰਹੀ ਹੈ। ਪਰ ਪਾਰਟੀ ਦੀ ਨੀਂਹ ਪਾਉਣ ਵਾਲਿਆਂ ਵਿਚੋਂ ਇਕ ਨੇ ਹੁਣ ਪਾਰਟੀ ਨੂੰ ਉਸ ਮੁਕਾਮ 'ਤੇ ਪਹੁੰਚਾ ਦਿੱਤਾ ਹੈ, ਜਦੋਂ ਉਹ ਇਸ ਨੂੰ ਦੱਸੇ ਬਿਨਾਂ ਕੁਝ ਜੁਮਲਿਆਂ ਨਾਲ ਲੋਕਾਂ ਨੂੰ ਭਰਮਾਈ ਨਹੀਂ ਰੱਖ ਸਕਦੀ। ਕੁਮਾਰ ਵਿਸ਼ਵਾਸ ਦਾ ਪਾਰਟੀ ਵਿਚ ਬਣੇ ਰਹਿਣ ਦਾ ਸਿੱਧਾ ਮਤਲਬ ਹੋਵੇਗਾ ਕਿ 'ਆਪ' ਜਾਤੀਵਾਦੀ, ਇਸਤਰੀ ਵਿਰੋਧੀ ਦੀ ਰਵਾਇਤੀ ਮਾਨਸਿਕਤਾ ਅਤੇ ਐਨਜੀਓਵਾਦੀ ਸੋਚ ਤੋਂ ਅੱਜ ਤੱਕ ਨਹੀਂ ਉਭਰ ਸਕੀ ਹੈ। ਪੂੰਜੀਵਾਦ ਦੇ ਐਲਾਨੇ ਸਮਰਥਕ ਉਹ ਪਹਿਲਾਂ ਤੋਂ ਹਨ। ਇਹ ਰੁਝਾਨ ਦੱਖਣਪੰਥੀ, ਅਨੁਦਾਰਵਾਦੀ ਅਤੇ ਇਕ ਹੱਦ ਤੱਕ ਪੁਰਾਤਣਪੰਥੀ ਚਰਿਤਰ ਦੀ ਝਲਕ ਦਿੰਦੇ ਹਨ। ਕੀ ਮੌਜੂਦਾ ਸਥਿਤੀ ਵਿਚ 'ਆਪ' ਇਸ ਤੋਂ ਵੱਖ ਹੋਣ ਦਾ ਦਾਅਵਾ ਕਰ ਸਕਦੀ ਹੈ ?

## ਗਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋਜਹਿਦ

*ਸਾਲ 2013 ਵਿੱਚ ਜਦੋਂ ਦੁਨੀਆ ਭਰ ਵਿੱਚ .ਗਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿੱਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ .ਫਾਊਂਡੇਸ਼ਨ ਵਲੋਂ ਜਿਥੇ ਇੱਕੋ ਸਾਲ ਵਿੱਚ ਐਡਮਿੰਟਨ ਵਿੱਚ .ਗਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ ਉਥੇ ਇਸੇ ਸਾਲ .ਗਦਰ ਲਹਿਰ ਨੂੰ ਸਮਰਪਤ ਇੱਕ ਕਿਤਾਬ The Ghadar Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿੱਚ ਛਪੀ ਇਸ ਕਿਤਾਬ ਵਿੱਚ 18 ਵਿਦਵਾਨਾਂ ਦੇ .ਗਦਰ ਲਹਿਰ ਬਾਰੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿੱਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, " ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਇੱਕ ਵਿਆਪਕ ਸਾਜ਼ਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ 'ਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ .ਗਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ .ਗਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ .ਫਰਜ਼ ਹੈ...*

*.... ਸਾਨੂੰ ਉਮੀਦ ਹੈ ਕਿ .ਗਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾਂ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾ.ਫ ਪਸੰਦ ਲੋਕਾਂ ਦੀ ਇਸ ਲੜਾਈ ਵਿੱਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ 'ਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ 'ਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' '.ਗਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ 'ਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣਾ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

# ਇਕ ਹੋਰ .ਗਦਰ

ਮਲਵਿੰਦਰਜੀਤ ਸਿੰਘ ਵੜੈਚ



(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

"ਦੇਸ਼ ਨੂੰ ਪੂਰਨ ਅਜ਼ਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਵਾਲੀ ਪਹਿਲੀ ਪਾਰਟੀ ਕਿਹੜੀ ਹੈ ? .ਗਦਰ ਪਾਰਟੀ। ਜਿਹੜੀ ਮਾਰਚ 1914 ਨੂੰ, (ਮਤਾ 1913 ਨੂੰ ਹੋਇਆ) ਹਿੰਦੀ ਮਿਹਨਤਕਸ਼ਾਂ, ਹਿੰਦੀ ਜਲਾਵਤਨ ਦੇਸ਼ ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ ਮਿਲਵੀਂ ਕੋਸ਼ਸ਼ ਦੇ ਸਿੱਟੇ ਵਜੋਂ ਹੋਂਦ ਵਿਚ ਆਈ।"

ਪੜ੍ਹੇ-ਲਿਖੇ ਹਿੱਸੇ ਅੰਦਰ ਪਾਈ ਜਾਂਦੀ ਡੂੰਘੀ ਮਿੱਥ ਦੇ ਉਲਟ, ਇਹ ਇਕਮੁੱਠ ਲਹਿਰ ਅਰਾਮ ਕੁਰਸੀਆਂ ਉੱਤੇ ਬੈਠੇ ਕੁਝ ਨਕਲੀ ਗਰਮਖ਼ਿਆਲੀਆਂ ਦੇ ਦਿਮਾਗਾਂ ਦੀ ਕਾਢ ਨਹੀਂ ਸੀ, ਸਗੋਂ ਸੂਖ਼ਮ ਅਤੇ ਵਿਸ਼ਾਲ ਦੋਵਾਂ ਪੱਧਰਾਂ ਉੱਤੇ, ਆਪਸੀ ਜਨਤਕ ਮੇਲਜੋਲ ਦਾ ਵਿਆਪਕ ਤੇ ਖੁੱਲ੍ਹਾ ਇਜ਼ਹਾਰ ਸੀ।

### ਜਨਤਕ ਇਕੱਠਾਂ ਦੀ ਆਬਸ਼ਾਰ

ਕੈਲੀਫੋਰਨੀਆ ਤੇ ਓਰੇਗਾਨ, ਜਿਹੜੇ ਸੂਬਿਆਂ ਵਿਚ ਹਿੰਦੁਸਤਾਨੀ ਪ੍ਰਵਾਸੀ ਵੱਡੀ ਤਾਦਾਦ ਵਿਚ ਰਹਿੰਦੇ ਸਨ, ਉੱਪਰ ਬ.ਗਾਵਤ ਦੀਆਂ ਲਾਟਾਂ ਹੌਲੀ-ਹੌਲੀ ਫੈਲਣ ਲੱਗ ਪਈਆਂ। 1912 ਦੇ ਅੰਤ ਜਾਂ 1913 ਦੇ ਸ਼ੁਰੂ ਵਿਚ ਅਸਟੋਰੀਆ (ਓਰੇਗਾਨ) ਵਿਚ ਇਕ ਹਿੰਦੁਸਤਾਨੀ ਐਸੋਸੀਏਸ਼ਨ ਬਣਾਏ ਜਾਣ ਨਾਲ ਇਸ ਨੂੰ ਪਹਿਲੇ .ਫਲ ਪੈਣ ਲੱਗੇ: ਇਸ ਮੀਟਿੰਗ ਵਿਚ ਮੁਣਸ਼ੀ ਰਾਮ, ਕਰੀਬ ਬਖ਼ਸ਼, ਨਵਾਬ ਖ਼ਾਨ, ਕੇਸਰ ਸਿੰਘ ਠੱਠਗੜ੍ਹ, ਬੰਤਾ ਸਿੰਘ ਸੰਘਵਾਲ ਅਤੇ ਕਰਤਾਰ ਸਿੰਘ ਸਰਾਭਾ ਨੇ ਤਕਰੀਰਾਂ ਕੀਤੀਆਂ। ਕੇਸਰ ਸਿੰਘ ਨੂੰ ਪ੍ਰਧਾਨ ਅਤੇ ਬਲਵੰਤ ਸਿੰਘ ਨੂੰ ਸਕੱਤਰ ਚੁਣਿਆ ਗਿਆ।

**ਐਸੋਸੀਏਸ਼ਨ ਦੇ ਐਲਾਨੇ ਗਏ ਨਿਸ਼ਾਨੇ ਇਹ ਸਨ:**

**ੳ.** ਹਿੰਦੁਸਤਾਨ ਵਿੱਚੋਂ ਸਥਾਨਕ ਜ਼ੁਬਾਨਾਂ ਦੇ ਅਖ਼ਬਾਰਾਂ, ਰਸਾਲੇ ਮੰਗਵਾਏ ਜਾਣ।

**ਅ.** ਮੁਲਕ ਵਿੱਚੋਂ ਅਮਰੀਕਾ ਵਿਚ ਪੜ੍ਹਨ ਲਈ ਨੌਜਵਾਨਾਂ ਨੂੰ ਬੁਲਾਉਣਾ ਤਾਂ ਕਿ ਉਨ੍ਹਾਂ ਦੀ ਹਿੰਦੁਸਤਾਨ ਵਿਚ 'ਕੌਮੀ' ਕਾਜ ਵਾਸਤੇ ਏਥੇ ਤਿਆਰੀ ਕਰਵਾਈ ਜਾਵੇ।

**ੲ.** ਹ.ਫਤਾਵਾਰੀ ਮੀਟਿੰਗਾਂ ਕਰਨ ਦਾ .ਫੈਸਲਾ ਤਾਂ ਕਿ ਸਿਆਸਤ ਉੱਤੇ ਵਿਚਾਰ-ਚਰਚਾ ਹੋਵੇ- ਨਵਾਬ ਖ਼ਾਨ (ਬਾਅਦ ਵਿਚ ਵਾਅਦਾ ਮੁਆ.ਫ ਗਵਾਹ) ਦੇ ਲ.ਫਜ਼ਾਂ ਵਿਚ ਇਸ ਦਾ ਸਿੱਟਾ ਇਹ ਨਿਕਲਿਆ ਕਿ 'ਮੈਂਬਰਾਂ ਨੇ ਆਪਣੇ ਮੁਲਕ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ।'



**.ਗਦਰ ਪਾਰਟੀ (ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਵਜੋਂ) ਦਾ ਆਗਾਜ਼ 4 ਜੂਨ 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ ਵਿਖੇ ਲਾਲਾ ਹਰਦਿਆਲ ਦੀ ਜਨਤਕ ਤਕਰੀਰ ਨਾਲ ਕੀਤਾ ਗਿਆ ਸੀ।**

ਨਵਾਬ ਖ਼ਾਨ ਨੇ ਇਹ ਵੀ ਕਿਹਾ ਕਿ 'ਹਿੰਦੁਸਤਾਨ ਐਸੋਸੀਏਸ਼ਨ' ਦੇ ਵੀ ਤਕਰੀਬਨ ਉਹੀ ਵਿਚਾਰ ਸਨ ਜੋ ਬਾਅਦ ਵਿਚ ਹਿੰਦੀ ਐਸੋਸੀਏਸ਼ਨ ਨੇ ਅਪਣਾਏ..... "ਕਿ ਇਸਨੇ ਹਿੰਦੁਸਤਾਨ ਦੇ ਸਾਰੇ .ਫਿਰਕਿਆਂ ਦੀ ਏਕਤਾ ਕਾਇਮ ਕਰਨ ਦਾ ਨਿਸ਼ਾਨਾ ਮਿਥਿਆ ਤੇ ਨਾਲ ਹੀ ਸਿੱਖਿਆ ਤੇ ਬਰਤਾਨਵੀ ਹਕੂਮਤ ਦੇ ਵਿਰੋਧ ਦਾ ਵੀ।" [ਲਾਹੌਰ ਸਾਜ਼ਿਸ਼ ਮੁਕੱਦਮੇ ਦਾ .ਫੈਸਲਾ]

ਇਸ ਲੜੀ ਅਧੀਨ ਪੱਛਮੀ ਪੈਸੀ.ਫਿਕ ਕੋਸਟ ਉੱਤੇ, ਜਿਥੇ ਹਿੰਦੁਸਤਾਨੀ ਵੱਡੀ ਤਾਦਾਦ ਵਿਚ ਮੌਜੂਦ ਸਨ, ਅਹਿਮ ਕੇਂਦਰਾਂ ਵਿਚ ਕਿੰਨੀਆਂ ਹੀ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਇਨ੍ਹਾਂ ਮੀਟਿੰਗਾਂ ਬਾਰੇ ਉਪਰੋਕਤ .ਫੈਸਲੇ (ਲਾਹੌਰ ਸਾਜ਼ਿਸ਼ ਮੁਕੱਦਮੇ) ਦੇ ਕੋਈ ਅੱਠ ਸਫ਼ਿਆਂ ਵਿਚ ਇਕ ਇਕ ਕਰਕੇ ਵੇਰਵਾ ਛਪਿਆ ਹੈ। ਅਗਸਤ 1914 ਵਿਚ ਮੀਟਿੰਗਾਂ ਦੀ ਇਹ ਲੜੀ ਆਪਣੇ ਸਿਖ਼ਰ 'ਤੇ ਪਹੁੰਚ ਗਈ, ਯਾਨੀ, 4 ਅਗਸਤ 1914 ਨੂੰ "ਜੰਗ ਦੇ ਐਲਾਨ" ਤੋਂ ਬਾਅਦ। ਇਨ੍ਹਾਂ ਵਿਚ ਆਖ਼ਰੀ ਤੋਂ ਪਹਿਲੀ ਮੀਟਿੰਗ ਫਰਿਜ਼ਨੋ (ਕੈਲੀਫੋਰਨੀਆ) ਵਿਚ 9 ਅਗਸਤ ਨੂੰ ਹੋਈ ਜਿਸ ਨੂੰ ਬਰਕਤਉੱਲਾ (ਬਾਅਦ ਵਿਚ ਮੀਤ ਪ੍ਰਧਾਨ) ਅਤੇ ਰਾਮ ਚੰਦ ਨੇ ਸੰਬੋਧਨ ਕੀਤਾ। "ਸਰੋਤਿਆਂ ਨੂੰ ਜ਼ੋਰਦਾਰ ਨਸੀਹਤ ਕੀਤੀ ਗਈ ਕਿ ਇਕ ਦਮ ਹਿੰਦੁਸਤਾਨ ਵੱਲ ਚਾਲੇ ਪਾ ਦੇਣ; ਹਿੰਦੁਸਤਾਨ ਪਹੁੰਚਣ ਉੱਤੇ ਉਨ੍ਹਾਂ ਨੂੰ ਹਥਿਆਰ ਦਿੱਤੇ ਜਾਣਗੇ ਅਤੇ ਹੁਣ ਉਹ ਵਕਤ ਆਣ ਪੁੱਜਾ ਸੀ ਜਦੋਂ ਇੰਗਲੈਂਡ ਨੂੰ ਹਿੰਦੁਸਤਾਨ ਦੀ ਸਰਜ਼ਮੀਨ ਤੋਂ ਬਾਹਰ ਕੱਢਿਆ ਜਾ ਸਕਦਾ ਸੀ, ਜਦਕਿ ਇੰਗਲੈਂਡ ਖ਼ੁਦ ਜੰਗ ਵਿਚ ਉਲਝਿਆ ਹੋਇਆ ਸੀ। ਚੰਦੇ ਉਗਰਾਹੇ ਗਏ ਅਤੇ ਵਾਲੰਟੀਅਰਾਂ ਦੀ ਇਕ ਸੂਚੀ ਤਿਆਰ ਕੀਤੀ ਗਈ ਜਿਸ ਵਿਚ 200 ਜਾਂ 300 ਸਿੱਖਾਂ ਨੇ .ਫੌਰਨ ਹਿੰਦੁਸਤਾਨ ਵੱਲ ਰਵਾਨਾ ਹੋਣ ਦਾ ਅਹਿਦ ਲਿਆ ਸੀ।"

ਉਪਰੋਕਤ ਅਦਾਲਤੀ .ਫੈਸਲਿਆਂ ਮੁਤਾਬਕ "ਕਰੋ ਤੇ ਮਰੋ" ਦੇ ਇਸ ਸੱਦੇ ਨੂੰ ਹੁੰਗਾਰਾ ਭਰਨ ਵਾਲਿਆਂ ਦੀ ਤਾਦਾਦ ਕਈ ਹਜ਼ਾਰ ਤਕ ਜਾ ਅੱਪੜੀ।

### ਕਾਮਾਗਾਟਾ ਮਾਰੂ ਘਟਨਾ

ਇਹ ਘਟਨਾ ਜਿਸ ਦਾ .ਗਦਰ ਪਾਰਟੀ ਨਾਲ ਕੋਈ ਜ਼ਾਹਰਾ ਰਿਸ਼ਤਾ ਨਹੀਂ ਸੀ, ਲਹਿਰ ਦੀ ਗਾਥਾ ਵਿਚ ਵਾਪਰੇ ਘਟਨਾਵਾਂ ਦੇ ਸਬੱਬ ਤੇ ਅਸਰ ਦੇ ਚੱਕਰ ਵਿਚ ਇਕ ਅਹਿਮ ਕੜੀ ਹੈ : ਇਸ ਦਾ ਸਿੱਧਾ ਸਾਦਾ ਮਕਸਦ 1907 ਤੋਂ ਕੈਨੇਡਾ ਵਿਚ ਹਿੰਦੁਸਤਾਨੀਆਂ ਦੇ ਦਾਖ਼ਲ ਹੋਣ ਉੱਤੇ ਲੱਗੀ ਪਾਬੰਦੀ ਦੀ ਲੁਕਵੇਂ ਰੂਪ 'ਚ ਵੱਡੀ ਪੱਧਰ 'ਤੇ ਅਵੱਗਿਆ ਕਰਨਾ ਸੀ। ਇਹ ਪਾਬੰਦੀ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ਵਿਚ ਹਿੰਦੁਸਤਾਨੀ ਪ੍ਰਵਾਸੀਆਂ ਦੀਆਂ ਬਾ.ਗੀ ਸਰਗਰਮੀਆਂ ਸਬੰਧੀ ਖ਼ੁ.ਫੀਆ ਸੂਚਨਾਵਾਂ ਨਾਲ ਵੀ ਜਾ ਜੁੜਦੀ ਸੀ ਜਿਹੜਾ ਉਸ ਵਕਤ ਖ਼ੁਦ-ਇਖ਼ਤਿਆਰ ਡੁਮੀਨੀਅਨ ਦਰਜਾ ਹੋਣ ਦੇ ਬਾਵਜੂਦ ਬਰਤਾਨਵੀ ਸਾਮਰਾਜ ਦਾ ਹਿੱਸਾ ਸੀ। ਗੱਲ ਇੰਞ ਸ਼ੁਰੂ ਕਰਦੇ ਹਾਂ ਕਿ ਕਾਮਾਗਾਟਾ ਮਾਰੂ ਨਾਂ ਦਾ ਜਪਾਨੀ ਸਮੁੰਦਰੀ ਜਹਾਜ਼ ਅੰਮ੍ਰਿਤਸਰ ਦੇ 'ਬਾਬਾ' ਗੁਰਦਿੱਤ ਸਿੰਘ ਸਰਹਾਲੀ ਨੇ ਕਿਰਾਏ ਉੱਤੇ ਲਿਆ ਸੀ, ਉਹ ਉਸ ਵਕਤ ਦੇ ਉੱਦਮੀ ਵਪਾਰੀ ਸਨ। ਉਨ੍ਹਾਂ ਨੇ "ਗੁਰੂ ਨਾਨਕ ਸਟੀਮਸ਼ਿਪ ਕੰਪਨੀ" ਨਾਂ ਦਾ ਇਕ ਅਦਾਰਾ ਖੜ੍ਹਾ ਕੀਤਾ ਜਿਸ ਦਾ ਮਕਸਦ ਸਮੁੰਦਰ ਜ਼ਰੀਏ ਸ.ਫਰ ਸੀ। ਕੰਮ ਕਰਨ ਦਾ ਐਲਾਨੀਆ ਤਰੀਕਾ ਤਾਂ ਇਸ ਮਕਸਦ ਦੀ ਪੂਰਤੀ ਸੀ ਕਿ ਮੁਸਾ.ਫਰਾਂ ਨੂੰ ਸਿੱਧਾ ਹਿੰਦੁਸਤਾਨ ਤੋਂ ਕੈਨੇਡਾ ਲੈ ਕੇ ਜਾਇਆ ਜਾਵੇਗਾ ਤਾਂ ਕਿ "ਸਿੱਧੇ ਸਮੁੰਦਰੀ ਸ.ਫਰ" ਦੀ ਹਾਕਮਾਂ ਵਲੋਂ ਥੋਪੀ ਗਈ ਸ਼ਰਤ ਪੂਰੀ ਕੀਤੀ ਜਾ ਸਕੇ। ਜਿਸ ਪਿੱਛੇ ਮਨਸ਼ਾ ਇਹ ਸੀ ਕਿ ਕੈਨੇਡਾ ਵਿਚ ਹਿੰਦੁਸਤਾਨੀਆਂ ਦੇ ਦਾਖ਼ਲੇ ਨੂੰ ਰੋਕਿਆ ਜਾ ਸਕੇ ਕਿਉਂਕਿ ਦਰਅਸਲ ਐਸੀ ਕੋਈ ਸਹੂਲਤ ਮੌਜੂਦ ਨਹੀਂ ਸੀ ਕਿ ਹਿੰਦੁਸਤਾਨ ਤੋਂ ਸਿੱਧਾ ਕੈਨੇਡਾ ਨੂੰ ਸ.ਫਰ ਸੰਭਵ ਹੋਵੇ। ਹਾਕਮਾਂ ਦੀ ਮਨਸ਼ਾ ਆਪਣੇ ਆਪ ਨੂੰ ਨਸਲੀ ਵਿਤਕਰੇ ਦੇ ਇਲਜ਼ਾਮਾਂ ਤੋਂ ਬਚਾਉਣ ਦੀ ਸੀ।

ਇਹ ਵਿਸ਼ਵਾਸ ਕਰਨ ਦੇ ਕਾਰਨ ਮੌਜੂਦ ਹਨ ਕਿ ਸਮੁੰਦਰੀ ਸ.ਫਰ ਦੇ ਪ੍ਰਬੰਧਕਾਂ ਅਤੇ ਨਾਲ ਹੀ ਬਹੁਤ ਸਾਰੇ ਮੁਸਾ.ਫਰਾਂ ਨੂੰ ਪਹਿਲਾਂ ਹੀ ਇਹ ਧੁੜਕੂ ਸੀ ਕਿ ਉਹ ਆਪਣੀ ਮੰਜ਼ਲ (ਵੈਨਕੂਵਰ ਬੰਦਰਗਾਹ) ਉੱਪਰ ਸੁੱਖੀ ਸਾਂਦੀ ਪਹੁੰਚ ਜਾਣਗੇ ਜਿਥੇ ਇਹ ਮਈ 1914 ਦੇ ਆਖ਼ਰੀ ਹ.ਫਤੇ ਪਹੁੰਚਿਆ। ਸਮੁੰਦਰੀ ਜਹਾਜ਼ ਨੂੰ ਕੈਨੇਡੀਅਨ ਅਧਿਕਾਰੀਆਂ ਨੇ ਲੰਗਰ ਸੁੱਟੇ ਜਾਣ ਤੋਂ ਪਹਿਲਾਂ ਹੀ ਸਮੁੰਦਰ ਕੰਢੇ ਰੋਕ ਲਿਆ ਜਿਸ ਪਿੱਛੋਂ ਇਕ ਪਾਸੇ ਕੈਨੇਡੀਅਨ ਅਧਿਕਾਰੀਆਂ ਅਤੇ ਦੂਜੇ ਪਾਸੇ ਮੁਸਾ.ਫਰਾਂ ਤੇ ਸਥਾਨਕ ਹਿੰਦੁਸਤਾਨੀਆਂ ਦਰਮਿਆਨ ਤਣਾ-ਤਣੀ ਅਤੇ ਝਗੜੇ ਦਾ ਮਾਹੌਲ ਬਣ ਗਿਆ ਜਿਹੜਾ ਕਈ ਦ.ਫਾ ਖੁੱਲ੍ਹੀ ਟੱਕਰ ਵਿਚ ਬਦਲਣ ਕਿਨਾਰੇ ਅੱਪੜ ਜਾਂਦਾ ਰਿਹਾ। ਅੰਤ ਨੂੰ ਜਹਾਜ਼ ਨੂੰ ਮੁਸਾ.ਫਰਾਂ ਸਮੇਤ ਕੁਝ ਰਸਦ, ਕੋਲਾ ਅਤੇ ਹੋਰ ਜ਼ਰੂਰੀ ਸਮਾਨ ਦੇ ਕੇ ਵਾਪਸ ਘੱਲ ਦਿੱਤਾ ਗਿਆ। ਇਸ ਭਿਆਨਕ ਹਾਲਤ ਨੇ ਪਹਿਲਾਂ ਹੀ ਬੇਚੈਨ ਪ੍ਰਵਾਸੀ ਹਿੰਦੁਸਤਾਨੀਆਂ ਦੇ ਜਜ਼ਬਾਤਾਂ ਨੂੰ ਭੜਕਾ ਦਿੱਤਾ ਭਾਵੇਂਕਿ ਇਨ੍ਹਾਂ ਮੁਸਾ.ਫਰਾਂ ਨਾਲ ਅਜੇ ਸਤੰਬਰ 1914 ਵਾਲਾ ਕਲਕੱਤੇ ਵਾਪਸੀ ਵਕਤ ਦਾ ਖ਼ੂਨੀ ਕਾਂਡ ਨਹੀਂ ਸੀ ਵਾਪਰਿਆ।

ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਸੀ, .ਗਦਰ ਪਾਰਟੀ ਨੇ ਮੁਸਾ.ਫਰਾਂ ਨੂੰ ਬ.ਗਾਵਤ ਵਿਚ ਸ਼ਾਮਲ ਕਰਨ ਦੀ ਯੋਜਨਾ ਉਲੀਕੀ ਅਤੇ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਉਨ੍ਹਾਂ ਨਾਲ ਰਾਬਤਾ ਬਣਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਉਹ ਆਪਣੇ ਨਾਲ 200 ਪਿਸਤੌਲਾਂ ਤੇ 2000 ਰਾਊਂਡ ਗੋਲੀ-ਸਿੱਕਾ ਅਤੇ .ਗਦਰੀਆਂ ਵਲੋਂ ਛਪਾਇਆ ਗਿਆ ਸਾਹਿਤ ਲੈ ਕੇ ਜਪਾਨ ਦੀ ਯੋਕੋਹਾਮਾ ਬੰਦਰਗਾਹ ਉੱਤੇ ਮੁਸਾ.ਫਰਾਂ ਨੂੰ ਜਾ ਮਿਲੇ ਅਤੇ ਉਨ੍ਹਾਂ ਨੂੰ ਇਹ ਸਮਾਨ ਦੇ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਬਾਬਾ ਭਕਨਾ ਓਦੋਂ ਅਜੇ ਜਪਾਨ ਦੇ ਰਾਹ ਵਿਚ ਸਨ ਜਦੋਂ ਜਰਮਨੀ ਅਤੇ ਇੰਗਲੈਂਡ ਦਰਮਿਆਨ 4.8.1914 ਨੂੰ ਜੰਗ ਲੱਗ ਗਈ, ਇਹ ਉਹ ਪਲ ਵੀ ਸੀ ਜਦੋਂ ਹਿੰਦੁਸਤਾਨ ਵਿਚ .ਗਦਰ ਸ਼ੁਰੂ ਕੀਤਾ ਜਾਣਾ ਸੀ।

ਬਰਤਾਨਵੀ ਖ਼ੁ.ਫੀਆ ਵਿਭਾਗ ਨੂੰ ਇਸ ਸਭ ਕਾਸੇ ਦੀ ਭਿਣਕ ਪੈ ਗਈ ਅਤੇ ਉਨ੍ਹਾਂ ਨੇ ਜਹਾਜ਼ ਦੀ ਕਲਕੱਤੇ ਵਿਚ 'ਪ੍ਰਾਹੁਣਾਚਾਰੀ' ਲਈ ਬਜ ਬਜ ਘਾਟ ਉੱਪਰ ਪੂਰੀ ਤਿਆਰੀ ਕਰ ਲਈ। ਜਦੋਂ ਪੁਲਿਸ ਨੇ ਮੁਸਾ.ਫਰਾਂ ਨੂੰ ਇਕ ਰੇਲ ਗੱਡੀ ਵਿਚ 'ਚੜ੍ਹਨ' ਦਾ ਹੁਕਮ ਦਿੱਤਾ ਜੋ ਕਿ ਉਨ੍ਹਾਂ ਨੂੰ ਗ੍ਰਿ.ਫਤਾਰ ਕਰਨ ਦਾ ਇਕ ਬਹਾਨਾ ਸੀ ਅਤੇ ਉਨ੍ਹਾਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਪੁਲਿਸ ਨੇ ਬੇਹਥਿਆਰੇ ਸ਼ਾਂਤਮਈ ਮੁਸਾ.ਫਰਾਂ, ਜਿਨ੍ਹਾਂ ਵਿੱਚੋਂ ਕਈਆਂ ਨੇ ਨਾਲ ਉਨ੍ਹਾਂ ਦੇ ਪਰਿਵਾਰ ਅਤੇ ਬੱਚੇ ਵੀ ਸਨ, ਉੱਤੇ ਬੇਤਹਾਸ਼ਾ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਨਾਲ 20 ਜਣੇ ਮਾਰੇ ਗਏ ਅਤੇ ਏਨੇ ਹੀ ਜ਼ਖ਼ਮੀ ਹੋ ਗਏ।

ਇਸ ਨਾਲ ਹਿੰਦੁਸਤਾਨੀ ਕੌਮੀ ਜਜ਼ਬਾਤ ਉੱਤੇ ਮੁਲਕ ਦੇ ਅੰਦਰ ਅਤੇ ਬਦੇਸ਼ਾਂ ਵਿਚ ਵਿਆਪਕ ਅਸਰ ਹੋਇਆ, ਜਿਹਾ ਕਿ ਹੋਣਾ ਹੀ ਸੀ।

### .ਗਦਰੀਆਂ ਦਾ ਵਾਪਸੀ ਸਮੁੰਦਰੀ ਸ.ਫਰ

"ਇੰਞ ਜਾਪਦਾ ਹੈ ਕਿ ਅਮਰੀਕਾ ਤੋਂ .ਗਦਰੀਆਂ ਦਾ ਵੱਡਾ ਝੁੰਡ ਵਾਪਸ ਪਰਤਣ ਤੋਂ ਪਹਿਲਾਂ ਹੀ ਕੁਝ ਨੂੰ ਅਗਾਊਂ ਭੇਜ ਦਿੱਤਾ ਗਿਆ ਸੀ।"

ਉਹ ਬਹੁਤ ਸਾਰੇ ਸਮੁੰਦਰੀ ਜਹਾਜ਼ਾਂ ਵਿਚ ਵਾਪਸ ਪਰਤੇ ਜਿਵੇਂ ਕਿ "ਨਿਪੋਨਮਾਰੂ", "ਮੈਕਸੀਕੋ ਮਾਰੂ" ਅਤੇ ਕੁਝ ਕੁ ਹੋਰ ਅਤੇ ਰਸਤੇ ਵਿਚ ਇਹ ਵੱਖੋ-ਵੱਖਰੀਆਂ ਬੰਦਰਗਾਹਾਂ ਉੱਤੇ ਰੁਕਦੇ ਰਹੇ, ਅਜਿਹਾ ਹਰ ਮੁਕਾਮ ਘਟਨਾ ਭਰਪੂਰ ਸੀ।

**(ਬਾਕੀ ਅਗਲੇ ਅੰਕ 'ਚ)**

# ਸੋਹਣ ਸਿੰਘ ਮੀਸ਼ਾ



ਸੋਹਣ ਸਿੰਘ ਮੀਸ਼ਾ (30 ਅਗਸਤ 1934–22 ਸਤੰਬਰ 1996) ਦਾ ਜਨਮ ਪਿੰਡ ਭੇਟ, ਕਪੂਰਥਲਾ ਰਿਆਸਤ (ਪੰਜਾਬ) ਵਿੱਚ ਹੋਇਆ। ਉਨ੍ਹਾਂ ਦੀ ਸਿੱਖਿਆ ਐਮ.ਏ. ਅੰਗਰੇਜ਼ੀ ਸੀ। ਉਹ ਪੰਜਾਬੀ ਕਵਿਤਾ ਦੇ ਆਧੁਨਿਕ ਦੌਰ ਦੇ ਉੱਘੇ ਰੁਮਾਂਟਿਕ, ਭਰਮ-ਭੁਲੇਖੇ ਤੋੜਨ ਵਾਲੇ ਯਥਾਰਥਵਾਦੀ ਕਵੀ ਸਨ। ਉਨ੍ਹਾਂ ਨੂੰ ਕੱਚ ਦੇ ਵਸਤਰ ਉੱਪਰ ਭਾਰਤੀ ਸਾਹਿਤ ਅਕਾਦਮੀ ਦਾ ਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਇਆ ਸੀ। ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਹਨ : ਚੁਰਸਤਾ (1961), ਦਸਤਕ (1966), ਧੀਮੇ ਬੋਲ (1972), ਕੱਚ ਦੇ ਵਸਤਰ (1974), ਚਪਲ ਚੇਤਨਾ (ਮੌਤ ਤੋਂ ਬਾਅਦ ਪ੍ਰਕਾਸ਼ਿਤ)।

## ਸੋਹਣ ਸਿੰਘ ਮੀਸ਼ਾ ਦੀਆਂ ਕਵਿਤਾਵਾਂ

### ਚੁਰਸਤਾ

ਕਿੰਨੀ ਅੰਨ੍ਹੀ ਹੈ ਇਹ ਰਾਤ
ਬੁਝ ਗਏ ਸਾਰੇ ਚਿਰਾਗ,
ਚੌਂਕ ਦੀ ਮਰੀਅਲ ਜਿਹੀ ਬੱਤੀ ਬਿਨਾਂ
ਕਿਰਨ ਚਾਨਣ ਦੀ ਕਿਤੋਂ ਵੀ
ਪਾ ਰਹੀ ਨਾ ਕੋਈ ਝਾਤ।

ਸੁੰਘਿਆ ਇਸ ਨੂੰ ਉਦਾਸੀ-ਸੱਪ ਨੇ
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ ?
ਹੌਕੇ ਭਰਦੀ ਸੋਗ ਦੇ
ਹੈ ਪੌਣ ਸਾਹੋਂ ਉਖੜੀ,
ਫੂਕਰਾਂ ਨੇ ਮਾਰਦੇ ਨ੍ਹੇਰੇ ਦੇ ਨਾਗ,
ਇਸ ਫਿਜ਼ਾ ਦੀ ਰਗ-ਰਗ ਵਿਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

ਰਾਤ ਕਿੰਨੀ ਸੀਤ ਹੈ।
ਦਿਲ ਕਿਸੇ ਦੀ ਨੁੱਕਰ ਵੀ
ਚਿਣਗ ਬਾਕੀ ਹੈ ਕੋਈ ?
ਭੇਤ ਨਾ ਕੋਈ ਭੇਤ ਨਾ,
ਅਹਿਸਾਸ ਠੰਢਾ ਹੋ ਰਿਹਾ,
ਸੁੰਨ ਹੁੰਦੀ ਜਾ ਰਹੀ ਹੈ ਚੇਤਨਾ।
ਚੌਹੀਂ ਪਾਸੀਂ ਰਾਤ ਅੰਨ੍ਹੀ ਸੀਤ ਹੈ।

ਕਿੰਨਾ ਔਖਾ ਹੈ ਚੁਰਸਤਾ ਛੱਡਣਾ।
ਹਾਏ ਹੱਡਾਂ ਵਿਚ ਸਿੱਕਾ ਭਰ ਗਿਆ।
ਸੱਚ ਤੇ ਪਰਦਾ ਸਿਆਹ
ਤੇ ਸੂਝ ਦੀ ਹੋਈ ਬੇਵਾਹ
ਚੌਂਕ ਦੀ ਮਰੀਅਲ ਜਿਹੀ ਬੱਤੀ
ਕਿਸੇ ਨੂੰ ਕੀ ਵਿਖਾ ਸਕਦੀ ਏ ਰਾਹ।
ਐਵੇਂ ਹਮਦਰਦੀ ਜਿਹੀ ਜਤਲਾ ਰਹੀ,
ਕੁਝ ਕਹਿੰਦੀ ਕਹਿੰਦੀ ਏ ਥਥਲਾ ਰਹੀ।

ਮੌਤ ਦਾ ਪਹਿਰਾ ਸਹੀ
ਫਿਰ ਵੀ ਆਖਰੀ ਸ਼ਹਿਰ ਹੈ,
ਐ ਮਨਾ, ਚਲ ਫੇਰ
ਕੋਈ ਖਟਖਟਾ ਕੇ ਵੇਖ ਦਰ।
ਨਾ ਸਹੀ ਕੋਈ ਉਮੀਦ
ਪਰ ਕੋਈ ਹੀਲਾ ਤਾਂ ਕਰ।

### ਦਸਤਕ

ਮਨ ਕਪਟੀ ਹੈ
ਕਪਟ ਕਮਾਏ
ਪਾਪ ਹੰਢਾਏ
ਕਰਮ ਵਿਹੂਣਾ ਤਨ
ਕਰਨੀ ਤੋਂ ਟੁੱਟਾ
ਪਲਾਂ ਛਿਣਾਂ ਦੇ ਵਿਚਲਾਂ ਥਾਣੀਂ ਕਿਰਦਾ ਜਾਏ
ਅੰਦਰੋਂ ਬੰਦ ਬੂਹੇ ਦਾ
ਬਾਹਰੋਂ ਕੁੰਡਾ ਖੜਕੇ
ਜਾਂ ਦਿਲ ਧੜਕੇ
ਦਸਤਕ ਦੇਹ ਦੇ ਲੂੰ ਕੰਡਿਆਏ

'ਕੀ ਕਰਦੇ ਹੋ ?
ਬਾਹਰ ਦੀ ਧੁੱਪ ਤੋਂ ਡਰਦੇ ਹੋ
ਅੰਦਰ ਦੀ ਚੁੱਪ ਤੋਂ ਡਰਦੇ ਹੋ
ਆਪਣੇ ਪਾਲੇ ਵਿਚ ਠਰਦੇ ਹੋ
ਬੂਹਾ ਖੋਲ੍ਹੋ ਬਾਹਰ ਆਓ
ਨਹੀਂ ਦਰਵਾਜ਼ਾ ਤੋੜ ਦਿਆਂਗੇ।'

### ਚੀਕ ਬੁਲਬੁਲੀ

ਨੰਦੂ ਛੜੇ ਦੀ ਗੱਲ ਚੇਤੇ ਹੈ
ਜਿਸ ਨੂੰ ਪਿੰਡ ਨੇ
ਰੋਜ਼ ਤਕਾਲੀਂ
ਇਕ ਦੋ ਚੀਕਾਂ ਮਾਰਨ ਦੀ ਖੁਲ੍ਹ ਦੇ ਦਿੱਤੀ ਸੀ
ਭਰੀ ਪਰ੍ਹੇ ਵਿਚ ਗਲ ਪੱਲਾ ਪਾ
ਜਦ ਸੀ ਉਸ ਨੇ ਅਰਜ਼ ਗੁਜ਼ਾਰੀ
ਮੇਰੀ ਕੋਈ ਲਾਗ ਡਾਟ ਨਾ
ਮੇਰੀ ਆਪਣੀ ਧੀ ਭੈਣ ਪਿੰਡ ਦੀ ਹਰ ਨਾਰੀ
ਦਾਰੂ ਪੀ ਕੇ ਚਿੱਤ ਘਾਬਰਦਾ
ਘਾਊਂ ਮਾਊਂ ਹੁੰਦਾ
ਡੱਕ ਨਾ ਹੁੰਦੀ ਆਈ ਚੀਕ ਹੈ ਜਾਂਦੀ ਮਾਰੀ।

ਮੈਨੂੰ ਬੇਸ਼ਕ
ਦਾਰੂ ਕਦੀ ਕਦਾਈਂ ਲੱਭਦਾ
ਪਰ ਮੈਂ ਏਸ ਬੇਕਿਰਕ ਸ਼ਹਿਰ ਵਿਚ
ਕਿੰਨੇ ਚਿਰ ਤੋਂ ਆਪਣੇ ਅੰਦਰ
ਇਕ ਚੀਕ ਤੇ ਨਾਲ ਬੁਲਬੁਲੀ ਡੱਕੀ ਫਿਰਦਾਂ
ਚੁੱਪ ਚੁਪੀਤਾ
ਇਕ ਖਲਬਲੀ ਚੱਕੀ ਫਿਰਦਾਂ।
ਕਿਨੀ ਵਾਰੀ
ਚੋਣ-ਮੁਹਿੰਮ ਦੇ ਜਲਸੇ ਵਿਚ ਤਕਰੀਰ ਸੁਣਦਿਆਂ
ਜਨ ਗਨ ਮਨ ਦੀ ਹੈ ਜੈ ਜੈ
ਸੋਗ ਸਭਾ ਦੀ ਚੁੱਪ ਦੇ ਮੌਕੇ
ਚਿੱਤ ਘਾਬਰਿਆ
ਚੀਕ-ਬੁਲਬੁਲੀ ਮਸਾਂ ਮਸਾਂ ਰੋਕੀ ਹੈ।

ਹਫ਼ਤੇਵਾਰ
ਦਫ਼ਤਰੀ ਮੀਟਿੰਗ ਦੇ ਵਿਚ
ਵਿੰਗ-ਵਲੇਵੇਂ ਖਾਂਦੀ
ਜਦੋਂ ਦਲੀਲ ਮੇਜ਼ ਤੇ ਰੀਂਘਣ ਲੱਗੀ
ਕੱਸ ਕੇ ਰਤਾ ਹੋਰ ਨਟਕਾਈ
ਮੈ ਇਸ ਚੀਕ ਦੇ ਨਾਲ ਬੁਲਬੁਲੀ
ਪਹੁੰਚੀ ਸੰਘ ਦੇ ਕੋਲ ਦਬਾਈ।

ਚੜ੍ਹੇ ਮਹੀਨੇ
ਤਲਬ ਦਿਹਾੜੇ
ਬਿੱਲਾਂ ਦਾ ਭੁਗਤਾਨ ਕਰਦਿਆਂ
ਨਿੱਕੀਆਂ ਨਿੱਕੀਆਂ
ਸੌ ਸੱਧਰਾਂ ਦਾ ਘਾਣ ਕਰਦਿਆਂ
ਘੁੱਟ ਸਬਰ ਦੇ ਨਾਲ
ਆਪਣੀ ਹੀ ਰੱਤ ਪੀਤੀ
ਬੱਚੇ ਨੂੰ ਬੂਟਾਂ ਦਾ ਲਾਰਾ
ਹੋਰ ਮਹੀਨਾ ਟਾਲਣ ਵੇਲੇ
ਹਰ ਵਾਰੀ ਮੈਂ
ਦੱਬੀ ਚੀਕ ਮੁਲਤਵੀ ਕੀਤੀ।

ਠੇਕੇ ਦੀ ਕੈਬਨ ਵਿਚ
ਠੱਠੇ ਸ਼ੁਗਲੀ ਨਿੰਦਿਆ ਚੁਗਲੀ ਵੇਲੇ
ਤੰਗੀ ਤੁਰਸ਼ੀ ਦਾ ਅਹਿਸਾਸ ਜਾਗਦਾ
ਖਾਰਾ ਬੱਤਾ ਖੋਲ੍ਹਣ ਲਗਿਆਂ
ਲਗਦਾ ਆਪਣਾ ਆਪ ਪਾਟਦਾ।
ਥਾਉਂ ਕੁਥਾਈਂ
ਚੀਕ-ਬੁਲਬੁਲੀ
ਪਾਨ ਚ ਜ਼ਰਦੇ ਨਾਲ ਚਬਾਈ
ਨੀਂਦਰ ਗੋਲੀ ਨਾਲ ਸੁਆਈ
ਗਦਰਾਏ ਬਦਨਾਂ ਦੀ ਮਹਿਕ ਨਾਲ ਵਰਚਾਈ।

ਪਰ ਹੁਣ
ਹੋਰ ਨਾ ਡੱਕੀ ਰਹਿੰਦੀ
ਹਰ ਦਮ ਜ਼ਬਤ ਨਾਲ ਹੈ ਖਹਿੰਦੀ
ਦਿਨ ਭਰ ਹੋਸ਼ ਭਟਕਦੀ
ਅੰਦਰੋਂ ਪੱਸਲੀਆਂ ਭੰਨਦੀ ਹੈ
ਰਾਤੀਂ ਅੱਖੀਂ ਨੀਂਦ ਨਾ ਪੈਂਦੀ।
ਹੁਣ ਜੀਅ ਕਰਦਾ
ਕਲ੍ਹ ਕਚਹਿਰੀ ਲਾਗੇ
ਗਾਂਧੀ ਚੌਂਕ 'ਚ ਖੜ ਕੇ
ਸਾਰਾ ਗੁਭ ਘਲਾਟ ਕਢ ਲਵਾਂ
ਏਨੇ ਚਿਰ ਦੀ ਡਕੀ ਹੋਈ
ਖੁਲ੍ਹ ਕੇ ਚੀਕ-ਬੁਲਬੁਲੀ ਮਾਰਾਂ
ਮੁਸਕੌਂਦੇ ਗਾਂਧੀ ਦੇ ਬੁੱਤ ਤੋਂ
ਡਾਂਡੀ-ਸਫਰ ਦੀ ਸੋਟੀ ਖੋਹ ਕੇ
ਆਪਣਾ ਹੀ ਸਿਰ ਪਾੜਾਂ
ਲਹੂ ਪਲੱਥਾ
ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ ਰਾਮ ਪੁਕਾਰਾਂ।

### ਲੀਕ

ਜੋ ਸਮਝੇ ਮਹਿਰਮ ਦਿਲ ਦੇ ਸਨ
ਹੁਣ ਜਦੋਂ ਕਦੀ ਵੀ ਮਿਲਦੇ ਹਨ

ਤਲਵਾਰ ਨਾਲ ਸੰਗੀਨ ਨਾਲ
ਜਾਂ ਕਲਮ ਦੀ ਨੋਕ ਮਹੀਨ ਨਾਲ

ਧਰਤੀ ਦੇ ਪਿੰਡੇ ਗੋਰੇ 'ਤੇ

ਖਿੱਚਦੇ ਨੇ ਲੀਕ ਬਰੀਕ ਜਹੀ
ਮੇਰੇ ਦਿਲ 'ਚੋਂ ਉਠਦੀ ਚੀਕ ਜਹੀ

ਦੱਸ ਭੇਤ ਆਪਣੇ ਖਾਸੇ ਦਾ
ਤੂੰ ਲੀਕੋਂ ਕਿਹੜੇ ਪਾਸੇ ਦਾ ?

ਇਹ ਪੁੱਛਣ ਤੇ ਨਾ ਕੁਝ ਕਹਾਂ
ਸੋਚੀਂ ਪੈ ਜਾਵਾਂ ਚੁੱਪ ਰਹਾਂ।

ਖੁਦਗਰਜ਼ ਕਹਿਣ ਗੱਦਾਰ ਕਹਿਣ
ਬੁਜ਼ਦਿਲ ਸਮਝੌਤਾਕਾਰ ਕਹਿਣ
ਇਹ ਕੀ ਕੀ ਮੇਰੇ ਯਾਰ ਕਹਿਣ।

ਮੈਂ ਸਭ ਸੁਣ ਕੇ ਸਹਿ ਜਾਨਾਂ
ਤੇ ਕਹਿੰਦਾ ਕਹਿੰਦਾ ਰਹਿ ਜਾਨਾਂ

ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ
ਮੇਰੇ ਫੇਫੜਿਆਂ 'ਚੋਂ ਲੰਘਦੀ ਹੈ।

### ਦਿਨ ਚੜ੍ਹਿਆ ਹੈ

ਪੀਲੀਆਂ ਪੈ ਕੇ ਸੜਕਾਂ ਉੱਤੇ
ਬੁਝ ਗਈਆਂ ਨੇ ਬਿਜਲੀ -ਬੱਤੀਆਂ
ਧੁੰਦ ਵਿੱਚ ਧੂਆਂ ਘੁਲਦਾ ਜਾਂਦਾ
ਪਾਲੇ ਵਿੱਚ ਠਿਠਰਦੇ ਮੰਗਤੇ
ਰੱਟਣ ਬੈਠੇ ਫੇਰ ਅਸੀਸਾਂ
ਫੇਰ ਜ਼ਜ਼ਬਿਆਂ ਹਥ ਅੱਡੇ ਨੇ ਵੱਟ ਕਸੀਸਾਂ
ਇਹ ਚਾਨਣ ਅਖੀਆਂ ਨੂੰ ਚੁਭਦਾ
ਇਸ ਚਾਨਣ ਵਿਚ ਭਟਕੇ ਨਜਰ ਧੁਆਂਖੀ ਹੋਈ
ਹੋਰ ਘੜੀ ਨੂੰ ਰੌਲਾ ਰੱਪਾ ਜਾਗ ਪਏਗਾ
ਕਾਰ ਵਿਹਾਰ ਦੇ ਨਾਲ ਸੰਘਰਸ਼ ਛਿੜੇਗਾ ਦਿਲ ਦਾ
ਕਾਹਨੂੰ ਕੁਝ ਕਿਸੇ ਨੇ ਕਹਿਣਾ
ਆਪਣੇ ਆਪ ਨਮੋਸ਼ੀ ਆਵੇ
ਸਾਹ ਲੰਘਦਾ ਜਿਓਂ ਹੁੱਜਤ ਹੁੰਦੀ
ਆਪਾਂ ਸੋਝੀ ਹੁੰਦਿਆ ਵੀ ਕਮਲੇ ਹੋ ਰਹਿਣਾ
ਜੀ ਕਹਿੰਦਾ ਏ ਸਾਰੇ ਲਾਂਝੇ ਪੁੱਗ ਚੁੱਕੇ ਨੇ
ਕਿਓਂ ਹਾਲੇ ਵੀ ਫਿਕਰਾਂ ਨੇ ਹਨ
ਚਾਰ ਚੁਫੇਰੇ ਘੇਰੇ ਘੱਤੇ ?
ਇਲਮ ਦੇ ਨਿੱਕੇ ਬਸਤੇ ਚੁੱਕੀ
ਹਸਦੇ ਬਾਲ ਸਕੂਲੀ ਚੱਲੇ
ਜਿੰਦ ਵਿਚਾਰੀ ਹਫਦੀ ਜਾਵੇ
ਦੇਹ ਦੀ ਬੋਝਲ ਗਠੜੀ ਥੱਲੇ
ਦਿਨ ਚੜ੍ਹਿਆ ਹੈ
ਅਗਲੇ ਮੋੜ ਤੇ ਵਾਕਫ ਬੰਦਿਆ ਨੇ ਮਿਲ ਜਾਣਾ
'ਵਾਹਵਾ ਖੂਬ ਗੁਜ਼ਰਦੀ' ਕਹਿਣਾ
ਟਿਚਰ ਕਰਕੇ ਹੱਸ ਪੈਣਾ ਹੈ
ਜਿੱਕਰ ਥੇਹ ਦੇ ਖੂਹ 'ਚੋਂ ਕੋਈ ਕਬੂਤਰ ਉੜਦਾ
ਵਾਹਵਾ ਖੂਬ ਗੁਜ਼ਰ ਜਾਵੇ ਤਾਂ
ਹੋਰ ਕਿਸੇ ਨੇ ਕੀ ਲੈਣਾ ਹੈ !
ਪਲ ਪਲ ਰੌਣਕ ਵਧਦੀ ਜਾਂਦੀ
ਜ਼ਿੰਦਗੀ ਅੱਗੇ ਇਕਲਾਪੇ ਦਾ
ਬੰਜਰ ਮਾਰੂ ਥਲ ਵਿਛਿਆ ਹੈ
ਪਲ ਪਲ ਪਾ ਕੇ ਖੂਹ ਭਰਨਾ ਹੈ
ਦਿਨ ਕਟਨਾ ਰਣ ਸਰ ਕਰਨਾ ਹੈ।

### ਅੱਧੀ ਰਾਤ ਪਹਿਰ ਦੇ ਤੜਕੇ

ਅੱਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿਚ ਉਨੀਂਦਾ ਰੜਕੇ।

ਆਪਣਾ ਕਮਰਾ ਝਾੜਨ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ।

ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾ ਦੇ ਪਿੰਡ ਜਾਂਦੀ ਸੜਕੇ।

ਸਿਖਰ ਦੁਪਹਿਰੇ ਕਲ੍ਹ ਇਕ ਰਾਹੀ
ਡਿੱਗਾ ਆਪਣੀ ਛਾਂ ਵਿਚ ਅੜ ਕੇ।

ਸਿੱਕ ਨਾ ਜਾਗੇ ਫੇਰ ਮਿਲਣ ਦੀ
ਆ ਏਦਾਂ ਵਿਛੜੀਏ ਲੜ ਕੇ।

ਅੱਜ ਕਿਉਂ ਚੁੱਪ ਉਦਾਸ ਨੇ ਬੱਦਲ
ਬਿਜਲੀ ਨੂੰ ਹੀ ਆਖੋ ਕੜ ਕੇ।

ਬੁਝਿਆ ਭਾਂਬੜ ਅਜੇ ਵੀ ਦਿਲ ਵਿਚ
ਕਦੀ ਕਦੀ ਚੰਗਿਆੜਾ ਭੜਕੇ।

ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜਕੇ।

ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿਚ ਰੜਕੇ।

ਆਪਣੇ ਘਰ ਵਿਚ ਕੈਦ ਨੇ ਲੋਕੀ
ਦਿਨ ਕੱਟਦੇ ਜੋ ਅੰਦਰ ਵੜਕੇ।

ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ ਦਿਲ ਵੀ ਧੜਕੇ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary
Bus: (403) 717 - 0666
Cell: (403) 830 - 7007

## Edmonton
Bus: (780) 465 - 6900
Cell: (780) 906 - 4497

# ਕਾਮਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਿੱਲ ਪੇਸ਼

## ਡਬਲਯੂ.ਸੀ.ਬੀ. ਵਿੱਚ ਹੋਣਗੇ ਵੱਡੇ ਸੁਧਾਰ



ਐਡਮਿੰਟਨ (ਨਦਬ) : ਅਲਬਰਟਾ ਸਰਕਾਰ ਵਲੋਂ ਵਰਕਰਜ਼ ਕੰਪੇਨਸੇਸ਼ਨ ਬੋਰਡ ਵਿੱਚ ਵੱਡੇ ਪੱਧਰ 'ਤੇ ਸੁਧਾਰ ਕਰਨ ਜਾ ਰਹੀ ਹੈ। ਇੱਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਪੰਦਰ੍ਹਾਂ ਸਾਲਾਂ ਦੌਰਾਨ ਬੋਰਡ ਵਿੱਚ ਹੋਣ ਵਾਲੇ ਪਹਿਲੇ ਵੱਡੇ ਸੁਧਾਰ ਹਨ ਅਤੇ ਸਰਕਾਰ ਨੇ ਇਹਨਾਂ ਸੁਧਾਰਾਂ ਨੂੰ ਯਕੀਨੀ ਬਣਾਉਣ ਲਈ ਵਿਧਾਨ ਸਭਾ ਵਿੱਚ ਬਿਲ 30 ਪੇਸ਼ ਕੀਤਾ। ਇਸ ਬਿਲ ਰਾਹੀਂ ਸਰਕਾਰ ਵਰਕਰਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਚਾਹੁੰਦੀ ਹੈ। ਬਿਲ ਵਿੱਚ ਜੌਬ ਬਦਲਣ 'ਤੇ ਕਾਮੇ ਦੀ ਸੁਰੱਖਿਆ, ਕੰਮ ਵਾਲੀ ਥਾਂ 'ਤੇ ਹਾਦਸਾ ਹੋਣ ਦੀ ਸੂਰਤ ਵਿੱਚ ਕਾਮੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਸਰਕਾਰੀ ਪੱਖ ਦਾ ਕਹਿਣਾ ਹੈ ਕਿ ਹਾਦਸਾ ਹੋਣ ਦੀ ਸੂਰਤ ਵਿੱਚ ਜਾਂ ਕਿਸੇ ਹੋਰ ਸਥਿਤੀ ਵਿੱਚ ਕਾਮਿਆਂ ਨੂੰ ਉਚਿਤ ਮੁਆਵਜ਼ਾ ਲੈਣ ਵਿੱਚ ਬਹੁਤ ਦਿੱਕਤਾਂ ਆਉਂਦੀਆਂ ਹਨ ਕਈ ਵਾਰ ਤਾਂ ਮੁਆਵਜ਼ਾ ਮਿਲਦਾ ਹੀ ਨਹੀਂ। ਲੇਬਰ ਮੰਤਰੀ ਕ੍ਰਿਸਟਿਨਾ ਗ੍ਰੇ ਦਾ ਕਹਿਣਾ ਹੈ ਕਿ ਨਵੇਂ ਕਾਨੂੰਨ ਵਿੱਚ ਮੁਆਵਜ਼ੇ ਦੀ ਪ੍ਰਣਾਲੀ ਨੂੰ ਬਿਲਕੁਲ ਸੁਖਾਲਾ ਕਰ ਦਿੱਤਾ ਗਿਆ ਹੈ। ਹੁਣ ਨਵੀਂ ਮੁਆਵਜ਼ਾ ਪ੍ਰਣਾਲੀ ਵਿੱਚ ਕੰਮ ਦੇਣ ਵਾਲੇ ਦੀ ਥਾਂ 'ਤੇ ਕਾਮਿਆਂ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ। ਜੇਕਰ ਕਿਸੇ ਕਾਮੇ ਦੀ ਜੌਬ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਉਸਦੇ ਪਰਿਵਾਰ ਨੂੰ ਉੱਕਾ-ਪੁੱਕਾ 90 ਹਜ਼ਾਰ ਡਾਲਰ ਮੁਆਵਜ਼ੇ ਦੇ ਰੂਪ ਵਿੱਚ ਮਿਲਣਗੇ। ਇਸ ਕਾਨੂੰਨ ਵਿੱਚ ਇਹ ਯਕੀਨੀ ਬਣਾਇਆ ਗਿਆ ਹੈ ਕਿ ਜੇ ਕਾਮੇ ਤੋਂ ਅਸੁਰੱਖਿਅਤ ਥਾਂ 'ਤੇ ਕੰਮ ਕਰਵਾਇਆ ਜਾਂਦਾ ਹੈ ਤਾਂ ਉਹ ਕੰਮ ਤੋਂ ਇਨਕਾਰ ਕਰ ਸਕਦਾ ਹੈ। ਕਾਮਿਆਂ ਦੀਆਂ ਯੂਨੀਅਨਾਂ ਵੱਲੋਂ ਬਿਲ ਦੀ ਤਾਰੀਫ਼ ਕੀਤੀ ਜਾ ਰਹੀ ਹੈ ਜਦੋਂ ਕਿ ਦੂਜੇ ਪਾਸੇ ਦੀਆਂ ਧਿਰਾਂ ਬਿਲ ਨੂੰ ਲੈ ਕੇ ਟਿੱਪਣੀਆਂ ਨਹੀਂ ਕਰ ਰਹੀਆਂ।












(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਵੈਨਕੂਵਰ ਦੀ ਟੈਕਸੀ ਸਨਅਤ

# ਨਵਾਂ ਸਾਲ




ਹਰਪ੍ਰੀਤ ਸੇਖਾ
778-231-1189

"ਸਾਡੀਆਂ ਸਮੱਸਿਆਵਾਂ ਕੀ ਦੱਸੇਂਗਾ ਯਾਰ ਤੂੰ ਲੋਕਾਂ ਨੂੰ। ਤੇਰਾ ਖਿਆਲ ਐ ਗੌਰਮਿੰਟਾਂ ਨੂੰ ਪਤਾ ਨੀ ਕੁਛ। ਸਭ ਪਤਾ ਐ ਓਨ੍ਹਾਂ ਨੂੰ ਪਰ ਫੇਰ ਵੀ ਰਗੜੇ 'ਤੇ ਰਗੜਾ ਚਾੜ੍ਹੀ ਜਾਂਦੇ ਆ। ਸ਼ੋਫਰ ਪਰਮਟ ਪਹਿਲਾਂ ਫਰੀ ਰਨਿਊ ਕਰਦੇ ਸੀ। ਹੁਣ ਸੱਠ ਡਾਲੇ ਲੈਣ ਲੱਗਗੇ ਅਖੇ ਪੁਲਸ ਰਪੋਰਟ ਲਿਆਓ ਹਰ ਸਾਲ। ਏਅਰ ਪੋਰਟ ਆਲੇ ਤਾਂ ਜਰ ਸਾਲ ਫੀਸ ਚੱਕ ਦਿੰਦੇ। ਆਈ ਸੀ ਬੀ ਸੀ ਆਲੇ ਤਾਂ ਇੰਨਸੋਆਏ ਸਾਲ ਵਧਾ ਦਿੰਦੇ ਐ। ਗੈਸ 'ਸਮਾਨੀ ਜਾ ਚੜ੍ਹੀ ਐ। ਇਕ ਸਾਕ ਦੇਣਿਆਂ ਨੇ ਸਕਾਈ ਟ੍ਰੇਨ ਲਾਤੀ ਆਹ ਨਵੀਂ ਏਅਰਪੋਰਟ ਨੂੰ। ਤੇਰੀ ਕਿਤਾਬ ਨੇ ਕੁਛ ਨੀ ਸਵਾਰਨਾ ਕਿਸੇ ਦਾ। ਵਾਰੀ ਮੇਰੀ ਆਗੀ ਐ ਟਰਮੀਨਲ 'ਤੇ ਜਾਣਦੀ। ਹਾਲੇ ਓਥੇ ਪਤਾ ਨੀ ਕਿੰਨਾਂ ਚਿਰ 'ਡੀਕਣਾ ਪਵੇ। ਓਥੋਂ ਕਿਹੜਾ ਸਵਾਰੀ ਨੇ ਜਾਣ ਸਾਰ 'ਚ ਬਹਿ ਜਾਣੈ। ਹਵਾ ਆਉਣ ਦੇ ਮੈਨੂੰ ਹੁਣ ਨਹੀਂ ਤਾਂ ਤੁਰਦਾ ਨੇ ਦੇਖ ਪਿਛਲੀਆਂ ਟੈਕਸੀਆਂ ਨੇ ਮੂਹਰੇ ਜਾ ਲੱਗਣੈ। ਇੰਟਰਵੂਅ ਦਾ ਖਹਿੜਾ ਛੱਡ ਤੇ ਕੰਮ ਕਰ ਜਾ ਕੇ ਆਵਦਾ ਨਾਲੇ ਸਾਨੂੰ ਕਰਨ ਦੇ।"

### ਘਾਟੇ ਵਾਲਾ ਸੌਦਾ

ਹੈ ਕੋਈ ਕਿੱਤਾ ਐਹੋ-ਜਿਹਾ, ਜਿਸ 'ਚ ਪੱਲਿਓਂ ਦੇ ਕੇ ਮੁੜਨਾ ਪਵੇ?

ਟੈਕਸੀ ਚਲਾਉਂਦਿਆਂ ਹੁੰਦਾ ਹੈ ਏਦਾਂ ਕਦੇ-ਕਦੇ। ਮੇਰੇ ਨਾਲ ਵੀ ਹੋਇਆ ਸੀ ਇਸ ਤਰ੍ਹਾਂ।

ਪਹਿਲੀ ਵਾਰ ਤਾਂ ਟੈਕਸੀ ਚਲਾਉਣ ਦੇ ਪਹਿਲੇ ਦਿਨ ਹੀ ਹੋਇਆ। ਪਹਿਲੇ ਦਿਨ ਤਾਂ ਕਈਆਂ ਨਾਲ ਹੁੰਦਾ ਹੋਵੇਗਾ। ਉਨ੍ਹਾਂ ਵੇਲਿਆਂ 'ਚ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ। ਡਿਸਪੈਚਰ ਬਹੁਤ ਤੇਜ਼ੀ ਨਾਲ ਬੋਲਦਾ। ਨਵੇਂ ਬੰਦੇ ਨੂੰ ਘੱਟ ਸਮਝ ਲੱਗਦੀ। ਨਵਾਂ ਬੰਦਾ ਵਾਰ -ਵਾਰ ਕੋਡ ਆਰ'(ਰਪੀਟ) ਪੁੱਛਦਾ। ਡਿਸਪੈਚਰ ਇਕ ਵਾਰ ਤਾਂ ਦੁਬਾਰਾ ਦੱਸ ਦਿੰਦਾ ਦੂਜੀ ਵਾਰ ਪੁੱਛਣ 'ਤੇ ਟ੍ਰਿੱਪ ਅਗਾਂਹ ਵਾਲੀ ਟੈਕਸੀ ਨੂੰ ਡਿਸਪੈਚ ਕਰ ਦਿੰਦਾ। ਨਵੇਂ ਡਰਾਈਵਰ ਨੂੰ ਵਾਰ-ਵਾਰ ਇਸ ਤਰ੍ਹਾਂ ਪੁੱਛਦਿਆਂ ਸੁਣਕੇ ਪੁਰਾਣੇ ਪਾਪੀ ਸਮਝ ਜਾਂਦੇ ਕਿ 'ਪੰਛੀ ਨਵਾਂ ਹੈ। ਉਹ ਨਵੇਂ ਡਰਾਈਵਰ ਦੇ ਲੱਭਦਿਆਂ-ਕਰਦਿਆਂ ਤੋਂ ਪਹਿਲਾਂ ਹੀ ਟ੍ਰਿੱਪ ਚੁੱਕ ਕੇ ਹਵਾ ਨੂੰ ਗੰਢਾਂ ਦੇ ਜਾਂਦੇ। ਡਿਸਪੈਚਰ ਮੈਨੂੰ ਬਾਰਕਰ ਸਟਰੀਟ ਦਾ ਪਤਾ ਦੱਸਦਾ ਤੇ ਮੈਂ ਪਾਰਕਰ ਸਟਰੀਟ 'ਤੇ ਲੱਭਦਾ ਫਿਰਦਾ। ਜਦੋਂ ਪਤਾ ਨਾ ਲੱਭਦਾ ਤਾਂ ਖੱਜਲ-ਖੁਆਰ ਹੋ ਕੇ ਡਿਸਪੈਚਰ ਨੂੰ ਟ੍ਰਿੱਪ ਅਗਾਂਹ ਪਾਸ ਕਰਨ ਨੂੰ ਆਖ ਦਿੰਦਾ। ਅੱਗੋਂ ਡਰਾਈਵਰ ਆਖਦਾ ਕਿ ਉਹ ਤਾਂ ਕਦੋਂ ਦਾ ਕਿਸੇ ਨੇ ਪਾਸ ਕਰ ਦਿੱਤਾ ਹੋਊ। ਖਿੱਚ-ਧੂਹ ਕੇ ਬਾਰ੍ਹਾਂ ਘੰਟਿਆਂ ਵਿੱਚ ਪੰਜਾਹ ਡਾਲਰ ਬਣਾਏ। ਪੰਜਾਹ ਡਾਲਰ ਟੈਕਸੀ ਦੀ ਲੀਜ਼ ਸੀ। ਟੈਕਸੀ 'ਚ ਮੈਂ ਗੈਸ ਆਪਣੇ ਪੱਲਿਓਂ ਪੁਆ ਕੇ ਆਇਆ। ਹਰ ਵਾਰ ਤਾਂ ਇਸ ਤਰ੍ਹਾਂ ਨਹੀਂ ਨਾ ਕਰ ਸਕਦਾ ਸੀ। ਮੈਂ ਇੱਕ ਛੋਟੀ ਜਿਹੀ ਟੇਪ ਰਿਕਾਰਡਰ ਲੈ ਲਈ । ਜਦੋਂ ਡਿਸਪੈਚਰ ਪਤਾ ਬੋਲਦਾ ਮੈਂ ਰਿਕਾਰਡ ਕਰ ਲੈਂਦਾ। ਫਿਰ ਵਾਰ ਵਾਰ ਸੁਣ ਕੇ ਪਤਾ ਲਿਖ ਲੈਂਦਾ ਤੇ ਨਕਸ਼ਾ ਦੇਖ ਕੇ ਪਹੁੰਚ ਜਾਂਦਾ।

ਟੇਪ ਲੈਣ ਨਾਲ ਕਿਤੇ ਮੈਂ ਪੱਲਿਓਂ ਨਾ ਦੇ ਕੇ ਮੁੜਨ ਲਈ ਸੁਰੱਖਿਅਤ ਥੋੜ੍ਹਾ ਹੋ ਗਿਆ ਸੀ। ਉਸ ਦਿਨ ਮੈਂ ਆਖਰੀ ਟ੍ਰਿੱਪ ਲਾ ਕੇ ਟੈਕਸੀ ਲਾਟ ( ਟੈਕਸੀ ਕੰਪਨੀ ਦੀ ਟੈਕਸੀ ਪਾਰਕਿੰਗ ਵਾਲੀ ਥਾਂ) ਵੱਲ ਮੁੜ ਰਿਹਾ ਸੀ। ਮੇਰੇ ਹਿਸਾਬ ਨਾਲ ਉਸ ਦਿਨ ਦਿਹਾੜੀ ਠੀਕ ਬਣ ਗਈ ਸੀ। ਟੈਕਸੀ 'ਚ ਗੈਸ ਪਵਾ ਕੇ(ਉਨ੍ਹਾਂ ਦਿਨਾਂ 'ਚ ਬਾਰ੍ਹਾਂ ਘੰਟਿਆਂ ਦੀ ਸ਼ਿਫ਼ਟ ਤੋਂ ਬਾਅਦ ਦਸ-ਬਾਰਾਂ ਡਾਲਰ ਦੀ ਪਰੋਪੇਨ ਗੈਸ ਪੈਂਦੀ ਸੀ) ਅਤੇ ਲੀਜ਼ ਦੇ ਪੰਜਾਹ ਡਾਲਰ ਦੇ ਕੇ ਮੈਨੂੰ ਸੌ ਕੁ ਡਾਲਰ ਬਚਣ ਦੀ ਉਮੀਦ ਸੀ, ਜਿਹੜੀ ਕਿ ਉਨ੍ਹਾਂ ਦਿਨਾਂ 'ਚ ਔਸਤ ਸੀ। ਮੈਂ ਟੈਕਸੀ ਰਾਤ ਦੀ ਸ਼ਿਫਟ ਵਾਲੇ ਦੇ ਹਵਾਲੇ ਚਾਰ ਵਜੇ ਕਰਨੀ ਸੀ। ਹਾਲੇ ਗੈਸ ਪਵਾਉਣਾ ਸੀ। ਮੈਨੂੰ ਲਗਦਾ ਸੀ ਕਿ ਮੈਂ ਪੰਜ-ਦਸ ਮਿੰਟ ਲੇਟ ਹੋ ਜਾਵਾਂਗਾ। ਟੈਕਸੀ ਲੇਟ ਦੇਣੀ ਮੈਨੂੰ ਚੰਗੀ ਨਹੀਂ ਸੀ ਲੱਗਦੀ। ਜੇ ਲੇਟ ਹੋ ਜਾਵਾਂ ਤਾਂ ਰਾਤ ਵਾਲੇ ਡਰਾਈਵਰ ਨੂੰ ਲੇਟ ਦੇ ਹਿਸਾਬ ਨਾਲ ਪੰਜ-ਦਸ ਡਾਲਰ ਦੇਣੇ ਪੈਂਦੇ ਸਨ। ਬਹੁਤੀ ਵਾਰ ਅਗਲਾ ਇਹ ਲੈਂਦਾ ਨਹੀਂ ਸੀ। ਕਦੇ ਬੰਦਾ ਆਪ ਵੀ ਤਾਂ ਲੇਟ ਹੋ ਹੀ ਸਕਦਾ ਸੀ। ਖਾਸ ਕਰਕੇ ਪੰਜਾਬੀ ਬੰਦੇ ਮੂੰਹ -ਮੁਲਾਹਜੇ ਕਰਕੇ ਇਹ ਲੇਟ ਚਾਰਜ ਘੱਟ ਹੀ ਕਰਦੇ। ਸ਼ਰਮਿੰਦੇ ਹੋਣ ਨਾਲੋਂ ਵੇਲੇ ਸਿਰ ਪਹੁੰਚਣ ਨੂੰ ਮੈਂ ਤਰਜੀਹ ਦਿੰਦਾ। ਉਸ ਦਿਨ ਲੇਟ ਹੁੰਦਾ ਦੇਖ ਮੈਂ ਸਪੀਡ ਵਧਾ ਦਿੱਤੀ। ਅੱਗੋਂ ਪੁਲਸ ਵਾਲਾ ਸਪੀਡ ਚੈੱਕ ਕਰਨ ਵਾਲਾ ਰੇਡਾਰ ਫਿੱਟ ਕਰੀ ਬੈਠਾ ਸੀ। ਉਸ ਨੇ ਮੈਨੂੰ ਇਕ ਸੌ ਵੀਹ ਡਾਲਰ ਜ਼ੁਰਮਾਨਾ ਕਰ ਦਿੱਤਾ। ਤੇ ਮੇਰੀ ਦਿਹਾੜੀ ਘਾਟੇ 'ਚ ਚਲੀ ਗਈ।

ਇਸੇ ਤਰ੍ਹਾਂ ਘਾਟੇ ਵਾਲਾ ਇਕ ਹੋਰ ਦਿਨ ਚੇਤੇ ਆਉਂਦਾ ਹੈ। ਉਦੋਂ ਵੀ ਮੈਂ ਬਰਨਬੀ 'ਚ ਪੰਜਾਹ ਡਾਲਰ ਦਿਹਾੜੀ ਦੀ ਲੀਜ਼ 'ਤੇ ਟੈਕਸੀ ਚਲਾਉਂਦਾ ਸੀ। ਸਵੇਰ ਦੇ ਚਾਰ ਵਜੇ ਕੰਮ ਸ਼ੁਰੂ ਕੀਤਾ ਸੀ ਤੇ ਛੇਤੀ ਹੀ ਟ੍ਰਿੱਪ ਮਿਲ ਗਿਆ। ਟ੍ਰਿੱਪ ਵੀ ਲੰਮਾ ਸੀ। ਸਵਾਰੀ ਨੇ ਸਰੀ ਜਾਣਾ ਸੀ। ਉਸ ਨੇ ਪਤਾ ਦੱਸ ਕੇ ਪਿੱਛੇ ਵੱਲ ਸਿਰ ਸੁੱਟ ਲਿਆ ਅਤੇ ਅੱਖਾਂ ਮੀਚ ਲਈਆਂ। ' ਸੌਣਾ ਚਾਹੁੰਦਾ ਹੋਵੇਗਾ,' ਸੋਚ ਕੇ ਮੈਂ ਕੋਈ ਗੱਲ ਨਾ ਕੀਤੀ। ਟੈਕਸੀ ਪਟੱਲੋ ਬਰਿੱਜ ਦੇ ਅੱਧ-'ਚਕਾਰ ਸੀ ਜਦੋਂ ਮੈਨੂੰ ਉਵੱਤਣ ਦੀ ਆਵਾਜ਼ ਸੁਣੀ। ਉਹ ਪਿਛਲੇ ਦਰਵਾਜ਼ੇ ਦਾ ਸ਼ੀਸ਼ਾ ਹੇਠ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ। "ਕੁਝ ਸਕਿੰਟ ਰੋਕ ਲਾ ਆਪਣੇ ਆਪ ਨੂੰ ਪਲੀਅਅਅਜ਼," ਮੈਂ ਕਿਹਾ। ਪਰ ਉਹ ਆਪਣੇ-ਆਪ ਨੂੰ ਨਹੀਂ ਰੋਕ ਸਕਿਆ ਹੋਵੇਗਾ। ਤੇ ਨਾ ਹੀ ਉਸ ਕੋਲੋਂ ਪੂਰੀ ਤਰ੍ਹਾਂ ਸ਼ੀਸ਼ਾ ਥੱਲੇ ਹੋਇਆ। ਉਸ ਨੇ ਉੱਥੇ ਹੀ ਉਲਟੀ ਕਰ ਦਿੱਤੀ। ਟੈਕਸੀ ਸੜ੍ਹਿਆਂਧ ਨਾਲ ਭਰ ਗਈ। ਟੈਕਸੀ ਪੁਲ ਦੇ 'ਚਕਾਰ ਮੈਂ ਕਿੱਥੇ ਰੋਕਦਾ। ਜਦੋਂ ਪੁਲ ਪਾਰ ਕਰਕੇ ਮੈਂ ਟੈਕਸੀ ਰੋਕੀ ਉਹ ਕਹਿੰਦਾ ਕਿ ਉਹ ਠੀਕ ਸੀ। 'ਸੌਰੀ ਮੈਨ, ਸੌਰੀ ਮੈਨ ਆਖਦੇ ਨੇ ਉਸ ਫਿਰ ਅੱਖਾਂ ਮੀਚ ਲਈਆਂ। ਮੈਂ ਘੁੱਟ-ਵੱਟ ਕੇ ਟੈਕਸੀ ਚਲਾਈ ਗਿਆ। ਇੱਕ ਵਾਰ ਉਹ ਫਿਰ ਉਵੱਤਿਆ ਤੇ ਉਸ ਨੇ ਸੀਟ ਵਾਲੇ ਪਾਸੇ ਢੇਰੀ ਲਾ ਦਿੱਤੀ। ਉਸਦਾ ਟਿਕਾਣਾ ਬਿਲਕੁਲ ਨੇੜ੍ਹੇ ਹੀ ਸੀ। ਮੈਂ ਸਪੀਡ ਵਧਾ ਕੇ ਟੈਕਸੀ ਉੱਥੇ ਲਾ ਦਿੱਤੀ। ਉਸ ਨੇ ਵੀਹ ਡਾਲਰ ਦਾ ਨੋਟ ਫੜਾਉਂਦਿਆਂ ਫਿਰ 'ਸੌਰੀ ਕਿਹਾ। ਮੈਂ ਉਸ ਨੂੰ ਕਿਹਾ ਵੀ ਕਿ ਟੈਕਸੀ ਸੈਂਪੂ ਕਰਵਾਉਣੀ ਪਵੇਗੀ ਇਸ ਲਈ ਹੋਰ ਪੈਸੇ ਦੇਵੇ ਪਰ ਉਹ "ਸੌਰੀ ਹੋਰ ਨਹੀਂ ਹਨ," ਆਖਕੇ ਤੁਰਦਾ ਬਣਿਆ। ਮੈਂ ਨੇੜੇ ਦੇ ਗੈਸ ਸਟੇਸ਼ਨ 'ਤੇ ਜਾ ਕੇ ਖਿਝਦੇ-ਕ੍ਰਿਝਦੇ ਨੇ ਟਾਵਲ ਪੇਪਰਾਂ ਨਾਲ ਪਿਛਲੀ ਸੀਟ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਪੇਪਰ ਨਾਲ ਗੰਦ ਤਾਂ ਚੁੱਕਿਆ ਗਿਆ ਸੀ ਪਰ ਸੀਟ ਸਾਫ਼ ਨਹੀਂ ਸੀ ਹੋਈ। ਕਾਰ ਦੇ ਟਰੰਕ 'ਚ ਰੈਗ ਪਿਆ ਸੀ। ਉਸ ਨੂੰ ਭਿਓਂ ਕੇ ਮੈਂ ਸੀਟ 'ਤੇ ਰਗੜਦਾ ਤੇ ਫਿਰ ਪੇਪਰ ਨਾਲ ਪਾਣੀ ਸੋਖਦਾ। ਪਿਛਲੀ ਸੀਟ ਭਿੱਜੀ ਪਈ ਸੀ। ਉਸ ਨੇ ਛੇਤੀ ਸੁੱਕਣਾ ਨਹੀਂ ਸੀ। ਇੱਕ 'ਚਾਰ ਇਹ ਵੀ ਆਇਆ ਕਿ ਘਰੋਂ ਹੇਅਰ ਡਰਾਇਰ ਲਿਆ ਕੇ ਸੀਟ ਸੁਕਾ ਕੇ ਇਸੇ ਤਰ੍ਹਾਂ ਦਿਹਾੜੀ ਲਾ ਦੇਵਾਂ ਪਰ ਟੈਕਸੀ ਵਿੱਚੋਂ ਮੁਸ਼ਕ ਆ ਰਿਹਾ ਸੀ। ਜੇ ਗਰਮੀਆਂ ਦੀ ਰੁੱਤ ਹੁੰਦੀ ਤਾਂ ਸ਼ਾਇਦ ਸ਼ੀਸ਼ੇ ਥੱਲੇ ਲਾਹ ਕੇ ਸਰ ਜਾਂਦਾ ਪਰ ਰੁੱਤ ਵੀ ਸਰਦੀਆਂ ਦੀ ਸੀ। 'ਹੋਗੀ ਦਿਹਾੜੀ ਗੁੱਲ ਸੋਚ ਕੇ, ਮੈਂ ਟੈਕਸੀ-ਮਾਲਕ ਦੇ ਘਰ ਵੱਲ ਟੈਕਸੀ ਦਾ ਰੁਖ ਕਰ ਦਿੱਤਾ। ਹਾਲੇ ਬਹੁਤ ਸਵੱਖਤਾ ਸੀ। ਮਾਲਕ ਨੂੰ ਜਗਾਉਣਾ ਮੁਨਾਸਿਬ ਨਹੀਂ ਸੀ। ਵੀਹਾਂ ਦਾ ਨੋਟ, ਜਿਹੜਾ ਅੱਜ ਕਮਾਇਆ ਸੀ ਉਹ ਮੈਂ ਮਾਲਕ ਦੇ ਘਰ ਮੂਹਰੇ ਲੱਗੇ ਚਿੱਠੀਆਂ ਵਾਲੇ ਡੱਬੇ 'ਚ ਰੱਖ ਆਇਆ। ਸੋਚਿਆ ਕਿ ਥੋਹੜਾ ਦਿਨ ਚੜ੍ਹੇ ਤੋਂ ਟੈਕਸੀ ਮਾਲਕ ਨੂੰ ਫੋਨ ਕਰ ਕੇ ਦੱਸ ਦੇਵਾਂਗਾ। ਪਰ ਉਸਦਾ ਆਪਣਾ ਹੀ ਅੱਠ ਕੁ ਵਜੇ ਫੋਨ ਆ ਗਿਆ। ਮੈਂ ਉਸ ਨੂੰ ਸਾਰੀ ਹੋਈ-ਬੀਤੀ ਦੱਸ ਦਿੱਤੀ। ਸੁਣ ਕੇ ਉਹ ਬੋਲਿਆ, "ਵੀਰਿਆ, ਏਹਦੇ 'ਚ ਮੇਰਾ ਤਾਂ ਕਸੂਰ ਨੀ ਨਾ। ਮੇਰਾ ਤਾਂ ਸਗੋਂ ਖਰਚਾ ਵਧ ਗਿਆ। ਹੁਣ ਸ਼ੈਂਪੂ ਕਰਾਏ ਬਿਨ੍ਹਾਂ ਮੁਸ਼ਕ ਨੀ ਜਾਣਾ। ਲੀਜ਼ ਤਾਂ ਪੂਰੀ ਪਾ ਜਾਂਦਾ।" ਇਹ ਮੈਂ ਸੋਚਿਆ ਵੀ ਨਹੀਂ ਸੀ ਕਿ ਮਾਲਕ ਪੂਰੀ ਲੀਜ਼ ਦੀ ਮੰਗ ਕਰੂਗਾ। ਮੈਨੂੰ ਲਗਦਾ ਸੀ ਕਿ ਉਹ ਹਾਲਾਤ ਨੂੰ ਸਮਝ ਲਵੇਗਾ। ਮੈਂ ਉਸ ਨੂੰ ਆਖਣਾ ਚਾਹੁੰਦਾ ਸੀ, 'ਵੀਰਿਆ, ਮੇਰਾ ਦੱਸ ਫਿਰ ਕੀ ਕਸੂਰ ਸੀ? ਪਰ ਮੈਂ ਆਖ ਨਾ ਸਕਿਆ। ਉਸ ਵੱਲੋਂ ਕੀਤੀ ਮੰਗ ਸੁਣ ਕੇ ਮੈਂ ਨਮੋਸ਼ੀ ਮੰਨ ਗਿਆ ਤੇ ਉਸ ਨੂੰ ਆਖ ਦਿੱਤਾ ਕਿ ਬਾਕੀ ਤੀਹ ਡਾਲਰ ਫੇਰ ਦੇ ਦਿਆਂਗਾ।

(ਚਲਦਾ)


# Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- Class Room Service available
- Help Available in Learner.
- Professional Service with Full Respect.



Gurmail Dhaliwal (Garry)
780-265-6990



Tel : 780-265-6990
Email : elitedriving@hotmail.com



# ਮਨੁੱਖੀ ਰਿਸ਼ਤਿਆਂ ਤੋਂ ਉੱਪਰ ਕੁੱਝ ਨਹੀਂ

## ਸੈਮੂਅਲ ਜੌਹਨ

ਮੁਲਾਕਾਤੀ
ਸੁਖਵੰਤ ਹੁੰਦਲ

ਸਵਾਲ: ਸੈਮੂਅਲ ਸਭ ਤੋਂ ਪਹਿਲਾਂ ਆਪਣੇ ਪਿਛੋਕੜ ਬਾਰੇ ਦੱਸੋ। ਤੁਹਾਡਾ ਜਨਮ ਕਿੱਥੇ ਹੋਇਆ? ਤੁਸੀਂ ਕਿਸ ਤਰ੍ਹਾਂ ਦੇ ਮਾਹੌਲ ਵਿੱਚ ਜੰਮੇ-ਪਲੇ? ਬਚਪਨ ਵਿੱਚ ਤੁਹਾਡਾ ਆਲਾ ਦੁਆਲਾ ਕਿਸ ਤਰ੍ਹਾਂ ਦਾ ਸੀ?

ਜਵਾਬ: ਭਾਜੀ ਮੇਰਾ ਪਿੰਡ ਢਿਲਵਾਂ ਕਲਾਂ ਹੈ, ਕੋਟ ਕਪੂਰੇ ਕੋਲ, ਫਰੀਦਕੋਟ ਜ਼ਿਲ੍ਹੇ ਵਿੱਚ। ਉੱਥੇ ਮੈਂ ਜੰਮਿਆਂ ਪਲਿਆ। ਮੈਂ ਨਾਨਕੀ ਪੜ੍ਹਿਆਂ। ਮੈਂ ਪਹਿਲਾਂ ਪੜ੍ਹਦਾ ਨਹੀਂ ਸੀ, ਥੋੜ੍ਹਾ ਜਿਹਾ ਘੱਟ ਧਿਆਨ ਸੀ ਮੇਰਾ ਪੜ੍ਹਾਈ ਵੱਲ। ਘਰਦਿਆਂ ਨੂੰ ਇਹ ਸੀ ਕਿ ਚਲੋ ਨਾਨਕੀ ਛੱਡ ਦਿੰਨੇ ਆਂ, ਕੀ ਪਤਾ ਉੱਥੇ ਪੜ੍ਹ ਪੂੜ੍ਹ ਲਏ। ਪਰ ਪੰਜਵੀਂ ਤੋਂ ਬਾਅਦ ਮੈਂ ਫਿਰ ਪਿੰਡ ਆ ਗਿਆ, ਢਿਲਵਾਂ ਕਲਾਂ 'ਚ। ਉੱਥੇ ਫਿਰ ਆ ਕੇ ਮੈਂ ਛੇਵੀਂ 'ਚ ਲੱਗ ਗਿਆ, ਹਾਈ ਸਕੂਲ 'ਚ। ਉਸ ਤੋਂ ਬਾਅਦ ਫਿਰ ਮੈਂ ਕਾਲਜ ਗਿਆ ਅਤੇ ਫਿਰ ਯੂਨੀਵਰਸਿਟੀ ਆ ਗਿਆ।

ਜੰਮਿਆਂ ਮੈਂ ਮਜ਼ਦੂਰਾਂ ਦੇ ਘਰ 'ਚ ਹੀ ਹਾਂ। ਮੇਰੇ ਤਾਏ ਚਾਚੇ ਜਿਹੜੇ ਹੈਗੇ ਨੇ, ਉਨ੍ਹਾਂ ਕੋਲ ਥੋੜ੍ਹਾ ਥੋੜ੍ਹਾ ਵਾਹਣ ਅਜੇ ਹੈਗਾ, ਖੇਤੀ ਹੈਗੀ ਆ। ਮੈਂ ਸੁਣਿਆ, ਆਸਿਓਂ ਪਾਸਿਓਂ ਬਈ ਸਾਡੇ ਦਾਦੇ ਹੁਰਾਂ ਕੋਲ ਵਾਹਣ ਹੁੰਦਾ ਸੀ। ਮੇਰੇ ਪਿਤਾ ਸ਼੍ਰੀ ਵੀ ਕਹਿੰਦੇ ਨੇ। ਮੈਂ ਉਨ੍ਹਾਂ ਨੂੰ ਬਾਈ ਜੀ ਕਹਿਨਾਂ। ਪਰ ਜਦੋਂ ਤੱਕ ਮੇਰੀ ਸੁਰਤ ਸੰਭਲੀ ਉਦੋਂ ਵਾਹਣ ਹੈ ਨਹੀਂ ਸੀ। ਮੈਂ ਮਜ਼ਦੂਰੀ ਵੀ ਕਰਦਾ ਰਿਹਾਂ ਤੇ ਠੇਕੇ 'ਤੇ ਵਾਹਣ ਲੈ ਕੇ ਖੇਤੀ ਵੀ। ਖੇਤੀ ਦਾ ਮੈਨੂੰ ਬਹੁਤ ਸ਼ੌਕ ਸੀ। ਐਂ ਸੋਚਦਾ ਸੀ ਬਈ ਮੈਂ ਖੇਤੀ ਕਰਾਂ ਤੇ ਨਾਲੇ ਸ਼ਾਮ ਨੂੰ ਰੀਹਰਸਲਾਂ ਕਰਾਂ, ਨਾਟਕ ਕਰਾਂ। ਹੁਣ ਵੀ ਕਈ ਵਾਰੀ ਜੇ ਕੋਈ ਮੈਨੂੰ ਕੋਈ ਪੁੱਛ ਲੈਂਦਾ ਹੈ ਬਈ ਤੇਰੇ ਸੁਫਨੇ ਕਿਹੋ ਜਿਹੇ ਸੀ, ਤਾਂ ਮੈਂ ਕਹਿੰਦਾ ਬਈ ਬਸ ਏਨਾ ਹੀ ਸੀ ਕਿ ਨਾਟਕ ਕਰਾਂ ਤੇ ਖੇਤੀ।

ਸਵਾਲ: ਤੁਸੀਂ ਗੱਲ ਕੀਤੀ ਹੈ ਬਈ ਤੁਹਾਡਾ ਸ਼ੌਕ ਸੀ ਬਈ ਖੇਤੀ ਕਰਾਂ ਤੇ ਨਾਟਕ ਕਰਾਂ। ਇਹ ਨਾਟਕ ਦਾ ਸ਼ੌਕ ਕਿੱਦਾਂ ਪੈ ਗਿਆ, ਇਹ ਨਾਟਕ ਵੱਲ ਨੂੰ ਕਿਵੇਂ ਰੁਚੀ ਹੋ ਗਈ? ਨਾਟਕ ਨਾਲ ਕਿੱਦਾਂ ਲਿੰਕ ਬਣ ਗਿਆ?

ਜਵਾਬ: ਹੁੰਦਲ ਭਾਜੀ ਇਹ ਕਾਮਰੇਡ ਧਾਰਾ ਦੇ ਜਿਹੜੇ ਲੋਕ ਹਨ, ਇਹ ਸਾਡੇ ਪਿੰਡਾਂ 'ਚ ਬਹੁਤ ਆਉਂਦੇ ਰਹੇ ਹਨ। ਹੁਣ ਵੀ ਹੈਗੇ ਨੇ, ਪਰ ਮੈਂ ਜਦੋਂ ਛੋਟਾ ਸੀਗਾ, ਜਦੋਂ ਸੁਰਤ ਸੰਭਲੀ ਸੀ, ਜਦੋਂ ਬੱਚੇ ਸੀ ਉਸ ਸਮੇਂ ਮੈਂ ਆਪਣੇ ਪਿੰਡ ਦੇ ਵਿੱਚ ਲਾਲ ਝੰਡੇ ਦੇਖੇ ਸਨ। ਇਹੋ ਜਿਹਾ ਵਕਤ ਵੀ ਸੀ ਕਿ ਲਾਲ ਝੰਡਾ ਹਰ ਇਕ ਘਰ 'ਤੇ ਲੱਗਾ ਹੁੰਦਾ ਸੀ ਅਤੇ ਕਾਮਰੇਡ ਵਿਚਾਰਧਾਰਾ ਵਾਲਿਆਂ ਦੀ, ਕਾਮਰੇਡਾਂ ਦੀ ਬੜੀ ਇੱਜ਼ਤ ਹੁੰਦੀ ਸੀ। ਇਹਨਾਂ ਦੀਆਂ ਨਾਟਕ ਮੰਡਲੀਆਂ ਪਿੰਡਾਂ 'ਚ ਨਾਟਕ ਕਰਨ ਆਉਂਦੀਆਂ ਸਨ। ਮੇਰੇ ਅਜੇ ਤੱਕ ਉਹੋ ਸਾਰੀ ਗੱਲਬਾਤ ਯਾਦ ਹੈ। ਇਕ ਦ੍ਰਿਸ਼ ਯਾਦ ਹੈ ਅਜੇ ਤੱਕ ਜਿਹੜਾ ਮੇਰੇ ਅੰਦਰ ਬੈਠਾ ਹੈ ਤੇ ਜਿਹੜਾ ਮੈਨੂੰ ਨਾਟਕ ਕਲਾ ਵੱਲ ਲੈ ਕੇ ਗਿਆ। ਇਕ ਦਿਨ ਮਜ਼ਦੂਰਾਂ ਦੇ ਵਿਹੜੇ ਵਿੱਚ ਨਾਟਕ ਖੇਡਿਆ ਜਾ ਰਿਹਾ ਸੀ। ਸਾਰੇ ਮਜ਼ਦੂਰ ਸਨ, ਹਾਲਾਂਕਿ ਛੋਟੇ ਕਿਸਾਨ ਵੀ ਥੋੜ੍ਹੇ ਬਹੁਤੇ ਆਏ ਹੋਏ ਸਨ। ਝੰਡੇ ਲੱਗੇ ਹੋਏ ਸਨ, ਸੱਜੇ ਪਾਸੇ ਖੱਬੇ ਪਾਸੇ ਲਮਕ ਰਹੇ ਸਨ ਅਤੇ ਨਾਲ ਲਾਟੂ ਲਟਕ ਰਿਹਾ ਸੀ। ਉਨ੍ਹਾਂ ਟਾਇਮਾਂ 'ਚ ਬਲਬ ਐਂ ਤਾਰ ਪਾ ਕੇ ਲਮਕਾ ਦਿੰਦੇ ਸੀ, ਥੱਲੇ ਨੂੰ। ਛੋਟੀ ਜਿਹੀ ਸਟੇਜ ਸੀ। ਪਹਿਲਾਂ ਨਾ ਉਹੋ ਟਿੱਕੀਆਂ ਜਿਹੀਆਂ ਬਣੀਆਂ ਹੁੰਦੀਆਂ ਸੀ, ਲਾਲ ਪੀਲੀਆਂ। ਚਾਨਣੀਆਂ। ਉਹ ਪਿੱਛੇ ਲੱਗਦੀਆਂ ਸੀ। ਬੰਦੇ ਤਿਆਰ ਹੋ ਕੇ ਚਾਨਣੀ ਦਿਉਂ ਪਿੱਛਲੇ ਪਾਸਿਓਂ ਆ ਜਾਂਦੇ ਸੀ। ਜਦੋਂ ਨਾਟਕ ਸ਼ੁਰੂ ਕੀਤਾ ਗਿਆ ਤਾਂ ਦੋ ਬੰਦੇ ਆਏ। ਇਕ ਅਮੀਰ ਬੰਦਾ ਅੱਗੇ ਅੱਗੇ ਤੁਰਿਆ ਆ ਰਿਹਾ ਸੀ। ਉਹ ਆ ਕੇ ਬੈਠ ਗਿਆ। ਉਨ੍ਹਾਂ ਨੇ ਕੁਰਸੀ ਲਾਈ ਹੋਈ ਸੀ। ਇਕ ਨਾਲ ਸੀ, ਚਪੜਾਸੀ ਟਾਇਪ ਬੰਦਾ। ਉਨ੍ਹਾਂ ਨੇ ਸਰਦੀ ਜਿਹੀ ਦਾ ਮੌਸਮ ਦਿਖਾਇਆ ਸੀ। ਉਹ ਅਫਸਰ ਬੈਠ ਗਿਆ ਤੇ ਫਿਰ ਨਾਲ ਦੇ ਨੂੰ ਕਹਿੰਦਾ ਬਈ ਐਂ ਕਰ ਸਾਹਮਣੇ ਦੁਕਾਨ 'ਤੇ ਜਾਹ ਤੇ ਆਂਡੇ ਲੈ ਕੇ ਆ। ਉਹ ਕਹਿੰਦਾ ਠੀਕ ਹੈ ਜੀ। ਉਹ ਬੰਦਾ ਆਂਡੇ ਲੈਣ ਤੁਰ ਗਿਆ। ਆਂਡੇ ਲੈ ਆਇਆ ਤੇ ਸਾਹਿਬ ਨੂੰ ਦੇ ਦਿੱਤੇ ਤਾਂ ਉਹਨੇ ਖਾਣੇ ਸ਼ੁਰੂ ਕਰ ਦਿੱਤੇ। ਸਾਹਿਬ ਆਂਡੇ ਖਾ ਰਿਹਾ ਸੀ। ਇਹ ਬੰਦਾ ਕੋਲ ਖੜ੍ਹਾ ਸੀ। ਕੋਲ ਖੜ੍ਹੇ ਬੰਦੇ ਦਾ ਵੀ ਆਂਡੇ ਖਾਣ ਨੂੰ ਜੀਅ ਕਰਦਾ ਸੀ। ਉਹ ਕਹਿੰਦਾ, "ਜਨਾਬ ਆਂਡੇ ਸੁਆਦ ਤਾਂ ਬਹੁਤ ਹੋਣਗੇ ਜੀ"। ਇਹਦਾ ਮਤਲਬ ਤਾਂ ਇਹ ਹੀ ਸੀ ਬਈ ਮੈਨੂੰ ਵੀ ਦੇ ਦੇ ਯਾਰ ਇਕ ਅੱਧਾ। ਉਹ ਅਫਸਰ ਅੱਗੋਂ ਕਹਿੰਦਾ "ਹਾਂ ਹਾਂ ਬਹੁਤ ਸੁਆਦ ਆ" ਤੇ ਫਿਰ ਖਾਣ ਲੱਗ ਗਿਆ। ਦੂਜਾ ਬੰਦਾ ਫਿਰ ਕਹਿੰਦਾ "ਆਂਡੇ ਸੁਆਦ ਬਹੁਤ ਹੋਣਗੇ ਜੀ।" ਅਫਸਰ ਕਹਿੰਦਾ "ਹਾਂ ਹਾਂ ਸੁਆਦ ਆ" ਤੇ ਉਹ ਫਿਰ ਖਾਣ ਲੱਗ ਗਿਆ।

ਅੰਤ ਦੇ ਉੱਤੇ ਉਹ ਅਫਸਰ ਸਾਰੇ ਆਂਡੇ ਖਾ ਗਿਆ, ਤੇ ਚਪੜਾਸੀ ਨੂੰ ਕਹਿੰਦਾ ਬਈ ਐਂ ਕਰ ਤੂੰ ਆਹ ਪਲੇਟ ਲੈ ਤੇ ਵਾਪਸ ਕਰ ਕੇ ਆ ਜਿਸ ਤੋਂ ਲੈ ਕੇ ਆਇਆਂ। ਚਪੜਾਸੀ ਕਹਿੰਦਾ ਠੀਕ ਹੈ ਜੀ। ਉਹ ਪਲੇਟ ਮੋੜਨ ਜਾ ਰਿਹਾ ਸੀ। ਜਾਂਦੇ ਜਾਂਦੇ ਨੇ ਉਸ ਨੇ ਕੀ ਕੀਤਾ ਕਿ ਪਲੇਟ ਚੱਟ ਲਈ, ਤੇ ਉਸ ਬੰਦੇ ਨੂੰ ਫੜਾ ਆਇਆ ਜਿਹਦੀ ਪਲੇਟ ਉਹ ਹੈ ਸੀ ਅਤੇ ਵਾਪਸ ਆ ਗਿਆ। ਅਫਸਰ ਕਹਿੰਦਾ "ਫੜਾ ਆਇਆਂ?" ਉਹ ਕਹਿੰਦਾ "ਹਾਂ ਜੀ"। ਇਸ ਦੇ ਨਾਲ ਹੀ ਉਸ ਨੇ ਡਾਇਲਾਗ ਬੋਲਿਆ, "ਜਨਾਬ ਆਂਡੇ ਸੁਆਦ ਬਹੁਤ ਹੁੰਦੇ ਆ।" ਉਸ ਦ੍ਰਿਸ਼ ਨੇ ਮੈਨੂੰ ਪੂਰੀ ਗੱਲ ਸਮਝਾ ਦਿੱਤੀ ਕਿ ਕਿਵੇਂ ਪੂਰੇ ਦਾ ਪੂਰਾ ਸਿਸਟਮ ਹੈ, ਕਿਵੇਂ ਪਾੜਾ ਹੈ ਸਮਾਜ ਦੇ ਵਿੱਚ, ਕਿਸੇ ਨੂੰ ਕੀ ਮਿਲਦਾ ਹੈ ਖਾਣ ਨੂੰ ਅਤੇ ਕਿਸੇ ਨੂੰ ਖਾਣ ਨੂੰ ਕੀ ਨਹੀਂ ਮਿਲਦਾ। ਉਸ ਚਾਰ ਪੰਜ ਮਿੰਟ ਦੇ ਦ੍ਰਿਸ਼ ਨੇ ਮੈਨੂੰ ਪੂਰੇ ਦਾ ਪੂਰਾ, ਧੁਰ ਅੰਦਰ ਤੱਕ ਹਿਲਾ ਦਿੱਤਾ। ਉਦੋਂ ਤੋਂ ਮੇਰੇ ਅੰਦਰ ਇਹ ਗੱਲ ਬੈਠ ਗਈ ਬਈ ਯਾਰ ਜੇ ਤੁਸੀਂ ਵਧੀਆ ਮਨੁੱਖ ਬਣਨਾ ਹੈ ਤਾਂ ਤੁਹਾਨੂੰ ਇਸ ਕਲਾ ਨਾਲ ਜੁੜਨਾ ਚਾਹੀਦਾ।

ਸਵਾਲ: ਤੁਹਾਨੂੰ ਉਸ ਕਲਾ ਦੀ ਜਿਹੜੀ ਤਾਕਤ ਹੈ, ਉਹ ਮਹਿਸੂਸ ਹੋਈ...?

ਜਵਾਬ: ਬਹੁਤ। ਕਮਾਲ ਦੀ ਤਾਕਤ। ਕਮਾਲ ਦੀ ਤਾਕਤ। ਔਰ ਇਕ ਛੋਟੇ ਬੱਚੇ, ਮੇਰੇ ਜ਼ਿਹਨ 'ਤੇ, ਮੇਰੇ ਦਿਲੋ ਦਿਮਾਗ 'ਤੇ ਉਸ ਨੇ ਏਨਾ ਅਸਰ ਕੀਤਾ। ਕਲਾ ਦਾ ਇਹ ਬਿਲਕੁਲ ਸਾਧਾਰਨ ਤਰੀਕਾ ਹੈ। ਕੋਈ ਲੈਕਚਰ ਨਹੀਂ। ਬਸ ਬਹੁਤ ਹੀ ਵਧੀਆ ਤਰੀਕੇ ਨਾਲ, ਵਿਜ਼ੂਅਲ ਢੰਗ ਨਾਲ ਗੱਲ ਸਮਝਾ ਦਿੱਤੀ। ਬੰਦਾ ਪਲੇਟ ਲੈ ਕੇ ਗਿਆ, ਫਿਰ ਉਸ ਨੇ ਉਹ ਪਲੇਟ ਚੱਟੀ। ਪਹਿਲਾਂ ਮੰਗੀ ਗਿਆ। ਉਹਨੇ ਇਹ ਵੀ ਨਹੀਂ ਕਿਹਾ ਕਿ ਮੈਨੂੰ ਆਂਡਾ ਦੇ ਦੇ। ਐਂ ਤਾਂ ਕਿਹਾ ਹੀ ਨਹੀਂ। ਇਹੀ ਤਾਂ ਉਹਦੀ ਕਲਾਤਮਕਤਾ ਹੈ। ਕਿਹਾ ਨਹੀਂ ਉਹਨੇ। ਉਂ ਕਹਿ ਦਿੱਤਾ ਕਿ ਸੁਆਦ ਬਹੁਤ ਹੋਣਗੇ। ਇਹਦਾ ਮਤਲਬ ਹੈ ਅਣਕਿਹਾ ਹੀ ਕਹਿ ਦਿੱਤਾ। ਅਣਕਿਹਾ ਕਹਿਣ ਵਿੱਚ ਵੀ ਵੱਡੀ ਕਲਾ ਹੈ।

ਸਵਾਲ: ਤੁਸੀਂ ਤਾਂ ਉਸ ਚੀਜ਼ ਨੂੰ ਦੇਖਿਆ ਸੀ ਤੇ ਤੁਸੀਂ ਹੁਣ ਉਹਨੂੰ ਬਿਆਨ ਕਰ ਰਹੇ ਹੋ। ਪਰ ਮੈਂ ਤੁਹਾਡੀ ਕਹਾਣੀ ਸੁਣਦਾ ਹੋਇਆ, ਉਹਦੇ ਤੋਂ ਅਹਿਸਾਸ ਕਰ ਸਕਦਾ ਹਾਂ ਕਿ ਉਹ ਦ੍ਰਿਸ਼ ਕਿੰਨਾ ਤਾਕਤਵਰ ਹੋਏਗਾ, ਜਿਹੜਾ ਏਨਿਆਂ ਸਾਲਾਂ ਬਾਅਦ ਵੀ ਤੁਹਾਨੂੰ ਚੇਤੇ ਹੈ। ਮੈਂ ਤੁਹਾਡੇ ਚਿਹਰੇ ਤੋਂ ਦੇਖ ਸਕਦਾ ਹਾਂ ਕਿ ਤੁਹਾਨੂੰ ਉਹ ਸੀਨ ਕਿਸ ਤਰ੍ਹਾਂ ਪੂਰੇ ਦਾ ਪੂਰਾ ਚੇਤਾ ਹੈ, ਤੇ ਤੁਸੀਂ ਉਸ ਨੂੰ ਹੂ-ਬਹੂ ਬਿਆਨ ਕਰ ਰਹੇ ਹੋ। ਅਤੇ ਉਹ ਹਾਲੇ ਤੱਕ ਵੀ ਤੁਹਾਨੂੰ ਟੱਚ ਕਰ ਰਿਹਾ ਹੈ। ਸੋ ਉਸ ਦੀ ਜਿਹੜੀ ਤਾਕਤ ਸੀ, ਉਹ ਮੈਂ ਮਹਿਸੂਸ ਕਰ ਸਕਦਾ ਹਾਂ। ਜਿਹੜੀ ਤਾਕਤ ਤੁਸੀਂ ਉਸ ਵੇਲੇ ਮਹਿਸੂਸ ਕੀਤੀ ਸੀ, ਤੁਸੀਂ ਉਹਨੂੰ ਹੁਣ ਤੱਕ ਆਪਣੇ ਨਾਲ ਲਈ ਫਿਰਦੇ ਹੋ।

ਜਵਾਬ: ਉਹ ਦ੍ਰਿਸ਼ ਮੇਰੇ ਅੰਦਰ ਬਹੁਤ ਗਹਿਰਾ ਉਤਰ ਗਿਆ ਸੀ। ਤੇ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਹੋ ਜਿਹੀਆਂ ਜਿਹੜੀਆਂ ਚੀਜ਼ਾਂ ਮੈਂ ਮਹਿਸੂਸ ਕੀਤੀਆਂ ਉਹ ਹੁਣ ਵੀ ਮੇਰੇ ਨਾਲ ਹਨ। ਹੁਣ ਦੀ ਮੇਰੀ ਜਿਹੜੀ ਕਲਾ ਹੈ, ਜਿਸ ਤਰ੍ਹਾਂ ਦਾ ਰੰਗਮੰਚ ਮੈਂ ਕਰ ਰਿਹਾਂ ਹਾਂ, ਜਿਹੋ ਜਿਹੇ ਮੇਰੇ ਵਿਸ਼ੇ ਨੇ, ਉਹ ਮੈਨੂੰ ਲੱਗਦਾ ਹੈ ਬਈ ਉਹ ਬਚਪਨ ਤੋਂ ਹੀ ਮੇਰੇ ਨਾਲ ਤੁਰੇ ਆ ਰਹੇ ਹਨ, ਕਿਉਂਕਿ ਜ਼ਿੰਦਗੀ ਦਾ ਅਤੇ ਕਲਾ ਦਾ ਰਿਸ਼ਤਾ ਹੀ ਏਨਾ ਵੱਡਾ ਹੈ। ਕਲਾ ਕੋਈ ਵੱਖਰੀ ਚੀਜ਼ ਨਹੀਂ ਹੈ। ਕਲਾ ਕੋਈ ਬਾਹਰੋਂ ਨਹੀਂ ਉੱਤਰਦੀ। ਐਸਾ ਨਹੀਂ ਹੈ ਕੁਛ। ਜਿਹੋ ਜਿਹੀ ਜ਼ਿੰਦਗੀ ਅਸੀਂ ਜੀ ਰਹੇ ਹਾਂ, ਜਿਹੋ ਜਿਹੇ ਮਾਹੌਲ 'ਚ ਅਸੀਂ ਜਿਉਂਦੇ ਹਾਂ, ਸਾਡੀ ਕਲਾ ਅਤੇ ਉਹਦੀ ਸ਼ੈਲੀ, ਉਹ ਸਾਰਾ ਕੁਝ ਉੱਥੋਂ ਹੀ ਨਿਕਲਦਾ ਹੈ। ਤੇ ਮੈਨੂੰ ਲੱਗਦਾ ਹੈ ਕਿ ਅਜੇ ਵੀ ਜਿਹੜੇ ਮੇਰੇ ਵਿਸ਼ੇ ਹਨ ਜਾਂ ਜਿਹੜੀ ਸਰਲਤਾ ਹੈ, ਸਾਧਾਰਣਤਾ ਹੈ, ਮੇਰੇ ਰੰਗਮੰਚ ਵਿੱਚ ਮੇਰੇ ਨਾਟਕਾਂ ਵਿੱਚ, ਮੈਨੂੰ ਲੱਗਦਾ ਹੈ ਕਿ ਉਹ ਪਿੱਛੋਂ ਕਿਤੇ ਐਂ ਨਾਲ ਤੁਰੀ ਆ ਰਹੀ ਹੈ। ਤੇ ਟਾਇਮ ਆਉਣ 'ਤੇ ਉੱਗ ਪਈ ਹੈ ਉਹ।

ਸਵਾਲ: ਸੋ ਇਹ ਗੱਲ ਤਾਂ ਸਾਫ ਹੋ ਗਈ ਕਿ ਉਸ ਦ੍ਰਿਸ਼ ਨੇ ਤੁਹਾਨੂੰ ਕਲਾ ਦੀ ਇਸ ਤਾਕਤ ਦਾ ਅਹਿਸਾਸ ਕਰਵਾ ਦਿੱਤਾ। ਪਹਿਲੀ ਵਾਰੀ ਤੁਸੀਂ ਇਸ ਤਾਕਤ ਨੂੰ ਆਪ ਕਦੋਂ ਵਰਤਿਆ, ਕਦੋਂ ਤੁਸੀਂ ਨਾਟਕ ਕੀਤਾ ਆਪ ਪਹਿਲੀ ਵਾਰ? ਜਾਂ ਨਾਟਕ ਕਰਨ ਤੱਕ ਦੀ ਸਥਿਤੀ ਤੱਕ ਤੁਸੀਂ ਕਿੱਦਾਂ ਪਹੁੰਚੇ?

ਜਵਾਬ: ਇਹ ਕਰਦੇ ਕਰਾਉਂਦੇ ਅੰਦਰ ਗੱਲਾਂ ਤਾਂ ਚੱਲਦੀਆਂ ਰਹੀਆਂ। ਪਰ ਇਹ ਸੀ ਕਿ ਸਕੂਲਾਂ ਦੇ ਵਿੱਚ ਉਹਨਾਂ ਟਾਇਮਾਂ 'ਚ ਨਾਟਕਾਂ ਦੇ ਮੌਕੇ ਨਹੀਂ ਸੀਗੇ। ਅਸੀਂ ਸਕੂਲ ਦੇ ਵਿੱਚ ਇਹ ਸ਼ੁਰੂਆਤ ਕਰ ਲਈ। ਅਸੀਂ ਚਾਰ ਪੰਜ ਬੰਦਿਆਂ ਨੇ ਮਿਲ ਕੇ ਸੋਚਿਆ ਬਈ ਨਾਟਕ ਬਣਾਈਏ। ਕੋਈ ਸਕਿੱਟ ਟਾਇਪ ਛੋਟਾ ਜਿਹਾ। ਪਰ ਅਧਿਆਪਕ ਨਹੀਂ ਸੀ ਚਾਹੁੰਦੇ ਹੁੰਦੇ ਸੀ ਕਿ ਬੱਚੇ ਐਂ ਕਰਨ। ਉਹਨਾਂ ਨੂੰ ਹੁੰਦਾ ਸੀ ਕਿ ਇਹ ਪੜ੍ਹਦੇ ਨਹੀਂ। ਪਰ ਫਿਰ ਵੀ ਅਸੀਂ ਉਹ ਛੋਟਾ ਜਿਹਾ ਨਾਟਕ-ਸਕਿੱਟ, ਨਸ਼ਿਆਂ ਦੇ ਬਾਰੇ, ਤਿਆਰ ਕੀਤਾ। ਉਸ ਬੰਦੇ ਦਾ ਨਾਮ ਰਾਮ ਸਿੰਘ ਸੀ, ਜਿਸ ਨੇ ਉਹ ਸਕਿੱਟ ਤਿਆਰ ਕਰਵਾਇਆ। ਉਹ ਸਾਡੇ ਪਿੰਡ ਦਾ ਹੀ ਸੀ, ਬਾਅਦ ਦੇ ਵਿੱਚ ਉਹ ਕਿਸੇ ਨੌਕਰੀ 'ਤੇ ਚਲਾ ਗਿਆ ਸੀ। ਪਾਰਟੀ ਸੀ ਸਕੂਲ 'ਚ, ਜਿਹੜੀ ਨੌਂਵੀਂ ਵਾਲੇ ਦਸਵੀਂ ਵਾਲਿਆਂ ਨੂੰ ਦਿੰਦੇ ਸੀ, ਵਿਦਾਇਗੀ ਪਾਰਟੀ। ਉਹਦੇ ਵਿੱਚ ਕੀਤਾ ਸੀ ਉਹ ਸਕਿੱਟ। ਵਰਕਸ਼ਾਪ ਹੁੰਦੀ ਆ ਸਕੂਲ ਵਿੱਚ ਇੱਕ। ਵਰਕਸ਼ਾਪ ਜਿਵੇਂ ਦਸਤਕਾਰੀ ਦਾ ਕੰਮ ਸਿਖਾਉਂਦੇ ਸੀ, ਰੇਡੀਓ ਦਾ ਜਾਂ ਕੁਰਸੀਆਂ ਬਣਾਉਣ ਦਾ। ਪਿੰਡਾਂ ਦੇ ਵਿੱਚ ਪਹਿਲਾਂ ਸਕੂਲਾਂ 'ਚ ਇਸ ਤਰ੍ਹਾਂ ਹੁੰਦਾ ਸੀ। ਤੇ ਉੱਥੇ ਅਸੀਂ ਇਹ ਸਕਿੱਟ ਕਰ ਰਹੇ ਸੀ, ਸਟੇਜ ਲੱਗੀ ਹੋਈ ਸੀ ਤੇ ਨਾਲ ਮੀਂਹ ਪੈਣ ਲੱਗ ਪਿਆ। ਮੀਂਹ ਪਿਆ ਤਾਂ ਸਾਰਾ ਕੁਝ ਹਿੱਲ ਗਿਆ, ਬਈ ਹੁਣ ਕੀ ਕਰੀਏ। ਤੇ ਉਹ ਜਿਹੜੀ ਵਰਕਸ਼ਾਪ ਸੀ, ਉਹਦੇ ਵਿੱਚ ਫਿਰ ਇਹ ਕੰਮ ਸ਼ੁਰੂ ਹੋ ਗਿਆ। ਮੈਂ ਕਿਹਾ ਜੀ ਅੰਦਰ ਕਰ ਦਿਆਂਗੇ ਆਪਾਂ। ਕੀ ਹੁੰਦਾ ਇਹਦੇ 'ਚ ਕੀ ਹੁੰਦਾ ਆਪਾਂ ਅੰਦਰ ਕਰ ਦਿੰਨੇ ਹਾਂ। ਕਈ ਕਹਿੰਦੇ ਜੀ ਰਹਿਣ ਦਿਉ। ਕਈ ਚਲੇ ਗਏ। ਫਿਰ ਵੀ ਅਸੀਂ ਜ਼ੋਰ ਪਾ ਕੇ ਉਹ ਸਕਿੱਟ ਕਰ ਦਿੱਤਾ। ਮੈਂ ਕਿਹਾ ਕਿ ਕੁਝ ਨਹੀਂ ਹੁੰਦਾ ਆਪਾਂ ਅੰਦਰ ਕਰਦੇ ਹਾਂ। ਕੋਈ ਐਂ ਉਹਦੇ 'ਤੇ ਬੈਠ ਗਿਆ, ਬੈਂਚ ਜਿਹੇ ਵੱਡੇ ਵੱਡੇ ਸੀ, ਕੋਈ ਥੱਲੇ ਬੈਠ ਗਿਆ। ਤੇ ਉੱਥੇ ਅੰਦਰ ਅਸੀਂ ਫਿਰ ਉਹ ਜਿਹੜੀ ਸਕਿੱਟ ਸੀ ਖੇਡ ਦਿੱਤੀ ਬਿਨਾਂ ਸਪੀਕਰਾਂ ਤੋਂ। ਕਿਉਂਕਿ ਅੰਦਰ ਫਿਰ ਲੋੜ ਵੀ ਨਹੀਂ ਸੀ। ਨਾਲੇ ਲਾਈਟ ਲੂਟ ਚਲੇ ਜਾਂਦੀ ਹੈ ਮੀਂਹ 'ਚ। ਆਉਂਦੀ ਨਹੀਂ ਫਿਰ ਛੇਤੀ। ਉੱਥੋਂ ਮੇਰੇ ਖਿਆਲ 'ਚ ਇਹ ਸ਼ੁਰੂਆਤ ਹੋ ਗਈ।

ਸਵਾਲ: ਇਹ ਕਿਹੜੇ ਸਾਲ ਦੀ ਗੱਲ ਹੈ, ਤੇ ਇਹ ਕਿਹੜੇ ਸਕੂਲ 'ਚ ਕੀਤਾ ਸੀ ਤੁਸੀਂ?

ਜਵਾਬ: ਸੰਨ ਤਾਂ ਮੇਰੇ ਯਾਦ ਨਹੀਂ ਹੁਣ। ਪਰ ਇਸ ਤਰ੍ਹਾਂ ਹੈ ਕਿ ਮੈਂ ਨੱਬੇ ਤੱਕ ਮੈਂ ਕਾਲਜ 'ਚ ਰਿਹਾਂ। ਉਦੋਂ ਮੇਰਾ ਖਿਆਲ ਸ਼ਾਇਦ ਮੈਂ ਨੌਂਵੀਂ ਦੇ ਵਿੱਚ ਸੀ। 1990 ਤੋਂ ਪਾਸ ਆਊਟ ਹੋਇਆਂ। 1991 ਦੇ ਵਿੱਚ ਯੂਨੀਵਰਸਿਟੀ 'ਚ ਆ ਗਿਆ।

ਸਵਾਲ: ਸੋ ਨੱਬੇ ਤੋਂ ਪਹਿਲਾਂ ਦੀ ਗੱਲ ਹੈ?

ਜਵਾਬ: ਨੱਬੇ ਤੋਂ ਪਹਿਲਾਂ ਦੇ ਚਾਰ ਪੰਜ ਸਾਲਾਂ ਦੀ ਗੱਲ ਹੈ। ਚੁਰਾਸੀ ਪੰਜਾਸੀ ਦੇ ਕਰੀਬ ਹੀ ਹੋਏਗਾ।

ਸਵਾਲ: 'ਤੇ ਕਿਹੜੇ ਪਿੰਡ?

ਜਵਾਬ: ਢਿੱਲਵਾਂ ਕਲਾਂ।

ਸਵਾਲ: ਉਦੋਂ ਸ਼ੁਰੂ ਹੋ ਕੇ ਫਿਰ ਨਾਟਕ ਮੰਡਲੀ ਕਿੱਦਾਂ ਚਲਦੀ ਰਹੀ?

ਜਵਾਬ: ਉਦੋਂ ਇਸ ਤਰ੍ਹਾਂ ਹੋਇਆ ਕਿ ਉਹ ਬੰਦੇ ਤਾਂ ਕੰਮ 'ਤੇ ਲੱਗ ਗਏ। ਰਾਮ ਸਿੰਘ ਹੁਰੀਂ ਆਪੋ ਆਪਣੇ, ਅਗਾਂਹ ਅੱਗੇ ਪਿੱਛੇ ਚਲੇ ਗਏ। ਤੇ ਮੇਰੀ ਜ਼ਿੰਦਗੀ 'ਚ ਇਹ ਹੋਇਆ ਕਿ ਮੈਂ ਅੱਗੇ ਨਹੀਂ ਸੀ ਪੜ੍ਹਨਾ ਚਾਹੁੰਦਾ। ਕਿਤੇ ਨਾ ਕਿਤੇ ਮੇਰੇ ਦਿਮਾਗ 'ਚ ਇਹ ਗੱਲਾਂ ਬੈਠੀਆਂ ਹੋਈਆਂ ਸਨ, ਪਤਾ ਨਹੀਂ ਕਿੱਥੋਂ ਬੈਠ ਗਈਆਂ, ਕਿ ਇਹ ਜਿਹੜੀ ਪੜ੍ਹਾਈ ਲਿਖਾਈ ਹੈ, ਇਹ ਜਿਹੜੇ ਪੜ੍ਹੇ ਲਿਖੇ ਬੰਦੇ ਹੁੰਦੇ ਹਨ ਉਹ ਜਾਅਲੀ ਜਿਹੇ ਬਹੁਤ ਹੁੰਦੇ ਹਨ, ਇਹ ਆਪ ਦੀ ਗੱਲ ਨੂੰ ਲੁਕੋ ਲੈਂਦੇ ਹਨ ਅਤੇ ਇਹ ਆਪਣੇ ਅੰਦਰਲੇ ਦਿਲ ਦੀ ਗੱਲ ਨਹੀਂ ਕਹਿੰਦੇ। ਬਚਪਨ 'ਚ ਕਿਤੇ ਇਹ ਚੀਜ਼ਾਂ ਅੰਦਰ ਸਨ। ਮੈਨੂੰ ਪਤਾਂ ਨਹੀਂ ਇਹ ਗੱਲ ਕਿਵੇਂ ਬੈਠ ਗਈ ਮੇਰੇ ਦਿਮਾਗ 'ਚ

ਬਈ ਇਹ ਜਿਹੜੇ ਪੜ੍ਹੇ ਲਿਖੇ ਆ ਇਹ ਹੋਰ ਕੋਈ ਗੱਲ ਕਹਿ ਦਿੰਦੇ ਆ, ਅੰਦਰ ਦੀ ਗੱਲ ਦੱਬ ਲੈਂਦੇ ਹਨ। ਇਸ ਲਈ ਮੈਂ ਪੜ੍ਹਨਾ ਨਹੀਂ ਸੀ ਚਾਹੁੰਦਾ। ਪਰ ਜਦੋਂ ਦਸਵੀਂ 'ਚ ਸੀ ਮੈਂ, ਜਦੋਂ ਮੈਂ ਇਹ ਸਕਿੱਟ ਕੀਤੀ ਸੀ, ਮੈਨੂੰ ਲੱਗਾ...। ਮੈਂ ਆਪਣੇ ਆਪ ਨੂੰ ਕਿਹਾ ਕਿ ਯਾਰ ਜੇ ਇਸ ਪਾਸੇ ਨੂੰ ਆਉਣਾ ਹੈ ਤਾਂ ਤਾਂ ਪੜ੍ਹਨਾ ਪਊ। ਫਿਰ ਦਸਵੀਂ ਪਾਸ ਕੀਤੀ ਮੈਂ। ਫਿਲਮਾਂ ਬਹੁਤ ਦੇਖਦਾ ਹੁੰਦਾ ਸੀ ਮੈਂ। ਸਕੂਲ ਚੋਂ ਭੱਜ ਜਾਣਾ, ਬਸਤਾ ਕਿਸੇ ਹੋਰ ਨੂੰ ਫੜਾ ਜਾਣਾ। ਫਿਰ ਬਾਹਰ ਪੂਰੇ ਚਾਰ ਵਜੇ ਮਿਲ ਲੈਣਾ। ਕੋਟਕਪੂਰੇ, ਚਾਰ -ਪੰਜ ਕਿਲੋਮੀਟਰ 'ਤੇ ਉਥੇ ਫਿਲਮ ਦੇਖਣ ਚਲੇ ਜਾਣਾ। ਬਸਤਾ ਕੋਈ ਨਾ ਕੋਈ ਯਾਰ ਬੇਲੀ ਚੁੱਕ ਲਿਆਉਂਦਾ ਸੀ।

ਫਿਰ ਹਾਇਰ ਸੈਕੰਡਰੀ ਸਕੂਲ ਦੇ ਵਿੱਚ ਚਲਾ ਗਿਆ। ਉੱਥੇ ਨਹੀਂ ਮੈਨੂੰ ਕੋਈ ਮੌਕਾ ਮਿਲਿਆ। ਹਾਇਰ ਸੈਕੰਡਰੀ ਕਰਨ ਤੋਂ ਬਾਅਦ ਫਿਰ ਕਾਲਜ ਵਿੱਚ ਆ ਗਿਆ। ਕਾਲਜ ਦੇ ਵਿੱਚ ਆ ਕੇ ਵੀ ਮੈਨੂੰ ਛੇਤੀ ਨਾਟਕਾਂ ਦੇ ਵਿੱਚ ਕੰਮ ਨਹੀਂ ਮਿਲਿਆ। ਉਹਦਾ ਕਾਰਨ ਇਹ ਸੀ ਕਿ ਜਿਹੜੇ ਸੀਨੀਅਰ ਸੀਗੇ, ਉਹ ਬੀ ਏ ਤੱਕ ਰਹਿੰਦੇ ਸੀ। ਪੁਰਾਣੇ ਮੁੰਡੇ ਹੁੰਦੇ ਸੀ, ਇਕ ਅੱਧੇ ਨਵੇਂ ਮੁੰਡੇ ਦੀ ਲੋੜ ਪੈਂਦੀ ਸੀ। ਮੇਰੀ ਏਨੀ ਜਾਣ-ਪਛਾਣ ਵੀ ਨਹੀਂ ਸੀ ਉਸ ਕਿਸਮ ਦੀ ਬਣ ਪਾਈ। ਪਰ ਅਸੀਂ ਦੋ ਚਾਰ ਜਣੇ ਇਹੋ ਜਿਹੇ ਹੁੰਦੇ ਸੀ ਜਿਹੜੇ ਉਨ੍ਹਾਂ ਦੀਆਂ ਰਿਹਰਸਲਾਂ ਦੇਖਦੇ ਰਹਿੰਦੇ ਸੀ। ਉਨ੍ਹਾਂ ਨੇ ਸਾਨੂੰ ਭਜਾ ਦੇਣਾ ਕਿ ਰਿਹਰਸਲ 'ਚ ਡਿਸਟਰਬੈਂਸ ਹੁੰਦੀ ਹੈ। ਇਕ ਦਿਨ ਇਸ ਤਰ੍ਹਾਂ ਹੋਇਆ ਕਿ ਮੈਂ ਉੱਥੇ ਪਹੁੰਚ ਗਿਆ, ਸ਼ਹੀਦ ਭਗਤ ਸਿੰਘ ਕਾਲਜ ਕੋਟਕਪੂਰਾ। ਤਾਂ ਉਥੇ ਜਦੋਂ ਪੜ੍ਹਦੇ ਸੀ ਤਾਂ ਰਿਹਰਸਲ ਚਲਦੀ ਹੁੰਦੀ ਸੀ। ਉਹ ਸ਼ਾਮ ਨੂੰ ਵੀ ਕਰਦੇ ਰਹਿੰਦੇ ਸੀ ਕਾਲਜ ਤੋਂ ਬਾਅਦ। ਮੈਂ ਉਹਨਾਂ ਨੂੰ ਕਹਿਣਾ ਯਾਰ ਮੈਂ ਤੁਹਾਨੂ ਚਾਹ ਲਿਆ ਕੇ ਦੇਵਾਂ ਜਾਂ ਮੈਂ ਪਾਣੀ ਲੈ ਕੇ ਆਵਾਂ ਬਾਈ। ਅਸੀਂ ਕੰਟੀਨ ਤੋਂ ਚਾਹ ਚੂਹ ਲੈ ਜਾਣੀ ਅਤੇ ਉਹਨਾਂ ਨੂੰ ਪਿਆਉਣੀ, ਗਲਾਸ ਧੋ ਧੂ ਦੇਣੇ ਫਟਾ ਫੱਟ। ਮੈਂ ਐਂ ਸੋਚਦਾ ਹੁੰਦਾ ਸੀ ਕਿ ਮੈਂ ਕਿਸੇ ਤਰ੍ਹਾਂ ਇਹਨਾਂ ਦੇ ਨਾਲ ਰਲ ਜਾਵਾਂ, ਇਹਨਾਂ ਦਾ ਹਿੱਸਾ ਬਣ ਜਾਵਾਂ। ਮੈਨੂੰ ਮੌਕਾ ਮਿਲ ਜਾਏ। ਇਕ ਦਿਨ ਮੈਨੂੰ ਮੌਕਾ ਮਿਲ ਗਿਆ। ਨਾਟਕ ਦਾ ਡਾਇਰੈਕਟਰ ਉਸ ਦਿਨ ਖਾਸਾ ਦੁਖੀ ਹੋ ਗਿਆ, ਇਕ ਕਲਾਕਾਰ ਤੋਂ। ਕਹਿੰਦਾ ਯਾਰ ਤੂੰ ਉੱਚੀ ਕਿਉਂ ਨਹੀਂ ਬੋਲਦਾ, ਤੈਨੂੰ ਬੋਲਣਾ ਨਹੀਂ ਆਉਂਦਾ, ਉੱਚੀ ਬੋਲ। ਉਹਦੀ ਅਵਾਜ਼ ਨਾ ਨਿਕਲੇ। ਮੈਂ ਬੜੀ ਦੇਰ ਤੋਂ ਰਿਹਰਸਲਾਂ ਦੇਖੀ ਜਾ ਰਿਹਾ ਸੀ। ਮੈਂ ਬੈਠੇ ਬੈਠੇ ਨੇ ਕਿਹਾ "ਜੀ ਮੈਂ ਬੋਲਾਂ?" ਜਦੋਂ ਮੈਂ ਕਿਹਾ ਕਿ "ਮੈਂ ਬੋਲਾਂ ਜੀ"। ਡਾਇਰੈਕਟਰ ਖਿੱਝ ਗਿਆ ਤੇ ਕਹਿੰਦਾ ਤੂੰ ਬੋਲ ਲੈ ਯਾਰ। ਮੈਂ ਕਿਹਾ ਜੀ ਮੈਨੂੰ ਦਸ ਦਿਉ ਕਿ ਮੈਂ ਕਿਵੇਂ ਜਿਹੇ ਬੋਲਾਂ? ਉਹ ਕਹਿੰਦਾ "ਮੈਨੂੰ ਨਹੀਂ ਪਤਾ ਯਾਰ, ਤੂੰ ਆਪੇ ਹੀ ਬੋਲ ਲੈ।" ਮੇਰੇ ਅੰਦਰ ਭਰਿਆ ਪਿਆ ਸੀ ਸਾਰਾ ਕੁਝ। ਮੈਂ ਸਟੇਜ 'ਤੇ ਚੜ੍ਹ ਗਿਆ। ਡਾਇਲਾਗ ਮੈਂ ਮਾੜੇ ਜਿਹੇ ਦਿਮਾਗ ਵਿੱਚ ਦੁਹਰਾਏ। ਸਾਡਾ ਕਾਲਜ ਖੁੱਲ੍ਹਾ ਬਹੁਤ ਹੈ। 15-20 ਕਿੱਲੇ, ਬਾਹਰ ਆਸੇ ਪਾਸੇ ਖੇਤ ਸੀ। ਜਦੋਂ ਮੈਂ ਸਟੇਜ 'ਤੇ ਚੜ੍ਹ ਕੇ ਬੋਲਿਆ ਕੰਧਾਂ ਦੇ ਉੱਪਰੋਂ ਦੀ ਪਾਰ ਖੇਤਾਂ 'ਚ ਅਵਾਜ਼ ਫੈਲ ਗਈ। ਫਿਰ ਉਸ ਤੋਂ ਬਾਅਦ ਮੈਨੂੰ ਕੰਮ ਮਿਲ ਗਿਆ। ਉਹ ਸਿਉਂਕ ਨਾਟਕ ਸੀ ਗੁਰਸ਼ਰਨ ਭਾਜੀ ਦਾ। ਬੇਰੁਜ਼ਗਾਰੀ ਬਾਰੇ। ਉਸ ਸਿਉਂਕ ਨਾਟਕ ਦੇ ਵਿੱਚ ਮੈਨੂੰ ਪਹਿਲਾ ਮੌਕਾ ਮਿਲਿਆ। ਫਿਰ ਇਕ ਹੋਰ ਬੰਦਾ ਸੀ ਕਰਮਜੀਤ ਭਲੂਰੀਆ। ਉਸ ਬੰਦੇ ਦੇ ਨਾਲ ਮੈਨੂੰ ਨਾਟਕ ਖੇਡਣ ਦਾ ਮੌਕਾ ਮਿਲ ਗਿਆ। ਅੱਗੇ ਫਿਰ ਸਿਲਸਿਲਾ ਚਲਦਾ ਰਿਹਾ ਇਸ ਕਿਸਮ ਦਾ।

ਸਵਾਲ: ਤੇ ਕਾਲਜ ਪੜ੍ਹਦਿਆਂ, ਉਸ ਤੋਂ ਬਾਅਦ ਨਾਟਕ ਕਰਨ ਲੱਗ ਪਏ।

ਜਵਾਬ: ਹਾਂ। ਉਸ ਤੋਂ ਬਾਅਦ ਫਿਰ ਇਹ ਹੋ ਗਿਆ ਕਿ ਕੋਟਕਪੂਰੇ ਵਿੱਚ ਇਕ ਟੀਮ ਬਣ ਗਈ ਨਾਟਕਾਂ ਦੀ। ਉਸ ਟੀਮ ਦੇ ਵਿੱਚ ਅਸੀਂ ਮੂਵ ਕਰਦੇ ਰਹਿੰਦੇ ਸੀ। ਕਦੇ ਨੁੱਕੜ ਨਾਟਕ ਕਰ ਲੈਣਾ, ਕਦੇ ਸਟੇਜ 'ਤੇ ਨਾਟਕ ਕਰ ਲੈਣਾ।

ਸਵਾਲ: ਕਿੰਨਾ ਕੁ ਚਿਰ ਤੁਸੀਂ ਉਸ ਟੀਮ ਦੇ ਨਾਲ ਨਾਟਕ ਕੀਤੇ ਉਥੇ?

ਜਵਾਬ: ਮੈਂ ਬੀ ਏ ਦੌਰਾਨ ਸਾਰਾ ਸਮਾਂ ਕਰਦਾ ਰਿਹਾ। ਔਰ ਉਸ ਤੋਂ ਬਾਅਦ ਇਕ ਦਿਨ ਮੈਂ ਨਾ (ਮੇਰੇ ਅੰਦਰ ਪਤਾ ਨਹੀਂ ਇਹ ਗੱਲਾਂ ਕੀ ਚੱਲਦੀਆਂ ਰਹੀਆਂ) ਭੰਗੀਆਂ ਵਾਲੇ ਪਾਸੇ ਗਿਆ। ਸੁਰਗਾਪੁਰੀ ਕੋਟਕਪੂਰੇ 'ਚ। ਭੰਗੀਆਂ ਦਾ ਵਿਹੜਾ ਉਹ, ਉਹਨਾਂ ਦੀ ਬਸਤੀ ਹੈ। ਉਥੇ ਮੈਂ ਗਿਆ ਤਾਂ ਮੈਂ ਦੇਖਿਆ ਬਈ ਉਹਨਾਂ ਦੇ ਚਿੱਕੜ ਭਾਉਲਾ ਬਹੁਤ ਸੀ, ਮੀਂਹ ਪੈ ਰਿਹਾ ਸੀ ਉਸ ਦਿਨ। ਬਹੁਤ ਹੀ ਚਿੱਕੜ ਭਾਉਲਾ ਤੇ ਐਂ ਬੋਅ ਮਾਰ ਰਹੀ ਸੀ, ਮੱਖੀਆਂ ਭਿਣਕੀ ਜਾਂਦੀਆਂ ਸਨ। ਮੇਰੇ ਦਿਮਾਗ 'ਚ ਆਇਆ ਯਾਰ ਐਥੇ ਨਾਟਕ ਕੀਤਾ ਜਾ ਸਕਦਾ ਹੈ। ਬਈ ਇਹ ਬੰਦੇ ਸਾਰੇ ਸ਼ਹਿਰ ਦਾ ਗੰਦ ਸਾਫ ਕਰਦੇ ਹਨ, ਆਪ ਕਿਹੋ ਜਿਹੇ ਹਾਲਤ ਵਿੱਚ, ਕਿਹੋ ਜਿਹੇ ਥਾਵਾਂ 'ਤੇ



ਰਹਿ ਰਹੇ ਹਨ।

ਮੈਂ ਆਪਦੇ ਨਾਲਦਿਆਂ ਨੂੰ ਕਿਹਾ ਆ ਕੇ। ਮੈਂ ਕਿਹਾ ਯਾਰ ਆਪਾਂ ਐਂ ਕਰਦੇ ਆਂ ਬਈ ਆਪਾਂ ਨਾਟਕ ਤਿਆਰ ਕਰਦੇ ਆਂ ਜਾਂ ਤਾਂ ਉਹਨਾਂ ਨੂੰ ਮਿਲ ਕੇ ਜਾਂ ਆਪਾਂ ਆਪਣੇ ਆਪ ਬਣਾਉਂਦੇ ਆਂ ਅਤੇ ਫਿਰ ਉਹਨਾਂ ਦੀ ਬਸਤੀ 'ਚ ਖੇਡ ਕੇ ਆਉਂਦੇ ਹਾਂ। ਉਹ ਮੁੰਡੇ ਮੁੱਕਰ ਗਏ। ਜ਼ਿਆਦਾ ਜੱਟਾਂ ਦੇ ਹੀ ਸਨ ਉਹਨਾਂ 'ਚੋਂ। ਹਾਲਾਂਕਿ ਉਹ ਵਧੀਆ ਸਨ। ਮੇਰੇ ਨਾਲ ਕਦੇ ਉਹਨਾਂ ਨੇ ਕਦੇ ਕੋਈ ਵਿਤਕਰੇਬਾਜ਼ੀ, ਜਾਤ ਦੇ ਆਧਾਰ 'ਤੇ ਜਾਂ ਕਦੇ ਐਂ ਨਹੀਂ ਸੀ ਕੀਤੀ। ਮੇਰੇ ਨਾਲ ਮੇਰੇ ਘਰ ਜਾਂਦੇ ਸੀ, ਰੋਟੀ ਪਾਣੀ ਖਾਂਦੇ ਸੀ, ਇਕੱਠੇ ਰਹਿੰਦੇ ਸੀ। ਪਰ ਪਤਾ ਨਹੀਂ ਕੀ ਹੋਇਆ ਕਿ ਉਥੇ ਕਹਿੰਦੇ ਨਹੀਂ ਯਾਰ ਸਾਡਾ ਤਾਂ ਬਾਪੂ ਕੁੱਟੂ ਆ ਕੇ। ਉਹ ਬੰਦੇ ਨਹੀਂ ਸੀ ਚਾਹੁੰਦੇ ਕਿ ਅਸੀਂ ਉਥੇ ਜਾਈਏ, ਨਾਟਕ ਕਰੀਏ। ਮੈਂ ਇਕ ਸਾਲ ਵਿਹਲਾ ਰਿਹਾ ਬੀ ਏ ਤੋਂ ਬਾਅਦ। ਮੈਂ ਕੋਸ਼ਿਸ਼ ਕਰਦਾ ਰਿਹਾ, 1990 'ਚ, ਕਿ ਮੈਂ ਆਪਦੀ ਟੀਮ ਬਣਾਵਾਂ ਤੇ ਇਹੋ ਜਿਹੀਆਂ ਥਾਂਵਾਂ 'ਤੇ ਜਾਵਾਂ, ਗਰੀਬ ਗੁਰਬੇ ਜਿੱਥੇ ਰਹਿ ਰਹੇ ਹੋਣ। ਪਰ ਉਹ ਟੀਮ ਨਹੀਂ ਬਣ ਸਕੀ। ਕਿਉਂਕਿ ਜਦੋਂ ਅਸੀਂ ਇਕੋ ਜਿਹੀ ਉਮਰ ਦੇ ਹੁੰਦੇ ਹਾਂ ਲੱਗਭਗ ਸਾਰੇ ਫਿਰ ਇਕੋ ਦੂਜੇ ਨੂੰ ਮਾਨਤਾ ਦੇਣੀ ਔਖੀ ਹੁੰਦੀ ਹੈ। ਇਕ ਸਾਲ ਵਿਹਲਾ ਰਹਿਣ ਤੋਂ ਬਾਅਦ ਕੁਝ ਨਹੀਂ ਬਣਿਆ। ਫਿਰ ਮੈਨੂੰ ਲੱਗਾ ਕਿ ਯਾਰ ਫਿਰ ਕੋਈ ਗੱਲ ਬਣੇਗੀ, ਅੱਗੇ ਪੜ੍ਹਨਾ ਚਾਹੀਦਾ। ਫਿਰ ਮੈਂ ਯੂਨੀਵਰਸਿਟੀ ਆ ਗਿਆ।

ਸਵਾਲ: ਅੱਛਾ ਦੋ ਗੱਲਾਂ। ਪਹਿਲੀ ਗੱਲ ਤਾਂ ਇਹ ਬਈ ਜਦੋਂ ਤੁਸੀਂ ਇਕ ਸਾਲ ਵਿਹਲੇ ਰਹੇ, ਉਸ ਵੇਲੇ ਮਨ ਦੇ ਵਿੱਚ ਇਹ ਖਿਆਲ ਨਹੀਂ ਆਇਆ ਕਿ ਬੀ ਏ ਕਰ ਲਈ ਹੈ ਕੋਈ ਰੁਜ਼ਗਾਰ ਲੱਭੀਏ, ਕੋਈ ਨੌਕਰੀ ਲੱਭੀਏ? ਜਾਂ ਮਨ 'ਚ ਸਿਰਫ ਇਹ ਹੀ ਰਿਹਾ ਕਿ ਨਾਟਕ ਹੀ ਕਰਨਾ ਹੈ।

ਜਵਾਬ: ਨਹੀਂ । ਉਸ ਟਾਇਮ ਖੇਤੀ ਚੱਲ ਰਹੀ ਸੀ ਮੇਰੀ ਠੇਕੇ 'ਤੇ।

ਸਵਾਲ: ਅੱਛਾ। ਖੇਤੀ ਕਰਦੇ ਸੀ। ਨੌਕਰੀ ਦੀ ਲੋੜ ਨਹੀਂ ਸੀ ਉਸ ਵੇਲੇ ਮਹਿਸੂਸ ਹੋ ਰਹੀ।

ਜਵਾਬ: ਦਿਮਾਗ 'ਚ ਹੀ ਨਹੀਂ ਆਇਆ ਸੱਚੀਂ। ਪਤਾ ਨਹੀਂ ਕਿਉਂ। ਜਾਂ ਤਾਂ ਮੇਰਾ ਖੇਤੀ ਵਲ ਜ਼ਿਆਦਾ ਧਿਆਨ ਰਿਹਾ ਹੋਏਗਾ। ਇਕ ਮੇਰਾ ਭਰਾ ਹੈ ਉਹਦਾ ਨਾਂ ਮੰਦਰ ਹੈ। ਬਾਈ ਜੀ ਤਾਂ ਮੇਰੇ ਪੀ ਡਬਲਿਊ ਡੀ 'ਚ ਬੇਲਦਾਰ ਸੀਗੇ ਉਹਨਾਂ ਟਾਇਮਾਂ 'ਚ। ਹੁਣ ਰਿਟਾਇਰ ਹੋ ਗਏ ਹਨ। ਉਹਨਾਂ (ਭਰਾ) ਨੇ ਨਾ ਛੋਟੀ ਜਿਹੀ ਇਕ ਦੁਕਾਨ ਪਾ ਲਈ ਸੀ। ਦੁਕਾਨ ਕੀ ਇਕ ਤੰਬੂ ਲਾ ਲਿਆ ਸੀ ਚਾਹ ਵਾਲਾ। ਨਹਿਰ ਦੇ ਕੰਢੇ 'ਤੇ, ਸਾਡੇ ਪਿੰਡ ਢਿੱਲਵਾਂ ਕਲਾਂ ਇਕ ਨਹਿਰ ਹੈ। ਮੈਂ ਵੀ ਉੱਥੇ ਵਿੱਚ ਵਿੱਚ ਕਈ ਵਾਰ ਚਲਾ ਜਾਂਦਾ ਸੀ। ਸ਼ਾਮ ਸ਼ੂਮ ਨੂੰ, ਜਾ ਕੇ ਬਹਿ ਜਾਣਾ ਜਾਂ ਛੁੱਟੀ ਵਾਲੇ ਦਿਨ ਜਾ ਕੇ ਬਹਿ ਜਾਣਾ। ਉੱਥੇ ਚਾਹ ਚੂਹ ਬਣਾਉਂਦੇ ਰਹਿਣਾ। ਕਾਲਜ ਵਾਲੇ ਮੁੰਡੇ ਵੀ ਆ ਜਾਂਦੇ ਸੀ ਉੱਥੇ। ਮੈਂ ਕਾਲਜ ਦੇ ਦੌਰਾਨ ਦਿਹਾੜੀ ਵੀ ਜਾਂਦਾ ਰਿਹਾ, ਕਣਕ ਵੱਢਣ ਵੀ ਜਾਂਦਾ ਰਿਹਾ, ਇੱਥੋਂ ਤੱਕ ਕਿ ਮੈਂ ਕੋਟ ਕਪੂਰੇ ਲੇਬਰ ਚੌਂਕ 'ਚ ਵੀ ਖੜ੍ਹਾ ਹੁੰਦਾ ਸੀ। ਤੇ ਕਾਲਜ ਦੇ ਮੁੰਡੇ ਕੁੜੀਆਂ ਨੇ ਕਈ ਵਾਰ ਉੱਥੇ ਆ ਜਾਣਾ ਲੇਬਰ ਚੌਂਕ 'ਚ। ਮੈਨੂੰ ਚਾਹ ਪਾਣੀ ਪਿਆ ਕੇ ਜਾਣਾ। ਹੀਣ ਭਾਵਨਾ 'ਚ ਨਹੀਂ ਮੈਂ ਰਿਹਾ ਕਦੇ।

ਸਵਾਲ: ਮੈਂ ਇਹ ਹੀ ਸਵਾਲ ਪੁੱਛਣਾ ਚਾਹੁੰਦਾ ਸੀ, ਕਿਉਂਕਿ ਆਮ ਤੌਰ 'ਤੇ ਜਿਹੜੀ ਸਾਡੀ ਪੜ੍ਹਾਈ ਹੈ, ਉਹ ਪੜ੍ਹਨ ਵਾਲੇ ਦੇ ਅੰਦਰ ਇਕ ਕਿਸਮ ਦੀ ਕੰਮ ਤੋਂ ਨਫਰਤ ਪੈਦਾ ਕਰ ਦਿੰਦੀ ਹੈ, ਖਾਸ ਕਰਕੇ ਜਦੋਂ ਬੰਦਾ ਬੀ ਏ ਕਰ ਲੈਂਦਾ ਹੈ। ਆਮ ਕੰਮ ਤੋਂ ਜਿਵੇਂ ਤੁਸੀਂ ਚਾਹ ਦੀ ਦੁਕਾਨ 'ਤੇ ਕੰਮ ਕਰਦੇ ਸੀ। ਇਸ ਤਰ੍ਹਾਂ ਦਾ ਕੰਮ ਕਰਦਾ ਬੰਦਾ ਆਪਣੀ ਬੇਇਜ਼ਤੀ ਮਹਿਸੂਸ ਕਰਨ ਲੱਗ ਪੈਂਦਾ। ਤੁਹਾਨੂੰ ਇਸ ਕਿਸਮ ਦਾ ਕੁਝ ਮਹਿਸੂਸ ਨਹੀਂ ਹੋਇਆ...

ਜਵਾਬ: ਨਹੀਂ ਮੇਰੇ ਨਹੀਂ ਅੰਦਰ ਇਹ ਆਇਆ। ਪਤਾ ਨਹੀਂ ਕਿਵੇਂ, ਇਹ ਕਿੱਥੋਂ ਆਈਆਂ ਚੀਜ਼ਾਂ। ਸ਼ਾਇਦ ਜਾਂ ਤਾਂ ਪਿੱਛੋਂ ਕਿਤੇ ਉਹ ਹੀ ਚੀਜ਼ਾਂ ਹਨ ਥੋੜ੍ਹੀਆਂ ਬਹੁਤੀਆਂ। ਇਕ ਤਾਂ ਮੈਨੂੰ ਲੱਗਦਾ ਹੁਣ ਜਦੋਂ ਚੀਜ਼ਾਂ ਨੂੰ ਮੁੜ ਕੇ ਦੇਖਦਾ ਹਾਂ, ਇਕ ਤਾਂ ਬਾਬੇ ਨਾਨਕ ਦਾ ਸਿਧਾਂਤ ਸੀ ਕਿਰਤ ਵਾਲਾ। ਕਿਉਂਕਿ ਪਿੰਡਾਂ ਦੇ ਵਿੱਚ ਜਿਹੜੇ ਜ਼ਿਆਦਾਤਰ ਲੋਕ ਹਨ, ਉਹ ਸਿੱਖ ਧਰਮ ਨਾਲ ਹੀ ਸੰਬੰਧਤ ਹੈਗੇ ਹਨ। ਜੇ ਨਹੀਂ ਵੀ ਤਾਂ ਵੀ ਉਹ ਉਸ ਨੂੰ ਮੰਨਦੇ ਜ਼ਰੂਰ ਹਨ। ਤੇ ਉਹ ਕਿਰਤ ਵਾਲਾ ਸਿਧਾਂਤ ਸੀ। ਤੇ ਦੂਜਾ ਮੇਰਾ ਖਿਆਲ ਜਿਹੜੇ ਇਨਕਲਾਬੀ ਵਿਚਾਰਧਾਰਾ ਦੇ ਲੋਕ ਸਨ, ਉਹਨਾਂ ਦਾ ਅਸਰ ਸੀ। ਕਿਉਂਕਿ ਕਾਮਰੇਡਾਂ ਦੇ ਵਿੱਚ ਉਸ ਕਿਸਮ ਦਾ ਕੋਈ ਮੱਤਭੇਦ ਹੈ ਨਹੀਂ ਸੀ, ਮਜ਼ਦੂਰ ਅਤੇ ਕਿਸਾਨ ਦਾ। ਕਿਤੇ ਨਾ ਕਿਤੇ ਇਕ ਦੂਜੇ ਦੀ ਰਿਸਪੈਕਟ ਜਿਹੀ ਹੈ ਸੀ।

ਸਵਾਲ: ਉਦੋਂ ਤੁਹਾਡਾ ਕਾਮਰੇਡਾਂ ਨਾਲ ਜਾਂ ਉਸ ਕਿਸਮ ਦੇ ਹੋਰ ਲੋਕਾਂ ਨਾਲ ਸੰਬੰਧ ਸੀ...

ਜਵਾਬ: ਨਹੀਂ ਸੰਬੰਧ ਕੋਈ ਨਹੀਂ ਸੀ।

ਸਵਾਲ: ਤੁਸੀਂ ਸਿਰਫ ਉਦਾਂ ਉਹਨਾਂ ਨੂੰ ਵਿਚਰਦਿਆਂ ਦੇਖਿਆ ਸੀ?

ਜਵਾਬ: ਹਾਂ ਦੇਖੇ ਸੀ ਅਤੇ ਐਂ ਸਮਝਦਾ ਸੀ ਕਿ ਇਹ ਚੰਗੇ ਬੰਦੇ ਹੁੰਦੇ ਹਨ।

ਸਵਾਲ: ਦੂਸਰੀ ਗੱਲ, ਜਿਹੜੀ ਤੁਸੀਂ ਪਹਿਲਾਂ ਗੱਲ ਕਰਦੇ ਸੀ, ਤੁਸੀਂ ਕਹਿੰਦੇ ਸੀ ਕਿ ਮੇਰਾ ਪੜ੍ਹਨ ਨੂੰ ਬਿਲਕੁਲ ਜੀਅ ਨਹੀਂ ਸੀ ਕਰਦਾ। ਬਾਅਦ ਦੇ ਵਿੱਚ ਤੁਸੀਂ ਕਿਹਾ ਕਿ ਤੁਹਾਨੂੰ ਲੱਗਾ ਜੇ ਮੈਂ ਨਾਟਕ ਕਰਨੇ ਹਨ ਤਾਂ ਮੇਰੇ ਲਈ ਪੜ੍ਹਨਾ ਜ਼ਰੂਰੀ ਹੈ। ਇਹ ਜਿਹੜਾ ਅਹਿਸਾਸ ਹੈ, ਜਿਹੜੀ ਤੁਹਾਡੇ ਅੰਦਰ ਇਹ ਤਬਦੀਲੀ ਹੋਈ ਬਈ ਪਹਿਲਾਂ ਤੁਸੀਂ ਪੜ੍ਹਨਾ ਨਹੀਂ ਚਾਹੁੰਦੇ ਸੀ, ਫਿਰ ਤੁਹਾਨੂੰ ਲੱਗਾ ਕਿ ਨਾਟਕ ਕਰਨ ਲਈ ਪੜ੍ਹਨਾ ਜ਼ਰੂਰੀ ਹੈ, ਇਹ ਤੁਹਾਨੂੰ ਕਿੱਥੋਂ ਮਹਿਸੂਸ ਹੋਇਆ?

ਜਵਾਬ: ਮੈਨੂੰ ਇਹ ਲੱਗਾ ਕਿ ਸਮਾਜ ਦੇ ਵਿੱਚ ਨਾ ਜਿੱਡਾ ਮਰਜ਼ੀ ਬੰਦਾ ਚੰਗਾ ਹੈ ਜਿਵੇਂ ਹੁਣ ਦਿਹਾੜੀ ਕਰਨ ਵਾਲਾ ਹੈ, ਥੋੜ੍ਹਾ ਪੜ੍ਹਿਆ ਲਿਖਿਆ ਨਹੀਂ ਹੈ। ਸਾਡੇ ਹਿੰਦੁਸਤਾਨ ਦੇ ਸਮਾਜ 'ਚ ਅਜੇ ਅਸੀਂ ਇਹ ਗੱਲ ਨਹੀਂ ਪੈਦਾ ਕਰ ਸਕੇ ਕਿ ਜਿਹੜਾ ਕਿਰਤ ਕਰਨ ਵਾਲਾ ਹੈ ਉਹ ਸਭ ਤੋਂ ਮਹਾਨ ਹੁੰਦਾ ਹੈ, ਭਵਾਂ ਉਹਦੇ ਕੋਲ ਕੋਈ ਅੱਖਰ ਗਿਆਨ ਹੈ ਜਾਂ ਨਹੀਂ। ਮੈਨੂੰ ਅੱਜ ਇਹ ਗੱਲ ਮਹਿਸੂਸ ਹੁੰਦੀ ਹੈ। ਵੈਸੇ ਵੀ ਤੁਸੀਂ ਦੇਖੋਗੇ ਆਮ ਜ਼ਿੰਦਗੀ 'ਚ ਕਿ ਜੇ ਕੋਈ ਬੰਦਾ ਚਾਰ ਪੜ੍ਹਿਆ ਹੋਇਆ ਹੈ ਤਾਂ ਉਹਦੀ ਗੱਲ ਨੂੰ ਕੁਝ ਤੁਸੀਂ ਕੁਝ ਵੱਧ ਮਹਾਨਤਾ ਦੇਣ ਲੱਗੇ ਜਾਂਦੇ ਹੋ ਬਈ ਇਹ ਤਾਂ ਬਹੁਤ ਹੀ ਮਹਾਨ ਹੈ। ਉਹਨੂੰ ਸਲਾਮ ਵੱਧ ਕਰਦੇ ਹੋ। ਜਿਵੇਂ ਮੈਂ ਹੁਣ ਪੜ੍ਹਨਾ ਨਹੀਂ ਸੀ ਚਾਹ ਰਿਹਾ ਤੇ ਉਸ ਕਿਸਮ ਦੀ ਮਾਨਤਾ ਹੀ ਨਹੀਂ ਸੀ ਦੇ ਰਹੇ ਲੋਕ। ਮਾਨਤਾ ਹੀ ਨਹੀਂ ਸੀ ਮਿਲ ਪਾ ਰਹੀ। ਨਾ ਤਾਂ ਦਸਵੀਂ ਤੱਕ ਮਿਲ ਪਾ ਰਹੀ ਸੀ। ਸਭ ਤੋਂ ਵੱਡਾ ਝਟਕਾ ਤਾਂ ਮੈਨੂੰ ਇੱਥੇ ਹੀ ਲੱਗ ਗਿਆ ਨਾ ਕਿ ਮੈਂ ਭੰਗੀਆਂ ਦੇ ਵਿਹੜੇ 'ਚ ਜਾਣਾ ਚਾਹੁੰਦਾ ਹਾਂ ਤੇ ਮੇਰਾ ਕੋਈ ਸਾਥ ਹੀ ਨਹੀਂ ਦੇ ਰਿਹਾ। ਇੱਥੇ ਮੈਨੂੰ ਬਹੁਤ ਵੱਡਾ ਝਟਕਾ ਲੱਗ ਗਿਆ। ਫਿਰ ਮੈਨੂੰ ਲੱਗਾ ਕਿ ਜੇ ਮੈਂ ਅੱਗੇ ਪੜ੍ਹਿਆ, ਤਾਂ ਕੀ ਆ ਕਿ ਇੱਥੋਂ ਦੇ ਲੋਕ ਇਹ ਸਮਝਣ, ਜਾਂ ਬਾਕੀ ਲੋਕ ਮੇਰਾ ਸਾਥ ਦੇ ਦੇਣ ਬਈ ਨਹੀਂ ਯਾਰ ਪੜ੍ਹ ਲਿਖ ਆਇਆ, ਇਹਨੂੰ ਪਤਾ ਬਈ ਕਿੱਦਾਂ ਚੀਜ਼ਾਂ ਕਰਨੀਆ ਹਨ। ਫਿਰ ਮੇਰਾ ਮਨ ਬਦਲਿਆ ਤੇ ਫਿਰ ਮੈਂ ਯੂਨੀਵਰਸਿਟੀ ਚਲਾ ਗਿਆ। ਆਪਣੀ ਮਾਂ ਦੀ ਮੈਂ ਰਿੰਗ ਵੇਚ ਕੇ ਗਿਆ। ਹੈ ਨਹੀਂ ਸੀ ਕੋਈ ਪੈਸਾ ਧੇਲਾ।

ਸਵਾਲ: ਤੇ ਤੁਸੀਂ ਪਹਿਲਾਂ ਸਿਉਂਕ ਦਾ ਨਾਂ ਲਿਆ ਜਿਸ ਨਾਟਕ ਤੋਂ ਤੁਸੀਂ ਸ਼ੁਰੂ ਕੀਤਾ। ਸੋ ਜਿੰਨਾ ਚਿਰ ਤੁਸੀਂ ਕੋਟਕਪੂਰੇ ਕਾਲਜ ਦੇ ਵਿੱਚ ਰਹੇ ਹੋ, ਜਿਹੜੇ ਤੁਸੀਂ ਨੁੱਕੜ ਨਾਟਕ ਕਰਦੇ ਰਹੇ ਹੋ, ਉਹ ਕਿਹੜੇ ਨਾਟਕ ਹੁੰਦੇ ਸਨ? ਕਿਸ ਕਿਸਮ ਦੇ ਨਾਟਕ ਕਰਦੇ ਸੀ ਉਦੋਂ ਤੁਸੀਂ?

ਜਵਾਬ: ਉਹਨਾਂ ਟਾਇਮਾਂ 'ਚ ਪਾਲੀ ਭੁਪਿੰਦਰ ਜ਼ਿਆਦਾ ਫੈਸਟੀਵਲਾਂ ਦੇ ਨਾਟਕ ਕਰਦਾ ਸੀ ਜਾਂ ਉਹਦੇ ਆਪਦੇ ਵੀ ਨਾਟਕ ਸੀਗੇ, ਡਾ: ਆਤਮਜੀਤ ਦੇ ਵੀ ਨਾਟਕ ਸੀਗੇ, ਦਮਨ ਦਾ ਪਲੇਅ ਵੀ ਉਹਨਾਂ ਟਾਇਮਾਂ 'ਚ ਖੇਡਿਆ ਗਿਆ। ਉਹ ਨਾਟਕ ਕੋਈ ਸਿੱਧੇ ਤੌਰ 'ਤੇ ਕਿਸੇ ਇਨਕਲਾਬੀ ਵਿਚਾਰਧਾਰਾ ਦੇ ਨਾਟਕ ਨਹੀਂ ਸਨ। ਉਹ ਜਿਵੇਂ ਕੋਈ ਰੰਗਮੰਚ ਦੀ ਇਕ ਵਿਧਾ ਹੈਗੀ ਹੈ, ਕਿ ਉਹਨਾਂ ਵਿੱਚ ਥੋੜ੍ਹਾ ਜਿਹਾ ਕਲਾ ਨਾਲ ਜਾਂ ਉਹਨਾਂ ਦੇ ਵਿਸ਼ੇ ਆਮ ਸਮਾਜ ਲਈ ਹੁੰਦੇ ਸੀ। ਪਰ ਕੋਈ ਰੈਵੋਲੂਸ਼ਨਰੀ ਜਾਂ ਇਸ ਕਿਸਮ ਦੇ ਨਹੀਂ ਸੀ ਉਹ ਨਾਟਕ।

ਸਵਾਲ: ਸੁਧਾਰਕ, ਸਮਾਜਕ ਮਸਲਿਆਂ ਬਾਰੇ।

ਜਵਾਬ: ਬੱਸ ਇਸ ਕਿਸਮ ਦੇ ਸੀਗੇ। ਵਿਰੋਧ 'ਚ ਨਹੀਂ ਸੀ ਕਿਸੇ ਦੇ ਵੀ ਐਂ ਕਿਸੇ ਦੇ ਜਾਂਦੇ ਹੋਣ। ਕਿਸੇ ਖਾਸ ਧਿਰ ਦੇ ਹੱਕ 'ਚ ਭੁਗਤਦੇ ਹੋਣ। ਉਹ ਨਹੀਂ ਸੀ।

ਸਵਾਲ: ਫਿਰ ਜਦੋਂ ਤੁਸੀਂ ਪੰਜਾਬੀ ਯੂਨੀਵਰਸਿਟੀ ਪਟਿਆਲੇ ਆ ਗਏ, ਉਥੇ ਆ ਕੇ ਤੁਸੀਂ ਕੀ ਪੜ੍ਹਨਾ ਸ਼ੁਰੂ ਕੀਤਾ?

ਜਵਾਬ: ਇੱਥੇ ਮੇਰਾ ਸੰਬੰਧ ਥੋੜ੍ਹਾ ਥੋੜ੍ਹਾ ਇਨਕਲਾਬੀ ਵਿਚਾਰਧਾਰਾ ਦੇ ਬੰਦਿਆਂ ਨਾਲ ਬਣ ਗਿਆ, ਥੋੜ੍ਹਾ ਬਹੁਤਾ। ਇਕ ਤਾਂ ਮੇਰਾ ਦੋਸਤ ਸੀ ਇੱਥੇ ਬਲਰਾਮ। ਉਹ ਪਹਿਲਾਂ ਸੀ ਪੀ ਆਈ ਵਿੱਚ ਰਿਹਾ ਸੀ। ਪਰ ਉਹ ਨਿਰਾਸ਼ ਜਿਹਾ ਹੋ ਗਿਆ ਸੀ। ਪਰ ਫਿਰ ਵੀ ਉਹਦੇ 'ਚੋਂ ਇਨਕਲਾਬੀ ਤੱਤ ਤਾਂ ਝਲਕਦਾ ਹੀ ਸੀ, ਸਾਰੀਆਂ ਗੱਲਾਂਬਾਤਾਂ 'ਚੋਂ। ਇਕ ਦੋ ਬੰਦੇ ਹੋਰ ਵੀ ਸੀ ਆਸੇ ਪਾਸੇ। ਮਾਹੌਲ ਇਸ ਤਰ੍ਹਾਂ ਦਾ ਸੀਗਾ। ਇੱਥੇ ਮੈਨੂੰ ਚੀਜ਼ਾਂ ਨੂੰ ਪੜ੍ਹਨ ਲਿਖਣ ਦਾ ਥੋੜ੍ਹਾ ਜਿਹਾ ਹੋਰ ਵੱਧ ਮੌਕਾ ਮਿਲ ਗਿਆ। ਪਰ ਜਿਹੜੀ ਇੱਥੋਂ ਦੀ ਯੂਨੀਵਰਸਿਟੀ ਦੀ ਪੜ੍ਹਾਈ ਸੀ, ਉਹਨੇ ਮੈਨੂੰ ਥੋੜ੍ਹਾ ਜਿਹਾ ਤੋੜ ਦਿੱਤਾ ਉਸ ਪਾਸਿਓਂ ਜਿਸ ਪਾਸੇ ਮੈਂ ਜਾਣਾ ਚਾਹੁੰਦਾ ਸੀ। ਜਿਹੜੀ ਮੈਂ ਕੋਈ ਸਮਾਜਕ ਤਬਦੀਲੀ ਵਾਲੀ ਗੱਲ ਕਰਨਾ ਚਾਹੁੰਦਾ ਸੀ, ਮੈਂ ਭੰਗੀਆਂ ਦੇ ਵਿਹੜੇ 'ਚ ਜਾਣਾ ਚਾਹੁੰਦਾ ਸੀ, ਮੈਂ ਗਰੀਬਾਂ ਲਈ ਨਾਟਕ ਕਰਨਾ ਚਾਹੁੰਦਾ ਸੀ, ਉਹ ਮੇਰੀ ਗੱਲ ਪਿੱਛੇ ਰਹਿ ਗਈ ਕਿਤੇ। ਤੇ ਮੇਰੇ ਅੰਦਰ ਜਿਹੜੀ ਚੀਜ਼ ਪੈਦਾ ਹੋ ਗਈ, ਉਹ ਸੀ ਕਿ ਵੱਡੇ ਵੱਡੇ ਨਾਟਕ

ਕਰੋ, ਉਹਦੇ ਵਿੱਚ ਐਕਟਿੰਗ ਕਰੋ ਤੇ ਤੁਹਾਡਾ ਪਤਾ ਲੱਗੇ ਬਈ ਹਾਂ ਬਈ ਤੁਸੀਂ ਰੰਗਮੰਚ ਦੀ ਸਮਝ ਰੱਖਣ ਵਾਲੇ ਹੋ, ਮਤਲਬ ਕਿ ਚੰਗੇ ਐਕਟਰ ਹੋ।

ਸਵਾਲ: ਤੁਸੀਂ ਸਥਾਪਤ ਹੋਣਾ ਚਾਹੁੰਦੇ ਸੀ...

ਜਵਾਬ: ਬੱਸ ਇਸ ਕਿਸਮ ਦੀ ਗੱਲ ਸੀ। ਬੰਦਾ ਇੰਡਿਵਿਜੁਅਲ ਨਹੀਂ ਹੋ ਜਾਂਦਾ ਐਵੇਂ ਨਿੱਜੀ ਜਿਹਾ, ਮੈਂ ਓਧਰ ਨੂੰ ਵੱਧ ਹੋ ਗਿਆ ਸੀ। ਪਰ ਇਹ ਸਾਰੇ ਕਰਦੇ ਕਰਦਿਆਂ ਅਯੁਧਿਆ ਦੀ ਘਟਨਾ ਵਾਪਰ ਗਈ, ਮਸਜਿਦ ਢਾਹੀ ਗਈ ਉੱਥੇ। ਮੇਰਾ ਦੋਸਤ ਬਲਰਾਮ, ਭਵਾਂ ਕਾਮਰੇਡਾਂ ਤੋਂ ਨਿਰਾਸ਼ ਹੋ ਗਿਆ ਸੀ ਪਰ ਮਨੁੱਖਤਾ ਵਾਲੀਆਂ ਚੀਜ਼ਾਂ ਬਹੁਤ ਸੋਹਣੀਆਂ ਸਨ ਉਹਦੇ ਅੰਦਰ। ਉਹ ਮੈਨੂੰ ਕਹਿੰਦਾ ਯਾਰ ਸੈਮੂਅਲ ਆਪਾਂ ਕਰਨਾ ਇਹ ਹੈ ਕਿ ਆਪਾਂ ਨਾਟਕ ਲੈ ਕੇ ਜਾਣਾ। ਯਾਰ ਜੇ ਕਿਸੇ ਦਾ ਵੀ ਕੋਈ ਵੀ ਭਗਵਾਨ ਹੈ, ਮੰਨ ਲਉ ਜੇ ਹੈਗਾ ਤਾਂ, ਉਹ ਤਾਂ ਕਣ ਕਣ 'ਚ ਹੈ। ਇਹ ਤਾਂ ਹੈ ਨਹੀਂ ਕਿ ਤੁਸੀਂ ਕਿਸੇ ਦੀ ਮਸਜਿਦ ਢਾਹ ਦਿਉਗੇ ਜਾਂ ਤੁਸੀਂ ਕਿਸੇ ਦਾ ਕੋਈ ਮੰਦਰ ਢਾਹ ਦਿਉਗੇ, ਤੇ ਉੱਥੋਂ ਤੁਸੀਂ ਆਪਣੇ ਭਗਵਾਨ ਨੂੰ ਹਾਸਲ ਕਰ ਲਉਗੇ। ਇਹੋ ਜਿਹੀਆਂ ਗੱਲਾਂ ਉਹ ਕਰਦਾ ਹੁੰਦਾ ਸੀ। ਕਹਿੰਦਾ ਨਹੀਂ ਯਾਰ ਉਹ ਤਾਂ ਹਵਾ 'ਚ ਹੈ, ਉਹ ਕੁਦਰਤ ਦੇ ਵਿੱਚ ਹੈ ਇਹ ਚੀਜ਼ਾਂ ਸੀਗੀਆਂ। ਤੇ ਮਸਜਦ ਢਾਹੁਣ ਦੀ ਗੱਲ ਸਾਨੂੰ ਬੁਰੀ ਲੱਗੀ ਬਈ ਮਸਜਿਦ ਨਹੀਂ ਢਾਹੁਣੀ ਚਾਹੀਦੀ ਸੀ। ਅਸੀਂ ਫਿਰ ਇਕ ਨਾਟਕ ਲਿਖਿਆ ਸੀ। ਬਲਰਾਮ ਨੇ ਹੀ ਲਿਖਿਆ। ਉਹ ਹਿੰਦੁਸਤਾਨੀ ਦੇ ਵਿੱਚ ਸੀ। ਉਹ ਨਾਟਕ ਫਿਰ ਅਸੀਂ ਅਯੁੱਧਿਆ ਦੇ ਵਿੱਚ ਕਰਨ ਗਏ। ਉਦੂੰ ਬਾਅਦ ਫੇਰ ਕਿਤੇ ਮੇਰੇ 'ਚ ਚੀਜ਼ਾਂ ਡਿਵੈਲਪ ਹੋਣੀਆਂ ਸ਼ੁਰੂ ਹੋਈਆਂ।

ਸਵਾਲ: ਅੱਛਾ ਤੁਸੀਂ ਨਾਟਕ ਪੰਜਾਬ ਬੈਠਿਆਂ ਨੇ ਲਿਖਿਆ ਤੇ ਤੁਸੀਂ ਉਸ ਨੂੰ ਅਯੁੱਧਿਆ ਕਰਨ ਗਏ?

ਜਵਾਬ: ਅਯੁੱਧਿਆ ਕਰਨ ਗਏ ਪੰਜ ਸੱਤ ਜਣੇ। ਲੋਕਾਂ ਤੋਂ ਪੈਸੇ ਇਕੱਠੇ ਕਰ ਕੇ ਲੈ ਕੇ ਗਏ। ਫਿਰ ਉੱਥੇ ਜਾ ਕੇ ਅਸੀਂ ਨਾਟਕ ਖੇਡਿਆ। ਫਿਰ ਅਸੀਂ ਕਪੂਰਥਲੇ ਵੀ ਖੇਡਿਆ। ਪੰਜਾਬ ਦੇ ਵਿੱਚ ਵੀ ਕੁਝ ਕੁ ਥਾਂਵਾਂ 'ਤੇ ਖੇਡਿਆ।

ਸਵਾਲ: ਨਾਟਕ ਦਾ ਨਾਂ ਕੀ ਸੀ?

ਜਵਾਬ: ਨਾਟਕ ਦਾ ਨਾਮ ਸੀ... ਨਾਟਕ ਦਾ ਨਾਮ ਮੈਨੂੰ ਯਾਦ ਨਹੀਂ ਆ ਰਿਹਾ।

ਸਵਾਲ: ਅੱਛਾ ਚਲੋ। ਤੁਸੀਂ ਅਯੁੱਧਿਆ ਜਾ ਕੇ ਕੀ ਕੀਤਾ। ਕੀ ਉੱਥੇ ਕੋਈ ਸੰਸਥਾਂ ਸੀ ਜਾਂ ਕੋਈ ਥਾਂ ਸੀ ਜਿੱਥੇ ਨਾਟਕ ਹੋ ਰਹੇ ਸਨ, ਜਿੱਥੇ ਜਾ ਕੇ ਤੁਸੀਂ ਹਿੱਸਾ ਲਿਆ ਜਾਂ ਉਦਾਂ ਹੀ ਕਰਨ ਚਲੇ ਗਏ?

ਜਵਾਬ: ਨਹੀਂ ਨਹੀਂ ਆਪਣੇ ਆਪ...

ਸਵਾਲ: ਉੱਥੇ ਜਾ ਕੇ ਕੀ ਕੀਤਾ, ਕਿਹਨਾਂ ਨੂੰ ਮਿਲੇ, ਕਿੱਥੇ ਨਾਟਕ ਕੀਤਾ?

ਜਵਾਬ: ਉੱਥੇ ਸਾਡਾ ਕੋਈ ਪ੍ਰਬੰਧਕ ਵੀ ਹੈ ਨਹੀਂ ਸੀ। ਇਹ ਜਿਹੜਾ ਮਿੱਤਰ ਮੇਰਾ ਬਲਰਾਮ ਸੀ, ਬੱਸ ਸਾਨੂੰ ਲੈ ਕੇ ਚਲੇ ਗਿਆ। ਕਹਿੰਦਾ ਬਈ ਚਲੋ। ਜਦੋਂ ਉੱਥੇ ਗਏ ਅਸੀ ਉੱਥੇ ਸਰਜੂ ਨਦੀ 'ਤੇ। ਉਹਨੀ ਦਿਨੀ ਅਰਜਨ ਸਿੰਘ ਆਇਆ। ਮੰਤਰੀ ਸੀ। ਨੇਤਾ ਜੀ ਅਰਜਨ ਸਿੰਘ। ਸਿਤਾਰਾ ਦੇਵੀ ਵੀ। ਉੱਥੇ ਕਲਾਕਾਰਾਂ ਦਾ ਇਕ ਹਜੂਮ ਹੀ ਇਕੱਠਾ ਹੋਇਆ ਹੋਇਆ ਸੀ ਕਿ ਸਦਭਾਵਨਾ ਕਾਇਮ ਕੀਤੀ ਜਾਵੇ ਸਾਰੇ ਭਾਈਚਾਰੇ 'ਚ। ਉਹਦੇ ਕਰਕੇ ਇਕੱਠੇ ਹੋਏ ਸੀ। ਸਾਡਾ ਉਸ ਕਿਸਮ ਦਾ ਲਿੰਕ ਤਾਂ ਹੈ ਨਹੀਂ ਸੀ ਕਿਸੇ ਨਾਲ। ਉਹ ਬਲਰਾਮ ਦੀ ਹੀ ਸੀ ਮਾੜੀ ਮੋਟੀ ਜਾਣ ਪਛਾਣ। ਅਸੀਂ ਜਾ ਕੇ ਉੱਥੇ ਨਾਟਕ ਖੇਡਣਾ ਸੀ, ਆਪਣੇ ਲੈਵਲ 'ਤੇ। ਉੱਥੇ ਸ਼ਾਇਦ ਫਿਰ ਗੋਲੀ ਗਾਲੀ ਚੱਲ ਗਈ। ਪਤਾ ਨਹੀਂ ਕਿਵੇਂ ਭੱਜਦੜ ਪੈ ਗਈ। ਅਸੀਂ ਫਿਰ ਵਾਪਸ ਆ ਗਏ। ਫਿਰ ਦਿੱਲੀ ਆ ਕੇ ਉਹ ਨਾਟਕ ਖੇਡਿਆ। ਲਾਲ ਕਿਲੇ 'ਚ। ਫਿਰ ਇੱਥੇ ਪੰਜਾਬ ਦੇ ਵਿੱਚ ਵੀ ਵੱਖ ਵੱਖ ਥਾਂਵਾਂ 'ਤੇ।

ਸਵਾਲ: ਤੇ ਯੂਨੀਵਰਸਿਟੀ ਦੇ ਵਿੱਚ ਪੜ੍ਹਾਈ ਦੇ ਦੌਰਾਨ... ਤੁਸੀਂ ਕਹਿੰਦੇ ਹੋ ਕਿ ਯੂਨੀਵਰਸਿਟੀ ਦੀ ਪੜ੍ਹਾਈ ਨੇ ਤੁਹਾਨੂੰ ਉਸ ਨਾਲੋਂ ਤੋੜ ਦਿੱਤਾ ਜਿਸ ਕਿਸਮ ਦੇ ਨਾਟਕ ਤੁਸੀਂ ਕਰਨਾ ਚਾਹੁੰਦੇ ਸੀ। ਕੀ ਪੜ੍ਹਾਉਂਦੇ ਸੀ, ਜਿਸ ਨਾਲ ਇਹ ਰਿਸ਼ਤਾ ਟੁੱਟ ਗਿਆ? ਯੂਨੀਵਰਸਿਟੀ ਦੇ ਵਿੱਚ ਤੁਹਾਨੂੰ ਕੀ ਪੜ੍ਹਾਇਆ ਜਾਂਦਾ ਸੀ? ਨਾਟਕ ਦੇ ਨਾਲ ਕਿੰਨਾ ਕੁ ਜੋੜਿਆ ਕਿੰਨਾ ਕੁ ਤੋੜਿਆ ਉਸ ਪੜ੍ਹਾਈ ਨੇ ਤੁਹਾਨੂੰ?

ਜਵਾਬ: ਉਹਦੇ 'ਚ ਇਹ ਹੈ ਕਿ ਯੂਨੀਵਰਸਿਟੀ ਦੇ ਵਿੱਚ ਮੰਨ ਲਉ ਸਾਨੂੰ ਥਿਏਟਰ ਦੀ ਹਿਸਟਰੀ ਪੜ੍ਹਾਈ ਜਾਂਦੀ ਹੈ, ਸਾਨੂੰ ਐਕਟਿੰਗ ਦੀ ਥਿਊਰੀ ਪੜ੍ਹਾਈ ਜਾਂਦੀ ਹੈ, ਸਾਨੂੰ ਸਟੇਜ ਕਰਾਫਟ ਪੜ੍ਹਾਇਆ ਜਾਂਦਾ ਹੈ, ਇਹ ਚੀਜ਼ਾਂ ਪੜ੍ਹਾਈਆਂ ਜਾਂਦੀਆਂ ਹਨ। ਪੜ੍ਹਾਉਣ ਵਾਲੇ ਕੌਣ ਨੇ ਇਹਦੇ 'ਤੇ ਨਿਰਭਰ ਕਰਦਾ ਹੈ। ਮੈਨੂੰ ਲੱਗਦਾ ਕਿ ਸਾਡੇ ਡਿਪਾਰਟਮੈਂਟ ਦੇ ਵਿੱਚ ਕੋਈ ਵੀ ਐਸਾ ਪ੍ਰੋਫੈਸਰ ਨਹੀਂ ਸੀ ਜਿਹੜਾ ਥਿਏਟਰ ਦੇ ਨਾਲ ਸਮਾਜਕ ਸਮਝ ਵੀ ਰੱਖਦਾ ਹੋਵੇ। ਉਹ ਕਲਾਵਾਂ ਨੂੰ ਕਲਾ ਲਈ ਵਾਲੇ ਸਿਸਟਮ ਵਿੱਚ ਹੀ ਵੱਧ ਬਿਲੀਵ ਕਰਦੇ ਸਨ। ਅੱਜ ਵੀ... ਉਹ ਕਈ ਵਾਰੀ ਮੇਰੇ ਡਿਪਾਰਟਮੈਂਟ ਵਾਲੇ ਨੁੱਕੜ ਨਾਟਕ ਨੂੰ ਮੰਨਦੇ ਹੀ ਨਹੀਂ, ਬਈ ਇਹ ਨਾਟਕ ਹੁੰਦਾ ਹੈ। ਇਹ ਕੀ ਹੁੰਦਾ। ਕਹਿੰਦੇ ਸਟੇਜ 'ਤੇ ਪ੍ਰੋਸੀਨੀਅਮ ਕਰੋ, ਯਿਹ ਕਰੋ, ਵੁਹ ਕਰੋ।

ਸਵਾਲ: ਜਾਨੀਕਿ ਉਹ ਪੜ੍ਹਾਈ ਜਿਹੜੀ ਸੀ ਉਹ ਇਕ ਕਿਸਮ ਦੇ ਵੈਕਿਊਮ (ਖਲਾਅ) ਦੇ ਵਿੱਚ ਕਰਾਈ ਜਾਂਦੀ ਸੀ, ਅੱਜ ਨਾਲ ਤੋੜ ਕੇ ... ਜੋ ਕੁਝ ਅੱਜ ਵਾਪਰ ਰਿਹਾ ਉਹਨੂੰ ਉਹਦੇ ਨਾਲ ਜੋੜ ਕੇ, ਉਹਦੇ ਨਾਲ ਸੰਬੰਧ ਜੋੜ ਕੇ ਨਹੀਂ ਸੀ ਪੜ੍ਹਾ ਰਹੇ?

ਜਵਾਬ: ਨਹੀਂ ਉਹਦੇ ਨਾਲ ਕੋਈ ਸੰਬੰਧ ਹੀ ਨਹੀਂ। ਇਹ ਹੀ ਤਾਂ ਮੇਨ ਸਮੱਸਿਆ ਆ ਰਹੀ ਹੈ ਕਿ ਡਿਪਾਰਟਮੈਂਟਾਂ ਦੇ ਵਿੱਚ, ਯੂਨੀਵਰਸਿਟੀਆਂ ਦੇ ਵਿੱਚ, ਅੱਜ ਦੇ ਸਮਾਜ ਵਿੱਚ ਕਿਵੇਂ ਜ਼ਿੰਦਗੀ ਜੀਅ ਰਹੇ ਹਨ ਸਾਰੇ ਲੋਕ, ਜਾਂ ਕਿਹੋ ਜਿਹਾ ਸਾਡੇ ਸਿਸਟਮ ਬਣ ਗਿਆ ਹੈ, ਅਸੀਂ ਕਿਵੇਂ ਇੱਥੇ ਜੀਅ ਪਾ ਰਹੇ ਹਾਂ, ਇਹੋ ਜਿਹੇ ਨਾਲ ਕੋਈ ਮਤਲਬ ਹੀ ਨਹੀਂ। ਔਰ ਕਲਾਵਾਂ ਤੁਸੀਂ ਕਿਵੇਂ ਕਰ ਸਕਦੇ ਹੋ ਸਮਾਜ ਤੋਂ ਬਾਹਰ। ਚਾਰ ਪੰਜ ਕਿਤਾਬਾਂ ਕਿਸੇ ਬੰਦਿਆਂ ਨੇ ਲਿਖ ਦਿੱਤੀਆਂ ਅਤੇ ਉਸੇ ਨੂੰ ਹੀ ਅਸੀਂ ਸਿਰਾਂ 'ਤੇ ਲੱਦ ਕੇ ਤੁਰੇ ਫਿਰਾਂਗੇ। ਇਹ ਕਿਵੇਂ ਹੋ ਸਕਦਾ ਹੈ? ਜਿਹੜਾ ਨਾਟਯ ਸ਼ਾਸਤਰ ਹੈ। ਉਹ ਠੀਕ ਹੈ ਕਿ ਉਹ ਭਲਿਆਂ ਵੇਲਿਆਂ 'ਚ ਲਿਖਿਆ ਗਿਆ। ਬਈ ਅੱਜ ਦਾ ਕੋਈ ਹੋਰ ਨਾਟਯ ਸ਼ਾਸਤਰ ਲਿਖੋ। ਅੱਜ ਦੀ ਥਿਊਰੀ ਕੋਈ ਨਵੀਂ ਕ੍ਰੀਏਟ ਕਰੋ। ਹੁਣ ਦਾ ਨਾਟਯ ਸ਼ਾਸਤਰ ਤਾਂ ਹੋਰ ਤਰੀਕੇ ਦਾ ਹੋਵੇਗਾ। ਉੱਥੇ ਕਿਵੇਂ ਆਪਾਂ ਕਹਿ ਦਿਆਂਗੇ ਕਿ ਐਸ ਟੈਕਸਚਰ ਦਾ ਹੀ ਹੋਵੇ ਕੁੜਤਾ ਫਲਾਣੇ ਦੇ, ਜਿਹੜਾ ਮੰਨ ਲਉ ਦਲਿਤ ਹੈ, ਉਹਦੇ ਐਸ ਰੰਗ ਦਾ ਕੁੜਤਾ ਹੋਵੇ, ਉਹਨੂੰ ਤਾਂ ਖਬਰੇ ਜੱਟ ਨੇ ਆਪਣਾ ਲਾਹਿਆ ਹੋਇਆ ਦੇ ਦਿੱਤਾ ਹੋਵੇ। ਨਾਟਕ ਦੇ ਵਿੱਚ ਇਸ ਕਿਸਮ ਦੀ ਨਿਯਮਾਵਲੀ ਨਹੀਂ ਨਾ ਚੱਲਣੀ। ਸੋ ਉਹ ਤਾਂ ਬਿਲਕੁਲ ਹੀ ਚੀਜ਼ਾਂ ਟੁੱਟੀਆਂ ਹੋਈਆਂ ਸੀ, ਯੂਨੀਵਰਸਿਟੀ 'ਚ। ਪਰ ਸਿਰਫ ਉਹਨਾਂ ਦਾ ਇਕ ਫਾਇਦਾ ਸੀ ਕਿ ਜਿਵੇਂ ਯੂਨੀਵਰਸਿਟੀ ਦਾ ਪਲੇਟਫਾਰਮ ਹੈ ਉੱਥੇ ਤੁਹਾਨੂੰ ਦੋਸਤ ਮਿੱਤਰ ਮਿਲ ਜਾਂਦੇ ਹਨ, ਥੋੜ੍ਹਾ ਜਿਹਾ ਉਹ ਸਰਕਲ ਜ਼ਰੂਰ ਬਣ ਜਾਂਦਾ ਹੈ। ਏਨਾ ਕੁ ਸੀ ਬੱਸ ਉੱਥੇ।

ਸਵਾਲ: ਤੇ ਯੂਨੀਵਰਸਿਟੀ ਦੀ ਐਮ ਏ ਪੂਰੀ ਕਰਨ ਬਾਅਦ ਫੇਰ ਕਿੱਧਰ ਨੂੰ ਵਹੀਰਾਂ ਘੱਤੀਆਂ?

ਜਵਾਬ: ਐਮ ਏ ਤੋਂ ਬਾਅਦ ਸਾਡੇ ਇਕ ਰੈਪਰਟਰੀ ਹੁੰਦੀ ਹੈ। ਜਿਹਦੇ ਵਿੱਚ ਡਿਪਾਰਟਮੈਂਟ ਦੇ ਵਿੱਚ ਸਟਾਈਪੰਡ (ਵਜ਼ੀਫਾ) ਦਿੱਤਾ ਜਾਂਦਾ ਹੈ ਤੇ ਐਕਟਰਾਂ ਨੂੰ ਰੱਖ ਲੈਂਦੇ ਹਨ ਅਤੇ ਉਹ ਫਿਰ ਵੱਡੇ ਵੱਡੇ ਨਾਟਕ ਤਿਆਰ ਕਰਦੇ ਹਨ। ਉਹ ਯੂਨੀਵਰਸਿਟੀ ਦੇ ਵਿੱਚ ਵੀ ਖੇਡਣੇ ਹੁੰਦੇ ਹਨ ਅਤੇ ਕਈ ਵਾਰ ਬਾਹਰ ਅੰਦਰ ਜਾ ਕੇ ਵੀ। ਐਮ ਏ ਤੋਂ ਬਾਅਦ ਫਿਰ ਮੈਂ ਉਹਦੇ 'ਚ ਰਿਹਾ ਦੋ ਕੁ ਸਾਲ। ਫਿਰ ਅਚਾਨਕ ਹੀ 1995 ਦੇ ਕਰੀਬ, ਇਕ ਮੇਰਾ ਦੋਸਤ ਬੰਬੇ ਨੂੰ ਜਾ ਰਿਹਾ ਸੀ। ਮੈਨੂੰ ਕਹਿੰਦਾ ਕਿ ਕਾਰ ਇੱਥੋਂ ਪਟਿਆਲੇ ਤੋਂ ਜਾਣੀ ਹੈ ਲੁਧਿਆਣੇ। ਉਹ ਪਟਿਆਲੇ ਦਾ ਸੀ। ਸਾਡੇ ਡਿਪਾਰਟਮੈਂਟ ਵਿੱਚ ਪੜ੍ਹਦਾ ਹੁੰਦਾ ਸੀ। ਉਹ ਕਹਿੰਦਾ ਬਈ ਮੈਂ ਜਾਣਾ ਬੰਬੇ ਨਾਲ ਮੇਰੇ ਵਾਈਫ ਹੈ, ਪਰਿਵਾਰ ਸੀ। ਉਹ ਸਟਰਗਲ ਕਰਨ ਜਾ ਰਿਹਾ ਸੀ ਕਿ ਉੱਥੇ ਮੈਂ ਫਿਲਮਾਂ 'ਚ ਫਿਟ ਹੋਣਾ। ਕਹਿੰਦੇ ਕਿ ਲੁਧਿਆਣੇ ਸਾਮਾਨ ਛੱਡ ਕੇ ਕਾਰ ਵਾਪਸ ਪਟਿਆਲੇ ਆਊਗੀ। ਤੂੰ ਉਹਦੇ ਵਿੱਚ ਆ ਜਾਈਂ। ਮੈਂ ਥੋੜ੍ਹਾ ਜਿਹਾ ਉਹਨੀ ਦਿਨੀ ਸਿਗਟ ਸੁਗਟ ਪੀ ਲੈਂਦਾ ਸੀ। ਮੈਂ ਕਿਹਾ ਮੈਂ ਦੋ ਪੈਕਟ ਲਊਂਗਾ, ਇਕ ਆਉਣ ਦਾ ਇਕ ਜਾਣ ਦਾ। ਉਹ ਬੰਦਾ ਮੰਨ ਗਿਆ। ਮੈਨੂੰ ਇਹ ਸੀ ਕਿ ਚੱਲ ਮਸਤੀ ਨਾਲ ਪੀਵਾਂਗੇ। ਮਾਹੌਲ ਜਿਹਾ ਹੁੰਦਾ, ਲੱਗ ਗਿਆ ਸੀ ਪੀਣ ਮੈਂ ਉਦੋਂ। ਤਾਂ ਉਹ ਬੰਦਾ ਮੰਨ ਗਿਆ। ਉੱਥੇ ਜਦੋਂ ਲੁਧਿਆਣੇ ਪਹੁੰਚੇ ਆਂ, ਉੱਥੇ ਜਾ ਕੇ ਉਹ ਵੀਰ ਗਿਆ। ਕਹਿੰਦਾ ਯਾਰ ਕੁਛ ਨਹੀਂ ਹੁੰਦਾ। ਤੂੰ ਪੰਦਰਾਂ ਕੁ ਦਿਨਾਂ ਬਾਅਦ ਮੁੜ ਆਈਂ। ਤੂੰ ਨਾਲ ਹੀ ਚੱਲ, ਆਂਹਦਾ ਅਸੀਂ ਇਕੱਲੇ ਆਂ। ਮੈਂ ਕਿਹਾ ਮੈਂ ਨਹੀਂ ਯਾਰ ਜਾਣਾ। ਉਹ ਕਹਿੰਦਾ ਨਹੀਂ ਨਹੀਂ ਚੱਲ। ਉਹਨਾਂ ਟਾਇਮਾਂ ਦੇ ਵਿੱਚ ਮੇਰੇ ਬੂਟ ਟੁੱਟੇ ਹੋਏ ਹੁੰਦੇ ਸਨ। ਅੰਦਰ ਬੱਜਰੀ ਫਸ ਜਾਂਦੀ ਸੀ। ਉਹ ਮੈਂ ਕੱਢਦਾ ਨਹੀਂ ਸੀ ਹੁੰਦਾ। ਕਿਉਂਕਿ ਭੁੱਖ ਨੰਗ ਗਰੀਬੀ 'ਚ ਬੰਦਾ ਕਈ ਵਾਰ ਅੜੀਅਲ ਜਿਹਾ ਹੋ ਜਾਂਦਾ। ਮੈਨੂੰ ਲੱਗਾ ਕਿ ਇਹ ਕਿੰਨਾ ਕੁ ਤੰਗ ਕਰ ਸਕਦੀ ਹੈ ਕਰਨ ਦਿਉ। ਜ਼ਖ਼ਮ ਹੋ ਜਾਂਦਾ ਸੀ ਅੰਦਰ। ਅੱਠ ਰੁਪਈਏ ਸੀ ਮੇਰੀ ਜੇਬ 'ਚ। ਮੈਂ ਚੜ੍ਹ ਗਿਆ ਗੱਡੀ 'ਚ। ਮੈਂ ਕਿਹਾ ਚੱਲ ਫਿਰ ਚਲਦੇ ਆਂ। ਪੰਦਰਾਂ ਵੀਹਾਂ ਦਿਨਾਂ ਬਾਅਦ ਉਹਨੇ ਮੈਨੂੰ ਮੋੜਨਾ ਸੀ। ਤੇ ਫਿਰ ਉੱਥੇ ਜਾ ਕੇ ਕਹਿੰਦਾ ਕੋਈ ਨਹੀਂ ਚਲਾ ਜਾਈਂ, ਕੋਈ ਨਹੀਂ ਚਲਾ ਜਾਈਂ। ਢਾਈ ਤਿੰਨ ਮਹੀਨਿਆਂ ਬਾਅਦ ਪੰਜਾਬ 'ਚ ਪਤਾ ਲੱਗਾ ਕਿ ਬੰਦਾ ਕਿੱਥੇ ਗਿਆ। ਕਿਸੇ ਨੂੰ ਦੱਸਿਆ ਹੀ ਨਹੀਂ ਸੀ ਮੈਂ। ਤੇ ਫੇਰ ਢਾਈ-ਤਿੰਨ ਸਾਲ ਮੈਂ ਬੰਬੇ ਰਿਹਾ।

ਸਵਾਲ: ਫਿਰ ਉੱਥੇ ਕੀ ਕੀਤਾ?

ਜਵਾਬ: ਵਾਰ ਵਾਰ ਮੈਂ ਵਾਪਸ ਆਉਣ ਦੀ ਟ੍ਰਾਈ ਕਰਦਾ ਰਿਹਾ। ਫਿਰ ਕਿਤੇ ਨਾ ਕਿਤੇ ਵਿਚਾਰ ਆ ਗਿਆ। ਵੈਸੇ ਕਦੇ ਮੇਰੇ ਮਨ 'ਚ ਨਹੀਂ ਸੀ ਆਇਆ ਕਿ ਮੈਂ ਫਿਲਮਾਂ 'ਚ ਜਾਵਾਂ। ਕੱਟੜਤਾ ਨਾਲ ਨਹੀਂ ਸੀ ਸ਼ਾਇਦ ਕੋਈ ਮਾੜਾ ਮੋਟਾ ਇਕ ਅੱਧਾ ਵਿਚਾਰ ਆਉਂਦਾ ਹੋਵੇ। ਪਰ ਇਹ ਜ਼ਰੂਰ ਸੀ ਕਿ ਇੰਡਸਟਰੀ ਨੂੰ ਦੇਖਾਂ। ਬੰਬੇ ਨੂੰ ਦੇਖਾਂ ਕਿ ਯਾਰ ਇੱਥੇ ਹੈ ਕੀ? ਤੇ ਉਹ ਦੇਖਦਿਆਂ ਦਿਖਾਉਂਦਿਆਂ ਮੈਂ ਬੰਬੇ ਵਿੱਚ ਰਿਹਾ। ਕੁਝ ਕੁ ਲੋਕਾਂ ਨੂੰ ਮਿਲਦੇ ਮਿਲਾਉਂਦੇ ਵੀ ਰਹੇ। ਪ੍ਰਿਥਵੀ ਥਿਏਟਰ ਜਾਣਾ ਘੁੰਮਣ। ਉੱਥੇ ਨਾਟਕ ਵੀ ਦੇਖਣੇ। ਤਾਂ ਹੌਲੀ ਹੌਲੀ ਫਿਰ ਮੈਂ ਜਦੋਂ ਵਾਪਸ ਨਾ ਆਇਆ ਤਾਂ ਮੇਰੇ ਨਾਲ ਦੇ ਵੀ ਕਹਿੰਦੇ ਕੋਈ ਨਹੀਂ ਰਹਿ ਪਾ ਰਹਿ ਪਾ। ਫਿਰ ਉੱਥੇ ਮੈਂ ਬੱਚਿਆਂ ਦਾ ਥਿਏਟਰ ਸ਼ੁਰੂ ਕਰ ਲਿਆ। ਗੋਰੇ ਗਾਉਂ ਮਹਾਡਾ ਬੰਨਾ ਰਾਇ। ਉੱਥੇ ਕੁਝ ਕੁ ਬੱਚੇ ਬਾਹਲੇ ਗਰੀਬ ਸੀਗੇ। ਕੁਝ ਕੁ ਬਿਲਡਿੰਗ ਦੇ ਵਿੱਚ ਰਹਿੰਦੇ ਸੀ ਕੁਝ ਸਾਹਮਣੇ ਰਹਿੰਦੇ ਸੀ, ਸੜਕ ਦੇ ਪਾਰ ਦੂਜੇ ਪਾਸੇ। ਉਹ ਇਕੱਠੇ ਨਹੀਂ ਸੀ ਖੇਡਦੇ। ਮੈਨੂੰ ਲੱਗਾ ਕਿ ਯਾਰ ਇਹਨਾਂ ਨੂੰ ਇਕੱਠੇ ਖੇਡਣ ਲਾਉਂਦੇ ਆਂ। ਤੇ ਇਕ ਕਮਰੇ ਦਾ ਫਲੈਟ ਸੀ ਸਾਡੇ ਕੋਲ। ਮੈਂ ਆਪਣਾ ਕੰਮ ਸ਼ੁਰੂ ਕਰ ਲਿਆ। ਬਾਕੀ ਕੰਮ ਧੰਦੇ ਲਈ, ਇਧਰ ਉਧਰ ਸਟਰਗਲ ਕਰਨ ਨਿਕਲ ਜਾਂਦੇ ਸੀ। ਮੈਂ ਉਹਨਾਂ ਨਾਟਕਾਂ ਵਾਲੇ ਜੁਆਕਾਂ ਨਾਲ ਲੱਗਾ ਰਹਿੰਦਾ। ਰਿਹਰਸਲ-ਰਿਹਰਸਲ ਕਰਨੀ। ਤੇ ਉਹਨਾਂ ਬੱਚਿਆਂ ਨਾਲ ਫਿਰ ਮੈਂ ਨਾਟਕ ਸ਼ੁਰੂ ਕੀਤਾ।

ਉਹਨੀਂ ਦਿਨੀ, ਨਾਟਕ ਸ਼ੁਰੂ ਕਰਨ ਤੋਂ ਕੁਝ ਦੇਰ ਪਹਿਲਾਂ ਉੱਥੇ ਬੰਬ ਬੁੰਬ ਫਟੇ ਸੀ, ਦੰਗੇ ਫਸਾਦ ਹੋਏ ਸੀ ਬੰਬੇ 'ਚ। ਮੈਂ ਬੱਚਿਆਂ ਨੂੰ ਪੁੱਛਿਆ 'ਆਪ ਕੋ ਕੈਸਾ ਲਗਤਾ ਹੈ ਜਬ ਯਿਹ ਬੰਬ ਫਟਤੇ ਹੈਂ?' ਬੱਚਿਆਂ ਨੇ ਇਕ ਲਾਈਨ ਬੋਲੀ। ਕਹਿੰਦੇ 'ਹਮ ਖੇਲ ਨਹੀਂ ਸਕਤੇ'। ਭਾਵ ਜਦੋਂ ਬੰਬ ਫਟਦੇ ਨੇ ਉਹ ਖੇਡ ਨਹੀਂ ਸਕਦੇ। ਮੈਨੂੰ ਲੱਗਾ ਯਾਰ ਆਹ ਤਾਂ ਇਕ ਲਾਈਨ ਹੀ ਪੂਰੀ ਦੀ ਪੂਰੀ ਜ਼ਿੰਦਗੀ ਹੈ ਇਹਨਾਂ ਬੱਚਿਆਂ ਦੀ। ਫਿਰ ਮੈਂ ਇੰਪਰੋਵਾਈਜ਼ ਕਰਨਾ ਸ਼ੁਰੂ ਕਰ ਦਿੱਤਾ। ਬਈ ਤੁਹਾਡੀਆਂ ਕਿਹੋ ਜਿਹੀਆਂ ਖੇਡਾਂ ਨੇ, ਕਿਵੇਂ ਤੁਸੀਂ ਖੇਡ ਨਹੀਂ ਸਕਦੇ, ਕਿਵੇਂ ਡਰ ਪੈਦਾ ਹੋ ਜਾਂਦਾ, ਕਿਵੇਂ ਤੁਸੀਂ ਸੁੰਗੜ ਜਾਂਦੇ ਹੋ? ਜੇ ਬਾਹਰ ਦੰਗਾ ਹੋ ਰਿਹਾ ਹੈ ਤਾਂ ਤੁਸੀਂ ਸੁੰਗੜਦੇ ਕਿਵੇਂ ਹੋ? ਉਹ ਸਾਰਾ ਕੁਝ ਕਰਦਿਆਂ ਕਰਾਉਂਦਿਆਂ ਨੇ ਅਸੀਂ ਨਾਟਕ ਬਣਾ ਲਿਆ। ਤੇ ਉਸ ਨਾਟਕ ਦੇ ਦੌਰਾਨ ਰਿਹਰਸਲਾਂ-ਰਿਹਰਸੁਲਾਂ ਚਲਦੀਆਂ ਰਹੀਆਂ। ਕਈ ਵਾਰ ਛੱਡ ਵੀ ਜਾਂਦੇ ਸੀ ਬੱਚੇ, ਬਹੁਤ ਸਾਰੇ ਹੱਟ ਜਾਂਦੇ ਸੀ, ਫਿਰ ਲੱਗ ਜਾਂਦੇ ਸੀ। ਐਂ ਮੈਨੂੰ ਟਾਇਮ ਲੱਗ ਗਿਆ। ਪਰ ਜਿਸ ਦਿਨ ਉਹ ਨਾਟਕ ਖੇਡਿਆ ਗਿਆ, ਤਾਂ ਉਹਦੇ ਵਿੱਚ 45 ਬੱਚੇ ਸਨ, ਨੁੱਕੜ ਨਾਟਕ ਵਿੱਚ। ਫਿਰ ਉਹ ਜਦੋਂ ਖੇਡਿਆ ਗਿਆ, ਉਹਦੇ ਵਿੱਚ ਕੁਝ ਰਿੜਨ ਵਾਲੇ ਬੱਚੇ ਵੀ ਸੀ, ਉਦੂੰ ਥੋੜ੍ਹੇ ਵੱਡੇ ਵੀ ਸੀ, ਉਦੂੰ ਕੁਝ ਹੋਰ ਥੋੜੇ ਵੱਡੇ ਵੀ। ਜਦੋਂ ਖੇਡਿਆ ਗਿਆ, ਲੋਕਾਂ ਨੇ ਪਤਾ ਨਹੀਂ ਚਲਦੇ ਨਾਟਕ ਵਿੱਚ ਕਿਹੜੇ ਵੇਲੇ ਉੱਥੇ ਟੌਫੀਆਂ ਲਿਆ ਕੇ ਰੱਖ ਦਿੱਤੀਆਂ, ਸਟੂਲ ਲਿਆ ਕੇ ਰੱਖ ਦਿੱਤੇ, ਕਿਸੇ ਨੇ ਦੁੱਧ ਲਿਆ ਕੇ ਰੱਖ ਦਿੱਤਾ, ਕਿਸੇ ਨੇ ਪਾਣੀ ਲਿਆ ਕੇ ਰੱਖ ਦਿੱਤਾ, ਚਾਰ ਛੁਪੇਰੇ ਤੇ ਵਿਚਕਾਰ ਨਾਟਕ ਚੱਲ ਰਿਹਾ ਰਾਤ ਨੂੰ। ਬਹੁਤ ਅੱਛਾ ਉਹਦਾ ਰਿਸਪਾਂਸ ਰਿਹਾ। ਅਸੀਂ ਉਸ ਨਾਟਕ ਦਾ ਨਾਂ ਰੱਖਿਆ ਸੀ, ''ਹਮ ਤੋ ਖੇਲੇਂਗੇ''। ਹਿੰਦੁਸਤਾਨੀ ਦੇ ਵਿੱਚ ਕੀਤਾ ਸੀ।

ਸਵਾਲ: ਇਹ ਨਾਟਕ ਤੁਸੀਂ ਚਾਲ਼ ਦੇ ਵਿੱਚ ਕੀਤਾ ਸੀ?

ਜਵਾਬ: ਉਸ ਬਿਲਡਿੰਗ ਦੇ ਵਿੱਚ। ਉਹ ਜਿਹੜੀ ਬਿਲਡਿੰਗ ਬਣੀ ਹੋਈ ਸੀ।

ਸਵਾਲ: ਜਦੋਂ ਤੁਸੀਂ ਇਹ ਨਾਟਕ ਕਰ ਰਹੇ ਸੀ, ਉਸ ਵੇਲੇ ਰੁਜਗਾਰ ਦਾ, ਗੁਜ਼ਾਰੇ ਦਾ ਕੀ ਪ੍ਰਬੰਧ ਸੀ?

ਜਵਾਬ: ਕੋਈ ਨਹੀਂ। ਕੁਛ ਨਹੀਂ। ਉੱਥੇ ਕੁਛ ਵੀ ਨਹੀਂ ਸੀ। ਉਦੋਂ ਮੈਨੂੰ ਥੋੜ੍ਹਾ ਬਹੁਤ ਚੁਆਨੀਆਂ, ਧੇਲੀਆਂ ਨੁੱਕੜ ਨਾਟਕ 'ਤੇ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਜ਼ਿਆਦਾਤਰ ਮੈਂ ਆਪਣੇ ਦੋਸਤਾਂ 'ਤੇ ਨਿਰਭਰ ਸੀ, ਕਿਉਂਕਿ ਮੇਰੇ ਕੋਲ ਕੁਝ ਹੁੰਦਾ ਹੀ ਨਹੀਂ ਸੀ। ਅੱਠ ਰੁਪਏ ਸੀ ਜਿੰਦਨ ਮੈਂ ਗਿਆ। ਅਤੇ ਤਿੰਨ ਕੁ ਸਾਲ ਰਿਹਾ ਅੱਠਾਂ ਰੁਪਈਆਂ ਨਾਲ ਮੈਂ ਬੰਬਈ ਵਿੱਚ। ਪਰ ਇੱਥੇ ਇਕ ਘਟਨਾ ਹੋਈ। ਮੈਂ ਨਾਟਕ ਦੇ ਬਾਰੇ ਤਾਂ ਦੱਸ ਦਿੱਤਾ ਬਈ ਐਂ ਹੋਇਆ। ਨਾਟਕ ਤੋਂ ਪਹਿਲਾਂ ਇਹ ਹੋ ਗਿਆ ਕਿ ਮੇਰੇ ਯਾਰ ਬੇਲੀ ਸਾਰੇ ਪੰਜਾਬ'ਚ ਆ ਗਏ ਸੀ। ਮੈਂ ਰਹਿ ਗਿਆ ਇਕੱਲਾ ਉੱਥੇ। ਇਕੱਲਾ ਰਹਿ ਗਿਆ ਤੇ ਸਾਰਾ ਸਮਾਨ ਸੱਲਾ ਮੁੱਕ ਗਿਆ। ਕਮਰੇ 'ਚ ਕੁਛ ਨਹੀਂ ਸੀ। ਚਾਰ ਦਿਨ ਹੋ ਗਏ ਸੀ ਮੈਨੂੰ ਮਾਰੂ ਚਾਹ ਪੀਂਦਿਆਂ। ਸਵੇਰੇ ਪੀਣੀ, ਦਪਹਿਰੇ ਪੀਣੀ, ਸ਼ਾਮ ਨੂੰ ਪੀਣੀ। ਮਾਰੂ ਚਾਹ ਪੀ ਪੀ ਕੇ ਰਿਹਰਸਲ ਕਰਾਉਣੀ ਨਾਟਕ ਦੀ। ਇਕ ਦਿਨ ਮੈਂ ਰਿਹਰਸਲ ਕਰਵਾ ਰਿਹਾ ਸੀ, ਤੇ ਮੈਨੂੰ ਚੱਕਰ ਜਿਹਾ ਆ ਗਿਆ। ਬੱਚੇ ਕਹਿੰਦੇ ਸਰ ਕਿਆ ਹੂਆ, ਕਿਆ ਹੂਆ? ਮੈਂ ਕਿਹਾ ਕੁਛ ਨਹੀਂ ਯਾਰ ਵੁਹ ਖਾਣਾ ਨਹੀਂ ਨਾ ਖਾਇਆ। ਬੱਸ ਏਨਾ ਕਹਿਣ ਦੀ ਦੇਰ ਸੀ। ਮੈਂ ਦੱਸਣਾ ਵੀ ਨਹੀਂ ਸੀ ਚਾਹੁੰਦਾ ਅਸਲ 'ਚ ਉਨ੍ਹਾਂ ਨੂੰ। ਮੈਂ ਕਮਰੇ ਨੂੰ ਤਾਲਾ ਨਹੀਂ ਸੀ ਲਾਉਂਦਾ। ਸੋ ਸ਼ਾਮ ਤੱਕ, ਰਾਤ ਤੱਕ, ਰਿਹਰਸਲ ਤੋਂ ਬਾਅਦ, ਮੇਰੇ ਕਮਰੇ ਵਿੱਚ ਚੌਲ, ਮਿੱਟੀ ਦਾ ਤੇਲ, ਆਟਾ, ਖੰਡ, ਸਾਰਾ ਸਮਾਨ, ਥੋੜ੍ਹਾ ਥੋੜ੍ਹਾ ਸਮਾਨ, ਸਬਜ਼ੀਆਂ ਆਦਿ ਉੱਥੇ ਕਮਰੇ 'ਚ ਪਹੁੰਚ ਚੁੱਕਾ ਸੀ। ਫਿਰ ਮੈਂ ਜਿੰਨੀ ਦੇਰ ਵੀ ਗੋਰੇ ਗਾਂਵ ਰਿਹਾ, ਉਸ ਕਮਰੇ 'ਚ, ਮੇਰਾ ਸਮਾਨ ਨਹੀਂ ਮੁੱਕਿਆ। ਆਪਣੇ ਆਪ ਹੀ ਬੱਚਾ ਕੋਈ ਨਾ ਕੋਈ ਸਫਾਈ ਕਰ ਜਾਂਦਾ ਸੀ, ਕਿਸੇ ਸਬਜ਼ੀ ਵੇਚਣ ਵਾਲੇ ਦਾ ਬੱਚਾ ਸੀ, ਕੋਈ ਕੱਪੜੇ ਪ੍ਰੈੱਸ ਕਰਨ ਵਾਲੀ ਲੇਡੀ ਸੀ, ਉਹਦਾ ਬੱਚਾ ਸੀ, ਉਹ ਕੱਪੜੇ ਧੋ ਜਾਂਦੀ ਸੀ। ਐਂ ਸਾਰਾ ਸਮਾਨ ਮੇਰੇ ਕਮਰੇ ਵਿੱਚ ਪਹੁੰਚ ਜਾਂਦਾ ਸੀ। ਉਦੋਂ ਮੈਨੂੰ ਇਕ ਗੱਲ ਸਮਝ ਲੱਗੀ, ਜਿਹੜੀ ਹੁਣ ਤੱਕ ਮੇਰੀ ਜ਼ਿੰਦਗੀ 'ਚ ਚਲ ਰਹੀ ਹੈ। ਮੈਨੂੰ ਲੱਗਾ ਕਿ ਯਾਰ ਪੈਸਾ ਕੁਛ ਨਹੀਂ। ਬੱਚਿਆਂ ਦੇ ਮਾਪਿਆਂ ਨੇ ਮੈਨੂੰ ਪੁੱਛਿਆ ਸੀ ਕਿ ਤੂੰ ਬੱਚਿਆਂ ਨੂੰ ਨਾਟਕ ਕਰਵਾ ਰਿਹਾ ਹੈਂ ਇਹਦੀ ਫੀਸ ਕੀ ਹੈ। ਮੈਂ ਕਹਿ ਦਿੱਤਾ ਸੀ ਕੁਝ ਨਹੀਂ। ਮੈਨੂੰ ਨਹੀਂ ਵਧੀਆ ਲੱਗਦਾ ਸੀ ਕਿ ਮੈਂ ਬੱਚਿਆਂ ਤੋਂ ਪੈਸਾ ਲਵਾਂ। ਅਲਟੀਮੇਟਲੀ ਮੈਨੂੰ ਇਹ ਗੱਲ ਸਮਝ ਲੱਗੀ ਕਿ ਜ਼ਿੰਦਗੀ 'ਚ ਪੈਸਾ ਨਹੀਂ, ਸਭ ਤੋਂ ਮਹੱਤਵਪੂਰਨ ਮਨੁੱਖੀ ਜ਼ਿੰਦਗੀ ਹੈ, ਬੰਦਾ ਜ਼ਰੂਰੀ ਹੈ। ਉਨ੍ਹਾਂ ਬੱਚਿਆਂ ਨਾਲ ਜੇ ਮੈਂ ਸ਼ਾਇਦ ਪੈਸਿਆਂ ਨਾਲ ਵਿਚਰਿਆ ਹੁੰਦਾ ਤਾਂ ਸ਼ਾਇਦ ਉਹ ਮੇਰੇ ਵਾਸਤੇ ਉਵੇਂ ਚੀਜ਼ਾਂ ਨਾ ਲੈ ਕੇ ਆਉਂਦੇ ਜਿਵੇਂ ਉਹ ਮੇਰੇ ਕਮਰੇ 'ਚ ਰੱਖ ਗਏ। ਫਿਰ ਮੈਂ ਜਿੰਨੀ ਦੇਰ ਰਿਹਾਂ, ਮੈਂ ਭੁੱਖਾ ਮਰਿਆ ਹੀ ਨਹੀਂ ਉੱਥੇ।

ਸਵਾਲ: ਸੋ ਜਿਹੜੇ ਮਨੁੱਖੀ ਰਿਸ਼ਤੇ ਹਨ, ਉਹ ਮਹੱਤਵਪੂਰਨ ਹਨ...

ਜਵਾਬ: ਮੇਰੇ ਲਈ ਉਹ ਮਹੱਤਵਪੂਰਨ ਹਨ, ਮੈਨੂੰ ਲੱਗਦਾ ਕਿ ਉਹਤੋਂ ਉੱਪਰ ਕੁਝ ਨਹੀਂ ਹੈ। ਇਹ ਪੈਸਾ ਪੂਸਾ ਤਾਂ ਬਾਕੀ ਸਭ ਚੀਜ਼ਾਂ ਬਾਅਦ ਦੀਆਂ ਨੇ।

ਸਵਾਲ: ਫੇਰ ਉੱਥੇ ਹੋਰ ਵੀ ਨਾਟਕ ਵੀ ਕੀਤੇ?

ਜਵਾਬ: ਹਾਂ। ਉਸ ਤੋਂ ਬਾਅਦ ਮੈਂ 'ਕਹਾਣੀ ਗੋਪੀ ਕੀ', ਇਸ ਕਿਸਮ ਦਾ ਇਕ ਨਾਟਕ ਕੀਤਾ। ਤੇ ਉਹਨਾਂ ਨਾਟਕਾਂ ਦੇ ਦੌਰਾਨ ਹੀ ਮੈਨੂੰ ਇਕ ਫਿਲਮ ਮਿਲ ਗਈ ਸੀ। ਵਧੀਆ ਘਟਨਾ ਉਹ ਵੀ। ਨਰਿੰਦਰ ਹਾਂਡਾ ਨਾਮ ਦਾ ਇਕ ਬੰਦਾ ਸੀ, ਉਹ ਮੈਨੂੰ ਜਾਣਦਾ ਸੀ ਪੰਜਾਬ ਤੋਂ ਕਿਸੇ ਦੇ ਰਾਹੀਂ। ਉਹ ਕਹਿੰਦਾ ਯਾਰ ਤੈਨੂੰ ਫਿਲਮ 'ਚ ਲੈਣਾ ਪਰ ਤੂੰ ਇਸ ਲਈ ਗੰਜਾ ਹੋਣਾ। ਮੈਂ ਕਿਹਾ ਠੀਕ ਹੈ ਜੀ। ਉਸ ਫਿਲਮ ਦਾ ਨਾਂ ਸੀ 'ਢੂੰਡਤੇ ਰਹਿ ਜਾਉਗੇ'। ਸੈਮੀ ਕਾਮੇਡੀ ਜਿਹੀ ਸੀ। ਟੀਨੂੰ ਆਨੰਦ ਸੀ, ਨਸੀਰਦੀਨ ਸ਼ਾਹ ਸੀ, ਇਹ ਸੀ ਲੋਕ। ਤੇ ਅਸੀਂ ਟੀਨੂੰ ਆਨੰਦ ਦੇ ਫੀਲੇ ਜਿਹੇ ਬਣੇ ਸੀ, ਚਮਚੇ ਜਿਹੇ, ਜਿਹੜੇ ਮਗਰ ਭੱਜੇ ਭੱਜੇ ਜਿਹੇ ਫਿਰਦੇ ਹੁੰਦੇ ਆ ਐਵੇਂ। ਪਰ ਉਨ੍ਹਾਂ ਨੇ ਮੈਨੂੰ ਪੈਸੇ ਵਧੀਆ ਦੇ ਦਿੱਤੇ ਸੀ। ਉਹ ਮੈਨੂੰ ਗੋਆ ਲੈ ਕੇ ਗਏ, ਸ਼ੂਟਿੰਗ 'ਤੇ। ਉੱਥੇ ਰੱਖਿਆ। ਪਰ ਉੱਥੋਂ ਦੀ ਇਕ ਘਟਨਾ ਮੈਂ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਇਕ ਦਿਨ ਚਾਹ ਬਣਾ ਰਹੇ ਸੀ, ਬੰਦੇ ਗੋਆ 'ਚ। ਸਟੋਵ 'ਤੇ ਉਹ ਲੱਗੇ ਹੋਏ ਸਨ। ਪ੍ਰੋਡਕਸ਼ਨ ਵਾਲੇ ਬੰਦੇ। ਚਾਹ ਬਣਾ ਕੇ ਦੇ ਰਹੇ ਸੀ। ਲਾਈਟਾ ਲੁਈਟਾਂ ਵਾਲਿਆਂ ਨੂੰ ਅਤੇ ਬਾਕੀਆਂ ਨੂੰ। ਮੈਂ ਪੈਰਾਂ ਭਾਰ ਉਨ੍ਹਾਂ ਦੇ ਕੋਲ ਬਹਿ ਗਿਆ। ਮੈਂ ਕਿਹਾ ਦੇਖਾਂ ਤਾਂ ਸਹੀ ਕਿ ਕਿਵੇਂ ਇਹ ਸਾਰਾ ਸੰਦ ਸੌਲਾ ਜਿਹਾ ਚਲਾ ਰਹੇ ਹਨ। ਇਹ ਕਿਵੇਂ ਜਿਹੇ ਮਹਿਸੂਸ ਕਰ ਰਹੇ ਹਨ, ਕੰਮ ਕਰਦੇ ਹੋਏ। ਇੰਨੇ ਨੂੰ ਉਹ ਬੰਦਾ ਆ ਗਿਆ, ਜਿਹੜਾ ਮੈਨੂੰ ਲੈ ਕੇ ਗਿਆ ਸੀ। ਕਹਿੰਦਾ ਇੱਥੇ ਬੈਠਾ ਕੀ ਕਰਦਾ ਯਾਰ ਤੂੰ? ਇਹਨਾਂ 'ਚ ਥੋੜ੍ਹਾ ਬੈਠਣਾ। ਤੂੰ ਐਕਟਰ ਹੈਂ ਯਾਰ ਐਕਟਰ। ਮੈਂ ਖਿੱਝ ਗਿਆ ਉਹਦੇ 'ਤੇ ਬਹੁਤ ਬੁਰੀ ਤਰ੍ਹਾਂ। ਮੈਨੂੰ ਲੱਗਾ ਕਿ ਇਹਦਾ ਮਤਲਬ ਕੀ ਹੈ। ਮੈਂ ਉਹਨੂੰ ਬਹੁਤ ਗੰਦੀ ਗਾਲ੍ਹ ਕੱਢੀ। ਮੈਂ ਕਿਹਾ, ਸਾਲਿਆ ਤੂੰ ਮੇਰਾ ਦਿਲ ਦਿਮਾਗ ਖ਼ੀਦ ਲਿਆ ਹੈ? ਤੂੰ ਮੈਥੋਂ ਐਕਟਿੰਗ ਕਰਾਉਣੀ ਹੈ ਕਿ ਤੂੰ ਮੈਨੂੰ ਪੂਰੇ ਦਾ ਪੂਰਾ ਖ਼ੀਦ ਲਿਆ ਬਈ ਮੈਂ ਕੁਝ ਸੋਚ ਨਹੀਂ ਸਕਦਾ, ਮਹਿਸੂਸ ਨਹੀਂ ਕਰ ਸਕਦਾ ਕੁਝ ਹੋਰ। ਮੈਂ ਤਾਂ ਬੈਠੂੰਗਾ ਇੱਥੇ। ਮੇਰੇ ਪੈਸੇ ਦਿਉ, ਮੈਂ ਤਾਂ ਵਾਪਸ ਜਾਣਾ। ਬਾਅਦ 'ਚ ਪਤਾ ਨਹੀਂ ਉਹਨੂੰ ਕੀ ਹੋਇਆ, ਉਹ ਢੈਲਾ ਪੈ ਗਿਆ। ਕਹਿੰਦਾ ਨਹੀਂ ਯਾਰ ਤੂੰ ਉਧਰ ਬੈਠਿਆ ਕਰ, ਨਸੀਰ ਸਾਹਿਬ ਕੋਲ ਬੈਠਿਆ ਕਰ। ਮੈਂ ਕਿਹਾ ਯਾਰ ਮੈਂ ਜਿੱਥੇ ਮਰਜ਼ੀ ਬੈਠਾਂ। ਚਲੋ ਜੀ, ਪਤਾ ਨਹੀਂ ਕਿਉਂ ਉਹ ਥਿਵ ਗਿਆ। ਉਹਨੇ ਮੈਨੂੰ ਕੁਝ ਨਹੀਂ ਕਿਹਾ, ਨਾ ਹੀ ਉਹਨੇ ਕਿਹਾ ਕਿ ਆਹ ਲੈ ਪੈਸੇ ਤੇ ਵਾਪਸ ਜਾ। ਉਹ ਫਿਲਮ ਜਿਹੀ ਪੂਰੀ ਹੋ ਗਈ ਪਰ ਚੱਲੀ-ਚੁੱਲੀ ਨਹੀਂ ਬਹੁਤੀ। ਪਰ ਉਸ ਫਿਲਮ ਦੇ ਦੌਰਾਨ, ਇਸ ਘਟਨਾ ਦੇ ਦੌਰਾਨ ਮੈਨੂੰ ਲੱਗਾ ਕਿ ਯਾਰ ਇਹ ਜਿਹੜੇ ਮੀਡੀਏ ਵਾਲੇ ਬੰਦੇ ਜਾਂ ਕੋਈ ਵੀ ਸਾਰੇ ਬੰਦੇ ਆ, ਯਾਰ ਬੰਦਾ ਬੰਦੇ ਨੂੰ ਇੱਥੇ ਕੋਈ ਸਮਝ ਨਹੀਂ ਪਾ ਰਿਹਾ। ਉਹ ਚਾਹ ਹੀ ਬਣਾ ਰਹੇ ਹਨ। ਐਕਟਰ ਕੋਈ ਵਿਸ਼ੇਸ਼ ਚੀਜ਼ ਕਿਉਂ ਹੈ? ਜੇ ਕੋਈ ਚਾਹ ਬਣਾ ਰਿਹਾ, ਕੋਈ ਐਕਟਿੰਗ ਕਰ ਰਿਹਾ, ਕੀ

ਫਰਕ ਹੈ? ਕੀ ਫਰਕ ਹੈ? ਕੁਛ ਵੀ ਨਹੀਂ। ਇਹ ਕਿਉਂ ਕ੍ਰਿਏਟ ਕਰ ਰੱਖੀਆਂ ਅਸੀਂ ਚੀਜ਼ਾਂ? ਇਹ ਕਿਉਂ ਪਾੜੇ ਪਾ ਰੱਖੇ ਹਨ?

ਇਸ ਫਿਲਮ ਦੇ ਸੰਬੰਧ ਵਿੱਚ ਮੈਂ ਇਕ ਹੋਰ ਘਟਨਾ ਦੱਸਦਾ ਹਾਂ। ਜਦੋਂ ਮੈਨੂੰ ਪੈਸੇ ਮਿਲੇ...। ਮੈਨੂੰ ਲੱਗਦਾ ਹੈ ਕਿ ਮਨੁੱਖ ਜਿਹੜਾ ਇਹ ਪੈਸਾ ਧੇਲਾ ਬਣਾ ਬੈਠਾ ਹੈ ਨਾ, ਇਹਨੇ ਬਹੁਤ ਵੱਡੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਮੈਂ ਖਿੱਝ ਗਿਆ ਸੀ। ਜਦੋਂ ਮੈਨੂੰ ਪੈਸੇ ਮਿਲੇ, ਮੈਂ ਰਾਤ ਨੂੰ ਕਮਰੇ 'ਚ ਲਿਆਇਆ ਪੈਸੇ, ਤੇ ਥੱਲੇ ਵਿਛਾ ਲਏ ਬਿਸਤਰੇ 'ਤੇ। ਪਹਿਲਾਂ ਤਾਂ ਮੈਂ ਉਹਨਾਂ ਨੂੰ ਕੁੱਟਦਾ ਰਿਹਾ ਪੈਰਾਂ ਦੇ ਨਾਲ। ਮੈਂ ਕਿਹਾ ਯਾਰ ਇਹਨਾਂ ਹੀ ਕਾਗਜ਼ਾਂ ਨੇ ਜ਼ਿੰਦਗੀ 'ਚ ਭੂਚਾਲ ਪਾ ਰੱਖਿਆ ਹੈ ਜ਼ਿੰਦਗੀ 'ਚ। ਕਿਉਂ ਨਹੀਂ ਬੰਦੇ ਨੂੰ ਬੰਦਾ ਰਹਿਣ ਦਿੱਤਾ ਜਾ ਰਿਹਾ? ਫਿਰ ਮੈਂ ਜਿਵੇਂ ਵਾਣ ਦੇ ਮੰਜੇ 'ਤੇ ਢੂਹੀ ਰਗੜਦੇ ਹੁੰਦੇ ਹਨ, ਐਂ ਮੈਂ ਲਾਹ ਕੇ ਕੱਪੜੇ ਪੂਰੀ ਢੂਹੀ ਰਗੜੀ ਉਹਨਾਂ ਨੋਟਾਂ 'ਤੇ। ਫਿਰ ਮੈਨੂੰ ਲੱਗਾ ਕਿ ਪਾਟ ਹੀ ਨਾ ਜਾਣ ਕਿਤੇ (ਹਾਸਾ), ਫਿਰ ਇਕੱਠੇ ਕਰ ਲਏ। ਹਾਂ ਇਕੱਠੇ ਕਰ ਲਏ। ਆਖਿਰ ਨੂੰ ਮਨੁੱਖ ਹੀ ਹਾਂ। ਉਵੇਂ ਹੀ ਹੈ ਜੀਵਨ। ਇਕੱਠੇ ਕਰ ਲਏ। ਸਵੇਰ ਨੂੰ ਆਪਣੇ ਦੋਸਤਾਂ ਮਿੱਤਰਾਂ ਨੂੰ ਸੱਦੇ ਦਿੱਤੇ ਕਿ ਆਉ ਭਾਈ ਰੱਜ ਕੇ ਖਾਈਏ ਪੀਈਏ।

ਸੋ ਇਸ ਕਿਸਮ ਦੀਆਂ ਘਟਨਾਵਾਂ ਬੰਬੇ ਚਲਦੀਆਂ ਰਹੀਆਂ। ਢਾਈ ਤਿੰਨ ਸਾਲ ਐਂ ਹੀ ਲੰਘ ਗਏ। ਫਿਰ ਅਚਾਨਕ ਹੀ ਮੈਨੂੰ ਚਮਕੌਰ ਸਾਹਿਬ ਤੋਂ ਸੱਦਾ ਆ ਗਿਆ। ਮੇਰਾ ਇਕ ਦੋਸਤ ਹੈ ਕੁਮਾਰ ਪਵਨਦੀਪ। ਉਹਨੇ ਚਮਕੌਰ ਸਾਹਿਬ ਇਕ ਨਾਟਕਾਂ ਦੀ ਟੀਮ ਤਿਆਰ ਕਰ ਰੱਖੀ ਸੀ। ਮੈਨੂੰ ਉਹਦਾ ਸੱਦਾ ਆ ਗਿਆ ਕਿ ਚਮਕੌਰ ਸਾਹਿਬ ਆ ਜਾ ਆਪਾਂ ਬੱਚਿਆਂ ਦਾ ਇਕ ਨਾਟਕ ਕਰਨਾ। ਮੈਂ ਜੀ, ਉਹ ਪੈਸੇ ਸੀ ਮੇਰੇ ਕੋਲ, ਮੈਂ ਚਮਕੌਰ ਸਾਹਿਬ ਆ ਗਿਆ। ਉੱਥੇ ਆ ਕੇ ਬੱਚਿਆਂ ਦੇ ਅਸੀਂ ਨਾਟਕ ਕਰਦੇ ਰਹੇ ਉੱਥੇ। ਬੱਚਿਆਂ ਦੀਆਂ ਜੋ ਸਮੱਸਿਆਵਾਂ ਸਨ, ਅਸੀਂ ਉਨ੍ਹਾਂ ਨੂੰ ਡਰਾਮਾਟਾਈਜ਼ ਕਰਦੇ ਸੀ। ਜਿੱਦਣ ਮੈਂ ਡੇਢ ਦੋ ਮਹੀਨਿਆਂ ਬਾਅਦ ਜਾਣ ਲੱਗਾ, ਤਾਂ ਉਹ ਬੱਚੇ, ਨੌਜਵਾਨ ਮੁੰਡੇ ਕੁੜੀਆਂ, ਛੋਟੇ ਵੀ, ਵੱਡੇ ਵੀ, ਸਾਰੇ ਇਕੱਠੇ ਹੋ ਗਏ, ਉਹ ਜਿਹੜਾ ਗਰੁੱਪ ਸੀ ਚਮਕੌਰ ਸਾਹਿਬ ਵਾਲਾ, ਉਹ ਵੀ। ਉਹ ਸਾਰੇ ਰੋਣ-ਰਾਣ ਲੱਗ ਪਏ। ਕਹਿੰਦੇ ਭਾਜੀ ਤੁਸੀਂ ਨਾਟਕ ਹੀ ਕਰਨੇ ਹਨ, ਤੁਸੀਂ ਥਿਏਟਰ ਹੀ ਕਰਨਾ, ਇੱਥੇ ਕਰ ਲਉ। ਤੁਸੀਂ ਕਿਹੜਾ ਬੰਬੇ ਫਿਲਮਾਂ ਖਾਤਰ ਗਏ ਹੋ। ਮੈਂ ਭਾਵਕ ਹੋ ਗਿਆ। ਫਿਰ ਆਪਾਂ ਚਾਰ ਕੁ ਸਾਲ ਉੱਥੇ ਰਹਿ ਪਏ। ਚਾਰ ਸਾਲ ਫਿਰ ਮੈਂ ਚਮਕੌਰ ਸਾਹਿਬ ਹੀ ਰਿਹਾ। ਉੱਥੇ ਨਾਟਕ ਖੇਡਦਾ ਰਿਹਾ, ਬੰਬੇ ਗਿਆ ਹੀ ਨਹੀਂ। ਨਾ ਕੋਈ ਜੁੱਲੀ ਤਪੜਾ ਚੁੱਕਣ ਗਿਆ ਆਪਣਾ ਨਾ ਕੁਛ ਹੋਰ।

ਸਵਾਲ: ਤੇ ਜਦੋਂ ਤੁਸੀਂ ਚਮਕੌਰ ਸਾਹਿਬ ਗਰੁੱਪ ਨਾਲ ਨਾਟਕ ਖੇਡਦੇ ਸੀ, ਉਹ ਕਿਸ ਕਿਸਮ ਦੇ ਨਾਟਕ ਸਨ ਅਤੇ ਤੁਸੀਂ ਉਹ ਨਾਟਕ ਕਿੱਥੇ ਖੇਡਦੇ ਸੀ?

ਜਵਾਬ: ਚਮਕੌਰ ਸਾਹਿਬ ਚੇਤਨਾ ਕਲਾ ਮੰਚ ਹੈ ਇਕ। ਉਹ ਜ਼ਿਆਦਾਤਰ ਇਨਕਲਾਬੀ ਵਿਚਾਰਧਾਰਾ ਦੇ ਹੀ ਬੰਦੇ ਸੀ। ਉਸ ਕਿਸਮ ਦੇ ਉਹ ਨਾਟਕ ਖੇਡਦੇ ਸੀ। ਉੱਥੇ ਅਸੀਂ ਬ੍ਰਤੋਲਤ ਬ੍ਰੈਖਤ ਦਾ ਨਾਟਕ 'ਮਿੱਟੀ ਨਾ ਹੋਈ ਮਤਰੇਈ' ਵੀ ਖੇਡਿਆ, ਦਮਨ ਹੁਰਾਂ ਦੇ ਨਾਟਕ ਵੀ ਖੇਡੇ, ਗਦਰੀ ਬਾਬਿਆਂ 'ਤੇ ਵੀ ਨਾਟਕ ਖੇਡੇ। 'ਕਿਰਨਾਂ ਦਾ ਕਾਫਲਾ' ਵੀ ਖੇਡਿਆ। ਇਸ ਕਿਸਮ ਦੇ ਨਾਟਕ ਖੇਡੇ। ਜ਼ਿਆਦਾਤਰ ਇਨਕਲਾਬੀ ਨਾਟਕ ਕਰਦੇ ਸੀ।

ਸਵਾਲ: ਤੇ ਕਰਦੇ ਪਿੰਡਾਂ ਦੇ ਵਿੱਚ ਸੀ?

ਜਵਾਬ: ਪਿੰਡਾਂ ਦੇ ਵਿੱਚ। ਪੂਰੇ ਪੰਜਾਬ 'ਚ। ਬਹੁਤ ਮਸ਼ਹੂਰ ਹੋ ਗਈ ਸੀ ਉਹ ਟੀਮ। ਅਸੀਂ ਦੋਸਤ ਸੀ ਦੋਵੇਂ ਮੈਂ ਅਤੇ ਪਵਨ। ਉਹ ਪਹਿਲਾਂ ਹੀ ਉੱਥੇ ਕੰਮ ਕਰ ਰਿਹਾ ਸੀ। ਅਸੀਂ ਦੋਹਾਂ ਜਣਿਆਂ ਨੇ ਰਾਇ ਕੀਤੀ। ਮੈਂ ਕਿਹਾ ਤੂੰ ਡਾਇਰੈਕਟਰ ਦੇ ਤੌਰ 'ਤੇ ਕੰਮ ਕਰ ਮੈਂ ਐਕਟਰ ਦੇ ਤੌਰ 'ਤੇ ਡਿਵੈਲਪ ਕਰਦਾ ਹਾਂ। ਬਈ ਆਪਾਂ ਆਪੋ ਆਪਣੇ ਖੇਤਰ ਚੁਣ ਲਈਏ। ਤੂੰ ਡਾਇਰੈਕਸ਼ਨ 'ਚ ਆ ਜਾ ਅਤੇ ਮੈਂ ਐਕਟਿੰਗ 'ਚ ਆ ਜਾਂਦਾ ਹਾਂ। ਫਿਰ ਮੈਂ ਐਕਟਿੰਗ 'ਚ ਬਹੁਤ ਸਾਰੀਆਂ ਚੀਜ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਉਦੋਂ। ਇਕ ਦਮਨ ਹੁਰਾਂ ਦਾ ਪਲੇਅ ਹੈ 'ਛਿਪਣ ਤੋਂ ਪਹਿਲਾਂ' ਭਗਤ ਸਿੰਘ 'ਤੇ। ਉਹਦੇ ਵਿੱਚ ਮੈਂ ਬੋਘੇ ਦਾ ਰੋਲ ਕੀਤਾ, ਭੰਗੀ ਦਾ। ਤੇ ਸ਼ਾਇਦ ਮੈਂ ਆਪਣੇ ਮੂੰਹੋਂ ਨਹੀਂ ਕਹਿੰਦਾ, ਲੋਕ ਕਹਿੰਦੇ ਹਨ ਕਿ ਉਹ ਬਹੁਤ ਅੱਛਾ ਹੋਇਆ। ਪਾਤਰ ਦਾ ਅਹਿਸਾਸ, ਉਹਦੀ ਫੀਲਿੰਗ ਕੀ ਹੈ, ਮੈਂ ਉਹ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਭਗਤ ਸਿੰਘ ਜਦੋਂ ਉਹਨੂੰ ਕਹਿੰਦਾ ਬਈ ਬੋਘਿਆ, ਇਸ ਤਰ੍ਹਾਂ ਦਾ ਨਾਂ ਹੈ ਉਹਦਾ, ਤੇ ਉਹ ਜਦੋਂ ਪਿਆਰ ਨਾਲ ਉਸ ਨੂੰ ਬੇਬੇ ਕਹਿ ਕੇ ਬੁਲਾਉਂਦਾ ਹੈ ਤਾਂ ਉਦੋਂ ਬੋਘਾ ਰੋਣ ਲੱਗ ਜਾਂਦਾ ਹੈ। ਜਿਹਦੇ ਅਰਥ ਇਸ ਤਰੀਕੇ ਦੇ ਨਿਕਲਦੇ ਸੀ ਉਹਦੇ 'ਚੋਂ। ਉਹ ਕਹਿੰਦਾ ਯਾਰ ਸਾਨੂੰ ਤਾਂ ਕਦੇ ਐਂ



*ਸੈਮੁਅਲ ਦੇ ਨਾਟਕਾਂ ਦੀ ਪੇਸ਼ਕਾਰੀ ਦਾ ਆਪਣਾ ਵੱਖਰਾ ਤਰੀਕਾ ਹੈ। ਉਹ ਸਕੂਲੀ ਵਿਦਿਆਰਥੀਆਂ ਤੇ ਦਰਸ਼ਕਾਂ ਨੂੰ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਨਾਟਕ ਕੀ, ਕਿਉਂ, ਕਿਵੇਂ ਆਦਿ ਬਹੁਤ ਸਾਰੇ ਪ੍ਰਸ਼ਨਾਂ ਦੇ ਜਵਾਬ 20-25 ਮਿੰਟਾਂ ਦੀ ਵਰਕਸ਼ਾਪ ਰਾਹੀਂ ਸਹਿਜਤਾ ਨਾਲ ਸਮਝਾਉਂਦਾ ਹੈ।*

ਕਿਸੇ ਨੇ ਬੁਲਾਇਆ ਹੀ ਨਹੀਂ। ਭਗਤ ਸਿੰਘ ਬੋਘੇ ਨੂੰ ਬੇਬੇ ਕਹਿੰਦਾ ਕਿ ਤੂੰ ਤਾਂ ਮੇਰੀ ਬੇਬੇ ਆਂ। ਬੋਘਾ ਕਹਿੰਦਾ ਨਹੀਂ ਤੂੰ ਮੈਨੂੰ ਬੇਬੇ ਬੇਬੇ ਨਾ ਕਿਹਾ ਕਰ। ਕਮਾਲ ਦਾ ਡਾਇਲਾਗ ਲਿਖਿਆ ਦਮਨ ਹੁਰਾਂ ਨੇ। ਭਗਤ ਸਿੰਘ ਉਹਨੂੰ ਕਹਿੰਦਾ ਯਾਰ 'ਚੋਟੇ ਹੁੰਦਿਆਂ ਮੇਰੀ ਬੇਬੇ ਮੇਰਾ ਗੰਦ ਚੁੱਕਦੀ ਰਹੀ ਹੈ। ਹੁਣ ਕਾਲ ਕੋਠੜੀ 'ਚ ਤੂੰ ਮੇਰਾ ਗੰਦ ਚੁੱਕਦਾ ਹੈਂ। ਫਿਰ ਤੂੰ ਵੀਂ ਤਾਂ ਮੇਰੀ ਬੇਬੇ ਹੋਈ ਨਾ।' ਕਮਾਲ ਦੀ ਗੱਲ ਸੀ ਇਹ। ਯਾਰ ਬੰਦੇ ਧਾਹਾਂ ਮਾਰਨ ਲੱਗ ਜਾਂਦੇ ਸਨ ਉੱਥੇ। ਕੀ ਯਾਰ ਆਹ... ਸੱਚਮੁੱਚ ਬਈ ਅਸੀਂ ਗੰਦ ਚੁੱਕਣ ਵਾਲਿਆਂ ਨੂੰ, ਇਹੋ ਜਿਹੇ ਕੰਮ ਕਰਨ ਵਾਲਿਆਂ ਨੂੰ ਬੰਦਿਆਂ ਨੂੰ ਕਿਹੜੇ ਦਰਜੇ 'ਤੇ ਲੈ ਕੇ ਜਾ ਰਹੇ ਹਾਂ। ਕਿਹੜੇ ਲੈਵਲ 'ਤੇ ਅਸੀਂ ਉਹਨੂੰ ਸਮਝ ਰਹੇ ਹਾਂ, ਮਹਿਸੂਸ ਕਰ ਰਹੇ ਹਾਂ। ਬਹੁਤ ਕਮਾਲ ਦਾ ਸੀ। ਉਹ ਨਾਟਕ ਫਿਰ ਬਹੁਤ ਪਾਪੁਲਰ ਹੋਇਆ ਪੰਜਾਬ ਦੇ ਵਿੱਚ। ਉਹਨੂੰ ਅਸੀਂ ਬਹੁਤ ਖੇਡਿਆ।

ਸਵਾਲ: ਤੁਸੀਂ ਕਹਿੰਦੇ ਹੋ ਕਿ ਉਸ ਵੇਲੇ ਤੁਸੀਂ ਐਕਟਿੰਗ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਸੀ, ਆਪਣੇ ਆਪ ਨੂੰ ਤਿਆਰ ਕਰਨ ਲਈ। ਜਿਹੜਾ ਆਪਣਾ ਰੋਲ ਸੀ ਉਸ ਨੂੰ ਕਿਵੇਂ ਤਿਆਰ ਕਰਦੇ ਸੀ? ਕਿਵੇਂ ਤੁਸੀਂ ਮਹਿਸੂਸ ਕਰਦੇ ਸੀ, ਕਿਸੇ ਵੀ ਪਾਤਰ ਦੀ ਤਿਆਰੀ ਕਰਦੇ ਸਮੇਂ?

ਜਵਾਬ: ਮੇਰੇ ਤਿਆਰੀ ਕਰਨ ਦੇ ਜਿਹੜੇ ਤਰੀਕੇ ਸੀ ਉਹਨਾਂ ਵਿੱਚ ਸੀ ਇਕ ਤਾਂ ਮੈਂ ਸਵੇਰੇ ਉੱਠਣਾ, ਮੈਂ ਆਪਣਾ ਅਭਿਆਸ ਕਰਨਾ, ਯੋਗ ਦਾ ਅਭਿਆਸ ਕਰਨਾ, ਸੈਰ ਲਈ ਨਿਕਲਣਾ, ਦੌੜਨਾ। ਇਸ ਕਿਸਮ ਦੀਆਂ ਚੀਜ਼ਾਂ ਸੀ। ਅਵਾਜ਼ 'ਤੇ ਮੈਂ ਬਹੁਤ ਅਭਿਆਸ ਕਰਦਾ ਰਿਹਾਂ। ਇਕ ਕਮਰਾ ਹੁੰਦਾ ਸੀ, ਸਾਹਮਣੇ ਹੀ ਉੱਥੇ ਸਾਡੇ। ਜਿਹੜੇ ਘਰ ਦੇ ਵਿੱਚ ਅਸੀਂ ਰਹਿੰਦੇ ਹੁੰਦੇ ਸੀ, ਬਹੁਤ ਵੱਡਾ ਸ਼ੀਸ਼ਾ ਲੱਗਾ ਹੁੰਦਾ ਸੀ। ਉਹਦੇ ਸਾਹਮਣੇ ਐਕਸਰਸਾਈਜ਼ਾਂ ਕਰਦੇ ਰਹਿਣਾ। ਇਹ ਹੁੰਦਾ ਸੀ ਕਿ ਸਵੇਰੇ ਤੋਂ ਉੱਠ ਕੇ ਰੋਟੀ ਖਾ ਲਈ। ਫਿਰ ਸਾਰਾ ਸਾਰਾ ਦਿਨ ਰਿਹਰਸਲ ਚਲਦੀ ਸੀ। ਮੁੱਖ ਤੌਰ 'ਤੇ ਇਹ ਗੱਲਾਂ ਹੁੰਦੀਆਂ ਸੀ ਉੱਥੇ। ਇਹੋ ਜਿਹਾ ਸੈਂਟਰ ਬਣ ਗਿਆ ਸੀ ਉਹ। ਸਾਰਾ ਸਾਰਾ ਦਿਨ ਰਿਹਰਸਲ ਚੱਲਦੀ ਰਹਿੰਦੀ ਸੀ। ਮੈਂ ਹਮੇਸ਼ਾਂ ਹੀ ਕਹਿੰਦਾ ਹਾਂ ਕਿ ਜਦੋਂ ਵੀ ਤੁਹਾਡੀ ਕੋਈ ਕਲਾ ਹੈ, ਖਾਸ ਤੌਰ 'ਤੇ ਰੰਗਮੰਚ ਦੀ, ਉਸ ਵਿੱਚ ਜਦੋਂ ਤੁਸੀਂ ਐਕਟਿੰਗ ਕਰ ਰਹੇ ਹੋ ਜਾਂ ਕੋਈ ਪਾਤਰ ਤਿਆਰ ਕਰ ਰਹੇ ਹੋ, ਜਾਂ ਜਿਹੜੇ ਨਾਟਕ ਤੁਸੀਂ ਕਰ ਰਹੇ ਹੋ, ਉਨ੍ਹਾਂ ਵਿੱਚ ਨਾਹਰਾ ਥੋੜ੍ਹਾ ਜਿਹਾ ਘੱਟ ਹੋਵੇ ਤੇ ਫੀਲਿੰਗ ਨਾਲ, ਅਹਿਸਾਸ ਹੋਣ, ਜਜ਼ਬਾਤ ਹੋਣ ਤਾਂ ਜੋ ਦੂਜੇ ਬੰਦੇ ਵੀ ਜੁੜ ਸਕਣ। ਇਹ ਮੇਰੇ ਅੰਦਰ ਕਿਤੇ ਚੀਜ਼ਾਂ ਉਦੋਂ ਚੱਲੀ ਜਾਂਦੀਆਂ ਸੀ। ਤੇ ਮੇਰੇ ਫੋਕਸ ਦੇ ਵਿੱਚ ਇਹ ਹੀ ਸੀ। ਤੇ ਜਦੋਂ ਮੈਂ ਆਪਣੇ ਪਾਤਰ ਵੀ ਕਰਦਾ ਸੀ, ਉਹ ਇਮੋਸ਼ਨਜ਼ ਦੇ ਬਹੁਤ ਨੇੜੇ ਹੁੰਦੇ ਸੀ। ਹਿਊਮਨ ਲਾਈਫ ਦੇ ਵਿੱਚ ਜੋ ਇਮੋਸ਼ਨਜ਼ ਨੇ ਜੋ ਜਜ਼ਬਾਤ ਨੇ ਉਹਨਾਂ ਨੂੰ ਟੱਚ ਕੀਤਾ ਜਾਵੇ। ਇਹ ਮੇਰੀ ਬੇਸਿਕ ਤਿਆਰੀ ਦੇ ਸਾਧਨ ਸਨ।

ਸਵਾਲ: ਤੁਸੀਂ ਮਹਿਸੂਸ ਕਰਦੇ ਸੀ ਬਈ ਨਾਹਰੇ ਨਾਲੋਂ ਜੇ ਤੁਸੀਂ ਭਾਵਨਾਵਾਂ ਨੂੰ ਛੋਹਣ ਦੀ ਕੋਸ਼ਿਸ਼ ਕਰੋ ਤਾਂ ਤੁਸੀਂ ਜ਼ਿਆਦਾ ਕਾਮਯਾਬ ਹੋ ਸਕਦੇ ਹੋ ਦੂਸਰੇ ਬੰਦੇ ਨੂੰ ਟੱਚ ਕਰਨ ਲਈ?

ਜਵਾਬ: ਬਿਲਕੁਲ। ਕਿਉਂਕਿ ਬੇਸਿਕਲੀ ਤਾਂ ਦੂਸਰੇ ਨੂੰ ਕਲਾਵਾਂ ਸੈਂਸਟਾਇਜ਼ ਕਰਦੀਆਂ ਹਨ, ਸੰਵੇਦਨਸ਼ੀਲ ਬਣਾਉਂਦੀਆਂ ਹਨ। ਜਦੋਂ ਅਸੀਂ ਅੰਦਰੋਂ ਸੰਵੇਦਨਸ਼ੀਲ ਹੋਵਾਂਗੇ, ਨਾਲ ਨਾਲ ਸਮਝਦਾਰੀ ਵੀ ਚਲਦੀ ਰਹੇਗੀ। ਮੈਂ ਉਸ ਤੋਂ ਮੁਨਕਰ ਨਹੀਂ ਹੁੰਦਾ ਕਿ ਤੁਹਾਡੀ ਪੁਲੀਟੀਕਲ ਸਮਝ ਜਾਂ ਸਮਾਜਕ ਸਮਝ, ਉਹ ਨਾਲ ਚੱਲੇ। ਪਰ ਇਹਨੂੰ ਅਸੀਂ ਇਕੱਲੇ ਐਂ ਪੱਥਰਾਂ ਵਾਂਗੂੰ ਨਾ ਕਰੀਏ। ਊਂ ਨਹੀਂ। ਨਾਲ ਜਜ਼ਬਾਤਾਂ, ਭਾਵਨਾਵਾਂ ਨਾਲ ਵੀ ਕਲਾਵਾਂ ਜੁੜਨ। ਉਹ ਵੀ ਅਹਿਮ ਹਨ।

ਸਵਾਲ: ਚਾਰ ਸਾਲ ਚਮਕੌਰ ਸਾਹਿਬ ਦੀ ਟੀਮ ਦੇ ਨਾਲ ਕੰਮ ਕੀਤਾ। ਫਿਰ ਉਸ ਤੋਂ ਬਾਅਦ ਕਿੱਥੇ ਗਏ?

ਜਵਾਬ: ਇਹਨਾਂ ਚਾਰ ਸਾਲਾਂ ਦੇ ਦੌਰਾਨ ਮੈਨੂੰ ਲੱਗਾ ਕਿ ਅਸੀਂ ਨਾਹਰੇਬਾਜ਼ੀ 'ਤੇ ਥੋੜ੍ਹਾ ਜਿਹਾ ਵੱਧ ਜ਼ੋਰ ਦੇ ਰਹੇ ਹਾਂ। ਇਕ ਜਿਹੜੇ ਵਿਸ਼ੇ ਸੀ ਨਾ, ਮੈਂ ਕਿਤੇ ਨਾ ਕਿਤੇ ਹੌਲੀ ਹੌਲੀ ਗਰੀਬਾਂ ਵਾਲੇ ਪਾਸੇ ਨੂੰ ਵੱਧ ਆਉਣਾ ਚਾਹ ਰਿਹਾ ਸੀ। ਜਿਹੜੇ ਵਿਸ਼ੇ ਹਨ, ਉਹ ਮਜ਼ਦੂਰਾਂ ਨਾਲ ਵੱਧ ਸੰਬੰਧਤ ਹੋਣ। ਕਿਤੇ ਨਾ ਕਿਤੇ ਮੈਂ ਜਾਤਪਾਤ ਬਾਰੇ ਵੀ ਸੋਚ ਰਿਹਾ ਸੀ। ਮੈਂ ਇੱਥੇ ਚਮਕੌਰ ਸਾਹਿਬ ਹੀ ਨਾਟਕ ਤਿਆਰ ਕੀਤਾ ਸੀ ਜੂਠ। ਗੁਰਸ਼ਰਨ ਭਾਜੀ ਕਾਸਟ (ਜਾਤ) ਦੇ ਮੁੱਦੇ 'ਤੇ ਆਪਣੇ ਨਾਟਕਾਂ ਵਿੱਚ ਗੱਲ ਕਰਦੇ ਸੀ, ਬਈ ਜਾਤ ਦਾ ਆਹਾ ਆਹਾ ਦੁੱਖ ਦਰਦ ਹਢਾਉਂਦੇ ਹਨ ਬੰਦੇ। ਪਰ ਮੈਨੂੰ ਲੱਗਦਾ ਸੀ ਇਸ ਦੀ ਹੋਰ ਲੋੜ ਹੈ ਅਜੇ। ਬਈ ਇਸ ਬਾਰੇ ਸਿੱਧੇ ਤੌਰ 'ਤੇ ਪੂਰੇ ਪੂਰੇ ਨਾਟਕ ਹੋਣ। ਨਾ ਕਿ ਕੋਈ ਇਕ ਅੱਧਾ ਪਾਤਰ ਕਿਸੇ ਨਾਟਕ ਦੇ ਵਿੱਚ ਹੋਵੇ। ਫਿਰ ਜੂਠ ਕੀਤਾ ਸੀ। ਜੂਠ ਚਮਕੌਰ ਸਾਹਿਬ ਦੀ ਟੀਮ ਵਲੋਂ ਕੀਤਾ ਗਿਆ ਸੀ ਪਹਿਲੀ ਵਾਰ। ਇਕ ਮਈ 'ਤੇ ਜਦੋਂ ਇਹ ਖੇਡਿਆ ਗਿਆ, ਫਿਰ ਗੁਰਸ਼ਰਨ ਭਾਜੀ ਨੇ ਬਿਲਕੁਲ ਸਿੱਧੇ ਤੌਰ 'ਤੇ ਇਹ ਗੱਲ ਕਹਿ ਦਿੱਤੀ ਕਿ ਇਹ ਜਿਹੜੇ ਨਾਟਕ ਹਨ, ਇਸ ਕਿਸਮ ਦੇ ਇਹ ਪੰਜਾਬ 'ਚ ਹੋਣੇ ਬਹੁਤ ਜ਼ਰੂਰੀ ਹਨ। ਉਹਨਾਂ ਨੇ ਮੇਰੇ ਕੰਮ ਦੀ ਬਹੁਤ ਪ੍ਰਸ਼ੰਸਾ ਕੀਤੀ। ਇਹਦੇ 'ਤੇ ਆਰਟੀਕਲ ਵੀ ਲਿਖਿਆ।

ਫਿਰ ਚਾਰ ਕੁ ਸਾਲ ਚਮਕੌਰ ਸਾਹਿਬ ਰਹਿਣ ਤੋਂ ਬਾਅਦ ਮੈਨੂੰ ਲੱਗਾ ਕਿ ਹੁਣ ਥੋੜ੍ਹੀ ਤਬਦੀਲੀ ਕਰਨੀ ਚਾਹੀਦੀ। ਮੈਨੂੰ ਆਪਣੇ ਲੈਵਲ 'ਤੇ ਚੀਜ਼ਾਂ ਨੂੰ ਕਰਨਾ ਚਾਹੀਦਾ ਹੈ। ਮੈਂ ਚਮਕੌਰ ਸਾਹਿਬ ਛੱਡ ਕੇ ਪਟਿਆਲੇ ਆ ਗਿਆ। ਪਟਿਆਲੇ ਆ ਕੇ ਮੈਂ ਨੁੱਕੜ ਨਾਟਕ ਦੀ ਪਰੰਪਰਾ ਸ਼ੁਰੂ ਕਰ ਦਿੱਤੀ। ਪਟਿਆਲੇ ਆ ਕੇ ਮੈਂ ਬਲਜਿੰਦਰ ਨਸਰਾਲੀ ਦੀ ਕਹਾਣੀ 'ਤੇ ਆਧਾਰਿਤ ਨਾਟਕ 'ਘਸਿਆ ਹੋਇਆ ਆਦਮੀ' ਗਲੀਆਂ ਵਿੱਚ ਕਰਨਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਫਿਰ ਮੈਂ ਪਿੰਡਾਂ ਨੂੰ ਨਿਕਲ ਗਿਆ। ਪਿੰਡਾਂ ਦੇ ਵਿੱਚ ਵੀ ਜਾ ਜਾ ਕੇ ਨਾਟਕ ਕਰਨੇ। ਦੋ ਕੁ ਸਾਲ ਮੈਂ ਰਿਹਾ ਇਥੇ ਪਟਿਆਲੇ। ਜਦੋਂ ਅਸੀਂ ਚਮਕੌਰ ਸਾਹਿਬ ਵਾਲੀ ਟੀਮ ਵਿੱਚ ਸੀ ਤਾਂ ਅਸੀਂ ਐਧਰ ਨੂੰ ਨਿਕਲਦੇ ਹੁੰਦੇ ਸੀ ਲਹਿਰੇਗਾਗੇ ਵੱਲ ਦੇ ਏਰੀਏ ਨੂੰ। ਮਾਨਸਾ, ਬਠਿੰਡਾ ਵੱਲ ਨੂੰ। ਤੇ ਮੈਨੂੰ ਲੱਗਦਾ ਸੀ ਕਿ ਇਹ ਬਹੁਤ ਬੈਕਵਾਰਡ ਏਰੀਆ ਹੈ, ਇੱਥੇ ਆ ਕੇ ਮੈਂ ਕਦੇ ਕੰਮ ਕਰਾਂ। ਪਟਿਆਲੇ ਦੋ ਕੁ ਸਾਲ ਲਾਉਣ ਤੋਂ ਬਾਅਦ ਮੈਂ ਮਿੱਥ ਲਿਆ ਕਿ ਹੁਣ ਆਪਾਂ ਲਹਿਰੇਗਾਗੇ ਵੱਲ ਚਲਦੇ ਹਾਂ।

ਵਿਆਹ ਮੇਰਾ ਹੋ ਚੁੱਕਾ ਸੀ। ਜਸਵਿੰਦਰ ਹੈ ਮੇਰੀ ਵਾਈਫ ਦਾ ਨਾਂ। ਉਹਨੂੰ ਮੈਂ ਕਿਹਾ ਬਈ ਕਿਵੇਂ ਕਰੀਏ। ਕਹਿੰਦੀ ਕੀ? ਮੈਂ ਕਿਹਾ ਆਪਾਂ ਲਹਿਰੇ ਵੱਲ ਚੱਲਦੇ ਹਾਂ। ਉਧਰ ਨਾਟਕ ਟੀਮ ਬਣਾ ਕੇ ਸਾਰੇ ਪਿੰਡਾਂ 'ਚ ਕੰਮ ਕਰਾਂਗੇ। ਉੱਧਰ ਦੇ ਏਰੀਏ ਵਿੱਚ। ਉਹ ਕਹਿੰਦੀ ਠੀਕ ਹੈ। ਤਾਂ ਮੈਂ ਸੁਨਾਮ ਜਾ ਕੇ ਰਹਿਣਾ ਚਾਹੁੰਦਾ ਸੀ ਬਈ ਸੁਨਾਮ ਕੋਈ ਇਹੋ ਜਿਹਾ ਘਰ ਲਵਾਂ ਜਿੱਥੇ ਰੀਹਰਸਲ ਲਈ ਮੈਨੂੰ ਜਗ੍ਹਾ ਮਿਲ ਜਾਏ। ਪਰ ਉੱਥੇ ਮੈਨੂੰ ਮਿਲਿਆ ਨਹੀਂ ਇਹੋ ਜਿਹਾ ਕੋਈ ਘਰ। ਮੇਰਾ ਇਕ ਦੋਸਤ ਹੈ ਕੰਵਲਜੀਤ ਢੀਂਡਸਾ, ਲਹਿਰੇ ਦੇ ਵਿੱਚ ਉਹਦਾ ਆਪਦਾ ਇਕ ਸਕੂਲ ਹੈ। ਉਹ ਮੈਨੂੰ ਕਹਿੰਦਾ ਤੂੰ ਇੱਥੇ ਆ ਜਾ ਯਾਰ। ਤੇ ਚੰਗਾਲੀ ਆਲੀ ਮੈਨੂੰ ਘਰ ਮਿਲ ਗਿਆ ਸੀ। ਇਹਨੀ ਦਿਨੀ ਮੇਰਾ ਚੰਗਾਲੀ ਆਲੀ ਘਰ ਹੈ। ਉੱਥੇ ਕਿਸੇ ਮੇਰੇ ਦੋਸਤ ਦਾ ਘਰ ਸੀ। ਉਹਨੇ ਮੈਨੂੰ ਚਾਬੀ ਦਿੱਤੀ ਹੋਈ ਸੀ। ਉਹ ਕਹਿੰਦਾ ਯਾਰ ਤੂੰ ਉੱਥੇ ਜਾ ਕੇ ਰਹਿ, ਸੁਨਾਮ ਨਾ ਰਹਿ। ਮੈਂ ਉਸ ਘਰੇ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਡੇਢ ਦੋ ਕਿਲੋਮੀਟਰ ਦਾ ਈ ਫਰਕ ਹੈ ਲਹਿਰੇ ਦਾ ਅਤੇ ਚੰਗਾਲੀ ਆਲੀ ਦਾ। ਡੇਢ ਕੁ ਕਿਲੋਮੀਟਰ ਦਾ। ਵਿੱਚੇ ਹੀ ਹੈ ਲਗਭਗ ਲਹਿਰੇ ਦੇ। ਉੱਥੇ ਫਿਰ ਸੈਂਟਰ ਬਣਾਇਆ। ਤੇ ਹੁਣ ਘੱਟੋ ਘੱਟ 15 ਸਾਲ ਤੋਂ ਉੱਪਰ ਹੋ ਗਏ ਹਨ। ਹੁਣ ਉੱਥੇ ਹੀ ਸਾਰਾ ਕੰਮ ਚੱਲ ਰਿਹਾ। ਅਜੇ ਤੱਕ ਵੀ। ਭਾਵੇਂ ਕਿ ਮੇਰੀ ਜਿਹੜੀ ਜੀਵਨ ਸਾਥਣ ਹੈ, ਜਸਵਿੰਦਰ ਉਹ ਪਿਛਲੇ ਅੱਠ ਸਾਲਾਂ ਤੋਂ ਚੰਡੀਗੜ੍ਹ 'ਚ ਅਧਿਆਪਕ ਹੈ। ਪਰ ਮੇਰੀ ਜਿਹੜੀ ਟੀਮ ਹੈ, ਮੇਰਾ ਜਿਹੜਾ ਸੈਂਟਰ ਹੈ ਉਹ ਲਹਿਰੇਗਾਗੇ ਹੈ। ਮੈਂ ਚੰਡੀਗੜ੍ਹ 'ਚ ਆਪਣੀ ਟੀਮ ਨਹੀਂ ਬਣਾਈ। ਉਹਦਾ ਕਾਰਨ ਇਹ ਸੀ ਕਿ ਮੈਨੂੰ ਲਗਦਾ ਸੀ ਕਿ ਮੈਂ ਆਪਣੀ ਐਨਰਜੀ ਵੱਧ ਅਜੇ ਉੱਥੇ ਲਾਵਾਂ। ਜਿਵੇਂ ਜਿਵੇਂ ਐਨਰਜੀ ਘਟੇਗੀ, ਚਲੋ ਫਿਰ ਕਿਤੇ ਘਰ ਬੈਠ ਕੇ ਵੀ ਕੰਮ ਕਰ ਲਵਾਂਗੇ, ਚੰਡੀਗੜ੍ਹ ਜਾਂ ਹੋਰ ਕਿਤੇ ਕੰਮ ਚੱਲ ਸਕਦਾ ਹੈ। ਪਹਿਲਾਂ ਮੈਂ ਆਪਣੀ ਪੂਰੀ ਐਨਰਜੀ ਪਿੰਡਾਂ ਦੇ ਵਿੱਚ ਲਾਵਾਂ। ਤੇ ਉਹਨਾਂ ਦੇ ਵਿੱਚ ਜਿਹੜਾਂ ਮੇਰਾ ਫੋਕਸ ਹੈ, ਜ਼ਿਆਦਾਤਰ ਉਹ ਹੈ ਕਿ ਸ਼ੋਅ ਕਰਾਉਣ ਵਾਸਤੇ ਮੈਨੂੰ ਬੁਲਾ ਲੈਂਦੇ ਬੰਦੇ, ਕਿਸਾਨ ਜਥੇਬੰਦੀਆਂ ਦੇ ਲੋਕ ਨੇ, ਕਾਮਰੇਡ ਵਿਚਾਰਧਾਰਾ ਦੇ ਲੋਕ ਨੇ। ਇਕ ਇਹ ਤਰੀਕਾ ਹੈ। ਦੂਸਰਾ ਜਿਹੜਾ ਮੇਰਾ ਖੁਦ ਦਾ ਆਪਣਾ ਤਰੀਕਾ ਹੈ, ਉਹ ਇਹ ਹੈ ਕਿ ਮੈਂ ਸਰਕਾਰੀ ਸਕੂਲਾਂ 'ਚ ਜਾਂਦਾ ਹਾਂ। ਸਰਕਾਰੀ ਸਕੂਲਾਂ 'ਚ ਜਾ ਕੇ ਅਸੀਂ ਬੱਚਿਆਂ ਨਾਲ ਕੁਛ ਤਾਂ ਪਹਿਲਾਂ ਅਸੀਂ ਆਪਣੇ ਲਿਖੇ ਹੋਏ ਨਾਟਕ ਖੇਡਦੇ ਰਹੇ ਹਾਂ ਬਹੁਤ ਦੇਰ ਤਾਂ ਆਪਣੇ ਤਿਆਰ ਕੀਤੇ ਹੋਏ ਨਾਟਕ। ਹੁਣ ਬੱਚਿਆਂ ਦੀਆਂ ਕਹਾਣੀਆਂ ਨੂੰ ਲੈ ਕੇ ਮੌਕੇ 'ਤੇ ਉਹਨਾਂ ਨੂੰ ਨਾਟਕ ਖੇਡਣ ਦਾ ਤਰੀਕਾ ਦੱਸੀਦਾ ਹੈ ਕਿ ਕਿਵੇਂ 10-15-20 ਮਿੰਟ ਦੇ ਵਿੱਚ ਤੁਸੀਂ ਨਾਟਕ ਤਿਆਰ ਕਰ ਸਕਦੇ ਹੋ, ਬਿਨਾਂ ਕੋਈ ਪੈਸਾ ਖਰਚੇ ਦੇ। ਪਲੇਅ ਦੇ ਮੈਥਡ ਨਾਲ। ਉਹ ਅਸੀਂ ਕਰਦੇ ਹਾਂ ਕੰਮ। ਨਾਲ ਆਪ ਇਕ ਟੀਮ ਬੱਚਿਆਂ ਦਾ ਨਾਟਕ ਖੇਡਦੀ ਹੈ। ਇਕ ਤਾਂ ਉਹਨਾਂ ਨੂੰ ਬਣਾਉਣ ਦਾ ਤਰੀਕਾ ਦਸਦੇ ਹਾਂ। ਮੌਕੇ 'ਤੇ ਖਿਡਾ ਦਿੰਦੇ ਹਾਂ ਉਹਨਾਂ ਤੋਂ। ਨਾਲ ਇਕ ਨਾਟਕ ਆਪ ਟੀਮ ਖੇਡਦੀ ਹੈ। ਉਹ ਉਧਰਲੇ ਸਕੂਲਾਂ 'ਚ ਮਾਲਵੇ ਵਾਲਿਆਂ 'ਚ ਸਾਰਿਆਂ 'ਚ, ਜਿੱਥੇ ਤੱਕ ਜਾ ਸਕਦੇ ਹਾਂ। ਉੱਥੇ ਕਿਸੇ ਅਧਿਆਪਕ ਨੂੰ ਕਹੀਦਾ ਹੈ ਕਿ ਅਸੀਂ ਆ ਰਹੇ ਹਾਂ, ਨਾਟਕ ਕਰਨੇ ਹਨ। ਜਾਂ ਆਪਣੇ ਆਪ ਵੀ ਚਲੇ ਜਾਈਦਾ ਹੈ। ਦੂਸਰਾ ਤਰੀਕਾ ਇਹ ਹੈ।

(ਚਲਦਾ)

'ਸਿਰਜਣਾ' ਤੋਂ ਧੰਨਵਾਦ ਸਹਿਤ

# ਕੀ ਵੰਸ਼ਵਾਦ ਦੀ ਮਿਸਾਲ ਹੈ ਰਾਹੁਲ ਦੀ ਤਾਜਪੋਸ਼ੀ ?

ਰਵੀਸ਼ ਕੁਮਾਰ

1998 ਮਗਰੋਂ 2001 ਵਿਚ ਸੋਨੀਆ ਗਾਂਧੀ ਜਦੋਂ ਪ੍ਰਧਾਨ ਬਣਨ ਵਾਲੀ ਸੀ ਤਾਂ ਜਿਤੇਂਦਰ ਪ੍ਰਸਾਦ ਨੇ ਆਪਣੀ ਨਾਮਜ਼ਦਗੀ ਭਰੀ ਸੀ ਅਤੇ ਉਨ੍ਹਾਂ ਨਾਲ ਕਈ ਕਾਂਗਰਸੀ ਨੇਤਾ ਵੀ ਖੜੇ ਹੋਏ। ਜਿਤੇਂਦਰ ਪ੍ਰਸਾਦ ਹਾਰ ਗਏ ਪਰ ਸੋਨੀਆ ਗਾਂਧੀ ਨੂੰ ਪਹਿਲੀ ਵਾਰ ਚੋਣਾਂ ਦਾ ਸਾਹਮਣਾ ਕਰਨਾ ਪਿਆ।

ਰਾਹੁਲ ਗਾਂਧੀ ਕਾਂਗਰਸ ਦੇ ਪ੍ਰਧਾਨ ਬਣ ਗਏ ਹਨ। ਉਨ੍ਹਾਂ ਦੀ ਨਾਮਜ਼ਦਗੀ ਦੇ ਵਿਰੋਧ ਵਿਚ ਕਿਸੇ ਵੀ ਕਾਂਗਰਸੀ ਨੇਤਾ ਨੇ ਉਮੀਦਵਾਰੀ ਦਾ ਦਾਅਵਾ ਨਹੀਂ ਕੀਤਾ ਹੈ। ਪਰਿਵਾਰਵਾਦ ਦਾ ਦੋਸ਼ ਰਾਹੁਲ ਗਾਂਧੀ ਦਾ ਪਿੱਛਾ ਕਰ ਰਿਹਾ ਹੈ। ਸੋਨੀਆ ਗਾਂਧੀ ਦਾ ਵੀ ਪਿੱਛਾ ਕਰ ਰਿਹਾ ਸੀ, ਰਾਜੀਵ ਗਾਂਧੀ ਅਤੇ ਇੰਦਰਾ ਗਾਂਧੀ ਦਾ ਵੀ ਪਿੱਛਾ ਕਰਦਾ ਰਿਹਾ ਹੈ। 2001 ਤੋਂ 2017 ਤੱਕ ਸੋਨੀਆ ਗਾਂਧੀ ਖ਼ਿਲਾਫ਼ ਕੋਈ ਚੋਣ ਨਹੀਂ ਹੋਈ। 2017 ਵਿਚ ਰਾਹੁਲ ਗਾਂਧੀ ਨੂੰ ਕਿਸੇ ਚੋਣ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ, ਉਨ੍ਹਾਂ ਖ਼ਿਲਾਫ਼ ਕੋਈ ਮੈਦਾਨ ਵਿਚ ਨਹੀਂ ਉਤਰਿਆ, ਮਾਂ ਮਗਰੋਂ ਪੁੱਤ ਨੂੰ ਪ੍ਰਧਾਨ ਬਣਾਇਆ ਜਾ ਰਿਹਾ ਹੈ। ਨਹਿਰੂ ਗਾਂਧੀ ਪਰਿਵਾਰਵਾਦ ਦੀ ਗੱਲ ਹੁੰਦੀ ਹੈ ਪਰ ਇਹ ਰਾਜੀਵ ਗਾਂਧੀ ਮਗਰੋਂ ਜ਼ਿਆਦਾ ਸਪਸ਼ਟ ਹੁੰਦੀ ਹੈ। ਸਾਨੂੰ ਅੱਜ ਹੋਰ ਆਜ਼ਾਦੀ ਦੀ ਲੜਾਈ ਸਮੇਂ ਕੁੱਦੇ ਪਰਿਵਾਰਾਂ ਵਿਚ ਫ਼ਰਕ ਕਰਨਾ ਹੋਵੇਗਾ, ਪਰ ਇਸ ਫ਼ਰਕ ਨਾਲ ਕਿ ਉਹ ਲੜਾਈ ਵਿਚ ਦੇਸ਼ ਦੀ ਆਜ਼ਾਦੀ ਲਈ ਕੁੱਦੇ, ਇਹ ਸੱਤਾ 'ਤੇ ਆਪਣੀ ਪਕੜ ਬਣਾਏ ਰੱਖਣ ਲਈ ਪ੍ਰਧਾਨ ਜਾਂ ਮੰਤਰੀ ਬਣੇ ਰਹੇ ਹਨ।

ਜਵਾਹਰ ਲਾਲ ਨਹਿਰੂ ਨੂੰ ਮਹਾਂਤਮਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਾਇਆ ਸੀ। ਆਜ਼ਾਦੀ ਦੀ ਲੜਾਈ ਦੌਰਾਨ ਨਹਿਰੂ 9 ਸਾਲ ਜੇਲ ਵਿਚ ਰਹੇ ਸਨ। ਨਹਿਰੂ ਦੀ ਪਤਨੀ ਕਮਲਾ ਨਹਿਰੂ ਖ਼ੁਦ ਸੁਤੰਤਰਾ ਸੈਨਾਨੀ ਸੀ। ਨਹਿਰੂ ਦੇ ਪਿਤਾ ਮੋਤੀਲਾਲ ਨਹਿਰੂ ਵੀ ਆਜ਼ਾਦੀ ਦੇ ਨਾਇਕ ਸਨ। ਨਹਿਰੂ ਦੀ ਭੈਣ ਵਿਜੈ ਲਕਸ਼ਮੀ ਪੰਡਤ ਸੁਤੰਤਰਾ ਸੈਨਾਨੀ ਸੀ। ਨਹਿਰੂ ਦੇ ਜੀਵਨ ਵਿਚ ਹੀ 1959 ਵਿਚ ਇੰਦਰਾ ਗਾਂਧੀ ਕਾਂਗਰਸ ਪ੍ਰਧਾਨ ਬਣ ਗਈ ਸੀ। 1960 ਵਿਚ ਨੀਲਮ ਸੰਜੀਵਾ ਰੈਡੀ ਪ੍ਰਧਾਨ ਬਣੇ ਸਨ। 1969 ਵਿਚ ਸਿੰਡੀਕੇਟ ਨਾਲ ਲੋਹਾ ਲੈਂਦੇ ਹੋਏ ਇੰਦਰਾ ਗਾਂਧੀ ਨੇ ਆਪਣੀ ਪਾਰਟੀ ਬਣਾਈ।

ਇੰਦਰਾ ਗਾਂਧੀ ਨੂੰ ਜ਼ਿਆਦਾ ਸਿੱਧ ਕਰਨਾ ਪਿਆ ਸਿਆਸਤ ਵਿਚ। ਕਾਂਗਰਸ ਆਈ ਬਣਾਈ ਸੀ। ਹਾਰੀ ਅਤੇ ਜਿੱਤਦੀ ਵੀ ਰਹੀ, ਉਹ ਵੱਖਰੀ ਕਹਾਣੀ ਹੈ। ਇੰਦਰਾ ਗਾਂਧੀ ਸਮੇਂ ਪਰਿਵਾਰਵਾਦ ਦੀ ਬੁਨਿਆਦ ਪਈ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ ਪਰ ਸੋਨੀਆ ਗਾਂਧੀ ਪ੍ਰਧਾਨ ਦੇ ਅਹੁਦੇ 'ਤੇ ਹੀ ਰਹੀ, ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ। ਭਾਜਪਾ ਦੋਸ਼ ਲਗਾਉਂਦੀ ਰਹੀ ਹੈ ਕਿ ਸੱਤਾ ਸੋਨੀਆ ਕੋਲ ਹੈ, ਮਨਮੋਹਨ ਕਠਪੁਤਲੀ ਹਨ। ਇਸ ਤੋਂ ਬਾਅਦ ਵੀ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਕਾਂਗਰਸ ਨੇ 2009 ਵਿਚ ਚੋਣਾਂ ਜਿੱਤੀਆਂ ਸਨ। ਸੋਨੀਆ ਗਾਂਧੀ ਪ੍ਰਧਾਨ ਸੀ ਪਰ ਉਹ ਚੋਣਾਂ ਮਨਮੋਹਨ ਸਿੰਘ ਦੀਆਂ ਸਨ। ਮਨਮੋਹਨ ਸਿੰਘ 2014 ਵਿਚ ਹਾਰ ਗਏ।

ਸਰਦਾਰ ਪਟੇਲ ਦਾ ਵੀ ਪਰਿਵਾਰ ਸਿਆਸਤ ਵਿਚ ਰਿਹਾ ਹੈ। ਵਿਠੱਲ ਭਾਈ ਪਟੇਲ ਸਰਦਾਰ ਵੱਲਭ ਭਾਈ ਪਟੇਲ ਦੇ ਵੱਡੇ ਭਰਾ ਸਨ। ਉਨ੍ਹਾਂ ਨੇ ਸੀ.ਆਰ. ਦਾਸ, ਮੋਤੀਲਾਲ ਨਹਿਰੂ ਨਾਲ ਸਵਰਾਜ ਪਾਰਟੀ ਬਣਾ ਲਈ ਸੀ। ਵਿਠੱਲ ਭਾਈ ਪਟੇਲ 1925 ਵਿਚ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਦੇ ਮੁਖੀ ਅਤੇ ਸਪੀਕਰ ਸਨ। ਉਨ੍ਹਾਂ ਦੇ ਛੋਟੇ ਭਰਾ ਸਰਦਾਰ ਵਲੱਭ ਭਾਈ ਗ੍ਰਹਿ ਮੰਤਰੀ ਬਣੇ। ਪਟੇਲ ਦੀ ਪਛਾਣ ਵਿਠੱਲ ਦੇ ਛੋਟੇ ਭਰਾ ਨਾਲ ਨਹੀਂ, ਬਾਰਦੋਲੀ ਦੇ ਕਿਸਾਨ ਅੰਦੋਲਨ ਨਾਲ ਸੀ। ਸਰਦਾਰ ਪਟੇਲ ਦੀ ਮੌਤ ਮਗਰੋਂ ਨਹਿਰੂ ਨੇ 1952 ਵਿਚ ਉਨ੍ਹਾਂ ਧੀ ਮਨੀਬੇਨ ਨੂੰ ਲੋਕ ਸਭਾ ਦੀ ਟਿਕਟ ਦਿੱਤੀ। ਵਿਵਾਦ ਹੋਣ 'ਤੇ ਨਹਿਰੂ ਨੇ ਕਿਹਾ ਕਿ ਉਹ ਧੀ ਹੈ ਪਰ 1930 ਤੋਂ ਆਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੈ। 1957 ਵਿਚ ਪਟੇਲ ਦੀ ਧੀ ਮਨੀਬੇਨ ਪਟੇਲ ਅਤੇ ਪੁੱਤ ਦਯਾ ਭਾਈਪਟੇਲ ਦੋਵੇਂ ਲੋਕ ਸਭਾ ਦੀਆਂ ਚੋਣਾਂ ਲੜੇ, ਜਿੱਤੇ। ਬਾਅਦ ਵਿਚ ਮਨੀਬੇਨ ਪਟੇਲ ਰਾਜ ਸਭਾ ਦੀ ਮੈਂਬਰ ਵੀ ਹੋਈ ਪਰ ਇਸ ਤੋਂ ਬਾਅਦ ਪਟੇਲ ਪਰਿਵਾਰ ਸੁਣਾਈ ਨਹੀਂ ਦਿੱਤਾ।

ਅੱਜ ਪਟੇਲ ਪਰਿਵਾਰ ਦਾ ਉਸ ਵਿਰਾਸਤ 'ਤੇ ਕੋਈ ਦਾਅਵਾ ਨਹੀਂ ਹੈ। ਉਨ੍ਹਾਂ ਦੀ ਕੋਈ ਪਾਰਟੀ ਨਹੀਂ ਹੈ। ਲਾਲ ਬਹਾਦਰ ਸ਼ਾਸਤਰੀ ਦਾ ਪਰਿਵਾਰ ਵੀ ਸਿਆਸਤ ਵਿਚ ਆਇਆ ਪਰ ਓਨੇ ਇਮਾਨਦਾਰ ਅਤੇ ਸਾਦੇ ਨੇਤਾ ਦੇ ਪੁੱਤਾਂ ਨੂੰ ਖ਼ਾਸ ਸਿਆਸੀ ਲਾਭ ਨਾ ਮਿਲਿਆ। ਜਦਕਿ ਇਕ ਕਾਂਗਰਸ ਵਿਚ ਰਹੇ ਅਤੇ ਦੂਸਰੇ ਭਾਜਪਾ ਵਿਚ। ਬੀਜੂ ਪਟਨਾਇਕ ਦੇ ਪੁੱਤਰ ਨਵੀਨ ਪਟਨਾਇਕ ਵੀ ਉਸੇ ਦੀ ਮਿਸਾਲ ਹਨ। ਭਾਰਤ ਦੀ ਸਿਆਸਤ ਵਿਚ ਪਰਿਵਾਰਾਂ ਦੇ ਦਾਇਰੇ ਤੋਂ ਬਾਹਰ ਇਕ ਤੋਂ ਇਕ ਨੇਤਾ ਵੀ ਪੈਦਾ ਹੋਇਆ, ਜਿਨ੍ਹਾਂ ਨੇ ਸਿਆਸਤ ਬਦਲ ਦਿੱਤੀ ਪਰ ਉਨ੍ਹਾਂ ਦੀ ਬਣਾਈ ਪਾਰਟੀ ਵੀ ਪਰਿਵਾਰਵਾਦ ਦੀ ਗੋਦ ਵਿਚ ਲਈ ਗਈ। ਰਾਹੁਲ ਗਾਂਧੀ ਬਹੁਤ ਦਿਨਾਂ ਤੱਕ ਇਸ ਪਰਿਵਾਰਵਾਦ ਨੂੰ ਲੈ ਕੇ ਸੰਕੋਚ ਵਿਚ ਰਹੇ ਪਰ ਹੁਣ ਲਗਦਾ ਹੈ ਕਿ ਇਸ ਆਲੋਚਨਾ ਤੋਂ ਉਭਰ ਗਏ ਹਨ, ਪਰ ਇਹ ਸਵਾਲ ਉਨ੍ਹਾਂ ਦਾ ਪਿੱਛਾ ਕਰਦਾ ਰਹੇਗਾ। ਲੋਕ ਸਭਾ ਚੋਣਾਂ ਸਮੇਂ ਰਾਹੁਲ ਗਾਂਧੀ ਨੇ ਟਾਈਮਜ਼ ਨਾਓ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਸੀ ਕਿ "ਮੈਂ



ਆਪਣੇ ਪਰਿਵਾਰ ਦਾ ਵਾਰ ਵਾਰ ਨਾਂ ਨਹੀਂ ਲੈਂਦਾ ਹਾਂ, ਇਕ ਜਾਂ ਦੋ ਵਾਰ ਹੀ ਲਿਆ ਹੋਵੇਗਾ ਅਸਲੀ, ਮੁੱਦਾ ਇਹ ਹੈ ਕਿ ਇਸ ਪਰਿਵਾਰ ਵਿਚ ਮੈਂ ਪੈਦਾ ਹੋਇਆ, ਇਹ ਮੇਰੀ ਚੋਣ ਨਹੀਂ ਸੀ। ਮੈਂ ਦਸਤਖ਼ਤ ਨਹੀਂ ਕੀਤੇ ਸਨ ਕਿ ਮੈਂ ਇਸ ਪਰਿਵਾਰ ਵਿਚ ਪੈਦਾ ਹੋਣਾ ਚਾਹਾਂਗਾ। ਮੈਂ ਵੰਸ਼ਵਾਦ ਦੀ ਧਾਰਨਾ ਦੇ ਖ਼ਿਲਾਫ਼ ਹਾਂ।'

ਰਾਹੁਲ ਤੋਂ ਵੀ ਪੁਛਿਆ ਜਾਣਾ ਚਾਹੀਦਾ ਹੈ ਤੇ ਇਹੀ ਸਵਾਲ ਉਦੈ ਠਾਕਰੇ, ਆਦਿਤਯ ਠਾਕਰੇ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਮਹਿਬੂਬਾ ਮੁਫ਼ਤੀ, ਫਾਰੂਕ ਅਬਦੁੱਲਾ, ਉਮਰ ਅਬਦੁੱਲਾ, ਮੁਲਾਇਮ ਸਿੰਘ ਯਾਦਵ, ਅਖਿਲੇਸ਼ ਯਾਦਵ, ਲਾਲੂ ਯਾਦਵ, ਤੇਜਸਵੀ ਯਾਦਵ, ਕਰੁਣਾਨਿਧੀ, ਸਟਾਲਿਨ, ਰਾਮਵਿਲਾਸ ਪਾਸਵਾਨ, ਚਿਰਾਗ਼ ਪਾਸਵਾਨ ਤੋਂ ਵੀ ਪੁਛਿਆ ਜਾਣਾ ਚਾਹੀਦਾ ਹੈ। ਜਵਾਬ ਕੋਈ ਨਹੀਂ ਦਿੰਦਾ ਹੈ। ਕੀ ਭਾਜਪਾ ਵਿਚ ਕੋਈ ਅਜਿਹਾ ਨਿਯਮ ਹੈ ਕਿ ਜਿਨ੍ਹਾਂ ਦੇ ਪਿਤਾ ਮੁੱਖ ਮੰਤਰੀ, ਮੰਤਰੀ ਜਾਂ ਸੰਸਦ ਮੈਂਬਰ ਰਹੇ ਹਨ, ਉਹ ਕਦੇ ਪਾਰਟੀ ਮੁਖੀ ਜਾਂ ਪ੍ਰਧਾਨ ਮੰਤਰੀ ਨਹੀਂ ਬਣਨਗੇ, ਕੀ ਭਾਜਪਾ ਨੇ ਅਜਿਹਾ ਕਿਹਾ ਹੈ। ਕੀ ਜਿਨ੍ਹਾਂ ਦਲਾਂ ਵਿਚ ਮੁਖੀ ਕਿਸੇ ਪਰਿਵਾਰ ਦਾ ਨਹੀਂ ਬਣਦਾ, ਉਥੇ ਜ਼ਿਆਦਾ ਜਮਹੂਰੀਅਤ ਹੈ, ਜਵਾਬ ਹੈ ਨਹੀਂ। ਕੀ ਉਤੇ ਪ੍ਰਧਾਨ ਦੇ ਅਹੁਦੇ ਦੀ ਜਮਹੂਰੀ ਭਾਵਨਾ ਮੁਤਾਬਕ ਚੋਣ ਹੁੰਦੀ ਹੈ, ਜਵਾਬ ਹੈ ਨਹੀਂ। 2014 ਦੇ ਇਕ ਪ੍ਰਾਈਮ ਟਾਈਮ ਵਿਚ ਇਸੇ ਵਿਸ਼ੇ 'ਤੇ ਮੈਂ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਆਸ਼ੂਤੋਸ਼ ਨਾਲ ਗੱਲ ਕੀਤੀ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਜਿਵੇਂ ਮੁਗ਼ਲ ਬਾਦਸ਼ਾਹ ਆਪਣੀ ਸੱਤਾ ਦੇ ਪਾਸਾਰ ਲਈ ਰਾਜਪੂਤ ਰਾਜਿਆਂ ਨਾਲ ਵਿਆਹ ਕਰਿਆ ਕਰਦੇ ਸਨ, ਉਵੇਂ ਹੀ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਭਾਵੇਂ ਹੀ ਵੱਖਰੀਆਂ-ਵੱਖਰੀਆਂ ਪਾਰਟੀਆਂ ਹਨ, ਪਰ ਇਨ੍ਹਾਂ ਦੇ ਵੱਡੇ ਨੇਤਾ ਆਪਸ ਵਿਚ ਸੱਸ, ਨੂੰਹ, ਪੁੱਤ, ਜਵਾਈ, ਧੀ ਤੇ ਸਾਲਾ ਤੇ ਸਾਢੂ ਲਗਦੇ ਹਨ। ਆਸ਼ੂਤੋਸ਼ ਨੇ ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਗੁਰਨੀਤ ਕੌਰ ਦੇ ਐਮ.ਏ. ਵਿਚ ਲਿਖੇ ਪਰਚੇ ਦਾ ਉਦਾਹਰਣ ਦਿੰਦੇ ਹੋਏ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਉਨ੍ਹਾਂ ਦੇ ਜਵਾਈ ਹਨ। ਆਦੇਸ਼ ਪੰਜਾਬ ਵਿਚ ਦਸ ਸਾਲ ਤੱਕ ਕਾਂਗਰਸੀ ਮੁੱਖ ਮੰਤਰੀ ਰਹੇ ਪ੍ਰਤਾਪ ਸਿੰਘ ਕੈਰੋਂ ਦੇ ਪੁੱਤਰ ਹਨ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ, ਸਿਮਰਨਜੀਤ ਸਿੰਘ ਮਾਨ ਦੀ ਪਤਨੀ ਅਤੇ ਬੇਅੰਤ ਸਿੰਘ ਤੋਂ ਬਾਅਦ ਕਾਂਗਰਸ ਦੇ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੀ ਨੂੰਹ ਆਪਸ ਵਿਚ ਭੈਣਾਂ ਹਨ। ਉਸੇ ਤਰਾਂ ਮਜੀਠੀਆ ਪਰਿਵਾਰ ਕਾਂਗਰਸੀ ਮੰਨਿਆ ਗਿਆ ਪਰ ਸੁਰਜੀਤ ਸਿੰਘ ਮਜੀਠੀਆ ਦੇ ਪੁੱਤਰ ਵਿਕਰਮ ਸਿੰਘ ਮਜੀਠੀਆ ਹੁਣ ਅਕਾਲੀ ਦਲ ਵਿਚ ਹਨ। ਉਨ੍ਹਾਂ ਦੀ ਭੈਣ ਦਾ ਵਿਆਹ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਹੋਇਆ ਹੈ। ਵਿਕਰਮ ਖ਼ੁਦ ਵੀ ਅਕਾਲੀ ਦਲ ਵਲੋਂ ਵਿਧਾਇਕ ਹਨ।

ਭਾਰਤੀ ਸਿਆਸਤ ਵਿਚ ਪਰਿਵਾਰਵਾਦ ਨੂੰ ਲੈ ਕੇ ਪੈਟ੍ਰਿਕ ਫਰੈਂਚ ਨੇ ਇਕ ਗੰਭੀਰ ਅਧਿਐਨ ਕੀਤਾ ਹੈ। ਪੈਟ੍ਰਿਕ ਨੇ 15ਵੀਂ ਲੋਕ ਸਭਾ ਦੇ 545 ਸੰਸਦ ਮੈਂਬਰਾਂ ਦੇ ਪਰਿਵਾਰਕ ਪਿਛੋਕੜ ਦਾ ਅਧਿਐਨ ਕੀਤਾ ਤਾਂ 156 ਸੰਸਦ ਮੈਂਬਰ ਪਰਿਵਾਰਕ ਪਿਛੋਕੜ ਨਾਲ ਸਬੰਧਤ ਸਨ। ਪੈਟ੍ਰਿਕ ਫਰੈਂਚ ਨੇ ਦਿਖਾਇਆ ਸੀ ਕਿ 15ਵੀਂ ਲੋਕ ਸਭਾ ਵਿਚ ਰਾਸ਼ਟਰੀ ਲੋਕ ਦਲ 100 ਫ਼ੀਸਦੀ ਖਾਨਦਾਨੀ ਸੀ। ਇਸ ਦੇ ਸਾਰੇ ਸੰਸਦ ਮੈਂਬਰ ਖਾਨਦਾਨੀ ਹਨ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ, ਅਜੀਤ ਸਿੰਘ ਅਤੇ ਉਨ੍ਹਾਂ ਦੇ ਪੁੱਤ ਜਯੰਤ ਚੌਧਰੀ। ਇਸ ਵਕਤ 16ਵੀਂ ਲੋਕ ਸਭਾ ਚੱਲ ਰਹੀ ਹੈ। ਕੰਚਨ ਚੰਦਰਾ ਦੀ ਇਕ ਕਿਤਾਬ ਹੈ, democratic dynasties, state party and family in contemporary Indian politics, ਕੈਂਬਰਿਜ ਯੂਨੀਵਰਸਿਟੀ ਪ੍ਰੈੱਸ ਤੋਂ ਛਪੀ ਇਹ ਕਿਤਾਬ 7645 ਰੁਪਏ ਦੀ ਹੈ। ਇਸ ਕਿਤਾਬ ਅਨੁਸਾਰ ਪੀ.ਐਮ.ਕੇ., ਸੀ.ਪੀ.ਆਈ. ਵਿਚ 100 ਫ਼ੀਸਦੀ ਸੰਸਦ ਮੈਂਬਰ ਪਰਿਵਾਰਵਾਦੀ ਹਨ। ਕਾਂਗਰਸ ਦੇ 47.73 ਫ਼ੀਸਦੀ ਸੰਸਦ ਮੈਂਬਰ ਪਰਿਵਾਰਵਾਦੀ ਹਨ। ਬੀ.ਜੇ.ਡੀ. ਵਿਚ 40 ਫ਼ੀਸਦੀ ਸੰਸਦ ਮੈਂਬਰ ਪਰਿਵਾਰਵਾਦੀ ਹਨ। ਐਨ.ਸੀ.ਪੀ. ਵਿਚ 33 ਫ਼ੀਸਦੀ ਸੰਸਦ ਮੈਂਬਰ ਪਰਿਵਾਰਵਾਦੀ ਹਨ। ਭਾਜਪਾ ਵਿਚ 14.89 ਫ਼ੀਸਦੀ ਪਰਿਵਾਰਵਾਦੀ ਹਨ।

ਇਨ੍ਹਾਂ ਅਧਿਐਨਾਂ ਤੋਂ ਪਤਾ ਚਲਦਾ ਹੈ ਕਿ 2009 ਵਿਚ 30.07 ਫ਼ੀਸਦੀ ਸੰਸਦ ਮੈਂਬਰ ਪਰਿਵਾਰਵਾਦੀ ਸਨ, ਉਨ੍ਹਾਂ ਦਾ ਪ੍ਰਤੀਸ਼ਤ 2014 ਵਿਚ ਘਟ ਕੇ 21.92 ਫ਼ੀਸਦੀ ਰਹਿ ਗਿਆ। ਪੈਟ੍ਰਿਕ ਫਰੈਂਚ ਅਤੇ ਕੰਚਨ ਚੰਦਰਾ ਦੋਹਾਂ ਦੇ ਖੋਜ ਕਾਰਜ ਤੋਂ ਇਹੀ ਨਿਕਲਿਆ ਹੈ ਕਿ ਭਾਜਪਾ ਵਿਚ ਪਰਿਵਾਰਵਾਦ ਤਾਂ ਹੈ ਪਰ ਕਈ ਮੁੱਖ ਦਲਾਂ ਦੇ ਮੁਕਾਬਲੇ ਘੱਟ ਹੈ। ਕਲਿਆਣ ਸਿੰਘ ਰਾਜਪਾਲ ਹਨ, ਉਨ੍ਹਾਂ ਦੇ ਪੁੱਤਰ ਰਾਜਵੀਰ ਸਿੰਘ ਏਟਾ ਤੋਂ ਸੰਸਦ ਮੈਂਬਰ ਹਨ ਤੇ ਦੋਹਤੇ ਸੰਦੀਪ ਸਿੰਘ ਵਿਧਾਇਕ ਹਨ। ਰਾਜਨਾਥ ਸਿੰਘ ਦੇ ਪੁੱਤਰ ਪੰਕਜ ਸਿੰਘ ਵੀ ਵਿਧਾਇਕ ਹਨ। ਕੈਸਰਗੰਜ ਦੇ ਸੰਸਦ ਮੈਂਬਰ ਬ੍ਰਜਭੂਸ਼ਣ ਸਿੰਘ ਦੇ ਪੁੱਤਰ ਪ੍ਰਤੀਕ ਭੂਸ਼ਣ, ਲਾਲਜੀ ਟੰਡਨ ਦੇ ਪੁੱਤਰ ਆਸ਼ੂਤੋਸ਼ ਟੰਡਨ ਵਿਧਾਇਕ ਹਨ। ਯੋਗੀ ਮੰਤਰੀ ਮੰਡਲ ਵਿਚ ਮੰਤਰੀ ਰੀਤਾ ਬਹੁਗੁਣਾ ਜੋਸ਼ੀ ਵੀ ਪਰਿਵਾਰਵਾਦ ਦੀ ਉਦਾਹਰਣ ਹਨ। ਜਯੰਤ ਸਿਨਹਾ, ਅਨੁਰਾਗ ਠਾਕੁਰ, ਪੀਊਸ਼ ਗੋਇਲ ਸਮੇਤ ਅਨੇਕ ਨੇਤਾ ਪਰਿਵਾਰਕ ਪਿਛੋਕੜ ਤੋਂ ਆਉਂਦੇ ਹਨ। ਪਰਿਵਾਰਵਾਦ ਕਾਰਨ ਇਨ੍ਹਾਂ ਨੂੰ ਮੌਕਾ ਮਿਲਿਆ ਪਰ ਕੀ ਇਨ੍ਹਾਂ ਵਿਚੋਂ ਕਈ ਇਸੇ ਖ਼ੂਬੀ ਕਾਰਨ ਸਿਆਸਤ ਵਿਚ ਟਿਕੇ ਰਹੇ? ਵਰੁਣ ਗਾਂਧੀ ਦੀ ਆਪਣੀ ਸਿਆਸੀ ਪਛਾਣ ਹੈ, ਉਸ ਪਛਾਣ ਵਿਚ ਸੰਜੇ ਗਾਂਧੀ ਦੇ ਪਿਤਾ ਹੋਣ ਦੇ ਸੰਜੋਗ ਤੋਂ ਇਲਾਵਾ ਹੋਰ ਕੀ ਹੈ। ਕੀ ਵਰੁਣ ਗਾਂਧੀ ਨੇ ਸੁਲਤਾਨਪੁਰ ਵਿਚ 1 ਲੱਖ 80 ਹਜ਼ਾਰ ਵੋਟ ਸੰਜੇ ਗਾਂਧੀ ਦੇ ਨਾਂ 'ਤੇ ਲਏ ਹੋਣਗੇ ਜਾਂ ਆਪਣੇ ਨਾਂ 'ਤੇ। ਜਨਤਾ ਕਿਉਂ ਵੋਟ ਦਿੰਦੀ ਹੈ, ਪਰਿਵਾਰ ਦਾ ਨਾਂ ਦੇਖ ਕੇ। ਕੀ ਜਨਤਾ ਤੋਂ ਸਵਾਲ ਨਹੀਂ ਹੈ?

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਾਬਾਬੂ ਨਾਇਡੂ ਦੇ ਪੁੱਤਰ ਨਾਰਾ ਲੋਕੇਸ਼ ਵੀ ਟੀ.ਡੀ.ਪੀ. ਦੇ ਜਨਰਲ ਸਕੱਤਰ ਹਨ, ਪਿਤਾ ਦੀ ਕੈਬਨਿਟ ਵਿਚ ਮੰਤਰੀ ਹਨ। ਤੇਲੰਗਾਨਾ ਦੇ ਮੁੱਖ ਮੰਤਰੀ ਕੇ.ਸੀ.ਆਰ. ਦੇ ਪੁੱਤਰ ਕੇ.ਟੀ. ਰਮਾਰਾਓ ਵੀ ਪਿਤਾ ਦੀ ਕੈਬਨਿਟ ਵਿਚ ਮੰਤਰੀ ਹਨ।

ਕੀ ਭਾਜਪਾ ਪਰਿਵਾਰਵਾਦ ਦੇ ਖ਼ਿਲਾਫ਼ ਆਪਣੇ ਸਹਿਯੋਗੀ ਦਲਾਂ ਖ਼ਿਲਾਫ਼ ਵੀ ਹਮਲਾਵਰੀ ਰੁਖ਼ ਰੱਖਦੀ ਹੈ? ਭਾਜਪਾ ਨੇ ਉਦਵ ਠਾਕਰੇ, ਸੁਖਬੀਰ ਸਿੰਘ ਬਾਦਲ ਤੇ ਚਿਰਾਗ਼ ਪਾਸਵਾਨ ਖ਼ਿਲਾਫ਼ ਪਰਿਵਾਰਵਾਦ ਦੀ ਮੁਹਿੰਮ ਕਿਉਂ ਨਹੀਂ ਚਲਾਈ। ਰਾਹੁਲ ਗਾਂਧੀ ਦੇ ਮੁਖੀ ਬਣਾਏ ਜਾਣ ਨੂੰ ਲੈ ਕੇ ਭਾਜਪਾ ਕਾਂਗਰਸ 'ਤੇ ਵਾਰ ਕਰ ਰਹੀ ਹੈ, ਜਵਾਬ ਵਿਚ ਕਾਂਗਰਸ ਪੁੱਛ ਰਹੀ ਹੈ ਕਿ ਅਮਿਤ ਸ਼ਾਹ 'ਮਿਹਰਬਾਨੀ' ਨਾਲ ਮੁਖੀ ਬਣੇ ਸਨ ਜਾਂ ਚੋਣਾਂ ਨਾਲ, ਭਾਜਪਾ ਇਸ ਦਾ ਜਵਾਬ ਨਹੀਂ ਦੇ ਰਹੀ ਪਰ ਇਹ ਸਵਾਲ ਪੁੱਛ ਕੇ ਕਾਂਗਰਸ ਵੀ ਭਾਜਪਾ ਦੇ ਸਵਾਲ ਦਾ ਜਵਾਬ ਨਹੀਂ ਦੇ ਰਹੀ ਹੈ। ਸਵਾਲ ਇਹ ਹੈ ਕਿ ਪਾਰਟੀਆਂ ਅੰਦਰ ਅੰਦਰੂਨੀ ਲੋਕਤੰਤਰ ਹੈ, ਕੀ ਉਥੇ ਹੈ ਜਿੱਥੇ ਪਰਿਵਾਰਵਾਦ ਹੈ, ਕੀ ਉਥੇ ਹੈ ਜਿੱਥੇ ਪਰਿਵਾਰਵਾਦ ਨਹੀਂ ਹੈ। ਜੇਕਰ ਰਾਹੁਲ ਗਾਂਧੀ ਦੀ ਚੋਣ 'ਤੇ ਇਮਾਨਦਾਰੀ ਨਾਲ ਬਹਿਸ ਕਰਨੀ ਹੈ ਤਾਂ ਇਸ ਸਵਾਲ 'ਤੇ ਟਿਕੇ ਰਹਿਣਾ ਹੋਵੇਗਾ ਵਰਨਾ ਕੋਈ ਲਾਭ ਨਹੀਂ। ਆਦਰਸ਼ ਉਦਾਹਰਣ ਤੁਹਾਨੂੰ ਭਾਰਤ ਤੋਂ ਨਹੀਂ ਮਿਲੇਗਾ। ਲੰਡਨ ਦੀ ਸਿਆਸਤ ਤੋਂ ਮਿਲ ਸਕਦਾ ਹੈ। ਜਿੱਥੇ ਲੇਬਰ ਪਾਰਟੀ ਦਾ ਵੀ ਉਦਾਹਰਣ ਲੈਂਦੇ ਹਾਂ। ਕੋਰਬਿਨ ਅਤੇ ਉਨ੍ਹਾਂ ਦਾ ਧੜਾ ਲੇਬਰ ਪਾਰਟੀ ਵਿਚ 30 ਸਾਲ ਤੋਂ ਹਾਸ਼ੀਏ 'ਤੇ ਸੀ। ਕੋਰਬਿਨ ਪਾਰਟੀ ਦੇ ਵਰਕਰਾਂ ਦੀ ਵੋਟ ਨਾਲ ਸੰਸਦ ਮੈਂਬਰ ਬਣਦੇ ਰਹੇ। ਜਦਕਿ ਨੀਤੀਆਂ ਨੂੰ ਲੈ ਕ ਉਨ੍ਹਾਂ ਦਾ ਪਾਰਟੀ ਲੀਡਰਸ਼ਿਪ ਨਾਲ ਸਿੱਧਾ ਵਿਰੋਧ ਹੈ। ਲੇਬਰ ਪਾਰਟੀ ਦੇ ਦੋ-ਦੋ ਪ੍ਰਧਾਨ ਮੰਤਰੀ ਹੋਏ, ਜਿਨ੍ਹਾਂ ਨਾਲ ਉਨ੍ਹਾਂ ਦਾ ਵਿਰੋਧ ਰਿਹਾ। ਸਥਾਨਕ ਪੱਧਰ 'ਤੇ ਵਰਕਰਾਂ ਦੇ ਵੋਟ ਨਾਲ ਜਿੱਤਦੇ ਰਹੇ।

ਬਰਤਾਨੀਆ ਵਿਚ ਵਰਕਰ ਸਥਾਨਕ ਪੱਧਰ 'ਤੇ ਉਮੀਦਵਾਰ ਚੁਣਦੇ ਹਨ, ਇਸ ਲਈ 25 ਪੌਂਡ ਫ਼ੀਸ ਦੇ ਕੇ ਮੈਂਬਰ ਬਣਦੇ ਹਨ। ਵਰਕਰ ਹੀ ਸੰਸਦ ਮੈਂਬਰ ਅਤੇ ਪ੍ਰਧਾਨ ਮੰਤਰੀ ਦਾ ਉਮੀਦਵਾਰ ਚੁਣਦੇ ਹਨ। ਉਮੀਦਵਾਰ ਬਣਨ ਲਈ ਨੇਤਾ ਬਾਕਾਇਦਾ ਪਾਰਟੀ ਅੰਦਰ ਆਪਣੀਆਂ ਨੀਤੀਆਂ ਨੂੰ ਲੈ ਕੇ ਵਰਕਰਾਂ ਵਿਚਾਲੇ ਪ੍ਰਚਾਰ ਕਰਦੇ ਹਨ, ਭਾਸ਼ਣ ਦਿੰਦੇ ਹਨ ਜੋ ਭਾਰਤ ਵਿਚ ਨਹੀਂ ਹੁੰਦਾ। ਇਸ ਤੋਂ ਬਾਅਦ ਵੀ ਬਰਤਾਨੀਆ ਅਤੇ ਅਮਰੀਕਾ ਵਿਚ ਪਰਿਵਾਰਵਾਦ ਵਾਂਗ ਦੂਸਰੇ ਤਰਾਂ ਦਾ ਵਿਵਾਦ ਪਸਰਿਆ ਧਨ ਅਤੇ ਕੁਲੀਨਤਾ ਦਾ। ਬਰਤਾਨੀਆ ਵਿਚ ਤਾਂ ਕਈ ਪ੍ਰਧਾਨ ਮੰਤਰੀ ਇਕ ਹੀ ਸਕੂਲ ਜਾਂ ਕਾਲਜ ਦੇ ਪੜ੍ਹੇ ਹੋਏ ਬਣਦੇ ਰਹੇ। ਇਹ ਵੀ ਆਪਣੇ ਆਪ ਵਿਚ ਇਕ ਤਰਾਂ ਦਾ ਕੁਲੀਨਵਾਦ ਹੈ। ਫਿਰ ਵੀ ਭਾਰਤ ਦੀ ਵਿਵਸਥਾ ਨਾਲੋਂ ਇਹ ਕਿਤੇ ਬਿਹਤਰ ਹੈ ਕਿ ਪਾਰਟੀ ਦਾ ਉਮੀਦਵਾਰ ਕੌਣ ਹੋਵੇਗਾ, ਵਰਕਰ ਤੈਅ ਕਰਨਗੇ ਨਾ ਕਿ ਸੰਘ ਪਰਿਵਾਰ ਨਾ ਹੀ ਗਾਂਧੀ ਪਰਿਵਾਰ।

# ਯੇਰੂਸ਼ਲਮ 'ਤੇ ਫ਼ੈਸਲੇ ਨੂੰ ਅਮਰੀਕੀ ਰਾਜਦੂਤਾਂ ਨੇ ਖ਼ਤਰਨਾਕ ਦੱਸਿਆ

*ਇਜ਼ਰਾਈਲ ਤੇ ਫਲਸਤੀਨ ਵਿਚਾਲੇ ਯੇਰੂਸ਼ਲਮ ਨੂੰ ਲੈ ਕੇ ਵਰਿਆਂ ਤੋਂ ਕੁੜੱਤਣ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਇਕ ਫ਼ੈਸਲੇ ਵਿਚ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਐਲਾਨ ਕੇ ਉਹ ਕੰਮ ਕੀਤਾ ਹੈ, ਜਿਸ ਕਾਰਨ ਕਈ ਦੇਸ਼ ਉਸ ਦਾ ਬਾਈਕਾਟ ਕਰ ਸਕਦੇ ਹਨ। ਇਹ ਗੱਲ ਇਜ਼ਰਾਈਲ ਵਿਚ ਅਹੁਦਿਆਂ 'ਤੇ ਰਹੇ ਅਮਰੀਕੀ ਰਾਜਦੂਤਾਂ ਨੇ ਕਹੀ ਹੈ। ਉਨਾਂ ਦਾ ਮੰਨਣਾ ਹੈ ਕਿ ਇਸ ਨਾਲ ਮੱਧ-ਪੂਰਬ ਵਿਚ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗੇਗਾ। ਨਾਲ ਹੀ ਦਹਿਸ਼ਤੀ ਸੰਗਠਨ ਵੀ ਅਮਰੀਕਾ ਅਤੇ ਉਸ ਦੇ ਨਾਗਰਿਕਾਂ ਖ਼ਿਲਾਫ਼ ਹਿੰਸਾ ਨੂੰ ਅੰਜਾਮ ਦੇ ਸਕਦੇ ਹਨ। ਯੇਰੂਸ਼ਲਮ ਦੀ ਸਥਿਤੀ ਨੂੰ ਲੈ ਕੇ ਇਜ਼ਰਾਈਲ ਤੇ ਫਲਸਤੀਨ ਵਿਚਾਲੇ ਗੱਲਬਾਤ ਹੋਣੀ ਸੀ, ਪਰ ਅਮਰੀਕੀ ਪ੍ਰਸ਼ਾਸਨ ਨੇ ਉਸ ਮੌਕੇ ਨੂੰ ਗਵਾ ਕੇ ਖ਼ੁਦ ਨੂੰ ਅਲੱਗ-ਥਲੱਗ ਕਰਨ ਵਾਲਾ ਕੰਮ ਕੀਤਾ ਹੈ।*

ਜਦੋਂ ਕਿਸੇ ਦੂਸਰੇ ਦੇਸ਼ ਦਾ ਮਾਮਲਾ ਗੁੰਝਲਦਾਰ ਹੋ ਕੇ ਫਸ ਜਾਂਦਾ ਹੈ, ਤਾਂ ਸਰਕਾਰ ਉਥੇ ਸਥਿਤ ਆਪਣੇ ਰਾਜਦੂਤਾਂ ਅਤੇ ਕਮਿਸ਼ਨਰਾਂ ਨਾਲ ਗੱਲ ਕਰਦੀ ਹੈ, ਸਲਾਹ ਲੈਂਦੀ ਹੈ। ਅਮਰੀਕਾ ਵਿਚ ਅਜਿਹਾ ਬਿਲਕੁਲ ਨਹੀਂ ਹੁੰਦਾ। ਉਥੇ ਦੇ ਟਰੰਪ ਪ੍ਰਸ਼ਾਸਨ ਵਿਚ ਸਲਾਹ-ਮਸ਼ਵਰੇ ਦਾ ਸਭਿਆਚਾਰ ਦਿਖਾਈ ਹੀ ਨਹੀਂ ਦਿੰਦਾ। ਹਾਲ ਹੀ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਐਲਾਨ ਕਰਨ ਦੀ ਗੱਲ ਕਹੀ ਹੈ। ਉਨਾਂ ਦੇ ਫ਼ੈਸਲੇ ਦਾ ਅਮਰੀਕਾ ਸਮੇਤ ਕਈ ਮੁਲਕਾਂ ਵਿਚ ਵਿਰੋਧ ਹੋ ਰਿਹਾ ਹੈ। ਅਮਰੀਕਾ ਵਿਚ ਉਨਾਂ ਦੀ ਪਾਰਟੀ ਦੇ ਲੋਕ ਉਨਾਂ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਹਨ। ਫ਼ੈਸਲੇ ਦਾ ਕੀ ਹੋਵੇਗਾ, ਇਹ ਬਾਅਦ ਵਿਚ ਪਤਾ ਚੱਲੇਗਾ। ਇਸ ਬਾਰੇ ਇਜ਼ਰਾਈਲ ਵਿਚ ਅਹੁਦੇ 'ਤੇ ਰਹੇ 11 ਸਾਬਕਾ ਅਮਰੀਕੀ ਰਾਜਦੂਤਾਂ ਤੋਂ ਪੁਛਿਆ ਗਿਆ ਕਿ ਕੀ ਟਰੰਪ ਨੇ ਸਹੀ ਫ਼ੈਸਲਾ ਲਿਆ ਹੈ? 11 ਵਿਚੋਂ 9 ਨੇ ਕਿਹਾ ਕਿ ਇਹ ਬਹੁਤ ਗਲਤ ਫ਼ੈਸਲਾ ਹੈ, ਇਸ ਵਿਚ ਜੋਖ਼ਮ ਤੇ ਖ਼ਤਰਾ ਬਹੁਤ ਵੱਧ ਹੈ। ਇਸ ਵਿਚ ਵੱਡੇ ਦੋਸ਼ ਹਨ। ਬਾਕੀ 2 ਰਾਜਦੂਤਾਂ ਨੇ ਘੱਟ ਸ਼ਬਦਾਂ ਵਿਚ ਵੱਖਰੀਆਂ ਗੱਲਾਂ ਕਹੀਆਂ ਹਨ।

ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਉਨਾਂ ਨੇ ਇਹ ਫ਼ੈਸਲਾ ਇਸ ਵਕਤ ਕਿਉਂ ਲਿਆ। ਇਹ ਕਿਸੇ ਨੂੰ ਨਹੀਂ ਪਤਾ ਕਿ ਉਨਾਂ ਨੂੰ ਇਸ ਤੋਂ ਕੀ ਮਿਲ ਜਾਵੇਗਾ, ਉਨਾਂ ਨੇ ਇਸ ਫ਼ੈਸਲੇ ਲਈ ਇਸੇ ਵਕਤ ਨੂੰ ਕਿਉਂ ਚੁਣਿਆ। ਸਾਰੇ ਸਾਬਕਾ 11 ਅਮਰੀਕੀ ਰਾਜਦੂਤ ਇਸ ਘਟਨਾ 'ਤੇ ਗੰਭੀਰਤਾ ਨਾਲ ਨਜ਼ਰ ਰੱਖ ਰਹੇ ਹਨ। ਟਰੰਪ ਦੀ ਯੋਜਨਾ ਵਿਚ ਇਹ ਗੱਲ ਵੀ ਸ਼ਾਮਲ ਹੈ ਕਿ ਤੇਲ ਅਵੀਵ (ਇਜ਼ਰਾਈਲ ਦੀ ਮੌਜੂਦਾ ਰਾਜਧਾਨੀ) ਸਥਿਤ ਅਮਰੀਕੀ ਦੂਤਾਵਾਸ ਨੂੰ ਯੇਰੂਸ਼ਲਮ ਤਬਦੀਲ ਕੀਤਾ ਜਾਵੇਗਾ। ਜੋ ਲੋਕ ਇਹ ਸਮਝਦੇ ਹਨ ਕਿ ਟਰੰਪ ਨੂੰ ਇਜ਼ਰਾਈਲ ਤੇ ਯੇਰੂਸ਼ਲਮ ਦੀ ਜ਼ਮੀਨੀ ਹਕੀਕਤ ਦਾ ਅਹਿਸਾਸ ਹੈ, ਉਹ ਲੋਕ ਵੀ ਮੰਨਦੇ ਹਨ ਕਿ ਟਰੰਪ ਨੇ ਗ਼ਲਤ ਤਰੀਕਾ ਅਪਣਾਇਆ ਹੈ। ਸਾਬਕਾ ਰਾਜਦੂਤ ਮੰਨਦੇ ਹਨ ਕਿ ਇਹ ਵੱਖਰੇ ਤਰਾਂ ਦਾ ਸੰਕਟ ਹੈ, ਪਤਾ ਨਹੀਂ ਇਸ ਵਿਚ ਅਮਰੀਕਾ ਨੂੰ ਕੀ ਹਾਸਲ ਹੋਵੇਗਾ, ਪਰ ਇਸ ਵਿਚ ਕਈ ਤਰਾਂ ਦੀਆਂ ਸਿਆਸੀ ਰਿਆਇਤਾਂ ਜ਼ਰੂਰ ਸ਼ਾਮਲ ਹੋ ਜਾਣਗੀਆਂ।

1959 ਤੋਂ 1961 ਤਕ ਆਈਜ਼ਨਹਾਵਰ ਦੇ ਸ਼ਾਸਨਕਾਲ ਵਿਚ ਇਜ਼ਰਾਈਲ ਵਿਚ ਅਮਰੀਕੀ ਰਾਜਦੂਤ ਰਹੇ ਆੱਗਡੇਨ ਆਰ ਰੇਡ ਉਨਾਂ ਵਿਵਾਦਾਂ ਵਿਚ ਹਨ, ਜੋ ਟਰੰਪ ਦੇ ਫ਼ੈਸਲੇ ਨੂੰ ਉਚਿਤ ਦੱਸਦੇ ਹਨ। ਉਨਾਂ ਤੋਂ ਪੁਛਿਆ ਗਿਆ ਤਾਂ ਕਹਿੰਦੇ ਹਨ, "ਮੇਰੇ ਖ਼ਿਆਲ ਵਿਚ ਇਹ ਉਚਿਤ ਫ਼ੈਸਲਾ ਹੈ ਪਰ ਮੈਂ ਇਸ ਤੋਂ ਜ਼ਿਆਦਾ ਕੁਝ ਨਹੀਂ ਕਹਿ ਸਕਦਾ ਹਾਂ।" ਦੂਸਰੇ ਸਾਬਕਾ ਅਧਿਕਾਰੀ ਐਡਵਰਡ ਐਸ ਵਾਕਰ ਜੂਨੀਅਰ ਹਨ। ਉਹ 1997 ਤੋਂ 1999 ਤੱਕ ਬਿਲ ਕਲਿੰਟਨ ਦੇ ਸ਼ਾਸਨਕਾਲ ਵਿਚ ਇਜ਼ਰਾਈਲ ਵਿਚ ਰਾਜਦੂਤ ਰਹਿ ਚੁੱਕੇ ਹਨ। ਉਨਾਂ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਇਹ ਸਮੇਂ ਦੀ ਗੱਲ ਹੈ। ਉਨਾਂ ਨੇ (ਟਰੰਪ ਨੇ) ਉਸ ਅਸਲੀਅਤ ਨੂੰ ਪਛਾਣਿਆ ਹੈ, ਜੋ ਅਸੀਂ ਨਹੀਂ ਕਰ ਸਕੇ ਸੀ। ਅਸੀਂ ਸਾਰੇ ਜਾਣਦੇ ਹਾਂ ਕਿ ਇਜ਼ਰਾਈਲ ਦੀ ਆਪਣੀ ਰਾਜਧਾਨੀ ਹੈ, ਜਿਸ ਨੂੰ ਯੇਰੂਸ਼ਲਮ ਕਹਿੰਦੇ ਹਨ। ਮੱਧ ਪੂਰਬ ਵਿਚ ਮੇਰੇ 35 ਵਰਿਆਂ ਦੇ ਕਾਰਜਕਾਲ ਵਿਚ ਇਸ ਬਾਰੇ ਕਿਸੇ ਨੇ ਵੀ ਕਦੇ ਸਵਾਲ ਨਹੀਂ ਉਠਾਇਆ। ਅਮਰੀਕਾ ਨੇ 1948 ਦੀ ਨੀਤੀ ਦਾ ਦਾਇਰਾ ਤੋੜਿਆ ਹੈ, ਸ਼ਾਇਦ ਇਸ ਲਈ ਅੱਜ ਵਧੇਰੇ ਮੁਲਕਾਂ ਵਿਚ ਉਨਾਂ ਦੀ ਆਲੋਚਨਾ ਹੋ ਰਹੀ ਹੈ। ਨੀਤੀ ਇਹ ਸੀ ਕਿ 'ਯੇਰੂਸ਼ਲਮ ਨੂੰ ਕੀ ਪਛਾਣ ਦਿੱਤੀ ਜਾਵੇ, ਉਸ ਦਾ ਕੀ ਸਟੇਟਸ ਹੋਵੇਗਾ', ਇਹ ਮਸਲਾ ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਸੁਲਾਹ-ਸਮਝੌਤੇ ਦਾ ਹੈ।

ਐਡਵਰਡ ਵਾਕਰ ਜੂਨੀਅਰ ਕਹਿੰਦੇ ਹਨ, ਇਹ ਸਵਾਲ ਬਿਲਕੁਲ ਸਹੀ ਹੈ ਕਿ ਲਾਈਨਾਂ ਅਤੇ ਸੀਮਾਵਾਂ ਨੂੰ ਵੀ ਦੇਖਿਆ ਜਾਣਾ ਚਾਹੀਦਾ ਹੈ। ਤੁਸੀਂ ਦੇਖੋ, ਇਜ਼ਰਾਈਲ ਦੇ ਨੇੜੇ-ਤੇੜੇ ਕਿਹੜੀ ਲਾਈਨ ਹੈ ਤੇ ਫਲਸਤੀਨ ਦੇ ਚਾਰੇ ਪਾਸੇ ਕਿਹੜੀ। ਰਾਸ਼ਟਰਪਤੀ ਟਰੰਪ ਨੂੰ ਲੱਗਾ ਹੋਵੇਗਾ ਕਿ ਇਸ ਵਿਚ ਸੁਲਾਹ-ਸਮਝੌਤੇ ਵਰਗੀ ਕੋਈ ਗੱਲ ਨਹੀਂ ਹੈ, ਇਸ ਲਈ ਉਨਾਂ ਨੇ ਫ਼ੈਸਲਾ ਲੈ ਲਿਆ।

ਇਨਾਂ ਨੇ ਫ਼ੈਸਲੇ ਨੂੰ ਖ਼ਤਰਨਾਕ ਦੱਸਿਆ : 2001 ਤੋਂ 2005 ਤੱਕ ਜਾਰਜ ਡਬਲਯੂ ਬੁੱਸ਼ ਦੇ ਕਾਰਜਕਾਲ ਦੌਰਾਨ ਇਜ਼ਰਾਈਲ ਵਿਚ ਰਾਜਦੂਤ ਰਹੇ ਡੇਨੀਅਲ ਕਰਟਜ਼ਰ ਨੇ ਕਿਹਾ, "ਇਹ ਸਹੀ ਦ੍ਰਿਸ਼ਟੀਕੋਣ ਵਾਲਾ ਫ਼ੈਸਲਾ ਨਹੀਂ ਹੈ। ਇਸ ਫ਼ੈਸਲੇ ਵਿਚ ਢਲਾਣ ਹੀ ਢਲਾਣ ਹੈ। ਕੂਟਨੀਤਕ ਅਤੇ ਮੱਧ ਪੂਰਬ ਵਿਚ ਸ਼ਾਂਤੀ ਦੇ ਪੱਧਰ 'ਤੇ ਵੀ, ਇਸ ਵਿਚ ਕਿਤੇ ਕੁਝ ਮਿਲਣ ਵਾਲਾ ਨਹੀਂ ਹੈ। ਅਸੀਂ ਇਕ ਵਾਰ ਫਿਰ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਪੜ ਰਹੇ ਹਾਂ, ਸਿਵਾਏ ਇਜ਼ਰਾਈਲ ਨੂੰ ਛੱਡ ਕੇ। ਸਾਨੂੰ ਅਜਿਹੇ ਰਾਸ਼ਟਰਪਤੀ ਤੋਂ ਵੱਖ ਚੱਲਣਾ ਹੋਵੇਗਾ ਜੋ ਖ਼ੁਦ ਨੂੰ ਸ਼ਾਂਤੀ ਭੰਗ ਕਰਨ ਵਾਲਾ ਕਹਿੰਦਾ ਹੋਵੇ। ਇਹ ਪ੍ਰਕਿਰਿਆ ਬਿਲਕੁਲ ਸਹੀ ਨਹੀਂ ਹੈ। ਅਮਰੀਕਾ ਤੋਂ ਕੋਈ ਉਮੀਦ ਨਹੀਂ ਕਰਦਾ ਕਿ ਉਹ ਕਿਸੇ ਇਕ ਪੱਖ ਵਿਚ ਜਾ ਕੇ ਖੜਾ ਹੋ ਜਾਵੇ ਤੇ ਦੂਸਰੇ ਪੱਖ ਨੂੰ ਕੁਝ ਕਰਨ ਦਾ ਮੌਕਾ ਹੀ ਨਾ ਦਿੱਤਾ ਜਾਵੇ।

ਜਾਰਜ ਡਬਲਯੂ ਬੁੱਸ਼ ਦੇ ਹੀ ਕਾਰਜਕਾਲ ਵਿਚ 2005 ਤੋਂ 2009 ਤੱਕ ਇਜ਼ਰਾਈਲ ਵਿਚ ਰਾਜਦੂਤ ਰਹੇ ਰਿਚਰਡ ਐਚ. ਜੋਨਸ ਕਹਿੰਦੇ ਹਨ- ਇਹ ਫ਼ੈਸਲਾ ਹਮਾਸ ਤੇ ਆਈ.ਐਸ. ਨੂੰ ਵਧੇਰੇ ਭੜਕਾਉਣ ਵਾਲਾ ਸਿੱਧ ਹੋ ਸਕਦਾ ਹੈ। ਇਸ ਕਾਰਨ ਉਹ ਵਧੇਰੇ ਹਿੰਸਾ ਨੂੰ ਅੰਜਾਮ ਦੇ ਸਕਦੇ ਹਨ। ਸੰਭਵ ਹੈ ਕਿ ਫਲਸਤੀਨ ਸਰਕਾਰ ਕੌਮਾਂਤਰੀ ਸਹਿਯੋਗ ਜੁਟਾ ਕੇ ਇਜ਼ਰਾਈਲ ਦੀ ਆਲੋਚਨਾ ਅਤੇ ਉਸ ਦਾ ਬਾਈਕਾਟ ਕਰਨ ਵਿਚ ਸਫਲ ਹੋ ਜਾਣ। ਇਹ ਜੋਖਮ ਭਰਿਆ ਕਦਮ ਹੈ ਤੇ ਇਸ ਦੀ ਕੀਮਤ ਇਜ਼ਰਾਈਲੀਆਂ ਨੂੰ ਹੀ ਚੁਕਾਉਣੀ ਪਏਗੀ।



** ਦੈਨਿਕ ਭਾਸਕਰ ਤੋਂ ਧੰਨਵਾਦ ਸਹਿਤ*

## ਅਰਬ ਮੁਲਕਾਂ ਵਲੋਂ ਵੀ ਟਰੰਪ ਦੇ ਫ਼ੈਸਲੇ ਦਾ ਵਿਰੋਧ

**ਸੀਵੇਲ ਚਾਨ**

ਅਰਬ ਮੁਲਕਾਂ ਨੇ ਕਿਹਾ ਹੈ ਕਿ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਅਮਰੀਕੀ ਫ਼ੈਸਲੇ ਨਾਲ ਮੱਧ ਪੂਰਬ ਵਿਚ ਹਿੰਸਾ ਤੇ ਅਸਥਿਰਤਾ ਵਧੇਗੀ। ਇਸ ਸੰਵੇਦਨਸ਼ੀਲ ਮੁੱਦੇ 'ਤੇ ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਨਾਲ ਖੇਤਰ ਵਿਚ ਅਮਰੀਕਾ ਦੀ ਨਿਰਪੱਖਤਾ ਖ਼ਤਮ ਹੋ ਗਈ ਹੈ।

ਅਰਬ ਲੀਗ ਦੇ ਵਿਦੇਸ਼ ਮੰਤਰੀਆਂ ਨੇ ਕਿਹਾ, "ਇਸ ਫ਼ੈਸਲੇ ਦਾ ਮਤਲਬ ਇਹ ਹੋਇਆ ਕਿ ਮੱਧ ਪੂਰਬ ਵਿਚ ਸ਼ਾਂਤੀ ਲਈ ਵਿਚੋਲਗੀ ਵਜੋਂ ਅਮਰੀਕਾ ਦੀ ਭੂਮਿਕਾ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ।"

ਗਾਜ਼ਾ ਪੱਟੀ ਤੇ ਵੈਸਟ ਬੈਂਕ ਵਿਚ ਪਿਛਲੇ ਦਿਨਾਂ ਤੋਂ ਜਾਰੀ ਹਿੰਸਾ ਤੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ 22 ਮੁਲਕਾਂ ਵਲੋਂ ਜਾਰੀ ਕੀਤੇ ਗਏ ਇਸ ਬਿਆਨ ਵਿਚ ਅਮਰੀਕਾ ਦੇ ਕਰੀਬੀ ਸਹਿਯੋਗੀ ਦੇਸ਼ ਸ਼ਾਮਲ ਹਨ। ਇਜ਼ਰਾਈਲ ਨੇ ਹਮੇਸ਼ਾ ਹੀ ਯੇਰੂਸ਼ਲਮ ਨੂੰ ਆਪਣੀ ਰਾਜਧਾਨੀ ਮੰਨਿਆ ਹੈ ਜਦਕਿ ਫਲਸਤੀਨੀ ਲੋਕ ਪੂਰਬੀ ਯੇਰੂਸ਼ਲਮ 'ਤੇ ਭਵਿੱਖ ਦੇ 'ਫਲਸਤੀਨ ਰਾਸ਼ਟਰ' ਦੀ ਰਾਜਧਾਨੀ ਹੋਣ ਦਾ ਦਾਅਵਾ ਕਰਦੇ ਹਨ। ਸਾਲ 1967 ਦੀ ਲੜਾਈ ਵਿਚ ਇਜ਼ਰਾਈਲ ਨੇ ਪੂਰਬੀ ਯੇਰੂਸ਼ਲਮ 'ਤੇ ਕਬਜ਼ਾ ਕਰ ਲਿਆ ਸੀ। ਟਰੰਪ ਲਈ ਇਹ ਫ਼ੈਸਲਾ ਆਪਣੇ ਪ੍ਰਚਾਰ ਮੁਹਿੰਮ ਦੌਰਾਨ ਕੀਤੇ ਵਾਅਦੇ ਨੂੰ ਪੂਰਾ ਕਰਨ ਵਰਗਾ ਹੈ। ਟਰੰਪ ਨੇ ਕਿਹਾ, "ਇਹ ਹਕੀਕਤ ਨੂੰ ਸਵੀਕਾਰ ਕਰਨ ਨਾਲੋਂ ਜ਼ਿਆਦਾ ਜਾਂ ਘੱਟ ਕੁਝ ਨਹੀਂ ਹੈ।" ਪਰ ਟਰੰਪ ਨੂੰ ਆਪਣੇ ਫ਼ੈਸਲੇ ਲਈ ਆਲੋਚਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਹਿਰਾ ਵਿਚ ਘੰਟਿਆਂ ਦੀ ਮੀਟਿੰਗ ਮਗਰੋਂ ਅਰਬ ਲੀਗ ਦੇ ਦੇਸ਼ ਇਸ ਪ੍ਰਸਤਾਵ 'ਤੇ ਸਹਿਮਤ ਹੋਏ। ਇਸ ਪ੍ਰਸਤਾਵ ਦਾ ਅਮਰੀਕਾ ਦੇ ਕਈ ਕਰੀਬੀ ਦੇਸ਼ਾਂ ਨੇ ਵੀ ਸਮਰਥਨ ਕੀਤਾ ਹੈ। ਇਨਾਂ ਵਿਚ ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਜਾਰਡਨ ਵਰਗੇ ਦੇਸ਼ ਹਨ, ਜਿਨਾਂ ਨੇ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਹਨ।

### ਪ੍ਰਸਤਾਵ ਵਿਚ ਕਿਹਾ ਗਿਆ ਹੈ...

ਇਸ ਫ਼ੈਸਲੇ ਨਾਲ ਇਜ਼ਰਾਈਲ-ਫਲਸਤੀਨ ਸ਼ਾਂਤੀ ਵਾਰਤਾ ਵਿਚ ਪ੍ਰਬੰਧਕ ਜਾਂ ਵਿਚੋਲੇ ਦੀ ਕਿਸੇ ਭੂਮਿਕਾ ਤੋਂ ਅਮਰੀਕਾ ਨੇ ਖ਼ੁਦ ਨੂੰ ਦੂਰ ਕਰ ਲਿਆ ਹੈ।

ਰਾਸ਼ਟਰਪਤੀ ਟਰੰਪ ਦੇ ਕਦਮ ਨਾਲ ਤਣਾਅ ਤੇ ਨਾਰਾਜ਼ਗੀ ਵੱਧ ਗਈ ਹੈ ਤੇ ਇਸ ਕਾਰਨ ਖੇਤਰ ਵਿਚ ਹਿੰਸਾ ਤੇ ਅਸਥਿਰਤਾ ਦੇ ਵਧਣ ਦਾ ਖ਼ਦਸ਼ਾ ਹੈ।

ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ੱਦ ਨੂੰ ਇਸ ਫ਼ੈਸਲੇ ਦੀ ਨਿੰਦਾ ਲਈ ਅਪੀਲ ਕੀਤੀ ਜਾਵੇਗੀ।

### ਅਮਰੀਕਾ ਨੇ ਯੇਰੂਸ਼ਲਮ ਵਿਚ ਹਿੰਸਾ ਦਾ ਦੋਸ਼ ਯੂ.ਐਨ.'ਤੇ ਸੁੱਟਿਆ...

ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਹੰਗਾਮੀ ਮੀਟਿੰਗ ਵਿਚ ਅਮਰੀਕਾ ਨੇ ਖ਼ੁਦ ਨੂੰ ਅਲੱਗ-ਥਲੱਗ ਪਾਇਆ। ਸਾਰੇ 14 ਮੁਲਕਾਂ ਨੇ ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਦੀ ਆਲੋਚਨਾ ਕੀਤੀ। ਪਰ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਨਿੱਕੀ ਹੇਲੀ ਨੇ ਯੂ.ਐਨ. 'ਤੇ ਪੱਖਪਾਤ ਦਾ ਦੋਸ਼ ਲਾਇਆ ਹੈ। ਉਨਾਂ ਕਿਹਾ, "ਸੰਯੁਕਤ ਰਾਸ਼ਟਰ ਇਜ਼ਰਾਈਲ ਪ੍ਰਤੀ ਦੁਸ਼ਮਣੀ ਦਿਖਾਉਣ ਵਾਲੇ ਦੁਨੀਆ ਦੇ ਮੁੱਖ ਕੇਂਦਰਾਂ ਵਿਚੋਂ ਇਕ ਹੈ।" ਇਜ਼ਰਾਈਲੀ ਪ੍ਰਧਾਨ ਮੰਤਰੀ ਬਿੰਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਨਾਂ ਨੇ ਰਾਸ਼ਟਰਪਤੀ ਟਰੰਪ ਦੇ ਫ਼ੈਸਲੇ ਦੇ ਵਿਰੋਧ ਵਿਚ ਤਾਂ ਕਈ ਆਵਾਜ਼ਾਂ ਸੁਣੀਆਂ ਪਰ ਇਜ਼ਰਾਈਲ 'ਤੇ ਹੋ ਰਹੇ ਰਾਕੇਟ ਹਮਲਿਆਂ ਦੀ ਨਿੰਦਾ ਕਰਦੀਆਂ ਆਵਾਜ਼ਾਂ ਉਨਾਂ ਨੂੰ ਸੁਣਾਈ ਨਹੀਂ ਦਿੰਦੀਆਂ।

ਪਿਛਲੇ ਦਿਨੀਂ ਗਾਜ਼ਾ ਵਲੋਂ ਇਜ਼ਰਾਈਲ ਵੱਲ ਤਿੰਨ ਰਾਕੇਟ ਦਾਗੇ ਗਏ ਸਨ। ਇਸ ਤੋਂ ਬਾਅਦ ਇਜ਼ਰਾਈਲ ਨੇ ਵੀ ਜਵਾਬੀ ਕਾਰਵਾਈ ਵਿਚ ਹਵਾਈ ਹਮਲਾ ਕੀਤਾ। ਇਜ਼ਰਾਈਲ ਨੇ ਦੱਸਿਆ ਸੀ ਕਿ ਉਨਾਂ ਨੇ ਇਸਲਾਮਿਕ ਸੰਗਠਨ ਹਮਾਸ ਦੇ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ ਹਮਾਸ ਦੇ ਦੋ ਮੈਂਬਰ ਮਾਰੇ ਗਏ। ਉਧਰ ਟਰੰਪ ਦੇ ਫ਼ੈਸਲੇ ਦੇ ਵਿਰੋਧ ਵਿਚ ਵੈਸਟ ਬੈਂਕ ਤੇ ਗਾਜ਼ਾ ਵਿਚ ਸੈਂਕੜੇ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ, ਹਾਲਾਂਕਿ ਪਿਛਲੇ ਦਿਨਾਂ ਦੇ ਮੁਕਾਬਲੇ ਪ੍ਰਦਰਸ਼ਨਕਾਰੀਆਂ ਦੀ ਸੰਖਿਆ ਕੁਝ ਘੱਟ ਰਹੀ।

ਯੇਰੂਸ਼ਲਮ ਏਨਾ ਜ਼ਰੂਰੀ ਕਿਉਂ?

ਯੇਰੂਸ਼ਲਮ ਇਜ਼ਰਾਈਲ ਅਤੇ ਫਲਸਤੀਨ ਦੋਹਾਂ ਲਈ ਬੇਹੱਦ ਮੱਹਤਵਪੂਰਨ ਸ਼ਹਿਰ ਹੈ। ਇਜ਼ਰਾਈਲੀਆਂ ਤੇ ਫਲਸਤੀਨੀਆਂ ਦੇ ਪਵਿੱਤਰ ਸ਼ਹਿਰ ਯੇਰੂਸ਼ਲਮ ਨੂੰ ਲੈ ਕੇ ਵਿਵਾਦ ਬਹੁਤ ਪੁਰਾਣਾ ਤੇ ਡੂੰਘਾ ਹੈ। ਇਹ ਸ਼ਹਿਰ ਇਸਲਾਮ, ਯਹੂਦੀ ਤੇ ਇਸਾਈ ਧਰਮਾਂ ਵਿਚ ਬੇਹੱਦ ਅਹਿਮ ਸਥਾਨ ਰੱਖਦਾ ਹੈ। ਪੈਗੰਬਰ ਇਬਰਾਹੀਮ ਨੂੰ ਆਪਣੇ ਇਤਿਹਾਸ ਨਾਲ ਜੋੜਨ ਵਾਲੇ ਇਹ ਤਿੰਨੋਂ ਹੀ ਧਰਮ ਯੇਰੂਸ਼ਲਮ ਨੂੰ ਆਪਣਾ ਪਵਿੱਤਰ ਸਥਾਨ ਮੰਨਦੇ ਹਨ।

ਸਾਲ 1967 ਦੇ ਯੁੱਧ ਦੇ ਛੇਵੇਂ ਦਿਨ ਦੀ ਲੜਾਈ ਮਗਰੋਂ ਇਜ਼ਰਾਈਲ ਨੇ ਪੂਰਬੀ ਯੇਰੂਸ਼ਲਮ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਇਜ਼ਰਾਈਲ ਨੇ ਆਪਣੀਆਂ ਨਗਰਪਾਲਿਕਾਵਾਂ ਦੀਆਂ ਹੱਦਾਂ ਵਦਾ ਕੇ ਪੂਰੇ ਯੇਰੂਸ਼ਲਮ 'ਤੇ ਕਬਜ਼ਾ ਕਰ ਲਿਆ। ਸਾਲ 1980 ਵਿਚ ਇਜ਼ਰਾਈਲ ਨੇ ਇਕ ਕਾਨੂੰਨ ਪਾਸ ਕੀਤਾ ਤੇ ਸ਼ਹਿਰ ਨੂੰ ਆਪਣੀ ਅਣਵੰਡੀ ਰਾਜਧਾਨੀ ਐਲਾਨ ਦਿੱਤਾ ਸੀ। ਇਸ ਤੋਂ ਬਾਅਦ ਵੀ ਯੇਰੂਸ਼ਲਮ 'ਤੇ ਵਿਵਾਦ ਬਣਿਆ ਰਿਹਾ। ਕੌਮਾਂਤਰੀ ਪੱਧਰ 'ਤੇ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਦੇ ਰੂਪ ਵਿਚ ਮਾਨਤਾ ਨਹੀਂ ਦਿੱਤੀ ਗਈ ਤੇ ਕੌਮਾਂਤਰੀ ਕਾਨੂੰਨ ਨੇ ਪੂਰਬੀ ਯੇਰੂਸ਼ਲਮ 'ਤੇ ਇਜ਼ਰਾਈਲ ਦੇ ਕਬਜ਼ੇ ਨੂੰ ਗੈਰ ਕਾਨੂੰਨੀ ਮੰਨਿਆ। ਉਦੋਂ ਤੋਂ ਯੇਰੂਸ਼ਲਮ ਇਜ਼ਰਾਈਲ ਤੇ ਫਲਸਤੀਨੀਆਂ ਵਿਚਾਲੇ ਵਿਵਾਦ ਦਾ ਮੁੱਖ ਕਾਰਨ ਬਣਿਆ ਹੋਇਆ ਹੈ। ਇਹ ਸ਼ਹਿਰ ਹੁਣ ਵੀ ਪੂਰਬੀ ਤੇ ਪੱਛਮੀ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਪੱਛਮੀ ਹਿੱਸਾ ਕਰੀਬ ਪੰਜ ਲੱਖ ਯਹੂਦੀਆਂ ਦਾ ਟਿਕਾਣਾ ਹੈ ਜਦਕਿ ਪੂਰਬੀ ਇਲਾਕੇ ਵਿਚ ਕਰੀਬ ਤਿੰਨ ਲੱਖ ਫਲਸਤੀਨੀ ਵੱਸਦੇ ਹਨ।

ਸਾਲ 1993 ਵਿਚ ਇਜ਼ਰਾਈਲ-ਫਲਸਤੀਨੀ ਸ਼ਾਂਤੀ ਸਮਝੌਤਾ ਹੋਇਆ ਸੀ ਜਿਸ ਅਨੁਸਾਰ ਸ਼ਾਂਤੀ ਵਾਰਤਾ ਦੇ ਅੱਗੇ ਵਧਣ ਮਗਰੋਂ ਹੀ ਯੇਰੂਸ਼ਲਮ ਦੀ ਸਥਿਤੀ ਦਾ ਫ਼ੈਸਲਾ ਲਿਆ ਜਾਣਾ ਹੈ। ਯੇਰੂਸ਼ਲਮ 'ਤੇ ਇਜ਼ਰਾਈਲ ਤੇ ਫ਼ਲਸਤੀਨ ਵਿਚਾਲੇ ਆਖ਼ਰੀ ਵਾਰਤਾ 2014 ਵਿਚ ਖ਼ਤਮ ਹੋ ਗਈ ਸੀ ਤੇ ਹੁਣ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਫ਼ੈਸਲੇ ਤੋਂ ਬਾਅਦ ਇਸ ਮਸਲੇ 'ਤੇ ਅਮਰੀਕਾ ਦੀ ਵਿਚੋਲਗੀ ਨੂੰ ਵੀ ਨਕਾਰ ਦਿੱਤਾ ਹੈ।

**- ਬੀ.ਬੀ.ਸੀ. ਤੋਂ ਧੰਨਵਾਦ ਸਹਿਤ**

# ਸ਼ਹੀਦ-ਏ-ਆਜ਼ਮ ਦੀ ਲਾਸਾਨੀ ਜੀਵਨੀ

ਜਸਦੇਵ ਸਿੰਘ ਲਲਤੋਂ
+91-161-280567

'ਸ਼ਹੀਦ ਭਗਤ ਸਿੰਘ' (ਕੀਮਤ: 125 ਰੁਪਏ; ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ) ਨਾਮ ਦੀ ਪੁਸਤਕ ਰਚ ਕੇ ਡਾ. ਸੁਦਰਸ਼ਨ ਗਾਸੋ ਮਾਂ ਬੋਲੀ ਪੰਜਾਬੀ ਦੇ ਦਰਬਾਰ 'ਚ ਹਾਜ਼ਰ ਹੈ। ਉਸ ਨੇ ਰਚਨਾ ਨੂੰ 19 ਭਾਗਾਂ 'ਚ ਵੰਡ ਕੇ ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਇਨਕਲਾਬੀ ਜੱਦੋਜਹਿਦ ਦੇ ਭਿੰਨ ਭਿੰਨ ਪਹਿਲੂਆਂ ਦੀ ਉੱਤਮ ਪੇਸ਼ਕਾਰੀ ਕੀਤੀ ਹੈ। ਲੇਖਕ ਨੇ ਸ਼ਹੀਦ ਭਗਤ ਸਿੰਘ ਦੇ ਬਾਪੂ ਕਿਸ਼ਨ ਸਿੰਘ ਦੀ ਨਜ਼ਰਬੰਦੀ ਤੋਂ, ਚਾਚਾ ਅਜੀਤ ਸਿੰਘ ਦੀ ਜਲਾਵਤਨੀ ਤੋਂ ਤੇ ਚਾਚਾ ਸਵਰਨ ਸਿੰਘ ਦੀ ਜੇਲ੍ਹ ਤੋਂ ਇਤਫਾਕੀਆ ਵਾਪਸੀ ਦੇ ਦਿਨਾਂ 'ਚ ਹੀ ਉਸ ਦਾ ਭਾਵ ਭਾਗਾਂ ਵਾਲੇ (ਭਗਤ ਸਿੰਘ) ਦਾ ਜਨਮ ਹੋਣ ਦੀ ਨਿਵੇਕਲੀ ਘਟਨਾ ਦੀ ਸੋਹਣੀ ਤਸਵੀਰਕਸ਼ੀ ਕੀਤੀ ਹੈ।



ਭਗਤ ਸਿੰਘ ਦੇ ਪ੍ਰੇਰਨਾ ਸਰੋਤਾਂ ਵਜੋਂ ਇਨ੍ਹਾਂ ਪਰਿਵਾਰਕ ਮੈਂਬਰਾਂ ਵੱਲੋਂ ਕੀਤੇ ਤਿਆਗ ਤੇ ਕੁਰਬਾਨੀਆਂ ਵਾਲੇ ਵਿਰਸੇ ਦੇ ਨਾਲ-ਨਾਲ ਘਰ 'ਚ ਵੱਡੇ ਵੱਡੇ ਦੇਸ਼ ਭਗਤਾਂ ਦੀ ਆਉਣੀ ਜਾਣੀ, ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਵਿਲੱਖਣ ਹਸਤੀ ਤੇ ਲਾਸਾਨੀ ਕੁਰਬਾਨੀ ਸਮੇਤ ਗ਼ਦਰ ਪਾਰਟੀ ਤੇ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਤੇ ਯੋਧਿਆਂ ਬਾਰੇ ਸਹੀ ਨਿਸ਼ਾਨਦੇਹੀ ਕੀਤੀ ਹੈ।

ਭਗਤ ਸਿੰਘ ਦੀ ਡੂੰਘੀ ਜਗਿਆਸੂ ਬਿਰਤੀ ਤੇ ਵੱਡੇ ਪੁਸਤਕ ਪ੍ਰੇਮ ਦਾ ਵਰਨਣ ਕਰਦਿਆਂ ਦੱਸਿਆ ਹੈ ਕਿ ਇਨਕਲਾਬੀ ਲਹਿਰ ਦੇ ਨਵੇਂ ਰਸਤੇ ਬਣਾਉਣ ਲਈ ਵੱਧ ਤੋਂ ਵੱਧ ਪੁਸਤਕਾਂ ਪੜ੍ਹਨਾ ਤੇ ਸਾਥੀਆਂ ਨੂੰ ਪੜ੍ਹਨ ਲਾਉਣਾ ਉਨ੍ਹਾਂ ਦੀ ਤਿੱਖੀ ਲੋੜ ਸੀ। ਅਸਲ ਮਕਸਦ ਰੋਜ਼ ਦੀ ਅਮਲਦਾਰੀ ਨੂੰ ਗਿਆਨ ਰਾਹੀਂ ਸਹੀ ਸੇਧ ਦੇਣ ਦਾ ਹੀ ਸੀ। ਜੁਲਾਈ 1928 ਦੇ 'ਕਿਰਤੀ' ਵਿਚਲਾ ਭਗਤ ਸਿੰਘ ਦੇ ਲੇਖ ਵਿਚਲਾ ਕਾਰਪਟਕਿਨ ਦਾ ਹਵਾਲਾ ਉਨ੍ਹਾਂ ਦੀ ਸੋਚ ਨੂੰ ਸਾਫ਼ ਕਰ ਦਿੰਦਾ ਹੈ , "ਇੱਕ ਹੀ ਅਮਲੀ ਕੰਮ ਹਜ਼ਾਰਾਂ ਕਿਤਾਬਾਂ ਤੇ ਪਰਚਿਆਂ ਨਾਲੋਂ ਵਧੀਕ ਪ੍ਰਚਾਰ ਕਰ ਦਿੰਦਾ ਹੈ।"

ਭਗਤ ਸਿੰਘ ਵੱਲੋਂ ਆਪਣੇ ਦੋਸਤ ਸਹਿਗਲ ਦੀ ਨਿੱਕੀ ਬੱਚੀ ਨੂੰ ਉੱਚੇ ਰੁੱਖ ਤੋਂ ਪਤੰਗ ਲਾਹ ਕੇ ਦੇਣਾ- ਬੱਚਿਆਂ ਪ੍ਰਤੀ ਸੁੱਚੇ ਪਿਆਰ ਦਾ ਪ੍ਰਤੀਕ ਹੈ। ਨੌਜਵਾਨਾਂ ਲਈ ਸੰਦੇਸ਼ ਬਾਰੇ ਗੰਭੀਰ ਨਿਰਣੇ ਕਰਦਿਆਂ ਗਾਸੋ ਨੇ ਦਰਸਾਇਆ ਹੈ ਕਿ ਅੱਜ ਦੇ ਜਾਗੀਰਦਾਰੀ-ਸਰਮਾਏਦਾਰੀ ਪ੍ਰਬੰਧ ਦੇ ਖਲਨਾਇਕ ਸਿਆਸੀ ਨੇਤਾਵਾਂ ਦੇ ਮੁਕਾਬਲੇ ਸ਼ਹੀਦ ਭਗਤ ਸਿੰਘ ਰੂਪੀ ਮਹਾਨ ਨਾਇਕ ਅੱਜ ਵੀ ਨੌਜਵਾਨਾਂ ਨੂੰ ਪ੍ਰੇਰਨ ਅਤੇ ਸੇਧ ਦੇਣ ਦੀ ਅਥਾਹ ਸਮਰੱਥਾ ਰੱਖਦਾ ਹੈ। ਠੀਕ ਦੱਸਿਆ ਹੈ ਕਿ ਭਗਤ ਸਿੰਘ ਲੋਟੂ ਤੇ ਜਾਬਰ ਰਾਜ ਪ੍ਰਬੰਧ ਦਾ ਤਖਤਾ ਉਲਟਾਉਣ ਲਈ ਹਥਿਆਰਬੰਦ ਘੋਲ ਦੇ ਨਾਲ ਨਾਲ ਵਿਸ਼ਾਲ ਲੋਕ ਲਹਿਰ ਉਸਾਰਨ ਦੇ ਵਿਚਾਰ ਦਾ ਵੀ ਪੱਕਾ ਧਾਰਨੀ ਸੀ।

ਜੇਲ੍ਹ ਵਿੱਚ ਦਲਿਤ ਸੇਵਾਦਾਰ ਬੋਘੇ ਨੂੰ ਦਿਲੀ ਪਿਆਰ ਤੇ ਬੇਬੇ ਦਾ ਖਿਤਾਬ ਦੇਣ ਵਾਲਾ ਭਗਤ ਸਿੰਘ ਉੱਚੀਆਂ ਜੀਵਨ ਕਦਰਾਂ ਦਾ ਮਾਲਿਕ ਸੀ। ਜ਼ਿਕਰ ਕੀਤਾ ਹੈ ਕਿ ਭਗਤ ਸਿੰਘ ਜਿੱਥੇ ਚੰਗਾ ਨਾਟਕ ਅਦਾਕਾਰ ਸੀ, ਉੱਥੇ ਇੱਕ ਮੇਲੇ ਮੌਕੇ ਆਪਣੇ ਫੜੇ ਗਏ ਸਾਥੀਆਂ ਨੂੰ ਛੁਡਾਉਣ ਲਈ ਕਾਮਯਾਬ ਨਾਟਕੀ ਵਿਧੀ ਵਰਤ ਕੇ ਜ਼ਿੰਦਗੀ 'ਚ ਕਮਾਲ ਦਾ ਅਦਾਕਾਰ ਹੋ ਨਿੱਬੜਦਾ ਹੈ।

ਭਗਤ ਸਿੰਘ ਤੇ ਉਸ ਦੇ ਸਾਥੀ ਕਾਤਲ ਸਾਂਡਰਸ ਦਾ ਫਸਤਾ ਵੱਢਣ ਮੌਕੇ ਤੇ ਅਸੈਂਬਲੀ 'ਚ ਬੰਬ ਸੁੱਟਣ ਵੇਲੇ ਕਿਵੇਂ ਅੱਗੇ ਵਧ-ਵਧ ਕੇ ਮੈਦਾਨੇ ਜੰਗ 'ਚ ਨਿੱਤਰਦੇ ਹਨ, ਇਹ ਸਭ ਇਨਕਲਾਬੀ ਜਜ਼ਬੇ ਦੀ ਸਾਕਾਰ ਮੂਰਤ ਪੇਸ਼ ਕਰਦਾ ਹੈ। ਉੱਤਮ ਇਨਸਾਨੀ ਤੇ ਇਨਕਲਾਬੀ ਗੁਣਾਂ ਅਤੇ ਉਨ੍ਹਾਂ ਦੇ ਹਾਣ ਦੇ ਅਮਲੀ ਕਾਰਨਾਮਿਆਂ ਦੇ ਸਿੱਟੇ ਵੱਜੋਂ ਸ਼ਹੀਦ ਭਗਤ ਸਿੰਘ ਕਿਵੇਂ 'ਲੋਕ ਪਿਆਰ ਦੇ ਜਜ਼ਬਿਆਂ ਦਾ ਠਾਠਾਂ ਮਾਰਦਾ ਵੇਗ' ਬਣ ਕੇ ਪੂਰੇ ਮੁਲਕ ਨੂੰ ਵਗਾ ਤੁਰਦਾ ਹੈ- ਗਾਸੋ ਨੇ ਬਿਹਤਰੀਨ ਨਕਸ਼ਾ ਖਿੱਚਿਆ ਹੈ।

ਮੁਲਕ ਦੀ ਅਜੋਕੀ ਪ੍ਰਸਥਿਤੀ ਦੇ ਪ੍ਰਸੰਗ ਵਿੱਚ ਦਰਜ ਕੀਤਾ ਗਿਆ ਹੈ ਕਿ ਸ਼ਹੀਦ ਭਗਤ ਸਿੰਘ ਦੇ ਮਹਾਨ ਵਿਚਾਰ ਤੇ ਯੁੱਗ ਪਲਟਾਊ ਐਕਸ਼ਨ ਮੌਜੂਦਾ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਵਾਲੇ ਰਾਜਪ੍ਰਬੰਧ ਨੂੰ ਬਦਲ ਕੇ ਸੱਚਾ ਸੁੱਚਾ ਨਵਾਂ ਲੋਕ ਜਮਹੂਰੀ ਤੇ ਸਮਾਜਵਾਦੀ ਪ੍ਰਬੰਧ ਸਿਰਜਣ ਲਈ ਭਾਰਤੀ ਲੋਕਾਂ ਦੀ ਮੁਕਤੀ ਦਾ ਅੱਜ ਵੀ ਰਾਹ ਰੁਸ਼ਨਾਉਂਦੇ ਹਨ। ਸ਼ਹੀਦ ਭਗਤ ਸਿੰਘ ਦੀ ਅਜੋਕੀ ਪ੍ਰਸੰਗਿਕਤਾ ਦਾ ਵੱਖ ਵੱਖ ਭਾਗਾਂ 'ਚ ਜ਼ਿਕਰ ਕਰਨ ਨਾਲ ਥੋੜ੍ਹਾ ਦੁਹਰਾਅ ਆਇਆ ਹੈ। ਇਹ ਸਿਰਫ਼ 'ਭਗਤ ਸਿੰਘ ਦੀ ਅਜੋਕੀ ਪ੍ਰਸੰਗਿਕਤਾ' ਵਾਲੇ ਪਾਠ ਵਿੱਚ ਹੀ ਦਰਜ ਹੁੰਦਾ ਬਿਹਤਰ ਸੀ। ਅਗਲੇ ਐਡੀਸ਼ਨ ਵਿੱਚ ਸੋਧਿਆ ਜਾ ਸਕਦਾ ਹੈ। ਕੁੱਲ ਮਿਲਾ ਕੇ ਪੁਸਤਕ ਡਾ. ਸੁਦਰਸ਼ਨ ਗਾਸੋ ਦੀ ਉੱਤਮ ਰਚਨਾ ਹੈ ਜਿਸ ਨੂੰ ਨੌਜਵਾਨਾਂ ਸਮੇਤ ਸਮੁੱਚੇ ਪੰਜਾਬੀ ਪ੍ਰੇਮੀਆਂ ਨੂੰ ਲਾਜ਼ਮੀ ਪੜ੍ਹਨਾ ਚਾਹੀਦਾ ਹੈ।

# ਵਿਲੱਖਣ ਅੰਦਾਜ਼ 'ਚ ਲਿਖੀ ਕਹਾਣੀ

ਸੁਖਮਿੰਦਰ ਸਿੰਘ ਸੇਖੋਂ
+91-98145-07693

ਕੇ ਜਗਜੀਤ ਸਿੰਘ ਇੱਕ ਹੰਢਿਆ ਵਰਤਿਆ ਲੇਖਕ ਹੈ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਅੰਗਰੇਜ਼ੀ ਵਿੱਚ ਵੀ ਉਸ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਪੰਜਾਬੀ ਵਿੱਚ ਸਫ਼ਰਨਾਮਾ, ਚਿੰਤਨ ਦੇ ਨਾਲ ਨਾਲ ਤਿੰਨ ਆਤਮ ਕਥਾ ਦੀਆਂ ਪੁਸਤਕਾਂ ਨਾਲ ਵੀ ਉਹ ਪੰਜਾਬੀ ਸਾਹਿਤ ਜਗਤ ਨੂੰ ਮਾਲਾਮਾਲ ਕਰ ਚੁੱਕਾ ਹੈ। ਕਹਾਣੀ-ਸੰਗ੍ਰਹਿ 'ਅੰਦਾਜ਼ ਆਪੋ-ਆਪਣਾ' (ਕੀਮਤ: 250 ਰੁਪਏ; ਆਰਸੀ ਪਬਲਿਸ਼ਰਜ਼, ਦਿੱਲੀ) ਉਸ ਦੀ ਨਵੀਂ ਪੁਸਤਕ ਹੈ। ਇਹ ਕਹਾਣੀਆਂ ਉਸ ਦੀ ਨਿੱਜੀ ਜ਼ਿੰਦਗੀ, ਆਲੇ-ਦੁਆਲੇ ਵਾਪਰੀਆਂ ਘਟਨਾਵਾਂ ਤੇ ਚਿੰਤਨ ਫਲਸਫੇ ਦੀ ਦੇਣ ਹਨ। 'ਬੰਦਾ-ਬੰਦੇ ਦੇ ਰਹਿਮ 'ਤੇ' ਵੀ ਉਸ ਨਾਲ ਵਾਪਰੀ ਘਟਨਾ 'ਤੇ ਆਧਾਰਿਤ ਹੈ। ਲੇਖਕ ਇੱਕ ਕਾਲਜ ਵਿੱਚ ਅਧਿਆਪਕ ਹੈ, ਪਰ ਇਸ ਦੌਰਾਨ ਉਹ ਕਿਸੇ ਬਿਮਾਰੀ ਤੋਂ ਪੀੜਤ ਹੋਣ ਕਰਕੇ ਅਮਰੀਕਾ ਵਿੱਚ ਆਪਣੇ ਕਿਸੇ ਨਜ਼ਦੀਕੀ ਕੋਲ ਰਹਿ ਕੇ ਆਪਣਾ ਇਲਾਜ ਕਰਵਾਉਣ ਲਈ ਛੁੱਟੀ ਅਪਲਾਈ ਕਰਦਾ ਹੈ। ਉਸ ਦੇ ਸਹਿਕਰਮੀ ਜੋ ਉਪਰੋਂ ਉਪਰੋਂ ਤਾਂ ਉਸ ਨਾਲ ਬਹੁਤ ਮਿੱਠੀ ਮਿੱਠੀ ਵਾਰਤਾ ਕਰਦੇ ਹਨ, ਪਰ ਅੰਦਰੋਂ ਚਾਹੁੰਦੇ ਹਨ ਕਿ ਉਹ ਪਰਤ ਕੇ ਨਾ ਆਵੇ। ਉਨ੍ਹਾਂ ਦੀ ਨਿਗਾਹ ਜਿੱਥੇ ਉਸ ਦੇ ਘਰ ਦੇ ਸਾਮਾਨ 'ਤੇ ਹੈ ਉੱਥੇ ਉਹ ਆਪਣੇ ਮਨਾਂ ਵਿੱਚ ਇਹ ਵੀ ਮਤਾ ਪਕਾ ਰਹੇ ਹੁੰਦੇ ਹਨ ਕਿ ਉਸ ਦੀ ਥਾਂ ਜਾਂ ਉਸ ਨੂੰ ਅੱਗੋਂ ਮਿਲਣ ਵਾਲੀ ਪਦ-ਉੱਨਤੀ ਦਾ ਉਹ ਲਾਭ ਲੈ ਸਕਣ ਭਾਵ ਉਸ ਨੂੰ ਮਿਲਣ ਵਾਲੇ ਹੱਕ ਨੂੰ ਹਾਸਲ ਕਰਕੇ ਪ੍ਰਮੋਟ ਹੋਣ ਦੀ ਤਾਕ ਵਿੱਚ ਹਨ। ਲੇਖਕ ਆਪਣਾ ਇਲਾਜ ਕਰਵਾ ਕੇ ਵਾਪਸ ਆ ਕੇ ਆਪਣੀ ਡਿਊਟੀ 'ਤੇ ਮੁੜ ਹਾਜ਼ਰ ਹੋ ਜਾਂਦਾ ਹੈ ਤਾਂ ਉਨ੍ਹਾਂ ਸਾਰੇ ਪਖੰਡੀਆਂ ਦੇ ਚਿਹਰੇ ਮਸੋਸੇ ਜਾਂਦੇ ਹਨ। ਜਿਹੜੇ ਪਹਿਲਾਂ ਹੱਸ ਹੱਸ ਕੇ ਉਸ ਨੂੰ ਖੁਸ਼ੀ ਖੁਸ਼ੀ ਵਿਦਾ ਕਰ ਰਹੇ ਸਨ, ਹੁਣ ਉਨ੍ਹਾਂ ਨੂੰ ਜਿਵੇਂ ਸੱਪ ਸੁੰਘ ਜਾਂਦਾ ਹੈ!

ਇੱਕ ਨਿਰਾਲੇ ਸਿਰਲੇਖ ਵਾਲੀ ਕਹਾਣੀ ਵੀ ਵਿਚਾਰਨਯੋਗ ਹੈ: 'ਅਦਾਲਤ ਰੱਬ ਦੀ, ਪੇਸ਼ੀ ਚਾਚੀ ਦੀ, ਵਕਾਲਤ ਮੇਰੀ'। ਇਹ ਕਹਾਣੀ ਵੀ ਲੇਖਕ ਦੀ ਨਿੱਜੀ ਜ਼ਿੰਦਗੀ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਆਪਣੀ ਫਲਸਫ਼ਾਨਾ ਗੱਲ ਆਪਣੇ ਅੰਦਾਜ਼ ਵਿੱਚ ਕਹਿ ਕੇ ਪਾਠਕ ਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਕਰ ਜਾਂਦੀ ਹੈ। ਆਪਣੀ ਚਾਚੀ ਦੀ ਮੌਤ ਦੀ ਖ਼ਬਰ ਫੋਨ 'ਤੇ ਸੁਣਦਿਆਂ ਉਸ ਨੂੰ ਸਮਝ ਨਹੀਂ ਆਉਂਦੀ ਕਿ ਕਿਹੜੀ ਚਾਚੀ, ਕਿਸ ਦੀ ਚਾਚੀ, ਕਿਹੜੀ ਔਰਤ ਦੀ ਮੌਤ ਦੀ ਖ਼ਬਰ? ਪਰ ਜਦੋਂ ਉਹ ਅਤੀਤ ਵੱਲ ਜਾਂਦਾ ਹੈ ਤਾਂ ਸਹੀ ਸਹੀ ਡਾਟਾ ਉਸ ਦੀਆਂ ਅੱਖਾਂ ਅੱਗਿਓਂ ਭੰਮੀਰੀ ਵਾਂਗ ਘੁੰਮਣਾ ਸ਼ੁਰੂ ਹੋ ਜਾਂਦਾ ਹੈ। ਇਹ ਚਾਚੀ ਆਪਣੇ ਜਵਾਨੀ ਪਹਿਰੇ ਹੀ ਆਪਣੇ ਘਰ, ਬੱਚਿਆਂ ਤੇ ਰਿਸ਼ਤੇਦਾਰਾਂ ਦਾ ਮੋਹ ਤਿਆਗ ਕੇ ਕਿਸੇ ਡੇਰੇ ਜਾ ਬੈਠੀ ਸੀ। ਘਰ ਗ੍ਰਹਿਸਥੀ ਤੋਂ ਦੂਰ ਉਹ ਇਸ ਜੀਵਨ ਨੂੰ ਵੀ ਸਫਲਾ ਕਰਨ ਦੇ ਆਹਰ ਵਿੱਚ ਸੀ ਤੇ ਅਗਲੇ ਜਨਮ ਲਈ ਮੁਕਤੀ ਦੀ ਚਾਹਵਾਨ ਵੀ। ਲੇਖਕ ਇਸ ਕਹਾਣੀ ਵਿੱਚ ਆਪਣਾ ਸੰਕਲਪ ਪੇਸ਼ ਕਰਦਾ ਹੈ ਤੇ ਪਾਪ-ਪੁੰਨ ਦੀ ਪੁਨਰ ਵਿਆਖਿਆ ਕਰਦਾ ਵੀ ਦਿਖਾਈ ਦਿੰਦਾ ਹੈ। ਉਸ ਦੀ ਚਾਚੀ ਦੇ ਭੋਗ ਵੇਲੇ ਲੋਕ ਤੇ ਇੱਥੋਂ ਤਕ ਕਿ ਸੰਤ ਵੀ ਸ਼ਰਧਾਂਜਲੀ ਵਜੋਂ ਉਸ ਨੂੰ ਮਹਾਨ ਆਤਮਾ, ਤਿਆਗ ਦੀ ਮੂਰਤ ਜਾਂ ਜਗਤ ਮਾਤਾ ਜਿਹੇ ਲਕਬਾਂ ਨਾਲ ਸੰਬੋਧਨ ਹੁੰਦੇ ਹਨ। ਕੇਹੀ ਵਿਡੰਬਨਾ ਹੈ ਕਿ ਇੱਕ ਪਾਸੇ ਗ੍ਰਹਿਸਥ ਤੇ ਦੂਜੀ ਤਰਫ਼ ਮੁਕਤੀ ਦਾ ਰਾਹ ਕੋਈ ਧਾਰਮਿਕ ਸਥਾਨ, ਡੇਰਾ? ਇਸ ਸੰਗ੍ਰਹਿ ਵਿਚਲੀਆਂ ਦੋ ਰਚਨਾਵਾਂ 'ਆਉ ਨੀ ਸਈਓ ਮੈਨੂੰ ਦਿਉ ਵਧਾਈ' ਤੇ 'ਤਿੰਨ ਸਾਧਕਾਂ ਦੀ ਕਥਾ' ਨੂੰ ਕਹਾਣੀ ਦੀ ਸ਼੍ਰੇਣੀ ਵਿੱਚ ਰੱਖਣਾ ਸੰਭਵ ਨਹੀਂ ਜਾਪਦਾ। ਇਨ੍ਹਾਂ ਨੂੰ ਇੱਕ ਨਿਬੰਧ, ਫਲਸਫੇ ਦੇ ਤੌਰ 'ਤੇ ਜ਼ਰੂਰ ਪੜ੍ਹਿਆ ਜਾ ਸਕਦਾ ਹੈ। ਪਰ ਲਗਪਗ ਹੋਰ ਸਾਰੀਆਂ ਕਹਾਣੀਆਂ ਨੂੰ ਪਾਠਕ ਕਹਾਣੀਆਂ ਵਾਂਗ ਪੜ੍ਹ ਸਕਦਾ ਹੈ, ਮਸਲਨ ਮਜ਼ਾਕ, ਦਖਲਅੰਦਾਜ਼ੀ, ਛੋਟੀ ਉਮਰ - ਵੱਡੀ ਦਲੀਲ, ਬਾਪ ਕਦੇ ਮਰਦੇ ਨਹੀਂ, ਮੌਤ-ਪਰਛਾਵੇਂ ਦੀ ਆਦਿ।

ਲੇਖਕ ਹਰ ਕਹਾਣੀ ਨੂੰ ਆਪਣੀ ਨਜ਼ਰ ਤੇ ਅੰਦਾਜ਼ ਨਾਲ ਆਪਣੇ ਨਿੱਜੀ ਜੀਵਨ ਵਿੱਚੋਂ ਭਾਲ ਲੈਂਦਾ ਹੈ। ਜੇਕਰ ਪਾਤਰ, ਘਟਨਾਵਾਂ ਆਸੇ ਪਾਸਿਓਂ ਵੀ ਚੁਣਦਾ ਹੈ ਤਾਂ ਵੀ ਉਹ ਲੇਖਕ ਦੇ ਨਿੱਜੀ ਸੰਸਾਰ ਤੇ ਉਸ ਦੇ ਚਿੰਤਨ ਵਿੱਚੋਂ ਉਪਜ ਕੇ ਪਾਠਕ ਲਈ ਪ੍ਰੇਰਨਾ ਸ੍ਰੋਤ ਬਣਦੀਆਂ ਹਨ। ਅਜਿਹੀਆਂ ਕਹਾਣੀਆਂ ਦਾ ਆਪਣਾ ਇੱਕ ਅਲਗ ਮੁਕਾਮ ਹੁੰਦਾ ਹੈ ਤੇ ਹਾਸਲ ਵੀ। ਕਹਾਣੀਆਂ ਸੰਕੋਚਵੀਆਂ ਤੇ ਅਰਥ-ਭਰਪੂਰ ਹਨ।

# ਨਾਵਲਾਂ ਵਾਲੀ ਸ਼ੈਲੀ 'ਚ ਲਿਖੀ ਜੀਵਨੀ

ਡਾ. ਅਮਰ ਕੋਮਲ
+91-84378-73565

ਪੁਸਤਕ 'ਕਾਲੇ ਪਾਣੀਆਂ ਦਾ ਸੁੱਚਾ ਮੋਤੀ: ਕਾਮਰੇਡ ਗੁਰਬਖ਼ਸ਼ ਸਿੰਘ ਧਾਲੀਵਾਲ ਦੀ ਜੀਵਨ-ਗਾਥਾ' (ਲੇਖਕ: ਬਲਦੇਵ ਸਿੰਘ; ਕੀਮਤ: 350 ਰੁਪਏ; ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਅਜਿਹੀ ਜੀਵਨੀ ਹੈ ਜਿਸ ਸਬੰਧੀ ਅਨੇਕਾਂ ਵਚਿੱਤਰ ਅਤੇ ਵਿਲੱਖਣ ਗੱਲਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਸ ਜੀਵਨੀ ਦੇ ਦੋ ਭਾਗ ਹਨ। ਪਹਿਲੇ ਭਾਗ ਵਿੱਚ 21 ਅਧਿਆਇ ਹਨ ਜਦੋਂਕਿ ਦੂਜੇ ਭਾਗ ਵਿੱਚ ਗੁਰਬਖਸ਼ ਸਿੰਘ ਆਪਣੇ ਪੁੱਤਰਾਂ ਅਤੇ ਦੋਸਤਾਂ-ਮਿੱਤਰਾਂ ਦੀਆਂ ਨਜ਼ਰਾਂ ਵਿੱਚ ਹੈ। ਜੀਵਨੀ ਦਾ ਪਹਿਲਾ ਭਾਗ ਗਲਪੀ ਸ਼ੈਲੀ ਵਿੱਚ ਲਿਖਿਆ ਗਿਆ ਹੈ ਜਿਸ ਵਿੱਚ ਕਾਮਰੇਡ ਗੁਰਬਖ਼ਸ਼ ਸਿੰਘ ਦੇ ਪਰਿਵਾਰ, ਬਚਪਨ, ਸਕੂਲੀ ਤੇ ਉਚੇਰੀ ਵਿੱਦਿਆ, ਮੁੱਢਲੀਆਂ ਸਰਗਰਮੀਆਂ, ਗੁਰਬਖ਼ਸ਼ ਸਿੰਘ ਦੇ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਵੱਲ ਝੁਕਣ ਤੇ ਲੋਕ ਲਹਿਰਾਂ ਵਿੱਚ ਹਿੱਸਾ ਲੈਣ ਦੀਆਂ ਸਰਗਰਮੀਆਂ, ਸਾਥੀਆਂ ਨੇਤਾਵਾਂ ਦੇ ਪ੍ਰਭਾਵ ਕਬੂਲਣ ਅਤੇ ਆਪਣੇ ਮੁੱਖ ਪਾਤਰ ਦੇ ਪਰਿਵਾਰਕ, ਸਮਾਜਿਕ ਤੇ ਰਾਜਨੀਤਕ ਜੀਵਨ ਸਮਾਚਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਪੰਜਾਬ ਦੇ 1947 ਪਿੱਛੋਂ ਵੀਹਵੀਂ ਸਦੀ ਦੇ ਪਿਛਲੇ ਅੱਧ ਦਾ ਰਾਜੀਨਤਕ ਇਤਿਹਾਸ ਕ੍ਰਮ ਅਨੁਸਾਰ ਉਲੀਕਦਿਆਂ, ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਆਪਸੀ ਸੰਘਰਸ਼ ਦੀ ਕਥਾ ਨੂੰ ਗਲਪੀ-ਬਿੰਬ ਸਿਰਜ ਕੇ ਬਿਆਨ ਕੀਤਾ ਹੈ। ਕਾਲਕ੍ਰਮ ਅਨੁਸਾਰ ਪੰਜਾਬ ਵਿੱਚ ਸਥਾਪਿਤ ਹੋਈਆਂ ਸਰਕਾਰਾਂ ਦੀ ਸਥਾਪਤੀ ਲਈ ਰਾਜਨੀਤਕ ਭੰਨ-ਤੋੜ, ਸਥਾਪਤੀ ਪਿੱਛੋਂ ਸਰਕਾਰਾਂ ਵੱਲੋਂ ਲਾਪ੍ਰਵਾਹੀ, ਕਮਿਊਨਿਸਟ ਪਾਰਟੀ ਵੱਲੋਂ ਪਿੰਡਾਂ ਵਿੱਚ ਲੋਕਾਂ ਨੂੰ ਜਾਗ੍ਰਿਤ ਕਰਕੇ ਸਰਕਾਰ ਵਿਰੁੱਧ ਲੋਕਾਂ ਵੱਲੋਂ ਕੀਤੇ ਮੁਜ਼ਾਹਰੇ, ਦੇਸ਼ ਵੰਡ ਸਮੇਂ ਦਾ ਦੁਖਾਂਤ ਅਤੇ ਕਮਿਊਨਿਸਟ ਪਾਰਟੀ ਵੱਲੋਂ ਮੁਸਲਮਾਨ ਬਚਾਓ ਦੇ ਅਮਲੀ ਕਾਰਜ, ਖੁਸ਼ਹੈਸੀਅਤ ਟੈਕਸ ਵਿਰੁੱਧ ਮੁਜ਼ਾਹਰੇ, ਗੁਰਬਖ਼ਸ਼ ਸਿੰਘ ਦੇ ਜੀਵਨ ਦੀਆਂ ਨਿੱਜੀ ਅਤੇ ਸਿਆਸੀ ਖ਼ਬਰਾਂ ਦੇ ਬਿਰਤਾਂਤ, ਪੰਜਾਬ ਵਿੱਚ ਬਦਲਦੀਆਂ ਕਾਂਗਰਸੀ ਸਰਕਾਰਾਂ ਅਤੇ ਉਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ, ਇੰਦਰਾ ਗਾਂਧੀ ਵੱਲੋਂ ਦੇਸ਼ ਵਿੱਚ ਐਮਰਜੈਂਸੀ ਲਾਉਣ ਸਮੇਂ ਦੇ ਹਾਲਾਤ ਅਤੇ ਇੰਦਰਾ ਗਾਂਧੀ ਦਾ ਕਤਲ, ਕਮਿਊਨਿਸਟ ਪਾਰਟੀ ਅਤੇ ਕਾਮਰੇਡ ਗੁਰਬਖ਼ਸ਼ ਸਿੰਘ ਦੀਆਂ ਸਰਗਰਮੀਆਂ, ਉਸ ਦਾ ਚੋਣਾਂ ਜਿੱਤ ਕੇ ਲੋਕ ਪ੍ਰਤੀਨਿਧ ਬਣਨਾ, ਬਤੌਰ ਮੈਂਬਰ ਉਸ ਦੀਆਂ ਸੇਵਾਵਾਂ, ਅਸੈਂਬਲੀ ਵਿੱਚ ਭਾਸ਼ਣ ਆਦਿ ਉਸ ਦੇ ਜੀਵਨ ਸਮਾਚਾਰ ਇਸ ਜੀਵਨੀ ਵਿੱਚ ਗਲਪੀ ਕਥਾ ਵਾਂਗ ਮਿਲਦੇ ਹਨ। ਦੂਜੇ ਭਾਗ ਵਿੱਚ ਕਾਮਰੇਡ ਗੁਰਬਖ਼ਸ਼ ਸਿੰਘ ਦੇ ਆਪਣੇ ਪੁੱਤਰਾਂ, ਦੋਸਤਾਂ-ਮਿੱਤਰਾਂ, ਸਾਥੀਆਂ ਤੇ ਹੋਰ ਰਾਜਨੀਤਕ ਸਮਾਜਿਕ ਆਗੂਆਂ ਵੱਲੋਂ ਦਿੱਤੇ ਅਭਿਨੰਦਨੀ ਸ਼ਰਧਾਂਜਲੀ ਸ਼ਬਦ ਅੰਕਿਤ ਹਨ। ਇਨ੍ਹਾਂ ਨੂੰ ਪੜ੍ਹ ਕੇ ਅਸੀਂ ਕਾਮਰੇਡ ਗੁਰਬਖ਼ਸ਼ ਸਿੰਘ ਸਬੰਧੀ ਹੋਰ ਵਧੇਰੇ ਜਾਣ ਲੈਂਦੇ ਹਾਂ ਕਿ ਉਹ ਸੱਚੇ ਅਰਥਾਂ ਵਿੱਚ ਬੁਲੰਦ ਹੌਸਲੇ ਵਾਲਾ, ਵਿਚਾਰਵਾਨ, ਜ਼ਮੀਨ ਨਾਲ ਜੁੜਿਆ, ਮਾਨਵਵਾਦੀ ਕਮਿਊਨਿਸਟ ਪਾਰਟੀ ਦੇ ਸਿਧਾਂਤਾਂ ਨਾਲ ਜੁੜਿਆ ਸੱਚਾ-ਸੁੱਚਾ ਨੇਤਾ ਹੋਇਆ ਹੈ। ਇਲਾਕੇ ਦੇ ਲੋਕ ਅੱਜ ਵੀ ਉਸ ਦੀਆਂ ਬਹੁਤ ਮਾਣ ਤੇ ਸ਼ਰਧਾ ਨਾਲ ਬਾਤਾਂ ਪਾਉਂਦੇ ਹਨ।



ਇਸ ਪੁਸਤਕ ਦਾ ਲੇਖਕ ਬਲਦੇਵ ਸਿੰਘ ਸੜਕਨਾਮਾ ਇੱਕ ਜੀਵਨੀਕਾਰ ਹੀ ਨਹੀਂ ਸਗੋਂ ਪ੍ਰਸਿੱਧ ਗਲਪਕਾਰ ਹੈ। ਕ੍ਰਮਵਾਰ ਇੱਕ ਦਰਜਨ ਤੋਂ ਵਧੇਰੇ ਕਹਾਣੀ-ਸੰਗ੍ਰਹਿ ਤੇ ਅਤੇ 16-17 ਨਾਵਲਾਂ ਨਿਬੰਧ, ਜੀਵਨੀਆਂ, ਬਾਲ ਸਾਹਿਤ, ਨਾਟਕ ਤੇ ਇਕਾਂਗੀ ਵੀ ਲਿਖ ਚੁੱਕਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਸਾਹਿਤ ਨਾਲ ਜੁੜਿਆ ਹੋਇਆ ਹੈ। ਆਪਣੇ ਇਲਾਕੇ ਦੇ ਲੋਕਾਂ ਵਿੱਚ ਹਰਮਨ ਪਿਆਰੇ ਕਾਮਰੇਡ ਗੁਰਬਖਸ਼ ਸਿੰਘ ਦੇ ਜੀਵਨ ਸਮਾਚਾਰਾਂ ਅਤੇ ਉਸ ਦੀ ਪਾਰਟੀ ਦੀਆਂ ਗਤੀਵਿਧੀਆਂ ਦੇ ਇਤਿਹਾਸ ਤੋਂ ਜਾਣੂ ਹੈ। ਇਨ੍ਹਾਂ ਸਹੂਲਤਾਂ ਦੀ ਪ੍ਰਾਪਤੀ ਸਦਕਾ ਉਹ ਕਾਮਰੇਡ ਲੋਕ-ਨਾਇਕ ਦੀ ਜੀਵਨੀ ਨੂੰ ਗਲਪੀ ਰੂਪ ਦੇਣ ਵਿੱਚ ਸਫਲ ਹੈ। ਇਸ ਗਲਪੀ ਸ਼ੈਲੀ ਦੀ ਜੀਵਨੀ ਦੀ ਭਾਸ਼ਾ ਟਕਸਾਲੀ ਹੈ। ਸੰਵਾਦ ਰੌਚਿਕ, ਸਰਲ ਅਤੇ ਸੰਖੇਪ ਹਨ। ਭਾਸ਼ਣ ਸਹਿਜਾਤਮਕ ਹਨ, ਵਧੇਰੇ ਬੋਝਲ ਸਿਧਾਂਤਕ ਨਹੀਂ ਜਾਪਦੇ। ਜਿੰਨੇ ਪਾਤਰ ਹਨ, ਉਹ ਕਲਪਿਤ ਨਹੀਂ ਸਗੋਂ ਇਲਾਕੇ ਦਾ ਇਤਿਹਾਸ (ਘਟਨਾਵਾਂ) ਭੂਗੋਲ (ਪਿੰਡ, ਸ਼ਹਿਰ, ਮਾਰਗ) ਹਕੀਕੀ ਹਨ। ਨਾਵਲਨੁਮਾ ਇਸ ਜੀਵਨੀ ਨੂੰ ਪੜ੍ਹਦਿਆਂ ਜਾਪਦਾ ਹੈ ਕਿ ਮੁੱਖ ਪਾਤਰ ਤੇ ਹੋਰ ਸਾਰੇ ਪਾਤਰ ਇਸ ਇਲਾਕੇ ਦੇ ਲੋਕਾਂ ਦੇ ਸ਼ੁਭਚਿੰਤਕ ਰਹੇ ਹਨ। ਇਹੋ ਇਸ ਜੀਵਨੀ ਦੀ ਸਫਲਤਾ ਦੇ ਮੁੱਖ ਅੰਗ ਹਨ।



ਡਾ. ਮਨਜੀਤ ਸਿੰਘ ਬੱਲ
ਸੰਪਰਕ : +91-83508-00237


# ਦਿਲ ਲਈ ਖ਼ਤਰਨਾਕ ਹੈ ਬਲੱਡ ਪ੍ਰੈਸ਼ਰ, ਸ਼ੂਗਰ ਤੇ ਮੋਟਾਪਾ

ਦਿਲ ਐਸਾ ਜ਼ਬਰਦਸਤ ਪੰਪ ਹੈ ਜੋ ਬਿਨਾਂ ਥੱਕੇ ਤੇ ਬਿਨਾਂ ਆਰਾਮ ਕੀਤੇ ਪੂਰੀ ਉਮਰ ਕੰਮ ਕਰਦਾ ਹੈ। ਇਹ ਹਰੇਕ ਮਿੰਟ 5 ਤੋਂ 6 ਲੀਟਰ ਖ਼ੂਨ ਪੰਪ ਕਰਕੇ ਅੱਗੇ ਭੇਜਦਾ ਜੋ ਦਿਲ ਦੇ ਆਪਣੇ ਪੱਠਿਆਂ ਸਮੇਤ, ਸਰੀਰ ਦੇ ਸਾਰੇ ਅੰਗਾਂ ਤੇ ਤੰਤੂਆਂ ਨੂੰ ਆਕਸੀਜਨ ਤੇ ਤਾਕਤ ਪ੍ਰਦਾਨ ਕਰਦਾ ਹੈ। ਵਧਦੀ ਉਮਰ ਨਾਲ ਖ਼ੂਨ ਦੀਆਂ ਨਾੜੀਆਂ ਦੇ ਅੰਦਰ ਚਰਬੀ ਦੀ ਪੇਪੜੀ ਜਿਹੀ ਜੰਮ ਜਾਂਦੀ ਹੈ ਜਿਸ ਨੂੰ 'ਐਥਰੋ-ਸਕਲੀਰੋਸਿਸ' ਕਿਹਾ ਜਾਂਦਾ ਹੈ। ਇਸ ਕਾਰਨ ਦਿਲ ਨੂੰ ਪੂਰੀ ਤਾਕਤ ਨਹੀਂ ਮਿਲਦੀ। ਇਸ ਨੂੰ 'ਕੋਰੋਨਰੀ ਆਰਟਰੀ ਡਿਸਈਜ਼' ਕਹਿੰਦੇ ਹਨ। ਦਿਮਾਗ ਦੀ ਨਾੜੀ ਵਿੱਚ ਪੇਪੜੀ ਜੰਮ ਜਾਵੇ ਤਾਂ ਸਟਰੋਕ; ਦਿਲ ਦੀ ਨਾੜੀ 'ਚ ਹੋਵੇ ਤਾਂ ਛਾਤੀ ਵਿੱਚ ਦਰਦ, ਦਿਲ ਦਾ ਦੌਰਾ ਜਾਂ ਅਚਾਨਕ ਮੌਤ; ਲੱਤਾਂ ਦੀਆਂ ਨਾੜੀਆਂ 'ਚ ਹੋਵੇ ਤਾਂ (ਗੈਂਗਰੀਨ) ਉਂਗਲਾਂ ਕਾਲੀਆਂ ਹੋ ਕੇ ਝੜ ਜਾਂਦੀਆਂ ਹਨ।



**ਕੋਰੋਨਰੀ ਆਰਟਰੀ ਡਿਸਈਜ਼ :** ਹੋ ਸਕਦਾ ਹੈ ਕਿ ਕਾਫੀ ਸਮਾਂ ਕੋਈ ਵੀ ਅਲਾਮਤਾਂ ਨਾ ਹੋਣ, ਜਾਂ ਫਿਰ ਪੌੜੀਆਂ ਚੜ੍ਹਨ ਜਾਂ ਭਾਰਾ ਕੰਮ ਕਰਨ ਵੇਲੇ ਛਾਤੀ ਵਿਚ ਪੀੜ ਹੁੰਦੀ ਹੋਵੇ, ਜਾਂ ਫਿਰ ਦਿਲ ਦਾ ਦੌਰਾ ਪੈ ਜਾਵੇ ਤੇ ਇਲਾਜ ਨਾਲ ਵਿਅਕਤੀ ਠੀਕ ਹੋ ਜਾਵੇ, ਤੇ ਜਾਂ ਫਿਰ ਵੱਡਾ ਦੌਰਾ ਪਵੇ ਤੇ ਅਚਾਨਕ ਮੌਤ ਹੋ ਜਾਵੇ। ਭਾਵੇਂ ਜਾਗਰੂਕਤਾ ਕਰਕੇ ਪਿਛਲੇ ਕੁਝ ਸਾਲਾਂ ਦੌਰਾਨ ਅਜਿਹੇ ਕੇਸਾਂ ਦੀ ਦਰ ਘਟੀ ਹੈ ਫਿਰ ਵੀ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਵਿੱਚ ਇਹ ਇਕ ਵੱਡੀ ਸਮੱਸਿਆ ਹੈ। ਭਾਰਤੀਆਂ ਵਿਚ ਇਹ ਰੋਗ ਹੋਣ ਦੇ ਵਧੇਰੇ ਚਾਂਸ ਹੁੰਦੇ ਹਨ। ਖ਼ੂਨ ਵਿੱਚ ਘੱਟ ਕੋਲੈਸਟਰੋਲ ਨਾਲ ਵੀ ਇਹ ਤਹਿ ਜੰਮ ਜਾਂਦੀ ਹੈ। ਭਾਰਤੀਆਂ ਵਿਚ ਇਹ, ਮੁਕਾਬਲਤਨ ਛੋਟੀ ਉਮਰ ਵਿਚ ਹੋ ਜਾਂਦੀ ਹੈ। ਮੌਤਾਂ ਦੇ ਚਾਂਸ, ਗੋਰਿਆਂ ਨਾਲੋਂ ਦੋ ਗੁਣਾਂ ਜ਼ਿਆਦਾ ਹੁੰਦੇ ਹਨ। ਅਜਿਹਾ ਕਿਉਂ ਹੈ ?

ਘਿਓ, ਮੱਖਣ, ਚਰਬੀ, ਮਿਠਾਈਆਂ ਤੇ ਹੋਰ ਭੋਜਨ ਖਾਣ ਵੇਲੇ ਅਸੀਂ ਕਿਸੇ ਵੀ ਤਰ੍ਹਾਂ ਦਾ ਹਿਸਾਬ ਨਹੀਂ ਰੱਖਦੇ। ਨਾ ਹੀ ਅਸੀਂ ਬਲੱਡ ਪ੍ਰੈਸ਼ਰ, ਸ਼ੂਗਰ, ਮੋਟਾਪੇ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਖਾਈ ਜਾਣਾ ਪਰ ਵਰਜ਼ਿਸ਼ ਵਾਲੇ ਕੰਮ ਨਹੀਂ ਕਰਨੇ। ਸ਼ਹਿਰੀਕਰਣ ਇਸ ਦਾ ਇਕ ਹੋਰ ਕਾਰਨ ਹੈ ਜਿਸ ਕਰਕੇ ਜੀਵਨ ਢੰਗ ਬਦਲ ਗਿਆ ਹੈ।

ਉਮਰ (ਔਰਤਾਂ ਦੀ 45 ਸਾਲ ਤੋਂ ਤੇ ਮਰਦਾਂ ਦੀ 55 ਸਾਲ ਤੋਂ ਵਡੇਰੀ), ਮਰਦ ਜਾਂ ਔਰਤ ਹੋਣਾ, ਪਰਿਵਾਰਕ ਪਿੱਠ-ਭੂਮੀ ਤੇ ਜਿਨਸ ਵਰਗੇ ਕਾਰਨ ਤੁਹਾਡੇ ਵੱਸ ਵਿੱਚ ਨਹੀਂ ਹਨ ਪ੍ਰੰਤੂ ਹਾਈ ਕੋਲੈਸਟਰੋਲ, ਤੰਬਾਕੂਨੋਸ਼ੀ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਮੋਟਾਪਾ, ਸ਼ਰਾਬ ਦਾ ਸੇਵਨ ਕਾਰਨ ਜਾਂ ਵਰਜਿਸ਼ ਕਰਨਾ ਵੱਸ ਵਿੱਚ ਹੈ। ਕੋਲੈਸਟਰੋਲ ਭੋਜਨ (ਮੀਟ-ਮੁਰਗਾ, ਆਂਡਾ, ਦੁੱਧ ਆਦਿ) 'ਚੋਂ ਆਉਂਦਾ ਹੈ ਤੇ ਕੁਝ ਸਰੀਰ ਦੇ ਅੰਦਰ ਬਣਦਾ ਹੈ। ਕੋਲੈਸਟਰੋਲ ਨੂੰ ਐਲਡੀਐਲ (ਲੋਅ ਡੈਨਸਿਟੀ ਲਾਇਪੋਪ੍ਰੋਟੀਨ) ਕਹਿੰਦੇ ਹਨ ਜੋ ਐਥਰੋਸਕਲੀਰੋਸਿਸ ਪੈਦਾ ਕਰਕੇ ਦਿਲ ਦਾ ਦੁਸ਼ਮਣ ਬਣਦਾ ਹੈ। ਜਦ ਕਿ ਐਚਡੀਐਲ (ਹਾਈ ਡੈਨਸਿਟੀ ਲਾਇਪੋਪ੍ਰੋਟੀਨ) ਸਾਡੇ ਲਈ ਲਾਹੇਵੰਦਾ ਹੈ ਤੇ ਦਿਲ ਨੂੰ ਕਾਇਮ ਰੱਖਣ 'ਚ ਸਹਾਈ ਹੁੰਦਾ ਹੈ। ਜਿਨ੍ਹਾਂ ਦਾ ਭਾਰ ਜ਼ਿਆਦਾ ਹੈ (ਸਾਧਾਰਨ ਭਾਰ ਤੋਂ 10-30% ਵਧੇਰੇ), ਉਨ੍ਹਾਂ ਨੂੰ ਦਿਲ ਦੀ ਸਮੱਸਿਆ 2- 6 ਗੁਣਾਂ ਵਧੇਰੇ ਹੁੰਦੀ ਹੈ। 'ਵੇਸਟ' ਤੇ 'ਹਿੱਪ' ਦੀ ਨਾਰਮਲ ਅਨੁਪਾਤ ਔਰਤਾਂ ਵਿੱਚ 0.85 ਤੇ ਪੁਰਸ਼ਾਂ ਵਿਚ 0.95 ਹੋਣੀ ਚਾਹੀਦੀ ਹੈ। ਸਵੇਰੇ ਉਠ ਕੇ ਰੋਜ਼ ਸੈਰ ਕਰੋ। ਸਿਗਰਿਟਨੋਸ਼ੀ ਬਲੱਡ ਪ੍ਰੈਸ਼ਰ ਵਧਾਉਂਦੀ ਹੈ ਤੇ ਐਚਡੀਐਲ ਘਟਾਉਂਦੀ ਹੈ। ਖ਼ੂਨ ਦੀਆਂ ਨਾੜੀਆਂ ਤੇ ਸੈਲਾਂ ਨੂੰ ਨੁਕਸਾਨ ਪਹੁਚਾਉਂਦੀ ਤੇ ਹਰਟ ਅਟੈਕ ਵਧਾਉਂਦੀ ਹੈ। ਕੋਲੈਸਟਰੋਲ ਦਾ ਪੱਧਰ ਕੁਝ ਵੀ ਹੋਵੇ, ਜੇਕਰ ਵਿਅਕਤੀ ਨੂੰ ਸ਼ੂਗਰ ਰੋਗ ਹੈ ਤਾਂ ਦਿਲ ਦੇ ਦੌਰੇ ਜਾਂ ਬ੍ਰੇਨ ਸਟਰੋਕ ਦਾ ਖ਼ਤਰਾ ਦੁੱਗਣਾ ਜਾਂ ਤਿਗਣਾ ਹੋ ਜਾਂਦਾ ਹੈ। ਸਾਧਾਰਨ ਵਿਅਕਤੀ ਨਾਲੋਂ ਸ਼ੂਗਰ ਦਾ ਮਰੀਜ਼, ਕਈ ਗੁਣਾਂ ਵਧੇਰੇ ਦਿਲ ਦਾ ਰੋਗੀ ਬਣਦਾ ਹੈ। ਸ਼ੂਗਰ ਦੇ ਤਕਰੀਬਨ 80% ਰੋਗੀਆਂ ਦੀ,ਦਿਲ ਦੇ ਦੌਰੇ ਕਾਰਨ ਮੌਤ ਹੁੰਦੀ ਹੈ।

ਦਿਲ ਦੀ ਸਮੱਸਿਆ ਤੋਂ ਬਚਣ ਲਈ ਵੱਖ ਵੱਖ ਤਰ੍ਹਾਂ ਦੇ ਫਲ਼ ਤੇ ਸਲਾਦ ਖਾਓ, ਹੋ ਸਕੇ ਤਾਂ ਦਿਨ ਵਿੱਚ ਤਿੰਨ ਚਾਰ ਵਾਰ। ਇਨ੍ਹਾਂ ਵਿੱਚ ਵਿਟਾਮਿਨਜ਼, ਖਣਿਜ ਤੇ ਐਂਟੀ ਆਕਸੀਡੈਂਟ ਬਹੁਤ ਹੁੰਦੇ ਹਨ। ਚਰਬੀ, ਅਲਪ ਮਾਤਰਾ ਵਿੱਚ ਹੁੰਦੀ ਜਾਂ ਕਹਿ ਲਓ ਕਿ ਹੁੰਦੀ ਹੀ ਨਹੀਂ। ਘੱਟ ਚਰਬੀ ਜਾਂ ਚਰਬੀ-ਰਹਿਤ ਆਹਾਰ ਖਾਓ। ਘੱਟ ਚਰਬੀ ਵਾਲਾ ਜਾਂ ਚਰਬੀ ਰਹਿਤ (ਸਕਿੱਮਡ ਜਾਂ ਟੋਨਡ) ਦੁੱਧ ਵਰਤੋ। ਰੈਡ ਮੀਟ ਤੋਂ ਪ੍ਰਹੇਜ਼ ਕਰੋ। ਮੱਛੀ ਤੇ ਕੁਝ ਹੱਦ ਤੱਕ ਕੁੱਕੜ (ਚਿਕਨ) ਲਾਹੇਵੰਦ ਹਨ। ਅਨਾਜ ਵੀ ਅਲੱਗ-ਅਲੱਗ ਤਰ੍ਹਾਂ ਦੇ ਖਾਓ। ਛਾਣ-ਬੂਰੇ (ਸੂੜ੍ਹੇ) ਵਾਲੇ ਆਟੇ ਦੀਆਂ ਰੋਟੀਆਂ ਸਿਹਤ ਲਈ ਚੰਗੀਆਂ ਹਨ। ਲੂਣ ਦੀ ਵਰਤੋਂ ਘਟ ਕਰ ਦਿਓ।

ਜੇ ਤੁਸੀਂ ਪੈਗ ਲਾਉਣ ਦੇ ਆਦੀ ਹੋ ਤਾਂ ਇਕ ਹੀ ਲਓ। ਥਾਲੀ ਭਰ ਕੇ ਖਾਣਾ ਬੰਦ ਕਰ ਦਿਓ। ਵਧੇਰੇ ਕੈਲਰੀਜ਼ ਤੇ ਘੱਟ ਪੋਸ਼ਟਿਕਤਾ ਵਾਲੀਆਂ ਵਸਤਾਂ ਜਿਵੇਂ ਕੈਂਡੀਜ਼, ਸੌਫਟ ਡਰਿਕਸ, ਜੈਮ, ਜੈਲੀਜ਼ ਤੇ ਹੋਰ ਜੰਕ ਫੂਡ ਨਾ ਹੀ ਲਓ ਤਾਂ ਚੰਗਾ ਹੈ। ਮਲਾਈ, ਪਰੌਂਠੇ, ਆਈਸ ਕਰੀਮ, ਸਮੋਸੇ, ਕਚੌਰੀਆਂ, ਰਬੜੀ, ਮੱਖਣ, ਪਨੀਰ, ਦੇਸੀ ਘਿਓ ਆਦਿ ਦਾ ਸੇਵਨ ਘੱਟ ਕਰ ਦਿਓ। ਅੰਡੇ ਦਾ ਪੀਲਾ ਭਾਗ, ਬੱਕਰੇ, ਭੇਡੂ ਆਦਿ ਦਾ (ਰੈਡ) ਮੀਟ, ਬਟਰ ਚਿਕਨ, ਪੂਰੀ ਚਰਬੀ ਵਾਲਾ ਦੁੱਧ, ਦੇਸੀ ਘਿਓ, ਮਲਾਈ, ਆਈਸ ਕਰੀਮ, ਰਬੜੀ, ਇਹਨਾਂ ਦੀ ਘਰੋੜੀ, ਮੱਖਣ, ਆਦਿ ਵਿਚ ਜ਼ਿਆਦਾ ਕੋਲੈਸਟਰੋਲ ਤੇ ਸੈਚੂਰੇਟਡਫੈਟ ਹੁੰਦੇ ਹਨ। ਬੇਕਰੀ ਦੇ ਬਿਸਕੁਟ, ਪੈਟੀਜ਼, ਕੇਕ ਤੇ ਪੇਸਟ੍ਰੀਆਂ ਵਿੱਚ ਵੀ ਕਾਫੀ ਚਰਬੀ ਹੁੰਦੀ ਹੈ। ਦਾਲ, ਸਬਜ਼ੀ ਨੂੰ ਤੜਕਾ ਲਾਉਣ ਲਈ ਸੈਚੂਰੇਟਡ ਫੈਟੀ ਏਸਿਡਜ਼ ਜਿਵੇਂ ਬਨਾਸਪਤੀ ਘਿਓ, ਕੋਕੋਨਟ ਤੇ ਪਾਮ ਆਇਲ ਦਿਲ ਲਈ ਮਾੜੇ ਹਨ, ਇਨ੍ਹਾਂ ਤੋਂ ਪ੍ਰਹੇਜ਼ ਕਰੋ।

ਐਵੇਂ ਨਹੀਂ ਕਿਹਾ ਜਾਂਦਾ 'ਸਿਆਣੇ ਦਾ ਆਖਿਆ ਤੇ ਔਲ਼ੇ ਦਾ ਖਾਧਾ ਬਾਅਦ 'ਚ ਪਤਾ ਲਗਦੈ।' ਔਲ਼ੇ ਦਾ ਤੇਲ, ਮੂੰਗਫਲੀ, ਕਨੋਲਾ ਤੇ ਸਰੋਂ ਦਾ ਤੇਲ; ਪੂਫਾ ਸੂਰਜਮੁਖੀ ਦਾ ਤੇਲ, ਸੋਇਆ ਬੀਨ ਦਾ ਤੇਲ; ਤੇ ਓਮੇਗਾ 3-ਫੈਟੀ ਏਸਿਡਜ਼ ਬਦਲ ਬਦਲ ਕੇ ਵਰਤੋ। ਲਸਣ ਦੀ ਵਰਤੋਂ ਲਾਹੇਵੰਦ ਹੈ। ਜ਼ਰੂਰੀ ਨਹੀਂ ਕਿ ਤੁਸੀਂ ਵਰਜ਼ਿਸ਼ ਵਾਸਤੇ ਜਿੰਮ ਹੀ ਜਾਓ; 30 ਤੋਂ 45 ਮਿੰਟ ਦੀ ਰੋਜ਼ਾਨਾ ਸੈਰ ਤੇ ਵਧੇਰੇ ਕਿਰਿਆਸ਼ੀਲ ਰਹਿਣ ਵਾਲੇ ਕੰਮ ਮੋਟਾਪਾ ਘਟਾਉਂਦੇ ਤੇ ਚੁਸਤ ਦਰੁਸਤ ਰੱਖਦੇ ਹਨ। ਜੇ ਤੁਸੀਂ ਤੰਬਾਕੂ ਦਾ ਸੇਵਨ ਕਰਦੇ ਹੋ ਤਾਂ ਅੱਜ ਹੀ ਇਸ ਨੂੰ ਛੱਡਣ ਦਾ ਫੈਸਲਾ ਕਰ ਲਓ। ਇਹ ਛੱਡਣ ਤੋਂ ਬਾਅਦ 24 ਘੰਟੇ ਦੇ ਅੰਦਰ ਹੀ ਦਿਲ ਦੇ ਦੌਰੇ ਦਾ ਖ਼ਤਰਾ ਘਟਣਾ ਸ਼ੁਰੂ ਹੋ ਜਾਂਦਾ ਹੈ। ਮੂੰਹ ਦੀ ਬਦਬੋ ਤੇ ਸਵਾਦ ਤਕਰੀਬਨ ਇਕ ਹਫਤੇ ਵਿਚ ਠੀਕ ਹੋ ਜਾਂਦੇ ਹਨ। 'ਸਮੋਕਰਜ਼' ਵਾਲੀ ਖੰਘ ਤਿੰਨਾਂ ਮਹੀਨਿਆਂ ਵਿਚ ਹਟ ਜਾਂਦੀ ਹੈ।

ਆਰੰਭ ਵਿੱਚ ਹਾਈ ਬਲੱਡ ਪ੍ਰੈਸ਼ਰ ਦੇ ਕੋਈ ਲੱਛਣ ਨਹੀਂ ਹੁੰਦੇ, ਸੋ ਗਾਹੇ-ਬ-ਗਾਹੇ ਇਹ ਚੈਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਜਿਹੜੇ ਵਿਅਕਤੀ ਬਲੱਡ ਪ੍ਰੈਸ਼ਰ ਦੇ ਮਰੀਜ਼ ਹਨ, ਉਨ੍ਹਾਂ ਨੂੰ ਨਿਰੰਤਰ ਪ੍ਰਹੇਜ਼, ਕਸਰਤ ਤੇ ਬਾਕਾਇਦਾ ਦਵਾ ਲੈਣੀ ਚਾਹੀਦੀ ਹੈ। ਡਾਕਟਰ ਦੀ ਸਲਾਹ ਤੋਂ ਬਿਨਾਂ, ਆਪਣੇ ਆਪ ਇਲਾਜ ਬਦਲਨਾ ਜਾਂ ਬੰਦ ਨਹੀਂ ਕਰਨਾ ਚਾਹੀਦਾ। ਆਪਣੇ ਡਾਕਟਰ ਦੀ ਸਲਾਹ ਮੰਨੋ ਤੇ ਉਹੀ ਦਵਾਈਆਂ ਖਾਓ ਜੋ ਡਾਕਟਰ ਨੇ ਦੱਸੀਆਂ ਹਨ, ਆਪਣੀ ਮਰਜ਼ੀ ਨਾ ਕਰੋ।

# ਰੋਜ਼ਾਨਾ ਕਾਜੂ ਹੈ ਫਾਇਦੇਮੰਦ

ਕਾਜੂ ਦੀ ਵਰਤੋਂ ਖਾਣਾ ਬਣਾਉਣ ਜਾਂ ਮਠਿਆਈ ਬਣਾਉਣ 'ਚ ਕੀਤੀ ਜਾਂਦੀ ਹੈ ਪਰ ਰੋਜ਼ਾਨਾ ਕਾਜੂ ਖਾਣਾ ਸਿਹਤ ਲਈ ਵੀ ਫਾਇਦੇਮੰਦ ਹੁੰਦਾ ਹੈ। ਖਾਣੇ ਦਾ ਸੁਆਦ ਵਧਾਉਣ ਦੇ ਨਾਲ-ਨਾਲ ਕਾਜੂ ਸਿਹਤ ਦੀਆਂ ਕਈ ਬੀਮਾਰੀਆਂ ਨੂੰ ਦੂਰ ਕਰਦਾ ਹੈ। ਆਓ ਜਾਣਦੇ ਹਾਂ ਰੋਜ਼ਾਨਾ ਕਾਜੂ ਖਾਣ ਨਾਲ ਸਿਹਤ ਨੂੰ ਕੀ-ਕੀ ਫਾਇਦੇ ਹੁੰਦੇ ਹਨ।

**ਕੋਲੈਸਟਰੋਲ :** ਕਾਜੂ 'ਚ ਪ੍ਰੋਟੀਨ ਅਤੇ ਆਇਰਨ ਭਰਪੂਰ ਮਾਤਰਾ 'ਚ ਹੋਣ ਕਾਰਨ ਇਹ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਅਤੇ ਕੋਲੈਸਟਰੋਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਰੋਜ਼ਾਨਾ ਇਸ ਦੀ ਵਰਤੋਂ ਨਾਲ ਵਾਲ ਅਤੇ ਚਮੜੀ ਲਈ ਬਹੁਤ ਹੀ ਚੰਗਾ ਹੁੰਦਾ ਹੈ।



**ਸਰੀਰ 'ਚ ਐਨਰਜੀ :** ਸਵੇਰੇ ਕਾਜੂ ਦੀ ਵਰਤੋਂ ਕਰਨ ਨਾਲ ਪੂਰਾ ਦਿਨ ਸਰੀਰ 'ਚ ਐਨਰਜੀ ਬਣੀ ਰਹਿੰਦੀ ਹੈ। ਜੇ ਤੁਹਾਡਾ ਮੂਡ ਬੇ-ਮਤਲਬ ਖਰਾਬ ਰਹਿੰਦਾ ਹੈ ਤਾਂ ਦੋ ਤਿੰਨ ਕਾਜੂ ਖਾਣ ਨਾਲ ਇਸ ਸਮੱਸਿਆ ਤੋਂ ਛੁਟਕਾਰਾ ਮਿਲ ਸਕਦਾ ਹੈ।

**ਤੇਜ਼ ਯਾਦਦਾਸ਼ਤ :** ਖਾਲੀ ਪੇਟ ਕਾਜੂ ਖਾਣ ਨਾਲ ਯਾਦਦਾਸ਼ਤ ਤੇਜ਼ ਹੁੰਦੀ ਹੈ। ਇਸ 'ਚ ਮੌਜੂਦ ਵਿਟਾਮਿਨ ਬੀ ਨਾਲ ਸਰੀਰ 'ਚ ਐਸਿਡ ਬਣਨਾ ਬੰਦ ਹੋ ਜਾਂਦਾ ਹੈ। ਇਸ ਨੂੰ ਫਿੱਕੇ ਦੁੱਧ ਨਾਲ ਖਾਣ ਨਾਲ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ।

**ਪਾਚਨ ਸ਼ਕਤੀ ਮਜ਼ਬੂਤ :** ਕਾਜੂ 'ਚ ਐਂਟੀਆਕਸੀਡੈਂਟ ਗੁਣਾਂ ਕਾਰਨ ਇਹ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਤੋਂ ਇਲਾਵਾ ਗਰਭ ਅਵਸਥਾ 'ਚ ਇਸ ਦੀ ਵਰਤੋਂ ਔਰਤਾਂ ਲਈ ਬਹੁਤ ਚੰਗੀ ਹੁੰਦੀ ਹੈ।

**ਮਜ਼ਬੂਤ ਹੱਡੀਆਂ :** ਕਾਜੂ ਹੱਡੀਆਂ ਨੂੰ ਮਜ਼ਬੂਤ ਬਣਾਉਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਮੋਨੋ ਸੈਚੂਰੇਟਡ ਫੈਟ ਨਾਂ ਦਾ ਤੱਤ ਸਰੀਰ ਨੂੰ ਦਿਲ ਦੀਆਂ ਬੀਮਾਰੀਆਂ ਤੋਂ ਬਚਾਉਣ ਦਾ ਕੰਮ ਕਰਦਾ ਹੈ।

# ਕਈ ਬੀਮਾਰੀਆਂ ਤੋਂ ਬਚਾਉਂਦਾ ਹੈ ਅਦਰਕ

ਅਦਰਕ ਰਸੋਈ 'ਚ ਵਰਤਿਆਂ ਜਾਣ ਵਾਲਾ ਮਸਾਲਾ ਹੈ। ਇਸ 'ਚ ਕਾਪਰ ਅਤੇ ਮੈਗਨੀਜ਼ ਵਰਗੇ ਤੱਤ ਪਾਏ ਜਾਂਦੇ ਹਨ। ਸਰਦੀ ਦੇ ਮੌਸਮ 'ਚ ਇਸ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਕਿਉਂਕਿ ਇਸ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਕਿਉਂਕਿ ਇਸ ਦੀ ਤਾਸੀਰ ਗਰਮ ਹੁੰਦੀ ਹੈ। ਇਹ ਖਾਣੇ ਦਾ ਸੁਆਦ ਤਾਂ ਵਧਾਉਂਦਾ ਹੀ ਹੈ, ਨਾਲ ਹੀ ਸਿਹਤ ਲਈ ਵੀ ਫਾਇਦੇਮੰਦ ਹੈ।

**ਪੇਟ ਦੀ ਗੈਸ :** ਗਲਤ ਖਾਣ-ਪੀਣ ਕਰਕੇ ਪੇਟ 'ਚ ਗੈਸ ਦੀ ਪ੍ਰੇਸ਼ਾਨੀ ਹੋ ਸਕਦੀ ਹੈ। ਇਸ ਲਈ 125 ਗ੍ਰਾਮ ਸੁੰਢ ਅਤੇ 250 ਗ੍ਰਾਮ ਤਿਲ ਦੇ ਲੱਡੂ ਬਣਾ ਲਓ। ਰੋਜ਼ਾਨਾ ਇਕ ਲੱਡੂ ਦੀ ਵਰਤੋਂ ਗਰਮ ਦੁੱਧ ਨਾਲ ਕਰਨ ਨਾਲ ਪੇਟ ਨਾਲ ਜੁੜੀਆਂ ਸਾਰੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਮਿਲਦਾ ਹੈ।

**ਦਸਤ :** ਦਸਤ ਹੋਣ 'ਤੇ 100 ਗ੍ਰਾਮ ਸੁੰਢ, 3 ਛੋਟੇ ਚਮਚ ਨਮਕ, 4 ਚਮਚ ਭੁੰਨਿਆ ਹੋਇਆ ਜੀਰਾ ਪਾਊਡਰ, ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਚੂਰਨ ਤਿਆਰ ਕਰ ਲਓ। ਖਾਣਾ ਖਾਣ ਤੋਂ ਬਾਅਦ ਇਸ ਚੂਰਨ ਨੂੰ ਇਕ ਚਮਚ ਪਾਣੀ ਨਾਲ ਖਾਣ ਨਾਲ ਰਾਹਤ ਮਿਲਦੀ ਹੈ।

**ਕੰਨ ਦਰਦ :** ਅੱਧਾ ਚਮਚ ਸਰ੍ਹੋਂ ਦੇ ਤੇਲ ਅਤੇ 2-3 ਬੂੰਦਾ ਅਦਰਕ ਦਾ ਰਸ ਮਿਲਾ ਕੇ ਕੰਨ 'ਚ ਪਾਓ। ਇਸ ਨਾਲ ਦਰਦ ਠੀਕ ਹੋ ਜਾਵੇਗਾ।

**ਪੇਟ ਦੇ ਕੀੜੇ :** ਅੱਧਾ ਚਮਚ ਅਦਰਕ ਦਾ ਰਸ 1 ਕੱਪ ਗਰਮ ਪਾਣੀ ਨਾਲ ਮਿਲਾ ਕੇ ਸਵੇਰੇ ਖਾਲੀ ਪੇਟ ਪੀਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।

**ਮੂੰਹ ਦੀ ਬਦਬੂ :** 1 ਚਮਚ ਅਦਰਕ ਦਾ ਰਸ 1 ਕੱਪ ਗਰਮ ਪਾਣੀ 'ਚ ਪਾ ਕੇ ਮਿਕਸ ਕਰ ਲਓ। ਇਸ ਪਾਣੀ ਨਾਲ ਕੁਰਲੀ ਕਰਨ ਨਾਲ ਮੂੰਹ ਦੀ ਬਦਬੂ ਦੂਰ ਹੋ ਜਾਂਦੀ ਹੈ।

**ਕਬਜ਼ ਦੂਰ ਕਰੇ :** ਅਦਰਕ ਦਾ ਛੋਟਾ ਜਿਹਾ ਟੁਕੜਾ ਅਤੇ ਗੁੜ ਦੋਹਾਂ ਨੂੰ ਸਵੇਰੇ-ਸ਼ਾਮ ਇਕੱਠੇ ਚਬਾਓ। ਇਸ ਨਾਲ ਕਬਜ਼, ਪੇਟ ਦੀ ਗੈਸ ਅਤੇ ਬਦਹਜ਼ਮੀ ਤੋਂ ਰਾਹਤ ਮਿਲੇਗੀ।

**ਜ਼ੁਕਾਮ :** ਜ਼ੁਕਾਮ ਹੋਣ 'ਤੇ 1 ਚਮਚ ਸ਼ੁੱਧ ਦੇਸੀ ਘਿਓ 'ਚ ਥੋੜ੍ਹਾ ਜਿਹਾ ਅਦਰਕ ਪਾ ਕੇ ਭੁੰਨ ਲਓ। ਫਿਰ ਇਸ 'ਚ ਦਰਦਰੇ ਪੀਸੇ ਹੋਏ 4 ਦਾਣੇ ਕਾਲੀ ਮਿਰਚ ਅਤੇ 2 ਲੌਂਗ ਪਾ ਦਿਓ। ਚੁਟਕੀ ਭਰ ਨਮਕ ਮਿਲਾ ਕੇ ਰਾਤ ਨੂੰ ਸੌਣ ਤੋਂ ਪਹਿਲਾਂ ਇਸ ਦੀ ਵਰਤੋਂ ਕਰੋ ਅਤੇ ਬਾਅਦ 'ਚ ਗਰਮ ਦੁੱਧ ਪੀ ਲਓ।

**ਗਠੀਆ :** 100 ਗ੍ਰਾਮ ਅਦਰਕ ਦਾ ਰਸ ਅਤੇ 100 ਗ੍ਰਾਮ ਸਰ੍ਹੋਂ ਦਾ ਤੇਲ ਪਾ ਕੇ ਗੈਸ 'ਤੇ ਉਦੋਂ ਤੱਕ ਗਰਮ ਕਰੋ ਜਦੋਂ ਤੱਕ ਸਿਰਫ ਤੇਲ ਰਹਿ ਜਾਵੇ। ਜਦੋਂ ਤੇਲ ਕੋਸਾ ਹੋ ਜਾਵੇ ਤਾਂ ਇਸ ਦੀ ਮਾਲਿਸ਼ ਕਰੋ।

**ਕਫ :** ਸਰਦੀ ਕਾਰਨ ਜਮ੍ਹਾ ਕਫ ਤੋਂ ਰਾਹਤ ਲਈ 1 ਛੋਟਾ ਸੁੰਢ ਅਤੇ ਸ਼ਹਿਦ ਮਿਲਾ ਕੇ ਦਿਨ 'ਚ ਦੋ ਵਾਰ ਖਾਓ।

# ਫੁਟਬਾਲ ਕਲੱਬ ਐਡਮਿੰਟਨ ਨੇ ਨੌਰਥ ਅਮਰੀਕਨ ਸ਼ੋਕਰ ਲੀਗ ਤੋਂ ਹੱਥ ਖਿੱਚਿਆ

**ਐਡਮਿੰਟਨ (ਨਦਬ) :** ਐਡਮਿੰਟਨ ਫੁਟਬਾਲ ਕਲੱਬ ਦੇ ਹਿੱਸੇਦਾਰਾਂ ਨੇ ਐਲਾਨ ਕਰਦਿਆਂ ਕਿਹਾ ਹੈ ਕਿ ਕਿ ਉਹ ਨੌਰਥ ਅਮਰੀਕਨ ਸ਼ੋਕਰ ਲੀਗ ਵਿੱਚ ਭਾਗ ਨਹੀਂ ਲੈਣਗੇ ਅਤੇ ਅਕੈਡਮੀ ਵੱਲੋਂ ਪ੍ਰੋਫੈਸਨਲ ਟੀਮ ਤਿਆਰ ਕਰਨ ਲਈ ਵਿੱਢੀ ਗਈ ਮੁਹਿੰਮ ਮੁਅਤਲ ਕਰ ਰਹੇ ਹਨ। ਪਰ ਨਾਲ ਹੀ ਉਹਨਾਂ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਹ ਫੁਟਬਾਲ ਕਲੱਬ ਐਡਮਿੰਟਨ ਅਕੈਡਮੀ ਲਈ ਫੰਡ ਲਗਾਤਾਰ ਜਾਰੀ ਰੱਖਣਗੇ। ਟੌਮ ਫਾਥ ਅਤੇ ਡੇਵ ਫਾਥ ਭਰਾਵਾਂ ਨੇ ਐਡਮਿੰਟਨ ਵਿੱਚ ਸੋਕਰ (ਫੁਟਬਾਲ) ਨੂੰ ਪ੍ਰੋਫੈਸ਼ਨਲ ਬਣਾਉਣ ਲਈ ਲੱਖਾਂ ਡਾਲਰ ਦਾ ਨਿਵੇਸ਼ ਕੀਤਾ ਹੈ।

ਟੌਮ ਫਾਥ ਨੇ ਇਸ ਮਾਮਲੇ ਵਿੱਚ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਐਡਮਿੰਟਨ ਵਿੱਚ ਫੁੱਟਬਾਲ ਵਰਗੀ ਖੇਡ ਦੇ ਵਿਕਾਸ ਲਈ ਲੱਖਾਂ ਡਾਲਰ ਅਤੇ ਆਪਣਾ ਕੀਮਤੀ ਸਮਾਂ ਲਗਾਇਆ ਹੈ। ਅਸੀਂ ਚਾਹੁੰਦੇ ਹਾਂ ਕਮਿਊਨਿਟੀ ਵਿੱਚ ਫੁੱਟਬਾਲ ਲੋਕ ਪ੍ਰਿਆ ਹੋਵੇ। ਇਸ ਸਭ ਦੇ ਨਤੀਜੇ ਵਜੋਂ ਹੀ ਸਾਡੀ ਅਕੈਡਮੀ ਵਿੱਚ 14 ਖਿਡਾਰੀ ਨੈਸ਼ਨਲ ਟੀਮ ਪ੍ਰੋਗਰਾਮ ਤਹਿਤ ਚੁਣੇ ਗਏ ਹਨ। ਅਸੀਂ ਬਹੁਤ ਸਾਰੇ ਨੌਜਵਾਨਾਂ ਨੂੰ ਫੁੱਟਬਾਲ ਖੇਡਣ ਲਈ ਪ੍ਰੇਰਿਆ ਹੈ।

ਜ਼ਿਕਰਯੋਗ ਹੈ ਕਿ ਯੂਨਾਈਟਡ ਸਟੇਟਸ ਸੋਕਰ ਫੈਡਰੇਸ਼ਨ ਨੇ ਲੀਗ ਨੂੰ ਡਵੀਜ਼ਨ ਦੋ ਵਿੱਚ ਮੁੜ ਸ਼ਾਮਿਲ ਨਹੀਂ ਕੀਤਾ ਦੂਜਾ ਯੂਐਸ ਦੇ ਫੈਡਰਲ ਜੱਜ ਦੀ ਅਦਾਲਤ ਵਿੱਚ ਯੂਐਸਐਸਐਫ ਦੇ ਖ਼ਿਲਾਫ਼ ਅਵਿਸ਼ਵਾਸ ਦੀ ਯਾਚਿਕਾ ਦਾਇਰ ਹੋਈ ਹੈ। ਇਸ ਨਾਲ ਲੀਗ ਦਾ ਸੱਤਿਆਨਾਸ਼ ਹੋ ਗਿਆ ਹੈ।



ਫਾਥ ਨੇ ਇਸ ਮਾਮਲੇ ਵਿੱਚ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਹਮੇਸ਼ਾ ਐਨਏਐਸਐਲ ਵਿੱਚ ਵਿਸ਼ਵਾਸ ਕੀਤਾ ਹੈ ਤੇ ਸਮੱਰਥਨ ਵੀ ਕੀਤਾ ਹੈ ਪਰ ਸਾਡੇ ਲਈ ਮੁੱਖ ਚੀਜ਼ ਫ੍ਰੈਂਚਾਈਜ਼ ਹੈ ਪਰ 2009 ਤੋਂ ਹੀ ਅਸੀਂ ਇੱਕੋ ਸਥਿਤੀ ਵਿੱਚ ਹਾਂ। ਜੇਕਰ ਯੂਐਸਐਸਐਫ ਦੀ ਗੱਲ ਕਰੀਏ ਤਾਂ ਅਸੀਂ ਪਿਛਲੇ ਸਾਲ ਤੋਂ ਸੰਘਰਸ਼ ਕਰ ਰਹੇ ਹਾਂ ਪਰ ਸਾਨੂੰ ਅਜੇ ਤੱਕ ਡਵੀਜ਼ਨ ਦੋ ਵਿੱਚ ਮਨਜ਼ੂਰ ਨਹੀਂ ਕੀਤਾ ਗਿਆ। ਉਹਨਾਂ ਇਹ ਵੀ ਕਿਹਾ ਕਿ ਨਾ ਹੀ ਅਸੀਂ ਯੂਐਸਐਲ ਵਿੱਚ ਤੇ ਨਾ ਹੀ ਐਮਐਸਐਲ ਵਿੱਚ ਜਾਵਾਂਗੇ। ਹਾਲਾਂਕਿ ਸੀਪੀਐਲ ਬਾਰੇ ਉਹਨਾਂ ਦਾ ਰਵੱਈਆ ਸਾਕਾਰਾਤਮਕ ਸੀ।

ਜ਼ਿਕਰਯੋਗ ਹੈ ਕਿ ਫੁਟਬਾਲ ਕਲੱਬ ਐਡਮਿੰਟਨ 2009 ਵਿੱਚ ਫਾਥ ਭਰਾਵਾਂ ਨੇ ਸਥਾਪਿਤ ਕੀਤੀ ਸੀ।



# ਵਿੰਟਰ ਉਲੰਪਿਕ 2018 ’ਚ ਸ਼ਾਮਲ ਨਹੀਂ ਹੋਵੇਗਾ ਰੂਸ

**ਨਵੀਂ ਦਿੱਲੀ :** ਅਜਿਹਾ ਲਗਦਾ ਹੈ ਕਿ ਰੂਸ ਅਤੇ ਡੋਪਿੰਗ ਦਾ ਸਾਥ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ, ਦੁਨੀਆ ’ਚ ਡੋਪਿੰਗ ਦੀ ਵਜ੍ਹਾ ਨਾਲ ਖੋਹਣ ਵਾਲੇ ਸਭ ਤੋਂ ਜ਼ਿਆਦਾ ਤਮਗੇ ਰੂਸ ਦੇ ਹੀ ਨਾਂ ਹਨ। ਇਨ੍ਹਾਂ ਦੀ ਗਿਣਤੀ ਕੁੱਲ 41 ਹੈ। ਹਾਲ ਹੀ ’ਚ ਕੌਮਾਂਤਰੀ ਓਲੰਪਿਕ ਕਮੇਟੀ ਨੇ ਡੋਪਿੰਗ ਮਾਮਲੇ ’ਚ ਅਗਲੇ ਸਾਲ ਦੱਖਣੀ ਕੋਰੀਆ ਦੇ ਪਯੋਂਗਚਾਂਗ ’ਚ ਹੋਣ ਵਾਲੀਆਂ ਵਿੰਟਰ ਓਲੰਪਿਕ ਖੇਡਾਂ ’ਚ ਹਿੱਸਾ ਲੈਣ ਤੋਂ ਰੂਸ ‘ਤੇ ਪਾਬੰਦੀ ਲਗਾ ਦਿਤੀ ਗਈ ਹੈ। ਹਾਲਾਂਕਿ ਰੂਸ ਦੇ ਉਹ ਐਥਲੀਟ ਇਸ ’ਚ ਹਿੱਸਾ ਲੈ ਸਕਦੇ ਹਨ ਜੋ ਇਹ ਸਾਬਤ ਕਰ ਦੇਣ ਕਿ ਉਹ ਡੋਪਿੰਗ ’ਚ ਸ਼ਾਮਲ ਨਹੀਂ ਹਨ, ਪਰ ਅਜਿਹੇ ਖਿਡਾਰੀ ਰੂਸ ਦਾ ਝੰਡਾ ਇਸਤੇਮਾਲ ਨਹੀਂ ਕਰ ਸਕਣਗੇ। 20 14 ’ਚ ਰੂਸ ਨੇ ਸੋਚੀ ’ਚ ਵਿੰਟਰ ਓਲੰਪਿਕ ਦੀ ਮੇਜ਼ਬਾਨੀ ਕੀਤੀ ਸੀ ਅਤੇ ਉਸੇ ਦੌਰਾਨ ਸਰਕਾਰ ਸਪਾਂਸਰਡ ਡੋਪਿੰਗ ਦੀਆਂ ਸ਼ਿਕਾਇਤਾਂ ਆਈਆਂ ਸਨ, ਜਿਸ ਦੀ ਜਾਂਚ ਚਲ ਰਹੀ ਹੈ।

ਆਈ.ਓ.ਸੀ. ਦੇ ਪ੍ਰਧਾਨ ਥਾਮਸ ਬਾਰਖ ਅਤੇ ਬੋਰਡ ਨੇ ਜਾਂਚ ਰਿਪੋਰਟ ਅਤੇ ਸੁਝਾਵਾਂ ਨੂੰ ਪੜ੍ਹਨ ਦੇ ਬਾਅਦ ਇਹ ਫੈਸਲਾ ਦਿੱਤਾ ਹੈ। ਸਵਿਟਜ਼ਰਲੈਂਡ ਦੇ ਸਾਬਕਾ ਰਾਸ਼ਟਰਪਤੀ ਸੁਅਲ ਸ਼ਮਿਟ ਦੀ ਅਗਵਾਈ ’ਚ ਇਸ ਮਾਮਲੇ ਦੀ 17 ਮਹੀਨਿਆਂ ਤੱਕ ਜਾਂਚ ਚਲ ਰਹੀ ਸੀ। ਰੂਸੀ ਓਲੰਪਿਕ ਕਮੇਟੀ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ ਪਰ ਆਈ.ਓ.ਸੀ. ਨੇ ਕਿਹਾ ਹੈ ਕਿ ਫਰਵਰੀ ’ਚ ਹੋਣ ਵਾਲੀਆਂ ਖੇਡਾਂ ’ਚ ਬੇਕਸੂਰ ਰੂਸੀ ਖਿਡਾਰੀਆਂ ਨੂੰ ਹਿੱਸਾ ਲੈਣ ਦੇ ਲਈ ਉਨ੍ਹਾਂ ਨੂੰ ਓਲੰਪਿਕ ਐਥਲੀਟ ਫਾਮ ਰਸ਼ੀਆ (ਓ.ਏ.ਆਰ.) ਦੇ ਨਾਂ ਨਾਲ ਸੱਦਾ ਦਿੱਤਾ ਜਾਵੇਗਾ। ਰੂਸ ਦੇ ਵਾਰ-ਵਾਰ ਖੰਡਨ ਦੇ ਬਾਵਜੂਦ ਜਾਂਚ ’ਚ ਰੂਸ ਦੇ ਡੋਪਿੰਗ ਵਿਰੋਧੀ ਕਾਨੂੰਨਾਂ ਨੂੰ ਜਾਣਬੁੱਝ ਕੇ ਤੋੜਨ ਦੇ ਸਬੂਤ ਪਾਏ ਗਏ ਹਨ।

ਰਸ਼ੀਆ ਦੇ ਵਿੰਟਰ ਓਲੰਪਿਕ ’ਚ ਨਾ ਖੇਡਣ ਦੀ ਵਜ੍ਹਾ ਨਾਲ ਭਾਰਤੀ ਪਹਿਲਵਾਨਾਂ ਨੂੰ ਇਸ ਦਾ ਲਾਹਾ ਮਿਲ ਸਕਦਾ ਹੈ, ਕਿਉਂਕਿ ਰੂਸੀ ਪਹਿਲਵਾਨ ਓਲੰਪਿਕ ਅਤੇ ਵਿੰਟਰ ਓਲੰਪਿਕ ’ਚ ਚੰਗਾ ਪ੍ਰਦਰਸ਼ਨ ਕਰਦੇ ਹਨ। ਰੂਸ ਦੇ ਪਹਿਲਵਾਨਾਂ ਨੇ ਅਜੇ ਤੱਕ 56 ਤਗਮੇ ਜਿੱਤੇ ਹਨ ਜਿਨ੍ਹਾਂ ’ਚ 30 ਸੋਨ ਤਗਮੇ ਸ਼ਾਮਲ ਹਨ।

# ਰੌਬਿਨਪ੍ਰੀਤ ਵਿਰਕ ਦੀ ਕੈਨੇਡਾ ਦੀ ਜੂਨੀਅਰ ਹਾਕੀ ਟੀਮ ਲਈ ਚੋਣ

**ਐਡਮਿੰਟਨ, (ਸੁਖਵੀਰ ਗਰੇਵਾਲ) :** ਐਡਮਿੰਟਨ ਯੂਥ ਫੀਲਡ ਹਾਕੀ ਕਲੱਬ ਦੇ ਖਿਡਾਰੀ ਰੌਬਿਨਪ੍ਰੀਤ ਸਿੰਘ ਵਿਰਕ ਨੇ ਕੈਨੇਡਾ ਦੇ ਮੁੰਡਿਆਂ ਦੀ ਜੂਨੀਅਰ ਹਾਕੀ ਟੀਮ (ਅੰਡਰ-18) ਵਿੱਚ ਜਗਾ ਬਣਾ ਕੇ ਕਲੱਬ ਦਾ ਨਾਂ ਰੌਸ਼ਨ ਕੀਤਾ ਹੈ। ਫੀਲਡ ਹਾਕੀ ਕੈਨੇਡਾ ਵਲੋਂ ਪਿਛਲੇ ਦਿਨੀਂ ਐਲਾਨੀ ਗਈ ਇਹ ਟੀਮ ਇਸ ਸਮੇਂ ਅਮਰੀਕਾ ਦੇ ਦੌਰੇ ਤੇ ਗਈ ਹੈ। ਇਹ ਟੀਮ ਅਮਰੀਕਾ ਦੀ ਕੌਮੀ ਜੂਨੀਅਰ ਟੀਮ ਨਾਲ ਚਾਰ ਮੈਚਾਂ ਦੀ ਟੈਸਟ ਲੜੀ ਖੇਡੇਗੀ। ਇਸ ਦੌਰੇ ਨੂੰ ਸਾਲ 2018 ਦੀ ਪੈਨ-ਅਮਰੀਕਨ ਚੈਂਪੀਅਨਸ਼ਿਪ ਅਤੇ ਯੂਥ ਉਲੰਪਿਕ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।




ਲੁਧਿਆਣਾ ਜ਼ਿਲੇ ਦੇ ਪਿੰਡ ਨੰਗਲ਼ ਦੇ ਜੰਮਪਲ਼ ਰੌਬਿਨਪ੍ਰੀਤ ਸਿੰਘ ਵਿਰਕ ਦੀ ਪ੍ਰਾਪਤੀ ਬਾਕੀ ਖਿਡਾਰੀਆਂ ਨਾਲੋਂ ਵੱਖਰੀ ਹੈ ਕਿਉਂਕਿ ਉਸ ਦੇ ਸ਼ਹਿਰ ਵਿੱਚ ਐਡਮਿੰਟਨ ਵਿੱਚ ਐਸਟਰੋਟਰਫ ਮੈਦਾਨ ਨਹੀਂ ਹੈ ਜਦੋਂ ਕਿ ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਇਸ ਮੈਦਾਨ ਦੀ ਸਹੂਲਤ ਹੈ। ਉਸ ਦੇ ਪਿਤਾ ਜਤਿੰਦਰ ਸਿੰਘ (ਹੈਪੀ) ਵਿਰਕ ਅਤੇ ਮਾਤਾ ਜਸਵੀਰ ਕੌਰ ਇਸ ਪ੍ਰਾਪਤੀ ਤੋਂ ਕਾਫੀ ਖੁਸ਼ ਹਨ।

ਰੌਬਿਨ ਨੇ ਸਾਲ 2010 ਵਿੱਚ ਕੋਚ ਜੌਰਜ ਦੀ ਨਿਗਰਾਨੀ ਹੇਠ ਹਾਕੀ ਖੇਡਣੀ ਸ਼ੁਰੂ ਕੀਤੀ। ਇਸ ਤੋਂ ਇਲਾਵਾ ਯੂਥ ਫੀਲਡ ਹਾਕੀ ਕਲੱਬ ਐਡਮਿੰਟਨ ਰਾਹੀਂ ਉਸ ਨੇ ਸਾਬਕਾ ਉਲੰਪੀਅਨ ਰਮਨਦੀਪ ਸਿੰਘ ਗਰੇਵਾਲ ਕੋਲੋਂ ਵੀ ਸਿਖਲਾਈ ਹਾਸਿਲ ਕੀਤੀ। ਸਾਲ 2014 ਵਿਚ ਉਸਨੇ ਪਹਿਲੀ ਵਾਰ ਅਲਬਰਟਾ ਸੂਬੇ ਦੀ ਟੀਮ (ਅੰਡਰ-16) ਵਲੋਂ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਭਾਗ ਲਿਆ। ਇਸ ਟੀਮ ਦੀ ਕਾਰਗੁਜ਼ਾਰੀ ਭਾਵੇਂ ਬਹੁਤੀ ਵਧੀਆ ਨਹੀਂ ਰਹੀ ਪਰ ਰੌਬਿਨ ਨੂੰ ਕੌਮੀ ਪੱਧਰ ਤੇ ਖੇਡਣ ਦਾ ਇਹ ਪਹਿਲਾ ਮੌਕਾ ਮਿਲ਼ਿਆ। 2015 ਵਿੱਚ ਉਹ ਇੱਕ ਵਾਰ ਫਿਰ ਨੈਸ਼ਨਲ ਚੈਂਪੀਅਨਸ਼ਿਪ ਖੇਡਣ ਟੋਰਾਂਟੋ ਗਿਆ। ਇਸ ਵਾਰ ਅਲਬਰਟਾ ਦੀ ਟੀਮ (ਅੰਡਰ-16) ਨੇ ਕਾਂਸੀ ਦਾ ਤਮਗਾ ਜਿੱਤਿਆ ਅਤੇ ਰੌਬਿਨ ਨੈਸ਼ਨਲ ਕੈਂਪ ਵਿੱਚ ਆ ਗਿਆ। ਸਾਲ 2016 ਵਿੱਚ ਕੈਲਗਰੀ ਨੇ ਨੈਸ਼ਨਲ ਜੂਨੀਅਰ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕੀਤੀ। ਇੱਕ ਵਾਰ ਫਿਰ ਰੌਬਿਨ ਦੀ ਖੇਡ ਚਮਕੀ ਤੇ ਅਲਬਰਟਾ ਦੀ ਟੀਮ ਨੈਸ਼ਨਲ ਚੈਂਪੀਅਨਸ਼ਿਪ ’ਚੋਂ ਚਾਂਦੀ ਦਾ ਤਮਗਾ ਜਿੱਤੀ। ਇਸ ਵਾਰ ਅੰਡਰ-16 ਉਮਰ ਵਰਗ ਦੇ ਕੈਨੇਡਾ ਭਰ ਦੇ ਸਿਖਰਲੇ 11 ਖਿਡਾਰੀਆਂ ਵਿੱਚ ਉਸ ਦੀ ਚੋਣ ਕੀਤੀ ਗਈ।

ਇਸ ਤੋਂ ਇਲਾਵਾ ਰੌਬਿਨ ਨੂੰ ਈਗਲਜ਼ ਟੂਰਨਾਮੈਂਟ ਐਡਮਿੰਟਨ, ਹਾਕਸ ਟੂਰਨਾਮੈਂਟ ਕੈਲਗਰੀ, ਪੈਂਥਰਜ਼ ਟੂਰਨਾਮੈਂਟ ਸਰੀ ਵਿੱਚ ਬਿਹਤਰੀਨ ਵਿੱਚ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਰੌਬਿਨ ਨੇ ਦੱਸਿਆ ਕਿ ਉਹ ਭਾਰਤੀ ਖਿਡਾਰੀ ਸਰਦਾਰਾ ਸਿੰਘ ਦੀ ਖੇਡ ਤੋਂ ਪ੍ਰਭਾਵਿਤ ਹੈ ਤੇ ਉਸ ਨੂੰ ਆਪਣਾ ਰੋਲ ਮਾਡਲ ਮੰਨਦਾ ਹੈ।

# ਭਾਸ਼ਣਾਂ ਵਿਚ ਮੋਦੀ ਦੇ ਬਦਲੇ ਅੰਦਾਜ਼ ਦੇ ਅਰਥ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ਿਆਦਾਤਰ ਵੱਡੇ ਲੀਡਰਾਂ ਵਾਂਗ ਹੀ ਭਾਸ਼ਣ ਕਲਾ ਦੇ ਮਾਹਰ ਹਨ।

ਉਨ੍ਹਾਂ ਨੂੰ ਆਪਣੇ ਭਾਸ਼ਣ ਵਿਚ ਕੀਤੀ ਗਈ ਬਿਆਨਬਾਜ਼ੀ ਦੀ ਤਾਕਤ ਅਤੇ ਉਸ ਨਾਲ ਪੈਣ ਵਾਲੇ ਅਸਰ ਦੀ ਬਾਖ਼ੂਬੀ ਸਮਝ ਹੈ। ਮੋਦੀ ਜਾਣਦੇ ਹਨ ਕਿ ਉਨ੍ਹਾਂ ਦੇ ਭਾਸ਼ਣ ਵਿਚ ਕੀਤੇ ਗਏ ਵਾਅਦਿਆਂ ਨਾਲ ਲੋਕਾਂ ਨੂੰ ਭਰੋਸਾ ਮਿਲਦਾ ਹੈ ਕਿ ਜੋ ਉਹ ਬੋਲ ਰਹੇ ਹਨ, ਉਸੇ ਨੂੰ ਹੀ ਨੀਤੀਆਂ ਵਿਚ ਲਾਗੂ ਕਰਨਗੇ ਜਾਂ ਫਿਰ ਉਹ ਆਪਣੇ ਕੀਤੇ ਵਾਅਦੇ ਪੂਰੇ ਕਰਨਗੇ। ਭਾਵ ਉਨ੍ਹਾਂ ਦੀ ਤਾਕ ਦੀ ਜੜ੍ਹ ਉਨ੍ਹਾਂ ਦੇ ਭਾਸ਼ਣਾਂ ਨਾਲ ਜੁੜੀ ਹੈ।

## ਮੋਦੀ ਦੇ ਭਾਸ਼ਣ ਦੇ ਤਿੰਨ ਹਿੱਸੇ...

ਮੋਦੀ ਦੇ ਭਾਸ਼ਣ ਦੇ ਜ਼ਿਆਦਾਤਰ ਮਾਹਰਾਂ ਨੇ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ, ਉਹ ਅਭਿਲਾਸ਼ੀ ਨੇਤਾ ਜਿਸ ਦੀ ਚਾਹਤ ਦਿੱਲੀ ਜਿੱਤਣ ਦੀ ਸੀ। ਦੂਸਰਾ, ਮੋਦੀ ਨੇ ਦੇਸ਼, ਦੇਸ਼ ਭਗਤੀ ਅਤੇ ਵਿਕਾਸ ਦੀ ਨਵੀਂ ਪਰਿਭਾਸ਼ਾ ਘੜ ਦਿੱਤੀ। ਤੀਸਰਾ, ਸੱਤਾ, ਸ਼ਾਸਨ ਅਤੇ ਨਿਪੁੰਨਤਾ ਦੇ ਗੂੜ੍ਹੇ ਅਰਥ ਹਨ ਅਤੇ ਮੋਦੀ ਦੇ ਸ਼ਬਦ ਹਕੂਮਤ ਦੇ ਸ਼ਬਦ ਹਨ। ਸਾਰੇ ਤਿੰਨ ਹਿੱਸਿਆਂ ਵਿਚ ਕਿਸੇ ਨੂੰ ਵੀ ਇਕ ਜ਼ਬਰਦਸਤ ਹਉਮੈ ਦਿਖ ਸਕਦਾ ਹੈ, ਜਿਵੇਂ ਇਸ ਨੇ ਸਰੋਤਿਆਂ ਨੂੰ ਲੁਭਾਇਆ ਜਾਂ ਉਨ੍ਹਾਂ ਨੂੰ ਮੋਹਿਤ ਕੀਤਾ।

## ਮੋਦੀ ਦੇ ਭਾਸ਼ਣ ਦਾ ਪਹਿਲਾ ਹਿੱਸਾ...

ਇਹ ਵੱਧ ਹਮਲਾਵਰ ਹੈ, ਉਨ੍ਹਾਂ ਦਾ ਸਰੀਰਕ ਅੰਦਾਜ਼ ਬੇਹੱਦ ਕੱਸਿਆ ਹੋਇਆ, ਇਥੋਂ ਤੱਕ ਕਿ ਉਸ ਵਿਚ ਧਮਕੀ ਦਾ ਲਹਿਜ਼ਾ ਵੀ ਹੈ। ਇਹ ਪੁਛਣ ਦੇ ਲਹਿਜ਼ੇ ਵਿਚ, ਵਿਅੰਗ ਕਰਨ ਵਿਚ ਅਤੇ ਮਨਮੋਹਨ ਸਿੰਘ ਅਤੇ ਰਾਹੁਲ ਵਰਗੇ ਕਾਂਗਰਸੀਆਂ 'ਤੇ ਵਾਰ ਕਰਦੇ ਹਨ। ਇਹ ਹਿੱਸਾ ਕਿਸੇ ਬਹਿਸ 'ਤੇ ਨਹੀਂ ਬਲਕਿ ਬਿਨਾਂ ਕਿਸੇ ਰੋਕ-ਟੋਕ ਦੇ ਕਿਸੇ ਗੜ੍ਹ ਨੂੰ ਢਾਹੁਣ ਦੀ ਕੋਸ਼ਿਸ਼ ਹੈ। ਕਾਂਗਰਸ ਲਈ ਕੁਝ ਉਦਾਹਰਣਾਂ ਦਾ ਵਾਰ-ਵਾਰ ਇਸਤੇਮਾਲ ਕੀਤਾ ਜਾਂਦਾ ਹੈ, ਜੋ ਇਕ ਮੀਡੀਆ ਖੋਜ ਨੂੰ ਜਨਮ ਦਿੰਦਾ ਹੈ। ਇਹ ਤਾਬੂਤ ਵਿਚ ਕਿੱਲ ਠੋਕਣ ਵਰਗਾ ਹੈ। ਫਿਰ ਵੀ ਬਾਹਰ ਦੇ ਕਿਸੇ ਵਿਅਕਤੀ ਦਾ ਤਰਕ ਹੋਵੇਗਾ ਕਿ ਇਹੀ ਤਾਂ ਸੱਤਾ ਹੈ। ਹੁਣ ਵੀ ਸੱਤਾ ਵਿਚ ਰਹਿੰਦਿਆਂ ਦੂਸਰਿਆਂ ਨੂੰ ਤਕਲੀਫ਼ ਵਿਚ ਦੇਖਦੇ ਹੋਏ ਖ਼ੁਸ਼ੀ ਮਿਲਦੀ ਹੈ। ਇਸ ਦੇ ਬਾਵਜੂਦ ਇਹ ਵਿਸ਼ਵਾਸ ਕਿ ਜਿੱਤ ਦਾ ਸਮਾਂ ਆ ਗਿਆ ਹੈ। ਕਿਸੇ ਅਜਿਹੇ ਵਿਅਕਤੀ ਦੀ ਆਵਾਜ਼ ਤੇ ਸਰੀਰਕ ਭਾਸ਼ਾ ਜਿਸ ਨੇ ਸੱਤਾ ਹਾਸਲ ਕਰ ਲਈ ਹੋਵੇ। ਹਰ ਗੂੰਜ ਵਿਚ ਜਿੱਤ ਦੀ ਤੀਬਰ ਇੱਛਾ, ਉਡੀਕ ਅਤੇ ਧੁੰਨ ਨੂੰ ਮਹਿਸੂਸ ਕੀਤਾ ਜਾਂਦਾ ਹੈ।

## ਮੋਦੀ ਦੇ ਭਾਸ਼ਣ ਦਾ ਦੂਜਾ ਹਿੱਸਾ...

ਦੂਸਰਾ ਹਿੱਸਾ ਤਾਂ ਹੋਰ ਵੀ ਠੋਸ ਹੈ। ਸਭ ਤੋਂ ਪਹਿਲਾਂ ਤਾਂ ਡਰੈੱਸ ਬਦਲ ਜਾਂਦੀ ਹੈ। ਇਹ ਸੱਤਾ ਹਾਸਲ ਕਰਨ ਦੇ ਜਸ਼ਨ ਵਰਗਾ ਅਹਿਸਾਸ ਕਰਾਉਂਦੀ ਹੋਈ ਹੈ। ਸਿਆਸਤਦਾਨ ਤੋਂ ਵੱਧ ਕੇ ਰਾਸ਼ਟਰਨੇਤਾ ਵਰਗੀ ਪਰਿਪੱਕਤਾ, ਥੋੜ੍ਹੀ ਨਮਰਤਾ ਤੇ ਆਲੋਚਨਾਤਮਕਤਾ ਨਾਲ ਉਨ੍ਹਾਂ ਵਿਚ ਸਰਕਾਰ ਦੀ ਨਰਮ ਦਰਸਾਉਂਦੀ ਭਾਸ਼ਾ ਆ ਜਾਂਦੀ ਹੈ। ਇਸ ਵਿਚ ਜਿੱਤ ਦੀ ਮਹਿਕ ਆਉਂਦੀ ਹੈ। ਇਸ ਵਿਚ ਵਿਕਾਸ ਤੇ ਸ਼ਾਸਨ ਦੀ ਨਵੀਂ ਸ਼ਬਦਾਵਲੀ ਸ਼ਾਮਲ ਹੈ। ਹੁਣ ਇਹ ਵਰ੍ਹਿਆਂ ਦੇ ਇੰਤਜ਼ਾਰ ਬਾਰੇ ਨਹੀਂ ਹੈ। ਹੁਣ ਇਹ ਕੱਛੂ ਦੀ ਚਾਲ ਨਾਲ ਚਲਦੀ ਕਾਂਗਰਸ ਨੂੰ ਭਾਜਪਾ ਨੇ ਪਹਿਲੇ ਦਿਨ ਤੋਂ ਹੀ ਕਿਵੇਂ ਪਿਛੇ ਛੱਡ ਦਿੱਤਾ, ਉਸ 'ਤੇ ਹੈ।

ਇਹ ਹੁਣ ਵੀ ਅਨਿਸਚਤ ਹੈ ਤੇ ਉਹ ਐਨ. ਆਰ.ਆਈ., ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੇ ਨੌਕਰਸ਼ਾਹਾਂ ਤੋਂ ਪ੍ਰਸ਼ੰਸਾ ਲੈਣਾ ਚਾਹੁੰਦੇ ਹਨ। ਉਨ੍ਹਾਂ ਦੀਆਂ ਨੀਤੀਆਂ ਗੰਭੀਰ ਹੋ ਗਈਆਂ। ਦੇਸ਼ ਦੀ ਸੇਵਾ ਦਾ ਸਭ ਤੋਂ ਢੁਕਵਾਂ ਸਮਾਂ ਹੈ। ਭਾਸ਼ਣ ਵਿਚ ਗਾਂਧੀ ਅਤੇ ਪਟੇਲ ਨੂੰ ਲਿਆ ਕੇ ਉਨ੍ਹਾਂ ਨੂੰ ਸ਼ਾਸਨ ਦਾ ਨਵਾਂ ਮਾਡਲ ਬਣਾਇਆ ਗਿਆ। ਮੀਡੀਆ ਨੇ ਮੋਦੀ ਦੇ ਭਾਸ਼ਣਾਂ ਨੂੰ ਅਧਿਕਾਰਤ ਤੌਰ 'ਤੇ ਮੋਦੀ ਦੀ ਬੋਲੀ ਦੱਸਿਆ। ਵਿਕਾਸ, ਦੇਸ਼ ਭਗਤੀ, ਬਲੀਦਾਨ, ਜਨਹਿਤ, ਸੁਰੱਖਿਆ ਉਨ੍ਹਾਂ ਦੀ ਸ਼ਬਦਾਵਲੀ ਵਿਚ ਆ ਗਏ। ਕੱਪੜੇ ਹੋਰ ਗੰਭੀਰ ਹੋ ਗਏ ਪਰ ਪਹਿਰਾਵੇ ਨਾਲ ਉਨ੍ਹਾਂ ਦੇ ਤਾਕਤਵਰ ਹੋਣ ਦਾ ਅਹਿਸਾਸ ਹੁੰਦਾ ਹੈ।

ਮੋਦੀ ਦੇ ਭਾਸ਼ਣ ਦੇ ਜ਼ਿਆਦਾਤਰ ਮਾਹਰਾਂ ਨੇ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ, ਉਹ ਅਭਿਲਾਸ਼ੀ ਨੇਤਾ ਜਿਸ ਦੀ ਚਾਹਤ ਦਿੱਲੀ ਜਿੱਤਣ ਦੀ ਸੀ। ਦੂਸਰਾ, ਮੋਦੀ ਨੇ ਦੇਸ਼, ਦੇਸ਼ ਭਗਤੀ ਅਤੇ ਵਿਕਾਸ ਦੀ ਨਵੀਂ ਪਰਿਭਾਸ਼ਾ ਘੜ ਦਿੱਤੀ। ਤੀਸਰਾ, ਸੱਤਾ, ਸ਼ਾਸਨ ਅਤੇ ਨਿਪੁੰਨਤਾ ਦੇ ਗੂੜ੍ਹੇ ਅਰਥ ਹਨ ਅਤੇ ਮੋਦੀ ਦੇ ਸ਼ਬਦ ਹਕੂਮਤ ਦੇ ਸ਼ਬਦ ਹਨ। ਸਾਰੇ ਤਿੰਨ ਹਿੱਸਿਆਂ ਵਿਚ ਕਿਸੇ ਨੂੰ ਵੀ ਇਕ ਜ਼ਬਰਦਸਤ ਹਉਮੈ ਦਿਖ ਸਕਦਾ ਹੈ, ਜਿਵੇਂ ਇਸ ਨੇ ਸਰੋਤਿਆਂ ਨੂੰ ਲੁਭਾਇਆ ਜਾਂ ਉਨ੍ਹਾਂ ਨੂੰ ਮੋਹਿਤ ਕੀਤਾ।



## ਮੋਦੀ ਦੇ ਭਾਸ਼ਣ ਦਾ ਤੀਜਾ ਹਿੱਸਾ...

ਤੀਸਰੇ ਹਿੱਸੇ ਵਿਚ, ਜਿੱਥੇ ਪਿਛੋਕੜ ਵਿਚ 2019 ਦੀਆਂ ਚੋਣਾਂ ਆਉਂਦੀਆਂ ਦਿਸ ਰਹੀਆਂ ਹਨ, ਚੋਣ ਮੁਹਿੰਮ ਦਾ ਢੰਗ ਅਤੇ ਸ਼ਾਸਨ ਦਾ ਰੰਗ ਦੋਵੇਂ ਜੁੜ ਗਏ ਪਰ ਭਾਸ਼ਣ ਹੁਣ ਤਿੰਨ ਸ਼ਖ਼ਸੀਅਤਾਂ ਵਿਚ ਵੰਡਿਆ ਗਿਆ ਹੈ- ਯੋਗੀ ਅਦਿਆਨਾਥ, ਅਮਿਤ ਸ਼ਾਹ ਤੇ ਨਰਿੰਦਰ ਮੋਦੀ।

ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਵਿਤ ਮੰਤਰੀ ਅਰੁਣ ਜੇਤਲੀ ਹੁਣ ਸਾਈਡ ਵਾਲੀ ਭੂਮਿਕਾ ਵਿਚ ਹਨ। ਅਦਿਆਨਾਥ ਲੜਾਕਾ ਹੈ ਤੇ ਇਹ ਨਵੀ ਤ੍ਰਿਮੂਰਤੀ ਕੱਟੜਪੰਥੀ ਹਿੱਸੇ ਦੀ ਪ੍ਰਤੀਨਿਧਤਾ ਕਰ ਰਹੇ ਹਨ। ਅਮਿਤ ਸ਼ਾਹ ਚਤੁਰ ਪਾਰਟੀ ਮੁਖੀ ਵਾਂਗ ਸੰਖਿਆਬਲ ਦਾ ਵਾਅਦਾ ਕਰਦੇ ਹਨ ਤੇ ਮੋਦੀ ਤਕਨੀਕੀ ਜ਼ਿਆਦਾ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਪ੍ਰਾਪਤੀ ਖ਼ੁਦ-ਬ-ਖ਼ੁਦ ਬੋਲੇ। ਹਮੇਸ਼ਾ ਵਾਂਗ ਹੁਣ ਵੀ ਉਨ੍ਹਾਂ ਦੇ ਤਰਕਸ਼ ਵਿਚ ਸੁਰੱਖਿਆ, ਵਿਕਾਸ ਵਰਗੇ ਸ਼ਬਦ ਪਏ ਹਨ। ਉਹ ਨੀਤੀ ਦੀ ਇਕਸਾਰਤਾ 'ਤੇ ਜ਼ੋਰ ਦਿੰਦੇ ਹੋਏ ਅੱਗੇ ਵਧਦੇ ਹੋਏ ਸੰਕੇਤ ਦਿੰਦੇ ਹਨ ਕਿ ਅਸਹਿਮਤੀ ਇੱਥੇ ਵਰਜਿਤ ਹੈ।

ਪਰ ਕੇਂਦਰ ਦੀ ਭਾਸ਼ਾ ਗੁਜਰਾਤ ਦੇ ਚੋਣ ਭਾਸ਼ਣਾਂ ਤੋਂ ਵੱਖਰੀ ਹੈ। ਇੱਥੇ ਮੋਦੀ ਪਾਰਟੀ ਨੇਤਾ ਨਹੀਂ ਪ੍ਰਧਾਨ ਮੰਤਰੀ ਹਨ। ਰਾਹੁਲ ਗਾਂਧੀ ਦੀ ਸੋਮਨਾਥ ਯਾਤਰਾ ਨੂੰ ਕਿਵੇਂ ਲਿਆ ਗਿਆ, ਇਸ ਨਾਲ ਜੋੜ ਕੇ ਇਸ ਨੂੰ ਦੇਖਿਆ ਜਾ ਸਕਦਾ ਹੈ। ਅਚਾਨਕ ਗੈਰ-ਹਿੰਦੂ, ਗੈਰ-ਭਾਰਤੀ ਤੇ ਫਿਰ ਰਾਸ਼ਟਰ ਧਰੋਹੀ ਬਣ ਗਿਆ।

ਪਾਦਰੀ ਥਾਮਸ ਮੈਕਵਾਨ 'ਤੇ ਹਮਲਾ ਡਰਾਉਣਾ ਹੈ। ਲੋਕਾਂ ਨੂੰ ਉਨ੍ਹਾਂ ਦੀ ਅਪੀਲ ਨੂੰ ਦੇਸ਼ ਪ੍ਰੇਮੀਆਂ 'ਤੇ ਤਿੱਖੇ ਹਮਲੇ ਵਜੋਂ ਦੱਸਿਆ ਗਿਆ। ਅਚਾਨਕ ਮੋਦੀ ਦੇ ਆਤਮਵਿਸ਼ਵਾਸ ਵਿਚ ਕਮੀ ਦਿਖਾਈ ਦਿੰਦੀ ਹੈ ਤੇ ਗੁਜਰਾਤ ਚੋਣਾਂ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ।

## ਮੋਦੀ ਦੇ ਭਾਸ਼ਣ ਦੇ ਹੋਰ ਰੰਗ...

ਮੋਦੀ ਦੇ ਭਾਸ਼ਣ ਦਾ ਇਕ ਹੋਰ ਹਿੱਸਾ ਹੈ। ਜੋ ਪੱਛਮੀ ਮੁਲਕਾਂ ਨੂੰ ਉਨ੍ਹਾਂ ਦੇ ਜਵਾਬ, ਡੋਨਲਡ ਟਰੰਪ, ਇਵਾਂਕਾ ਟਰੰਪ ਅਤੇ ਅਮਰੀਕਾ ਭਗਤ ਹੋਣ ਦੀ ਉਨ੍ਹਾਂ ਦੀ ਮਾਯੂਸੀ ਵਿਚ ਦਿਖਾਈ ਦਿੰਦਾ ਹੈ। ਮੋਦੀ ਦੇ ਅਭਿਲਾਸ਼ੀ ਸ਼ਬਦ ਉਪਰ ਚੜ੍ਹਦੇ ਵਿਅਕਤੀ ਤੋਂ ਬਦਲ ਕੇ ਅੱਗੇ ਵੱਲ ਵਧਦੇ ਮੁਲਕ ਦੇ ਨੇਤਾ ਵਾਂਗ ਹੋ ਗਏ ਹਨ। ਮੋਦੀ ਦੇ ਭਾਸ਼ਣ ਵਿਕਸਤ ਮੁਲਕਾਂ ਤੋਂ ਹਮੇਸ਼ਾ ਤਾਰੀਫ਼ ਚਾਹੁੰਦੇ ਹਨ। ਉਹ ਆਪਣੀਆਂ ਪ੍ਰਾਪਤੀਆਂ ਗਿਣਾਉਂਦੇ ਅਤੇ ਅਸੰਤੋਸ਼ ਨੂੰ ਰਾਸ਼ਟਰਵਿਰੋਧੀ ਦੱਸਦੇ ਹਨ।

ਆਖ਼ਰਕਾਰ, ਪੁਰਾਣੀ ਚੋਣ ਮੁਹਿੰਮ ਦੇ ਬਿਆਨ ਸ਼ਾਸਨ ਦੀ ਸ਼ਕਲ ਵਿਚ ਆ ਗਏ। ਉਥੇ ਆਲੋਚਨਾ ਘੱਟ ਤੇ ਖ਼ੁਦ ਦੀ ਪ੍ਰਸ਼ੰਸਾ ਦੇ ਅਸੀਮ ਯਤਨ ਕੀਤੇ ਗਏ, ਭਾਵੇਂ ਉਹ ਅਰਥ ਵਿਵਸਥਾ ਜਾਂ ਨਵੇਂ ਸੁਧਾਰਾਂ ਦੀ ਪੇਸ਼ਕਸ਼ ਨੂੰ ਲੈ ਕੇ ਹੋਵੇ, ਨਿਮਰਤਾ ਜਾਂ ਸ਼ੱਕ ਦੀ ਕਮੀ ਸੀ। ਇਨ੍ਹਾਂ ਨੂੰ ਅਜਿਹੀ ਬੁਲੰਦ ਆਵਾਜ਼ ਵਿਚ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਨੀਤੀਆਂ ਹਜ਼ਾਰਾਂ ਵਰ੍ਹਿਆਂ ਤੋਂ ਪੂਰੀ ਤਰ੍ਹਾਂ ਭਰੋਸੇਯੋਗ ਹਨ। ਜਿਵੇਂ ਕਿ ਵਰ੍ਹਿਆਂ ਤੋਂ ਉਨ੍ਹਾਂ ਦੀ ਸਰੀਰਕ ਭਾਸ਼ਾ ਅਤੇ ਬਿਆਨਬਾਜ਼ੀ ਨੂੰ ਦੇਖਦੇ ਆ ਰਹੇ ਹਾਂ, ਸਾਨੂੰ ਬਲੀਦਾਨ ਤੇ ਦੇਸ਼ ਭਗਤੀ ਦੀ ਉਨ੍ਹਾਂ ਦੀ ਬੋਲੀ ਵਿਚ ਧਾਰਮਿਕਤਾ ਅਤੇ ਹਉਮੈ ਨਾਲ ਭਰਿਆ ਵਧੇਰੇ ਆਤਮਵਿਸ਼ਵਾਸੀ ਤੇ ਅੱਖੜ ਵਿਅਕਤੀ ਮਹਿਸੂਸ ਹੁੰਦਾ ਹੈ।

ਸਾਨੂੰ ਨਵੇਂ ਵਿਚਾਰਾਂ ਦੀ ਕਮੀ ਦਿਖਾਈ ਦੇ ਰਹੀ ਹੈ ਤੇ ਇਸ ਨਾਲੋਂ ਵੀ ਜ਼ਿਆਦਾ ਖੇਤੀ ਅਤੇ ਸਿੱਖਿਆ 'ਤੇ ਉਨ੍ਹਾਂ ਦੀ ਚੁੱਪ ਰੜਕ ਰਹੀ ਹੈ। ਸਾਲ 2019 ਨੂੰ ਲੈ ਕੇ ਹੁਣ ਵੀ ਥੋੜ੍ਹਾ ਸ਼ੱਕ ਹੈ। ਪਾਰਟੀ ਤੇ ਇਸ ਦੀ ਭਾਸ਼ਾ ਚਿੰਤਾਜਨਕ ਢੰਗ ਨਾਲ ਲਾਜ਼ਮੀ ਲਗ ਰਹੀ ਹੈ। ਭਾਜਪਾ ਨੂੰ ਅਗਲੇ ਦਹਾਕੇ ਲਈ ਕਾਨੂੰਨੀ ਤੌਰ 'ਤੇ ਚੁਣਨ ਲਈ ਚੋਣ ਮਹਿਜ਼ ਰਸਮ ਬਣ ਕੇ ਰਹਿ ਗਏ ਹਨ।

ਸ਼ਿਵ ਵਿਸ਼ਵਨਾਥਨ

DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Enough Parking Space
Do Service on Remote Locations Including weighing scales vehicle inspection by certified machines
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.

Maharaja Banquet Facility
Banques Facility From 100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
■ Big Dance Floor
■ Full Bar
■ Excellent Bridal Chair
■ Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
R REALTOR
50 SunnyVale Gate, Unit # 7, Brampton, ON L6S 0C4

ਮੁਲਾਕਾਤ Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

WILDROSE MASONARY & STONE WORKS
Commercial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4

HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192

NEW WAY Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

ਨਵੀਂ ਦੁਨੀਆ

# The Pain of Exile in Kiran Desai's

## THE INHERITANCE OF LOSS

M.d. Nidhi



Kiran Desai, daughter of renowned Indian Writer Anita Desai, made Literary history When she became the youngest Woman to ever win the prestigious Man Booker Prize for her novel "the Inheritance of Loss". The Booker Prize is one of the most prestigious prizes in literature which aims to reward the best writing published in Britain, Ireland and the commonwealth.

Kiran Desai is an eminent Indian novelist. She lived in Delhi until she was 15, and then spent a year in England, before her family moved to U.S.A. She completed her schooling in Massachusetts before attending Hollins University and Columbia University. She is the product of multiculturalism and postcolonialism, an immigrant, Well-read, well-bred, whose rootlessness itself has become a Kind of shelter a form of poetry. It is this, her inheritance and the disinheritance that has come with globalization, of which Kiran Desai sings so purely in "The Inheritance of Loss." In one of her interviews she says, "I left India when I was 15, but I have immediate family in Delhi and return every year to the family home, so the connection was never broken. I think my first book was filled with all that I loved most about India and knew I was in the inevitable process of loosing. It was also very much a book that came from the happiness of realizing how much I loved to write."[1]

Desai lives in Brooklyn, but pays a couple of visits to India every year. The family home is in Haus Khas, once a separate village but now a trendy suburb swallowed up in the South Delhi sprawl.

Her first novel "Hullabaloo in the Guava Orchard" was published in the year 1998. She had taken four years to write it. Eight years later, "The Inheritance of Loss" was published and won the 2006 Booker Prize. Her Second book is not a book that is set entirely in India, but one that tries to capture what it means to live between East and West and what it means to be an immigrant. On a deeper level, it explores what happens when a western element is introduced into a country that is not of West, that is what happened; of course, during colonial times and is happening again with India's new relationships with states. Her second aim seemed to be, to write about what happens when you take people from a poor country and place them in a wealthy one. How does the imbalance between these two worlds, changes a person's thinking and feeling? How do these changes manifest themselves in a personal sphere, a political sphere, over time?

It is at once a novel of class and economic disparity, a young girl's fanciful love story, and a commentary on postcolonial India with its fading anglophiles, their crumbling edifices and their dwindling power in the face of a modernizing nation's disaffected population. This novel, set in the mid 1980s, is rich with sadness about exile, impact of postcolonialism and with joy at the small surviving intimacies of Indian village life. Philip Spires wrote, "The Inheritance of Loss seemed to promise to take us somewhere in this globalised confusion of identity, motive, routine, unrealized dreams and intangible desires."[2]



Kiran Desai is a true daughter of Diaspora. Her novel, The Inheritance of Loss switches between the mouldy mountain fastness where Judge Patel broods on a fractured past in the company of his stranded granddaughter, Sai, and the Manhattan fast-food joints where his cook's son Biju fights to flourish in seething, treacherous America. Regarding this Hasan Suroor comments, "The book explores transnational identities and conflicts."[3] Some Parts of the book were written at her mother's house in upstate New York, and on trips to Mexico and Brazil. There are so many parallels between immigrants wherever you are in the developing world. There's an immediate understanding on many levels, in terms of relating to the old colonial powers, and to modern economic relations.

Her plot unfolds at around the time when the author first came with her mother to America. Biju's long quest, through an inferno of Manhattan basement kitchens, for the holy grail of a Green Card reflects his creator's urge to replace myth with truth in the stories of success that comfort mainstream America. It is not a simple American immigrant's story. It has much to say. For all the dash and fire of its language, the novel's frenzied New York sections do reveal a bitter core at the heart of the Big Apple. The past few years of panic and aggression have made her feel more of an Indian in America. Kiran Desai has realized that she saw everything from a very non-Western perspective, from a very Indian perspective. So, She returned to Kalimpong to write the chapters set there, and found that a sodden melancholy and oddity still clung to the place. It can be felt that the people who lived in the hills were very similar to the ones in the book: larger-than-life, eccentric characters.

About her characters Louise Crook writes, "Desai is very personally attached to the themes and issues of her novel, given her own dual Indian-American upbringing. She notes that: 'The characters of my story are entirely fictional, but these journeys (of her grandparents) as well as my own provided insight into what it means to travel between East and West and it is this I wanted to capture. The fact that I live this particular life is no accident. It was my inheritance'."[4]

Her own life in Brooklyn blends the broad horizons of the expat with the intimacy of a village. She talks to, and argues with, the many Indian authors who live in or visit the district: Amitav Ghosh, Suketu Mehta, Manil Suri, and the film-maker Mira Nair. For such cosmopolitan talents, she admits, the view from Brooklyn has its troubling side. There's a lot of fear about what your next subject is going to be. There's the huge history, and emotional depth, of India – but you've left it. Modern India is not your subject: it belongs to a generation of Indian authors living in India. So you're left with half-stories – and this book is really made up of half-stories, or quarter stories.

In one of her interviews with Anjali Rao she said, "Being part of the Indian Diaspora gives one a precise emotional location to work from, if not a precise geographical one. This book was a return journey to the fact of being Indian, to realizing the perspective was too important to give up. America might give her half a narrative, but she had to return to India for the other half of the story, for emotional depth, historical depth."[5]

The success of Indian writing in the West, Desai estimates, is due to the fact that these popular Indian authors are versed in Western conventions. In an interview with Sophie Kalkreuth Desai says, "I grew up reading English Literature and learned a certain emotional vocabulary that translates to Western audiences." Many of these Indian authors popular in the West, Desai reminded the audience, are greeted with troubled reception in India. "We are not representing modern India. We are a particular class of writers representing India through a Western perceptively."[6]

This is no doubt that "The Inheritance of loss" deals with the wider global issues – globalization, multiculturalism, fundamentalism and terrorist violence, but this book should not be considered as one of the post-colonial theory. It has much to do with the personal life of the author. Desai spent long periods in India during the research and writing of "The Inheritance of Loss", drawing sensual inspiration for her richly descriptive prose. Some passages are so evocative the page virtually sweats with India's stifling heat or grows limp from monsoon humidity. Oddly, the fertility of Desai's prose, and the distilled sense of place created ultimately serve to unravel faith in locality.

Indeed, the fanatical insistence on place and belonging is one way in which Desai's characters handle their frustrating and humiliating encounters with a world that continually assaults their notions of order and dignity. The alternate action is to flee. Neither results in redemption, but instead further exposes the veneration of place, whether historically imagined or projected onto the western stage, fundamentally flawed and destructive.

The insistence on order and justice is portrayed as similarly fruitless, as

Desai continually exposes the messy realities that thwart theoretical notions of truth and integrity. A Western-educated judge returns to India to administer justice without proper command of local languages. Desai has aptly shown that nobody could be sure how much of the truth had fallen between languages, between languages and illiteracy; the clarity that justice demanded was nonexistent. "The Inheritance of Loss" exposes a connection between the smallest of corruptions with those of global scale, hinting at the infinite layers of power relationships that render judicial structures. The great evasive crimes would have to be dismissed, because, if identified and netted, they would bring down the entire structure of so-called civilization.

The novel, which spans 1980's India and America, opens in the town of Kalimpong located on the Indian side of the Himalayas, where Sai, an orphaned teenager has come to live with her grandfather, a retired, Western-educated judge. Sai initially becomes romantically involved with her math tutor, Gyan, but the social and economic chasm dividing them eventually becomes too clear, distilled, causing him to withdraw and fall in with a group of ethnic Nepalese insurgents. This narrative is also foiled by that of Biju, the son of Sai's cook, an illegal American immigrant who lives a scant existence as part of New York's underclass, moving from one shady job to another. Dr. A.K. Chauturvedi observed in the seventh chapter of the novel that Desai has also shown the marginalization of tribal, where a boy named sayeed is not ready to help his own people. He himself was in same situation when landed in America from a tribal in Africa. Dr. Chauturvedi wrote, "Thus like in Kamla Markandaya's The Coffee Dam, the tribal in "The Inheritance of Loss" represent a marginalized community facing the challenges and problems that have no esay solutions. In the present age of urbanization and globalization the tribal are desperately to break out of their traditional boundaries so as to search for the opportunities to ameliorate their hopeless condition."[7]

Kiran Desai has done a tremendous job. She has woven the narrative beautifully. The narrative of The Inheritance of Loss flits between New York, northern India and elsewhere, and also between the here and now, yesteryear and

the judge's childhood. The way she made a link between all these is beyond description. There is not a single moment, where one cannot recall the earlier things. Regarding the narrative Jai Arjun Singh writes, "Reading Inheritance, one initially feels it could have been shorter – with many characters and a narrative that leaps around in time and space, it occasionally gets unfocussed. But Desai's descriptions of the things she had to leave out (the back-stories of characters who seem shadowy in the final draft, for instance) are so vivid, it's possible to wonder instead if a longer version of the book might have been more effective."[8]

The judge's story, comprised of ruthlessly suppressed memories, also surfaces sporadically, and together these disparate tales create an uneven but compelling narrative architecture. A structure that Desai has defined in this book is not in terms of overarching design, but rather as an effect produced by the psychology of her characters. These characters are bound by the common experience of 'alienation', affected by the west, through which their adverse positions in the world become all too clarified They are ambiguous about the present postcolonial world they are living. Geeta Sharma Jansen remarks, "Certainly, her characters in "Inheritance" are affected by a sort of imbalance in 1980s India."[9]

Characters are also constantly aware of the fine balance between those with and without power and influence, as the identity of each rests ever so delicately on the other. Ann Harleman remarks, "Desai's use of the omniscient point of view has the naturalness of Tolstoy, yet (enhanced, sometimes too exuberantly, by typographic hijinks) it's as quick and quirky as rap music. Her rich and often wry descriptions – of people, places, weather, seasons – have the depth and resonance of Dickens laced with rueful postmodern ambivalence. Her insights into human nature, rare for so young a writer, juggle timeless wisdom and 21st –century self-duo."[10] Noni, poised in her position of privilege, is excruciatingly aware of its tenuousness, attempting with every motion to re-inscribe the border dividing her from the underclass. Desai often subtly sets characters up against one another, and their difference becomes increasingly threatening when exposed. This is perhaps most gruelingly apparent in the eventual toxicity and disintegration of Gyan and Sai's relationship.

Kiran Desai has presented her novel and characters so realistically that we can identify with the characters; she has done a thorough research to get into the skin of various characters. She has shown an apt political consciousness. The setting in the novel and their perception shown that the author must have visited the locations several times.

## REFERENCES

1. "Meet Kiran Desai, Human Warmth in such an innate part of India. 30 Jan. 2006, Rediff News. 15 Sept. 2008 http://in.rediff.com/news/2006/Jan/30 inter 1 a.htm.
2. Philip Spires, "The Inheritance of Loss by Kiran Desai," The Inheritance of Loss by Kiran Desai, 12 July 2008, Ezine Articles.com, 30 Nov. 2008 http://ezinearticles.com/?The-Inheritance-of-Loss-by-Kiran-Desai&id=1320276
3. Hasan Suroor, "Daughter hopes to make it where mother failed," The Hindu on the web 16 Sep. 2006, to 3 Oct. 2008 http://www.thehindu.com/2006/09/16/stories/2006091603421400.htm.
4. Louise Crook, "The Inheritance of Loss," Exploring the message behind the media, 2007, Damaris Truth, 10 Sep. 2008 http://www.damaris.org/content/content.php?type=1&id=384.
5. Anjali Rao, "Kiran Desai talk Asia Interview," World, 24 April 2007 CNN. COM, 27 Oct. 2008 http://www.cnn.com/2007/world/asipcf/04/23/talkasia.desai/index.html.
6. Sophie Kalkreuth, "Nowhere is pure: Kiran Desai and The Inheritance of Loss," Small Swords Magazine 6 Sep. 2008 <http://small swords magazine.com/articles/text/kirandesai.html
7. Mishty Verma, "Kiran Desai," Hindustan Times on the web 11 Oct. 2006, 18 Aug. 2008 http://www.hindustandainik.cm/news/1811817887, 00110004.htm.
8. A.K. Chauturvedi, Kiran Desai's The Inheritance of Loss: The issue of Tribal's Marginalization, ed. P.C. Mathur (Jaipur: Indian Book Chronicle, 2007) 9.
9. Jai Arjun Singh, "Kiran Desai interview," Jabberwock, 20 Jan. 2006, 8 Sep. 2008 http://jaiarjun.blogspot.com/2006/01/kiran-desai-interview-20.html.
10. Geeta Sharma Jansen, "Kiran Desai: a Rootlessness which becomes shelter," Critical Mass 07 March 2007, 28 Aug. 2008 http://bookcriticcircle.blogspot.com/2007/03/kiran-desai-rootlessnesswhich becomes.html.
11. Ann Harleman, "Luminous family saga bridges eras, cultures," Kind Richard's Faire, 4 January 2006, 26 Sep. 2008 http://boston.com/news/globe/living/articles/2006/01/04/luminous-family-saga-bridges-eras-cultures.



ਨਵੀਂ ਦੁਨੀਆ





# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ 'ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ 'ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ 'ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*

## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।



## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

***Toll Free:1-877-816-3510***

**www.summersidefinancial.com**

**#200, 17834 106A Avenue Edmonton, Alberta T5S 1V3**

***Alan Ajit Walia***

**780-995-2719 (Cell)**

**780-705-6668 (Off.)**

***Email: info@summersidefinancial.com, Fax : 780-705-6641***

ਸਫ਼ਾ 16 ਦੀ ਬਾਕੀ

## ਘੱਟ ਗਿਣਤੀਆਂ ਦੀ ਸੁਰੱਖਿਆ ਲਈ ਸਹੀ ਪੈਂਤੜਾ

ਦੀ ਹਾਂ ਵਿਚ ਹਾਂ ਮਿਲਾ ਕੇ 'ਜਹਾਦ' ਕਰਨ ਵਰਗੇ ਨਾਅਰਾ ਸਿਰਫ ਭਾਰਤ-ਪਾਕਿ ਦੇ ਲੋਕ ਵਿਰੋਧੀ ਹਾਕਮਾਂ ਅਤੇ ਸੰਸਾਰ ਪੱਧਰ 'ਤੇ ਸਾਮਰਾਜੀ ਸ਼ਕਤੀਆਂ ਦਾ ਹੱਥ ਠੋਕਾ ਬਣਨ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ। ਜਦੋਂ ਕੋਈ ਵਿਅਕਤੀ ਕਿਸੇ ਧਰਮ ਦੇ ਪੱਖ ਵਿਚ ਖੜ੍ਹਾ ਹੋ ਕੇ ਆਖਦਾ ਹੈ ਕਿ "ਉਸਦਾ ਧਰਮ ਕਦੀ ਅੱਤਵਾਦੀ ਨਹੀਂ ਹੋ ਸਕਦਾ" ਚੰਗਾ ਹੋਵੇ ਜੇਕਰ ਉਹ ਅੱਗੇ ਇਹ ਵੀ ਆਖ ਦੇਵੇ ਕਿ "ਕਿਸੇ ਵੀ ਰੂਪ ਵਿਚ ਅੱਤਵਾਦੀ ਤੇ ਬੇਗੁਨਾਹਾਂ ਦੇ ਕਾਤਲਾਂ ਦੇ ਟੋਲਿਆਂ ਲਈ ਉਨ੍ਹਾਂ ਦੇ ਧਰਮ ਵਿਚ ਕੋਈ ਥਾਂ ਨਹੀਂ ਹੈ"। ਇਹ ਵਿਚਾਰ ਜ਼ਿਆਦਾ ਵਜ਼ਨਦਾਰ ਤੇ ਫਾਇਦੇਮੰਦ ਸਾਬਤ ਹੋ ਸਕਦਾ ਹੈ। ਜੇਕਰ ਹਰ ਧਰਮ ਦੇ ਧਾਰਮਕ ਆਗੂ ਆਪਣੇ ਧਰਮ ਨੂੰ ਹਰ ਰੰਗ ਦੇ ਅੱਤਵਾਦ ਦਾ ਵਿਰੋਧੀ ਹੋਣ ਦਾ ਦਾਅਵਾ ਕਰਦੇ ਹਨ, ਤਦ ਫਿਰ ਸੰਸਾਰ ਭਰ ਵਿਚ 'ਅੱਤਵਾਦੀ' ਕਾਰਵਾਈਆਂ ਕੌਣ ਕਰ ਰਿਹਾ ਹੈ? ਘੱਟੋ ਘੱਟ ਇਹ ਕੰਮ ਨਾਸਤਕ ਜਾਂ ਅਗਾਂਹਵਧੂ ਵਿਚਾਰਧਾਰਾ ਦੇ ਹਾਮੀ ਲੋਕ ਤਾਂ ਬਿਲਕੁਲ ਨਹੀਂ ਕਰ ਰਹੇ। ਸਾਡੇ ਸੱਭ ਲਈ ਇਸ ਗਲ ਦਾ ਖਾਸ ਧਿਆਨ ਰੱਖਣ ਦੀ ਬਹੁਤ ਜਰੂਰਤ ਹੈ ਕਿ ਮੁੱਠੀ ਭਰ ਫਿਰਕੂ ਤੇ ਅੱਤਵਾਦੀ ਤੱਤਾਂ ਨੂੰ ਸੰਬੰਧਤ ਧਰਮ ਦੇ ਸਮੂਹ ਅਨੁਆਈਆਂ ਨਾਲ ਰਲਗੱਡ ਨਾ ਕੀਤਾ ਜਾਵੇ।

ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਇਤਿਹਾਸ ਦੀਆਂ ਹਾਂ ਪੱਖੀ ਤੇ ਨਾਂਹ ਪੱਖੀ ਦੋਨਾਂ ਪਰਤਾਂ ਨੂੰ ਘੋਖੀਏ। ਅਤੀਤ ਦੀਆਂ ਗਲਤੀਆਂ ਤੋਂ ਖੈਹੜਾ ਛੁਡਾ ਕੇ ਇਤਿਹਾਸ ਦੀਆਂ ਅਗਾਂਹਵਧੂ ਤੇ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਅਪਣਾਉਂਦੇ ਹੋਏ ਐਸਾ ਸਮਾਜ ਸਿਰਜਣ ਲਈ ਅੱਗੇ ਵਧੀਏ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਤੇ ਕੌਮ ਹੱਥੋਂ ਕੌਮ ਦੀ ਲੁੱਟ, ਇਕ ਧਾਰਮਿਕ ਫਿਰਕੇ ਵਲੋਂ ਦੂਸਰੇ ਧਰਮ ਨਾਲ ਅਤੇ ਇਕ ਜਾਤੀ ਵਲੋਂ ਦੂਜੀ ਜਾਤੀ ਦੇ ਲੋਕਾਂ ਨਾਲ ਕਿਸੇ ਕਿਸਮ ਦਾ ਅਨਿਆਂ, ਜਬਰ ਅਤੇ ਵਿਤਕਰਾ ਨਾ ਹੋਵੇ। ਜਿਹੜੇ ਲੋਕ ਪੀੜਤ ਲੋਕਾਂ ਦੀਆਂ ਕੋਮਲ ਭਾਵਨਾਵਾਂ ਨੂੰ ਕੁਰੇਦ ਕੇ ਸਿਰਫ ਤਮਾਸ਼ਾ ਦੇਖਣ ਤੇ ਆਪਣੇ ਸਵਾਰਥੀ ਹਿਤਾਂ ਨੂੰ ਪੱਠੇ ਪਾਉਣ ਦਾ ਕੰਮ ਹੀ ਕਰ ਰਹੇ ਹਨ, ਉਨ੍ਹਾਂ ਤੋਂ ਸਭ ਲੋਕਾਂ ਨੂੰ ਖਬਰਦਾਰ ਰਹਿਣਾ ਹੋਵੇਗਾ।

ਆਉਣ ਵਾਲੇ ਦਿਨਾਂ ਵਿਚ ਸੰਘ ਪਰਿਵਾਰ ਵਲੋਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਕਬਾਇਲੀਆਂ ਵਿਰੁੱਧ ਫਿਰਕੂ ਤੇ ਨਫਰਤ ਭਰਿਆ ਪ੍ਰਚਾਰ ਤੇ ਸਰੀਰਕ ਹਮਲੇ ਤੇਜ਼ ਹੋਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਇਸ ਲਈ ਜਿਥੇ 1984 ਵਿਚ ਸਿੱਖਾਂ ਦੇ ਹੋਏ ਕਤਲੇਆਮ ਦੇ ਦੋਸ਼ੀਆਂ ਸਮੇਤ ਦੇਸ਼ ਦੇ ਹੋਰਨਾਂ ਭਾਗਾਂ ਵਿਚ ਫਿਰਕੂ ਦੰਗਿਆਂ ਤੇ ਸ਼ਰਾਰਤੀ ਤੱਤਾਂ ਦੀ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਢੁੱਕਵੀਆਂ ਸਜ਼ਾਵਾਂ ਦੇਣ ਅਤੇ ਪੀੜਤਾਂ ਲਈ ਢੁੱਕਵੇਂ ਮੁਆਵਜ਼ੇ ਵਰਗੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸਾਨੂੰ ਆਵਾਜ਼ ਬੁਲੰਦ ਕਰਨੀ ਹੋਵੇਗੀ ਉਥੇ ਹਰ ਰੰਗ ਦੇ ਫਿਰਕੂ, ਅੱਤਵਾਦੀ ਤੇ ਸੰਕੀਰਨ ਤੱਤਾਂ ਨੂੰ ਵੀ ਜਨ ਸਮੂਹਾਂ ਵਿਚੋਂ ਨਿਖੇੜਨਾ ਹੋਵੇਗਾ। ਨਾਲ ਹੀ ਸਮੂਹ ਘੱਟ ਗਿਣਤੀਆਂ ਨੂੰ ਆਪਣੀ ਸੁਰੱਖਿਆ ਅਤੇ ਅਧਿਕਾਰਾਂ ਦੀ ਰਾਖੀ ਵਸਤੇ ਕਿਸੇ ਫਿਰਕੂ ਜਾਂ ਤੰਗ ਨਜ਼ਰੀ ਵਾਲੇ ਪੈਤੜੇ ਤੋਂ ਨਹੀਂ ਬਲਕਿ ਜਮਹੂਰੀ ਤੇ ਅਗਾਂਹ ਵਧੂ ਰੁੱਖ ਤੋਂ ਦੂਸਰੀਆਂ ਜਮਹੂਰੀ ਤੇ ਖੱਬੀਆਂ ਰਾਜਨੀਤਕ ਧਿਰਾਂ ਨਾਲ ਮਿਲਕੇ ਮੌਜੂਦਾ ਲੁਟੇਰੇ ਤੇ ਦਾਬੂ ਪ੍ਰਬੰਧ ਦੇ ਖਿਲਾਫ ਸੰਘਰਸ਼ ਕਰਨਾ ਹੋਵੇਗਾ।

ਸਫ਼ਾ 17 ਦੀ ਬਾਕੀ

## ਸਿੱਖਿਆ ਵਿਰੋਧੀ ਫੈਸਲਾ ਹੈ, 800 ਸਕੂਲ ਬੰਦ ਕਰਨਾ

ਲੋੜ ਤਾਂ ਹੈ ਕਿ ਇਹ ਸਕੂਲ ਛੱਡ ਜਾਣ ਵਾਲੇ ਬੱਚਿਆਂ ਦਾ ਕਾਰਨ ਜਾਣ ਕੇ ਉਨਾਂ ਨੂੰ ਸਰਕਾਰੀ ਸਕੂਲਾਂ ਵੱਲ ਪ੍ਰੇਰਿਤ ਕੀਤਾ ਜਾਵੇ। ਜੇ ਸੱਚਮੁੱਚ ਇਹੀ ਗੱਲ ਹੈ ਕਿ ਅਧਿਆਪਕ ਪੜਾਉਂਦਾ ਨਹੀਂ, ਉਹ ਸਮੇਂ ਸਿਰ ਸਕੂਲ ਨਹੀਂ ਜਾਂਦਾ, ਆਦਿ-ਆਦਿ ਤਾਂ ਇਸ ਵਿੱਚ ਕਿਸ ਦਾ ਕਸੂਰ ਹੈ? ਐਸੇ ਕਈ ਅਧਿਆਪਕ ਤਾਂ ਸਟੇਟ/ਨੈਸ਼ਨਲ ਐਵਾਰਡ ਵੀ ਲੈ ਲੈਂਦੇ ਹਨ। ਜੇ ਕਾਰਖਾਨੇ ਵਿਚ ਉਤਪਾਦਨ ਟੀਚੇ ਮੁਤਾਬਕ ਨਹੀਂ ਹੁੰਦਾ ਤਾਂ ਲਾਜ਼ਮੀ ਹੀ ਕਸੂਰ ਪ੍ਰਬੰਧਕ/ਮੈਨੇਜ਼ਮੈਂਟ ਦਾ ਗਿਣਿਆ ਜਾਂਦਾ ਹੈ ਅਤੇ ਪ੍ਰਬੰਧਕਾਂ ਨੂੰ ਆਪਣੇ ਕੰਮ-ਢੰਗ ਨੂੰ ਬਦਲਣਾ ਪੈਂਦਾ ਹੈ। ਕੀ ਐਸੀ ਹਾਲਤ ਵਿਚ ਕੇਵਲ ਸਰਕਾਰ ਹੀ ਕਸੂਰਵਾਰ ਨਹੀਂ ਹੈ? (ਉਸ ਦੇ ਅਫਸਰ ਤੇ ਹੋਰ ਅਮਲਾ ਕੀ ਕਰ ਰਿਹਾ ਹੈ? ਅਸਲ ਵਿੱਚ ਅਧਿਆਪਕਾਂ ਦਾ ਕਸੂਰ ਨਹੀਂ ਸਰਕਾਰ ਦੀ ਨੀਅਤ ਵਿੱਚ ਖੋਟ ਹੈ।)

ਜੇ ਸਰਕਾਰਾਂ ਦੀ ਸਿੱਖਿਆ ਪ੍ਰਤੀ ਪਹੁੰਚ ਲੋਕ ਪੱਖੀ ਹੋਵੇ ਤਾਂ ਇਲਾਹਾਬਾਦ ਹਾਈ ਕੋਰਟ ਦਾ 2015 ਦਾ ਫੈਸਲਾ ਕਿ ਸਰਕਾਰੀ ਖਜਾਨੇ 'ਚੋਂ 1 ਰੁਪਏ ਵੀ ਤਨਖਾਹ ਲੈਣ ਵਾਲੇ ਹਰ ਮੁਲਾਜ਼ਮ, ਅਫਸਰ, ਮੰਤਰੀ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪਾਉਣ ਲਈ ਪਾਬੰਦ ਕੀਤਾ ਜਾਵੇ। ਕਿਸੇ ਸਰਕਾਰ ਨੇ ਵੀ ਹਾਈਕੋਰਟ ਦੇ ਇਸ ਫੈਸਲੇ ਨੂੰ ਲਾਗੂ ਨਹੀਂ ਕੀਤਾ ਅਤੇ ਨਾ ਹੀ ਕਰਨਾ ਹੈ। ਸਰਕਾਰਾਂ ਦੀ ਗਰੀਬ ਲੋਕਾਂ ਨੂੰ ਸਿੱਖਿਅਤ ਕਰਨ ਦੀ ਨੀਅਤ ਹੀ ਨਹੀਂ ਹੈ। ਜੇ ਨੀਅਤ ਹੋਵੇ ਤਾਂ ਵਿਸ਼ੇਸ਼ ਕਾਨੂੰਨ ਬਣਾ ਕੇ ਸਿੱਖਿਆ ਦਾ ਮੁਕੰਮਲ ਸਰਕਾਰੀਕਰਨ ਕੀਤਾ ਜਾਵੇ। ਜਿਵੇਂ ਵਿਕਸਤ ਮੁਲਕਾਂ 'ਚ ਹੈ। ਸਿੱਖਿਆ ਵਿੱਚ ਕੋਈ ਨਿੱਜੀਕਰਨ ਨਾ ਹੋਵੇ। ਹਾਂ ਸਰਕਾਰਾਂ ਖਾਲੀ ਹੋਏ 800 ਸਕੂਲਾਂ ਵਿੱਚ ਗਊਸ਼ਾਲਾਵਾਂ ਖੋਲ ਸਕਦੀ ਹੈ। ਵਰਨਾ ਆਵਾਰਾ ਕੁੱਤਿਆਂ ਦਾ ਰੈਣ ਬਸੇਰਾ ਤਾਂ ਬਣੇਗਾ ਹੀ। ਅੱਜ ਤੱਕ ਤਾਂ ਦੇਸ਼ ਵਿਚ ਕਿਧਰੇ ਵੀ ਸੁਪਰੀਮ ਕੋਰਟ ਦਾ 25% ਗਰੀਬ ਦਲਿਤ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ ਲਾਜ਼ਮੀ ਤੇ ਮੁਫ਼ਤ ਦਾਖਲਾ ਦੇਣ ਦਾ ਆਦੇਸ਼ ਵੀ ਲਾਗੂ ਨਹੀ ਹੋ ਸਕਿਆ। ਨਿੱਜੀ ਸਕੂਲਾਂ ਤੇ ਫੀਸਾਂ, ਤਨਖਾਹਾਂ, ਸਿਲੇਬਸਾਂ ਆਦਿ ਦੇ ਕੋਈ ਨਿਯਮ ਲਾਗੂ ਨਹੀਂ ਹਨ।

ਸਰਕਾਰੀ ਸਕੂਲਾਂ ਵਿੱਚ ਪੜਦੇ ਵਿਦਿਆਰਥੀਆਂ ਦੇ ਗਰੀਬ ਮਾਪੇ ਇਸ ਸਮਰੱਥ ਨਹੀਂ ਹਨ ਕਿ ਉਹ ਸਕੂਲਾਂ ਵੱਲ ਤੇ ਬੱਚਿਆਂ ਦੀ ਪੜਾਈ ਵੱਲ ਧਿਆਨ ਦੇ ਸਕਣ। ਸਮਰੱਥਾਵਾਨਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਉਂਜ ਨਹੀਂ ਪੜਦੇ। ਸਰਕਾਰਾਂ ਦੀ ਕਾਰਜਸ਼ੈਲੀ ਅਤੇ ਨੀਅਤ ਗਰੀਬ ਵਿਰੋਧੀ ਹੈ, ਫਿਰ ਕਿਵੇਂ ਐਸਾ ਢਾਂਚਾ ਵਿਕਸਤ ਹੋ ਸਕਦਾ ਹੈ ਕਿ ਗਰੀਬ ਤੋਂ ਗਰੀਬ ਬੱਚੇ ਤੀਕ ਵੀ ਸਿੱਖਿਆ ਦਾ ਚਾਨਣ ਪਹੁੰਚੇ? ਇਹ ਤਾਂ ਸੁਹਿਰਦ ਲੋਕਾਂ ਨੂੰ ਹੀ ਸੋਚਣਾ ਤੇ ਕੁਝ ਕਰਨਾ ਪੈਣਾ ਹੈ। ਸਰਕਾਰ ਮਾਨਵ ਪੱਖੀ ਹੋਣ ਦੀ ਥਾਂ ਮੁਨਾਫਾ-ਪੱਖੀ ਹੋ ਗਈ ਹੈ। ਐਸੀ ਹਾਲਤ ਵਿੱਚ ਦੇਸ਼ ਦੀ ਬਰਬਾਦੀ ਨੂੰ ਕੋਈ ਨਹੀਂ ਰੋਕ ਸਕਦਾ।

ਇਕ ਵਿਆਪਕ ਲਾਮਬੰਦੀ ਕਰਕੇ ਹੀ ਸਰਕਾਰੀ ਸਕੂਲਾਂ ਦਾ ਢਾਂਚਾ ਸੁਧਾਰਨ ਲਈ ਸਰਕਾਰ ਨੂੰ ਮਜ਼ਬੂਰ ਕੀਤਾ ਜਾ ਸਕਦਾ ਹੈ। ਵਰਨਾ ਨਿੱਜੀ ਸਕੂਲਾਂ ਰੂਪੀ ਵੱਡੀਆਂ ਦੁਕਾਨਾਂ ਵਿੱਚ ਵਪਾਰੀ ਵਸਤ ਬਣ ਕੇ ਵਿਕ ਰਹੀ ਸਿੱਖਿਆ ਕੇਵਲ ਉੱਚ ਵਰਗ ਦੇ ਲੋਕਾਂ ਤੀਕ ਹੀ ਸੀਮਤ ਹੋ ਕੇ ਰਹਿ ਜਾਵੇਗੀ। ਉਂਜ ਭਾਰਤ ਦੀ ਅਮੀਰ ਪੱਖੀ ਸਰਕਾਰ ਚਾਹੁੰਦੀ ਵੀ ਇਹੀ ਹੈ। ਇਹ ਸਮੇਂ ਦੀ ਮੰਗ ਹੈ ਕਿ ਗਰੀਬ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਦੇ ਮੌਲਿਕ ਤੇ ਮਾਨਵੀ ਅਧਿਆਕ ਦਵਾਉਣ ਲਈ ਲੜ ਰਹੀਆਂ ਵੱਖ-ਵੱਖ ਸੋਚਾਂ ਨੂੰ ਇਕਮੁੱਠ ਹੋਣ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕਰਨ ਬਿਨਾਂ ਨਹੀਂ ਸਰਨਾ।

ਸਫ਼ਾ 18 ਦੀ ਬਾਕੀ

## ਆਰ.ਐਮ.ਪੀ.ਆਈ. ਦੀ ਪਲੇਠੀ ਕੁਲ-ਹਿੰਦ ਕਾਨਫਰੰਸ 'ਚ ਇਨਕਲਾਬੀ ਦਿਸਹੱਦੇ ਦੀ ਸਪੱਸ਼ਟ ਨਿਸ਼ਾਨਦੇਹੀ

ਅਜਿਹੇ ਮਾਹੌਲ ਵਿਚ ਆਰ.ਐਮ.ਪੀ.ਆਈ. ਇਨ੍ਹਾਂ ਸਭ ਚੁਣੌਤੀਆਂ ਦੇ ਟਾਕਰੇ ਲਈ ਇਕ ਮਜ਼ਬੂਤ ਖੱਬਾ ਮੋਰਚਾ ਉਸਾਰਨ ਲਈ ਸਭਨਾ ਖੱਬੀਆਂ ਸ਼ਕਤੀਆਂ ਨੂੰ ਇਕਮੁੱਠ ਕਰਨ ਲਈ ਹਰ ਸੰਭਵ ਯਤਨ ਕਰੇਗੀ।

ਇਹ ਮਤਾ ਪੇਸ਼ ਕਰਦੇ ਸਮੇਂ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਮੋਦੀ ਹਕੂਮਤ ਨੂੰ ਦੇਸ਼ ਦੇ ਲੋਕਾਂ ਦੀ ਬਜਾਇ ਸਾਮਰਾਜੀ ਮੁਲਖ਼ਾਂ, ਬਹੁਕੌਮੀ ਕਾਰਪੋਰੇਸ਼ਨਾਂ ਤੇ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਦੀ ਵਧੇਰੇ ਚਿੰਤਾ ਹੈ। ਇਸ ਸਰਕਾਰ ਦੀ ਨੋਟਬੰਦੀ ਫਾਲਤੂ ਦੀ ਇਕ ਕਵਾਇਦ ਸਾਬਤ ਹੋਈ ਹੈ ਜਿਸ ਨੇ ਭਾਰਤੀ ਲੋਕਾਂ ਦੀਆਂ ਦੁਸ਼ਵਾਰੀਆਂ ਵਿਚ ਅੰਤਾਂ ਦਾ ਵਾਧਾ ਕੀਤਾ ਹੈ। ਜੀ.ਐਸ.ਟੀ. ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਅੱਤ ਭੱਦੀ ਕਿਸਮ ਦੀ ਸਰਕਾਰੀ ਲੁੱਟ ਹੈ ਜੋ ਪਹਿਲਾਂ ਹੀ ਟੈਕਸਾਂ ਦੇ ਭਾਰੀ ਬੋਝ ਥੱਲੇ ਦੱਬੇ ਲੋਕਾਂ 'ਤੇ ਹੋਰ ਭਾਰ ਲੱਦਣ ਦਾ ਜ਼ਰੀਆ ਹੈ। ਇਸ ਅਜਾਰੇਦਾਰਾਨਾ, ਪੂੰਜੀਵਾਦੀ ਤੇ ਪ੍ਰਸ਼ਾਸ਼ਕੀ ਲੁੱਟ ਦੇ ਮੱਕੜ ਜਾਲ ਨੇ ਲੋਕਾਂ ਨੂੰ ਬੇਹਾਲ ਕਰਕੇ ਰੱਖ ਦਿੱਤਾ ਹੈ। ਇਸ ਲੁੱਟ ਵਿਰੁੱਧ ਸੰਘਰਸ਼ ਆਰਐਮਪੀਆਈ ਦੀਆਂ ਪ੍ਰਾਥਮਿਕਤਾਵਾਂ 'ਚੋਂ ਇਕ ਹੈ।

### ਰਾਜਨੀਤਕ ਮਤੇ ਦੀ ਪ੍ਰਵਾਨਗੀ ਅਤੇ ਸੰਵਿਧਾਨਕ ਸੋਧਾਂ ਦੀ ਤਜਵੀਜ਼

ਇਸ ਰਾਜਨੀਤਕ ਮਤੇ ਦੇ ਖਰੜੇ 'ਤੇ 25 ਡੈਲੀਗੇਟਾਂ ਨੇ ਹਿੱਸਾ ਲਿਆ। ਭਖਵੇਂ ਤੇ ਉਸਾਰੂ ਵਿਚਾਰ ਵਟਾਂਦਰੇ ਉਪਰੰਤ ਇਹ ਰਾਜਨੀਤਕ ਮਤਾ ਸਰਵ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਬਾਅਦ ਦੁਪਹਿਰ ਕੇਂਦਰੀ ਕਮੇਟੀ ਦੇ ਮੈਂਬਰ ਕਾਮਰੇਡ ਹਰਕੰਵਲ ਸਿੰਘ ਨੇ ਕੇਂਦਰੀ ਕਮੇਟੀ ਵਲੋਂ ਪਾਰਟੀ ਵਿਧਾਨ 'ਚ ਤਜਵੀਜ਼ਸ਼ੁਧਾ ਸੋਧਾਂ ਹਾਊਸ ਅੱਗੇ ਪ੍ਰਵਾਨਗੀ ਲਈ ਰੱਖੀਆਂ ਜਿਨ੍ਹਾਂ 'ਤੇ ਬਹੁਤ ਹੀ ਉਸਾਰੂ ਬਹਿਸ ਹੋਈ। 26 ਨਵੰਬਰ ਨੂੰ ਪਾਰਟੀ ਵਿਧਾਨ 'ਚ ਸੋਧਾਂ, ਡੈਲੀਗੇਟਾਂ ਵਲੋਂ ਇਸਦੀ ਮੂਲ ਸੇਧ ਨੂੰ ਹੋਰ ਪਕਿਆਈ ਬਖਸ਼ਦੇ ਸੁਝਾਵਾਂ ਸਮੇਤ ਸਰਵਸੰਮਤੀ ਨਾਲ ਪ੍ਰਵਾਨ ਕਰ ਲਈਆਂ ਗਈਆਂ। ਇਸ ਤਰ੍ਹਾਂ ਇਹ ਕਾਨਫਰੰਸ ਮੋਦੀ ਸਰਕਾਰ ਦੀਆਂ ਸਾਮਰਾਜੀ ਦੇਸ਼ਾਂ, ਬਹੁਕੌਮੀ ਕਾਰਪੋਰੇਸ਼ਨਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਹਿਤ ਪੂਰਦਿਆਂ ਗਰੀਬੀ, ਬੇਰੁਜ਼ਗਾਰੀ ਤੇ ਮਹਿੰਗਾਈ 'ਚ ਨਿਰੰਤਰ ਵਾਧਾ ਕਰਨ ਵਾਲੀਆਂ ਨੀਤੀਆਂ ਦਾ ਰਾਹ ਰੋਕਣ ਲਈ ਇਕ ਵਿਸ਼ਾਲ ਜਨਤਕ ਮੁਜ਼ਾਹਮਤ ਖੜੀ ਕਰਨ ਵਾਸਤੇ ਖੱਬੀਆਂ ਧਿਰਾਂ ਦਾ ਮਜ਼ਬੂਤ ਮੋਰਚਾ ਉਸਾਰਨ ਦੇ ਸੰਕਲਪ ਨਾਲ ਸੰਪੰਨ ਹੋ ਗਈ। ਇਸ ਕਾਨਫਰੰਸ ਨੇ ਸੰਘ ਪਰਵਾਰ ਦੀ ਸਾਜਿਸ਼ ਤਹਿਤ ਭਾਰਤ ਨੂੰ ਇਕ ਕੱਟੜ ਹਿੰਦੂ ਰਾਜ ਵਿਚ ਤਬਦੀਲ ਕਰਨ ਦੇ ਕੋਝੇ ਇਰਾਦੇ ਨਾਲ ਘੱਟ ਗਿਣਤੀਆਂ ਖਿਲਾਫ਼ ਕੀਤੇ ਜਾ ਰਹੇ ਕਾਤਲਾਨਾ ਹਮਲਿਆਂ, ਫਿਰਕੂ ਕੂੜ ਪ੍ਰਚਾਰ, ਇਤਿਹਾਸ ਅਤੇ ਪਾਠਕ੍ਰਮਾਂ ਦੀ ਭੰਨਤੋੜ ਵਿਰੁੱਧ ਵਿਸ਼ਾਲ ਲਾਮਬੰਦੀ ਕਰਨ ਦਾ ਵੀ ਸੰਕਲਪ ਲਿਆ।

### ਕੇਂਦਰੀ ਕਮੇਟੀ ਤੇ ਕੰਟਰੋਲ ਕਮਿਸ਼ਨ ਦੀ ਚੋਣ

ਕਾਨਫਰੰਸ ਵਲੋਂ ਨਿਰਣਾ ਲਿਆ ਗਿਆ ਕਿ ਭਾਰਤ ਵਿਚ ਵੇਲਾ ਵਿਹਾਅ ਚੁੱਕੀਆਂ ਨਿਘਰੀਆਂ ਕਦਰਾਂ-ਕੀਮਤਾਂ ਅਧੀਨ ਸੰਸਥਾਗਤ ਰੂਪ ਧਾਰਨ ਕਰ ਚੁੱਕੇ ਅਖੌਤੀ ਉਚ ਜਾਤੀ ਹੰਕਾਰ 'ਚੋਂ ਜਨਮੇਂ ਦਲਿਤਾਂ ਖਿਲਾਫ ਹੁੰਦੇ ਜਾਤ-ਪਾਤੀ ਜੁਲਮਾਂ ਅਤੇ ਪਿੱਤਰ-ਸੱਤਾਵਾਦੀ ਸੋਚ 'ਚੋਂ ਪੈਦਾ ਹੋਏ ਔਰਤਾਂ ਖਿਲਾਫ਼ ਹੁੰਦੇ ਲਿੰਗ ਅਧਾਰਤ ਅਪਰਾਧਾਂ ਤੇ ਚੌਤਰਫਾ ਵਿਤਕਰੇ ਖਿਲਾਫ਼ ਸੰਗਰਾਮਾਂ ਦੀ ਉਸਾਰੀ ਦੇ ਨਾਲ ਨਾਲ ਹਰ ਪੱਧਰ 'ਤੇ ਵਿਚਾਰਧਾਰਕ ਮੁਹਿੰਮ ਤਿੱਖੀ ਕੀਤੀ ਜਾਵੇਗੀ। ਕਾਨਫਰੰਸ ਨੇ ਇਹ ਵੀ ਨੋਟ ਕੀਤਾ ਕਿ ਭਾਰਤ ਸਭ ਤੋਂ ਵੱਧ ਯੁਵਾ ਸ਼ਕਤੀ ਵਾਲਾ ਦੇਸ਼ ਹੋਣ ਦੇ ਬਾਵਜੂਦ ਇੱਥੇ ਜਵਾਨੀ ਨੂੰ ਉਸਾਰੂ ਸੇਧ ਤੇ ਸਥਾਈ ਰੁਜ਼ਗਾਰ ਦੇਣ ਵਾਲੀ ਕੋਈ ਨੀਤੀ ਕਿਸੇ ਵੀ ਸਰਕਾਰ ਨੇ ਨਹੀਂ ਬਣਾਈ। ਪਾਰਟੀ ਇਸ ਯੁਵਾ ਸ਼ਕਤੀ ਨੂੰ ਜਥੇਬੰਦ ਕਰਕੇ ਸੰਘਰਸ਼ਾਂ ਦੇ ਮੈਦਾਨ ਵਿਚ ਉਤਾਰਨ ਲਈ ਵਿਸ਼ੇਸ਼ ਤੇ ਬੱਝਵੇਂ ਉਪਰਾਲੇ ਕਰੇਗੀ।

ਕਾਨਫਰੰਸ ਵਲੋ ਸਰਬ ਸੰਮਤੀ ਨਾਲ ਨਵੀਂ ਕੇਂਦਰੀ ਕਮੇਟੀ, ਅਹੁਦੇਦਾਰਾਂ, ਕੰਟਰੋਲ ਕਮਿਸ਼ਨ ਦੀ ਚੋਣ ਕੀਤੀ ਗਈ, ਜਿਸ ਅਨੁਸਾਰ ਸਾਥੀਕੇ. ਗੰਗਾਧਰਨ ਚੇਅਰਮੈਨ, ਸਾਥੀ ਮੰਗਤ ਰਾਮ ਪਾਸਲਾ ਜਨਰਲ ਸਕੱਤਰ ਅਤੇ ਸਾਥੀ ਰਜਿੰਦਰ ਪਰਾਂਜਪੇ ਖਜ਼ਾਨਚੀ ਚੁਣੇ ਗਏ। ਸਰਵ ਸਾਥੀ ਹਰਕੰਵਲ ਸਿੰਘ, ਕੇ. ਹਰੀਹਰਨ, ਸਟੈਂਡਿੰਗ ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਤੋਂ ਇਲਾਵਾ ਸਾਥੀ ਰਘਬੀਰ ਸਿੰਘ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਟੀ.ਐਲ. ਸੰਤੋਸ਼, ਕੇ.ਕੇ. ਰੇਮਾ, ਐਨ.ਵੇਨੂੰ, ਟੀ.ਕੁਮਾਰਨਕੁਟੀ, ਐਮ.ਰਾਜਾਗੋਪਾਲ, ਸੀ. ਚੇਤਲਸਾਮੀ, ਪੀ.ਐਮਾਵਾਸੀ, ਸੰਜੇ ਰਾਊਤ, ਰਮੇਸ਼ ਠਾਕਰ, ਇੰਦਰਜੀਤ ਸਿੰਘ ਗਰੇਵਾਲ, ਤੇਜਿੰਦਰ ਥਿੰਦ, ਮਨਦੀਪ ਸਿੰਘ, ਬਾਲੀ ਰਾਮ ਚੌਧਰੀ, ਬੀ.ਕਰਿਸ਼ਨਣ, ਕੇਂਦਰੀ ਕਮੇਟੀ ਦੇ ਮੈਂਬਰਾਨ ਚੁਣੇ ਗਏ। ਇਸ ਕਾਨਫਰੰਸ ਨੂੰ ਸਫਲ ਬਣਾਉਣ ਲਈ ਸਾਥੀ ਪਰਗਟ ਸਿੰਘ ਜਾਮਾਰਾਏ ਦੀ ਅਗਵਾਈ 'ਚ ਵਲੰਟੀਅਰਾਂ ਨੇ, ਸਾਥੀ ਗੁਰਦਰਸ਼ਨ ਬੀਕਾ ਦੀ ਅਗਵਾਈ ਹੇਠ ਲੰਗਰ ਕਮੇਟੀ ਨੇ, ਸਾਥੀ ਇੰਦਰਜੀਤ ਸਿੰਘ ਗਰੇਵਾਲ ਦੀ ਅਗਵਾਈ ਹੇਠ ਰਿਹਾਇਸ਼ ਕਮੇਟੀ ਨੇ, ਸਾਥੀ ਰਵੀ ਕੰਵਰ, ਪ੍ਰਭਦੇਵ ਸਿੰਘ ਉਪਲ, ਗਿਆਨੀ ਜਗਤਾਰ ਸਿੰਘ, ਰਾਮਕਿਸ਼ਨ ਧੁਣਕੀਆ ਤੇ ਮਾਸਟਰ ਮੋਹਨ ਲਾਲ ਦੀ ਦਫਤਰੀ ਕਮੇਟੀ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ। ਮੀਡੀਆ ਨਾਲ ਰਾਬਤੇ ਦੀ ਜਿੰਮੇਵਾਰੀ ਸਾਥੀ ਮਹੀਪਾਲ, ਇੰਦਰਜੀਤ ਚੁਗਾਵਾਂ, ਸੁਸ਼ੀਲ ਦੁਸਾਂਝ, ਡਾ. ਸਰਬਜੀਤ ਗਿੱਲ, ਵੇਦ ਪ੍ਰਕਾਸ਼, ਹਰਨੇਕ ਮਾਵੀ ਅਤੇ ਸਤੀਸ਼ ਖੋਸਲਾ ਨੇ ਬਾਖੂਬੀ ਨਿਭਾਈ।

Harjeet Sandhu
"Serving all your Real Estate needs"
REALTOR
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation
To view Thousands of properties online visit:
www.harjeetsandhu.com

harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

## ਮਿੰਨੀ ਕਹਾਣੀਆਂ

# ਸਆਦਤ ਹਸਨ ਮੰਟੋ



ਸਆਦਤ ਹਸਨ ਮੰਟੋ (11 ਮਈ 1912-18 ਜਨਵਰੀ 1955) ਦਾ ਜਨਮ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਪਪੜੌਦੀ (ਸਮਰਾਲਾ ਨੇੜੇ) ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਗ਼ੁਲਾਮ ਹਸਨ ਮੰਟੋ ਕਸ਼ਮੀਰੀ ਸਨ। ਮੰਟੋ ਦੇ ਜਨਮ ਤੋਂ ਜਲਦ ਬਾਅਦ ਉਹ ਅੰਮ੍ਰਿਤਸਰ ਚਲੇ ਗਏ, ਮੰਟੋ ਦੀ ਮੁੱਢਲੀ ਪੜ੍ਹਾਈ ਘਰ ਵਿਖੇ ਹੀ ਹੋਈ। 1931 ਵਿੱਚ ਉਨ੍ਹਾਂ ਮੈਟ੍ਰਿਕ ਪਾਸ ਕੀਤੀ ਅਤੇ ਉਸ ਤੋਂ ਬਾਅਦ ਹਿੰਦੂ ਸਭਾ ਕਾਲਜ ਵਿੱਚ ਐਫ਼ ਏ ਵਿੱਚ ਦਾਖਲਾ ਲਿਆ। ਉਹ ਉੱਘੇ ਉਰਦੂ ਕਹਾਣੀਕਾਰ ਸਨ। ਉਨ੍ਹਾਂ ਦੀਆਂ ਸ਼ਾਹਕਾਰ ਕਹਾਣੀਆਂ ਹਨ; ਟੋਭਾ ਟੇਕ ਸਿੰਘ, ਬੂ, ਠੰਡਾ ਗੋਸ਼ਤ, ਖੋਲ੍ਹ ਦੋ। ਮੰਟੋ ਦੇ 22 ਨਿੱਕੀ ਕਹਾਣੀ ਸੰਗ੍ਰਹਿ, 5 ਰੇਡੀਓ ਨਾਟਕ ਸੰਗ੍ਰਹਿ, ਇਕ ਨਾਵਲ, ਤਿੰਨ ਨਿੱਜੀ ਸਕੈੱਚ ਸੰਗ੍ਰਹਿ ਅਤੇ ਤਿੰਨ ਲੇਖ ਸੰਗ੍ਰਹਿ ਛਪੇ ਹਨ। ਜਲ੍ਹਿਆਂਵਾਲਾ ਬਾਗ਼ ਹੱਤਿਆਕਾਂਡ ਦੀ ਮੰਟੋ ਦੇ ਮਨ 'ਤੇ ਗਹਿਰੀ ਛਾਪ ਸੀ। ਇਸ ਨੂੰ ਲੈ ਕੇ ਹੀ ਮੰਟੋ ਨੇ ਆਪਣੀ ਪਹਿਲੀ ਕਹਾਣੀ 'ਤਮਾਸ਼ਾ' ਲਿਖੀ ਸੀ। ਉਨ੍ਹਾਂ ਦੀਆਂ ਰਚਨਾਵਾਂ ਹਨ: ਆਤਿਸ਼ਪਾਰੇ, ਮੰਟੋ ਕੇ ਅਫ਼ਸਾਨੇ, ਧੂੰਆਂ, ਅਫ਼ਸਾਨੇ ਔਰ ਡਰਾਮੇ, ਲਜ਼ਤ-ਏ-ਸੰਗ, ਸਿਆਹ ਹਾਸ਼ੀਏ, ਬਾਦਸ਼ਾਹਤ ਕਾ ਖਾਤਮਾ, ਖਾਲੀ ਬੋਤਲੇਂ, ਲਾਊਡ ਸਪੀਕਰ (ਸਕੈਚ), ਗੰਜੇ ਫ਼ਰਿਸ਼ਤੇ (ਸਕੈਚ), ਮੰਟੋ ਕੇ ਮਜ਼ਾਮੀਨ, ਨਿਮਰੂਦ ਕੀ ਖ਼ੁਦਾਈ, ਠੰਡਾ ਗੋਸ਼ਤ, ਯਾਜਿਦ, ਪਰਦੇ ਕੇ ਪੀਛੇ, ਸੜਕ ਕੇ ਕਿਨਾਰੇ, ਬਗੈਰ ਉਨਵਾਨ ਕੇ, ਬਗੈਰ ਇਜਾਜ਼ਤ, ਬੁਰਕੇ, ਫੂੰਦੇ, ਸਰਕੰਡੋਂ ਕੇ ਪੀਛੇ, ਸ਼ੈਤਾਨ, ਸ਼ਿਕਾਰੀ ਔਰਤੇਂ, ਰੱਤੀ, ਮਾਸ਼ਾ, ਤੋਲਾ, ਕਾਲੀ ਸ਼ਲਵਾਰ, ਮੰਟੋ ਕੀ ਬੇਹਤਰੀਨ ਕਹਾਣੀਆਂ।

### ਬੇਖ਼ਬਰੀ ਦਾ ਫਾਇਦਾ

ਘੋੜਾ ਦੱਬਿਆਂ ਪਿਸਤੌਲ ਵਿੱਚੋਂ ਝੂੰਝਲਾ ਕੇ ਗੋਲ਼ੀ ਬਾਹਰ ਨਿੱਕਲ਼ੀ।
ਖਿੜਕੀ ਵਿੱਚੋਂ ਬਾਹਰ ਨਿੱਕਲਣ ਵਾਲ਼ਾ ਆਦਮੀ ਉੱਥੇ ਹੀ ਦੂਹਰਾ ਹੋ ਗਿਆ।
ਘੋੜਾ ਥੋੜ੍ਹੀ ਦੇਰ ਬਾਅਦ ਫਿਰ ਦੱਬਿਆ - ਦੂਜੀ ਗੋਲ਼ੀ ਮਚਲਦੀ ਹੋਈ ਬਾਹਰ ਨਿੱਕਲ਼ੀ।
ਸੜਕ ਉੱਤੇ ਮਸ਼ਕੀ ਦੀ ਮਸ਼ਕ ਫਟੀ, ਉਹ ਮੂਧੇ ਮੂੰਹ ਡਿੱਗਿਆ ਅਤੇ ਉਹਦਾ ਖ਼ੂਨ ਮਸ਼ਕ ਦੇ ਪਾਣੀ ਵਿੱਚ ਘੁਲ਼ ਕੇ ਵਹਿਣ ਲੱਗਾ।
ਘੋੜਾ ਤੀਜੀ ਵਾਰ ਦੱਬਿਆ - ਨਿਸ਼ਾਨਾ ਖ਼ੁੰਝ ਗਿਆ, ਗੋਲ਼ੀ ਕੰਧ ਵਿੱਚ ਦਫ਼ਨ ਹੋ ਗਈ।
ਚੌਥੀ ਗੋਲ਼ੀ ਇੱਕ ਬੁੱਢੀ ਦੀ ਪਿੱਠ ਵਿੱਚ ਲੱਗੀ, ਉਹ ਚੀਕ ਵੀ ਨਾ ਸਕੀ ਅਤੇ ਉੱਥੇ ਹੀ ਢੇਰ ਹੋ ਗਈ।
ਪੰਜਵੀਂ ਅਤੇ ਛੇਵੀਂ ਗੋਲ਼ੀ ਬੇਕਾਰ ਗਈ, ਨਾ ਕੋਈ ਮਰਿਆ, ਨਾ ਜਖ਼ਮੀ ਹੋਇਆ।
ਗੋਲ਼ੀਆਂ ਚਲਾਉਣ ਵਾਲ਼ਾ ਹੈਰਾਨ ਹੋ ਗਿਆ।
ਅਚਾਨਕ ਸੜਕ ਉੱਤੇ ਇੱਕ ਛੋਟਾ ਜਿਹਾ ਬੱਚਾ ਦੌੜਦਾ ਹੋਇਆ ਦਿਖਾਈ ਦਿੱਤਾ। ਗੋਲ਼ੀਆਂ ਚਲਾਉਣ ਵਾਲ਼ੇ ਨੇ ਪਿਸਤੌਲ ਦਾ ਮੂੰਹ ਉਸ ਵੱਲ ਕੀਤਾ।
ਉਸਦੇ ਸਾਥੀ ਨੇ ਕਿਹਾ - "ਇਹ ਕੀ ਕਰਦੈਂ ?"
ਗੋਲ਼ੀਆਂ ਚਲਾਉਣ ਵਾਲ਼ੇ ਨੇ ਪੁੱਛਿਆ, "ਕਿਉਂ ?"
"ਗੋਲ਼ੀਆਂ ਤਾਂ ਖਤਮ ਹੋ ਚੁੱਕੀਆਂ ਨੇ।"
"ਤੂੰ ਚੁੱਪ ਰਹਿ, ਨਿੱਕੇ ਜਿਹੇ ਬੱਚੇ ਨੂੰ ਕੀ ਪਤਾ ?"

### ਹਲਾਲ ਅਤੇ ਝਟਕਾ

"ਮੈਂ ਉਹਦੇ ਗਲ਼ੇ 'ਤੇ ਚਾਕੂ ਰੱਖਿਆ, ਹੌਲ਼ੀ-ਹੌਲ਼ੀ ਫੇਰਿਆ ਤੇ ਉਹਨੂੰ ਹਲਾਲ ਕਰ ਦਿੱਤਾ।"
"ਇਹ ਤੂੰ ਕੀ ਕੀਤਾ ?"
"ਕਿਉਂ ?"
"ਉਹਨੂੰ ਹਲਾਲ ਕਿਉਂ ਕੀਤਾ ?"
"ਸੁਆਦ ਆਉਂਦਾ ਹੈ, ਇਸ ਤਰ੍ਹਾਂ ਕਰਨ 'ਚ"
"ਮਜ਼ਾ ਆਉਂਦਾ ਹੈ ਦੇ ਬੱਚਿਆ ਤੈਨੂੰ ਝਟਕਾਉਣਾ ਚਾਹੀਦਾ ਸੀ ਇਸ ਤਰ੍ਹਾਂ।"
ਅਤੇ ਹਲਾਲ ਕਰਨ ਵਾਲ਼ੇ ਦੀ ਗਰਦਨ ਝਟਕਾ ਦਿੱਤੀ ਗਈ।

### ਕਰਾਮਾਤ

ਲੁੱਟਿਆ ਹੋਇਆ ਮਾਲ ਬਰਾਮਦ ਕਰਨ ਲਈ ਪੁਲੀਸ ਨੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ।
ਲੋਕ ਡਰ ਦੇ ਮਾਰੇ ਹਨੇਰਾ ਹੋਣ 'ਤੇ ਲੁੱਟਿਆ ਹੋਇਆ ਮਾਲ ਬਾਹਰ ਸੁੱਟਣ ਲੱਗੇ।
ਕੁਝ ਅਜਿਹੇ ਵੀ ਸਨ, ਜਿਨ੍ਹਾਂ ਨੇ ਆਪਣਾ ਸਾਮਾਨ ਵੀ ਆਸੇ-ਪਾਸੇ ਕਰ ਦਿੱਤਾ ਤਾਂ ਕਿ ਕਾਨੂੰਨੀ ਖਿੱਚ-ਧੂਹ ਤੋਂ ਬਚੇ ਰਹਿਣ।
ਇੱਕ ਆਦਮੀ ਨੂੰ ਬੜੀ ਦਿੱਕਤ ਪੇਸ਼ ਆਈ। ਉਸ ਕੋਲ ਸ਼ੱਕਰ ਦੀਆਂ ਦੋ ਬੋਰੀਆਂ ਸਨ, ਜਿਹੜੀਆਂ ਉਸ ਨੇ ਪੰਸਾਰੀ ਦੀ ਦੁਕਾਨ ਤੋਂ ਲੁੱਟੀਆਂ ਸਨ।
ਇੱਕ ਬੋਰੀ ਤਾਂ ਉਹ ਰਾਤ ਦੇ ਹਨੇਰੇ 'ਚ ਨੇੜਲੇ ਖ਼ੂਹ ਵਿੱਚ ਸੁੱਟ ਆਇਆ ਪਰ ਜਦੋਂ ਉਹ ਦੂਜੀ ਚੁੱਕ ਕੇ ਸੁੱਟਣ ਲੱਗਾ ਤਾਂ ਨਾਲ ਹੀ ਆਪ ਵੀ ਖ਼ੂਹ ਵਿੱਚ ਜਾ ਪਿਆ।
ਰੌਲਾ ਸੁਣ ਕੇ ਲੋਕ ਇਕੱਠੇ ਹੋ ਗਏ। ਖ਼ੂਹ ਵਿੱਚ ਰੱਸੇ ਸੁੱਟੇ ਗਏ। ਦੋ ਨੌਜਵਾਨ ਥੱਲੇ ਉਤਰੇ ਅਤੇ ਉਸ ਆਦਮੀ ਨੂੰ ਬਾਹਰ ਕੱਢ ਲਿਆ ਪਰ ਕੁਝ ਘੰਟਿਆਂ ਬਾਅਦ ਉਹ ਮਰ ਗਿਆ।
ਦੂਜੇ ਦਿਨ ਲੋਕਾਂ ਨੇ ਵਰਤੋਂ ਲਈ ਜਦ ਉਸ ਖ਼ੂਹ ਵਿੱਚੋਂ ਪਾਣੀ ਕੱਢਿਆ ਤਾਂ ਉਹ ਮਿੱਠਾ ਸੀ। ਉਸੇ ਰਾਤ ਤੋਂ ਉਸ ਆਦਮੀ ਦੀ ਕਬਰ 'ਤੇ ਦੀਵੇ ਜਗ ਰਹੇ ਹਨ।

- ਅਨੁਵਾਦ: ਬਿਕਰਮਜੀਤ ਨੂਰ

### ਜੈਲੀ

ਸਵੇਰੇ ਛੇ ਵਜੇ ਪਟਰੋਲ ਪੰਪ ਕੋਲ ਹੱਥ ਗੱਡੀ ਵਿਚ
ਬਰਫ਼ ਵੇਚਣ ਵਾਲੇ ਦੇ ਛੁਰਾ ਖੋਭ ਦਿੱਤਾ ਗਿਆ।
ਸੱਤ ਵਜੇ ਤੱਕ ਉਸਦੀ ਲਾਸ਼ ਲੁੱਕ ਵਿਛੀ ਸੜਕ ਉੱਤੇ
ਪਈ ਰਹੀ, ਅਤੇ ਉਸ 'ਤੇ ਬਰਫ਼ ਪਾਣੀ ਬਣ-ਬਣ ਗਿਰਦੀ ਰਹੀ।
ਸਵਾ ਸੱਤ ਵਜੇ ਪੁਲਿਸ ਲਾਸ਼ ਚੁੱਕ ਕੇ ਲੈ ਗਈ
ਬਰਫ਼ ਅਤੇ ਖ਼ੂਨ ਉੱਥੀ ਸੜਕ ਉੱਤੇ ਪਏ ਰਹੇ।
ਫੇਰ ਟਾਂਗਾ ਕੋਲੋਂ ਲੰਘਿਆ
ਬੱਚੇ ਨੇ ਸੜਕ ਉੱਤੇ ਤਾਜ਼ੇ ਖ਼ੂਨ ਦੇ ਜੰਮੇ ਹੋਏ ਚਮਕੀਲੇ
ਲੋਥੜੇ ਨੂੰ ਦੇਖਿਆ, ਉਸਦੇ ਮੂੰਹ ਵਿਚ ਪਾਣੀ ਭਰ ਆਇਆ।
ਆਪਣੀ ਮਾਂ ਦੀ ਬਾਂਹ ਖਿੱਚ ਕੇ ਬੱਚੇ ਨੇ ਆਪਣੀ ਉਂਗਲੀ ਨਾਲ ਉੱਧਰ
ਇਸ਼ਾਰਾ ਕੀਤਾ - "ਦੇਖੋ ਮੰਮੀ, ਜੈਲੀ....।"

### ਦਾਵਤੇ-ਅਮਲ

ਅੱਗ ਲੱਗੀ ਤਾਂ ਸਾਰਾ ਮੁਹੱਲਾ ਜਲ ਗਿਆ
ਸਿਰਫ ਇਕ ਦੁਕਾਨ ਬਚ ਗਈ,
ਜਿਸਦੇ ਮੱਥੇ ਤੇ ਇਹ ਬੋਰਡ ਲਟਕਿਆ ਹੋਇਆ ਸੀ-
"ਐਥੇ ਇਮਾਰਤ ਸਾਜ਼ੀ ਦਾ ਸਾਰਾ ਸਮਾਨ ਮਿਲਦਾ ਹੈ।"

### ਪਠਾਨੀਸਤਾਨ

"ਖ਼ੂੰ , ਇਕਦਮ ਜਲਦੀ ਬੋਲੋ, ਤੂੰ ਕੌਣ ਏਂ ?"
"ਮੈਂ....ਮੈਂ...।"
"ਖ਼ੂੰ, ਸ਼ੈਤਾਨ ਦਾ ਬੱਚਾ, ਜਲਦੀ ਬੋਲੋ.... ਹਿੰਦੂ ਏ ਯਾਂ ਮੁਸਲਮਾਨ ?"
"ਮੁਸਲਮਾਨ ।"
"ਖ਼ੂੰ, ਤੇਰਾ ਰਸੂਲ ਕੌਣ ਏ ?"
"ਮੁਹੰਮਦ ਖਾਨ ।"
"ਠੀਕ ਏ... ਜਾਓ।"

### ਖ਼ਬਰਦਾਰ

ਦੰਗਈ, ਮਾਲਿਕ ਮਕਾਨ ਨੂੰ
ਬੜੀ ਮੁਸ਼ਕਿਲ ਨਾਲ ਘਸੀਟ ਕੇ ਬਾਹਰ ਲੈ ਆਏ।
ਕਪੜੇ ਝਾੜ ਕੇ ਉਹ ਉੱਠ ਖੜ੍ਹਾ ਹੋਇਆ,
ਅਤੇ ਦੰਗਈਆਂ ਨੂੰ ਕਹਿਣ ਲੱਗਾ -
"ਤੁਸੀਂ ਮੈਨੂੰ ਮਾਰ ਸੁੱਟੋ, ਲੇਕਿਨ ਖ਼ਬਰਦਾਰ,
ਜੇ ਮੇਰੇ ਰੁਪਏ-ਪੈਸੇ ਨੂੰ ਹੱਥ ਲਾਇਆ...।"

### ਹਮੇਸ਼ਾ ਦੀ ਛੁੱਟੀ

"ਫੜ ਲਓ... ਫੜ ਲਓ... ਵੇਖਿਓ ਜਾਵੇ ਨਾ।"
ਸ਼ਿਕਾਰ ਥੋੜ੍ਹੀ ਜਿਹੀ ਦੂਰ ਦੌੜਣ ਤੋਂ ਬਾਅਦ ਫੜਿਆ ਗਿਆ।
ਜਦੋਂ ਭਾਲਾ ਉਸਦੇ ਆਰਪਾਰ ਹੋਣ ਲਈ ਅੱਗੇ ਵਧਿਆ ਤਾਂ
ਉਸਨੇ ਕੰਬਦੀ ਆਵਾਜ਼ ਵਿਚ ਗਿੜਗਿੜਾ ਕੇ ਕਿਹਾ -
"ਮੈਨੂੰ ਨਾ ਮਾਰੋ... ਮੈਂ ਛੁੱਟੀਆਂ ਵਿਚ ਆਪਣੇ ਘਰ ਜਾ ਰਿਹਾ ਹਾਂ।"

### ਸਾਅਤੇ ਸ਼ੀਰੀਂ

ਨਵੀਂ ਦਿੱਲੀ, ਜਨਵਰੀ 31 (ਏ.ਪੀ.) ਨਰਸੰਹਾਰ ਹੋਇਆ,
ਕਿ ਮਹਾਤਮਾ ਗਾਂਧੀ ਦੀ ਮੌਤ ਉੱਤੇ ਬੇਰਹਮੀ ਨਾਲ ਪ੍ਰਗਟਾਵੇ ਲਈ
ਅੰਮ੍ਰਿਤਸਰ, ਗਵਾਲੀਅਰ ਅਤੇ ਬੰਬਈ ਵਿਚ ਕਈ ਥਾਵਾਂ ਤੇ,
ਲੋਕਾਂ ਵਿਚ ਸ਼ੀਰੀਂ (ਮੁਸਲਮਾਨੀ ਖੀਰ) ਵੰਡੀ ਗਈ।

### ਹੈਵਾਨੀਅਤ

ਬੜੀ ਮੁਸ਼ਕਿਲ ਨਾਲ ਮੀਆਂ-ਬੀਵੀ ਘਰ ਦਾ ਥੋੜ੍ਹਾ ਜਿਹਾ ਸਮਾਨ ਬਚਾਉਣ ਵਿਚ ਕਾਮਯਾਬ ਹੋ ਗਏ।
ਇਕ ਜਵਾਨ ਲੜਕੀ ਸੀ, ਉਸ ਦਾ ਪਤਾ ਨਾ ਚੱਲਿਆ।
ਇਕ ਛੋਟੀ ਜਿਹੀ ਬੱਚੀ ਸੀ, ਉਸਨੂੰ ਮਾਂ ਨੇ ਆਪਣੀ ਛਾਤੀ ਨਾਲ ਚਿਪਕਾ ਕੇ ਰੱਖਿਆ।
ਇਕ ਬੂਰੀ ਮੱਝ ਸੀ, ਉਸਨੂੰ ਬਦਮਾਸ਼ ਹੱਕ ਕੇ ਲੈ ਗਏ।
ਇਕ ਗਊ ਸੀ, ਉਹ ਬਚ ਗਈ ਪਰ ਉਸਦਾ ਵੱਛਾ ਨੀ ਮਿਲਿਆ
ਮੀਆਂ-ਬੀਵੀ, ਉਸਦੀ ਛੋਟੀ ਲੜਕੀ ਅਤੇ ਗਊ ਇਕ ਜਗ੍ਹਾ ਲੁਕੇ ਹੋਏ ਸਨ।
ਸਖ਼ਤ ਹਨੇਰੀ ਰਾਤ ਸੀ, ਬੱਚੀ ਨੇ ਡਰ ਕੇ ਰੋਣਾ ਸ਼ੁਰੂ ਕਰ ਦਿੱਤਾ ਤਾਂ ਇੰਝ ਲੱਗ ਰਿਹਾ ਸੀ ਕਿ ਕੋਈ ਖ਼ਾਮੋਸ਼ ਵਾਤਾਵਰਣ ਵਿਚ ਢੋਲ ਵਜਾ ਰਿਹਾ ਹੋਵੇ।
ਮਾਂ ਨੇ ਘਬਰਾ ਕੇ ਬੱਚੀ ਦੇ ਮੂੰਹ ਉੱਤੇ ਹੱਥ ਰੱਖ ਦਿੱਤਾ, ਕਿ ਦੁਸ਼ਮਣ ਸੁਣ ਨਾ ਲੈਣ, ਆਵਾਜ਼ ਦਬ ਗਈ -
ਬਾਪ ਨੇ ਜ਼ਰੂਰੀ ਸਮਝਦੇ ਹੋਏ ਬੱਚੀ ਦੇ ਮੂੰਹ ਉੱਪਰ ਮੋਟੀ ਚਾਦਰ ਪਾ ਦਿੱਤੀ।
ਥੋੜ੍ਹੀ ਦੂਰ ਜਾਣ ਦੇ ਬਾਅਦ ਦੂਰੋਂ ਕਿਸੇ ਵੱਛੇ ਦੀ ਆਵਾਜ਼ ਆਈ, ਗਊ ਦੇ ਕੰਨ ਖੜ੍ਹੇ ਹੋ ਗਏ -
ਉਹ ਉੱਠੀ ਤੇ ਪਾਗਲਾਂ ਦੀ ਤਰ੍ਹਾਂ ਦੌੜਦੀ ਹੋਈ ਰੀਂਗਣ ਲੱਗੀ, ਉਸਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ, ਪਰ ਬੇਕਾਰ।
ਰੌਲਾ ਸੁਣ ਕੇ ਦੁਸ਼ਮਣ ਕਰੀਬ ਆ ਗਏ, ਮਸ਼ਾਲਾਂ ਦੀ ਰੌਸ਼ਨੀ ਦਿਖਣ ਲੱਗੀ।
ਬੀਵੀ ਨੇ ਆਪਣੇ ਮੀਆਂ ਨੂੰ ਬੜੇ ਗੁੱਸੇ ਨਾਲ ਕਿਹਾ : "ਤੂੰ ਕਿਉਂ ਇਸ ਹੈਵਾਨ ਨੂੰ ਆਪਣੇ ਨਾਲ ਲੈ ਆਇਆ ਸੀ ।

### ਪੂਰਵ ਪ੍ਰਬੰਧ

ਪਹਿਲੀ ਵਾਰਦਾਤ ਨਾਕੇ ਦੇ ਹੋਟਲ ਦੇ ਨੇੜੇ ਹੋਈ।
ਫ਼ੌਰਨ ਹੀ ਉੱਥੇ ਇਕ ਸਿਪਾਹੀ ਦਾ ਪਹਿਰਾ ਲਗਾ ਦਿੱਤਾ ਗਿਆ।
ਦੂਜੀ ਵਾਰਦਾਤ, ਦੂਜੇ ਹੀ ਦਿਨ ਸ਼ਾਮ ਨੂੰ ਸਟੋਰ ਸਾਹਮਣੇ ਹੋਈ।
ਸਿਪਾਹੀ ਨੂੰ ਪਹਿਲੀ ਜਗ੍ਹਾ ਤੋਂ ਹਟਾ ਕੇ ਦੂਜੀ ਵਾਰਦਾਤ ਦੇ ਮੁਕਾਮ ਉੱਪਰ ਨਿਯੁਕਤ ਕਰ ਦਿੱਤਾ ਗਿਆ।
ਤੀਸਰਾ ਕੇਸ ਰਾਤ ਦੇ ਬਾਰਾਂ ਵਜੇ ਲਾਂਡਰੀ ਨੇੜੇ ਹੋਇਆ।
ਜਦੋਂ ਇੰਸਪੈਕਟਰ ਨੇ ਸਿਪਾਹੀ ਨੂੰ ਇਸ ਨਵੀਂ ਜਗ੍ਹਾ ਤੇ ਪਹਿਰਾ ਦੇਣ ਦਾ ਹੁਕਮ ਦਿੱਤਾ ਤਾਂ ਉਸ ਨੇ ਕੁਝ ਦੇਰ ਗ਼ੌਰ ਕਰਨ ਦੇ ਬਾਅਦ ਕਿਹਾ -
"ਮੈਨੂੰ ਉਥੇ ਖੜ੍ਹਾ ਕਰੋ ਜਿਥੇ ਨਵੀਂ ਵਾਰਦਾਤ ਹੋਣ ਵਾਲੀ ਹੈ।"

### ਘਾਟੇ ਦਾ ਸੌਦਾ

ਦੋ ਦੋਸਤਾਂ ਨੇ ਮਿਲਕੇ ਦਸ-ਵੀਹ ਲੜਕੀਆਂ ਵਿਚੋਂ ਇਕ ਲੜਕੀ ਚੁਣੀ
ਅਤੇ ਬਿਆਲੀ ਰੁਪਏ ਦੇ ਕੇ ਉਸਨੰ ਖ਼ਰੀਦ ਲਿਆ।
ਰਾਤ ਗੁਜ਼ਾਰ ਕੇ ਇਕ ਦੋਸਤ ਨੇ ਉਸ ਲੜਕੀ ਨੂੰ ਪੁੱਛਿਆ, "ਤੇਰਾ ਨਾਂ ਕੀ ਐ ?"
ਲੜਕੀ ਨੇ ਆਪਣਾ ਨਾਂ ਦੱਸਿਆ ਤਾਂ ਉਹ ਚੌਂਕ ਉੱਠਿਆ,
"ਸਾਨੂੰ ਤਾਂ ਕਿਹਾ ਗਿਆ ਸੀ ਕਿ ਤੂੰ ਦੂਜੇ ਧਰਮ ਦੀ ਐਂ..."
ਲੜਕੀ ਨੇ ਜਵਾਬ ਦਿੱਤਾ - "ਉਸਨੇ ਝੂਠ ਬੋਲਿਆ ਸੀ।"
ਇਹ ਸੁਣ ਕੇ ਉਹ ਦੌੜਿਆ ਦੌੜਿਆ ਆਪਣੇ ਦੋਸਤ ਕੋਲ ਗਿਆ ਅਤੇ ਕਹਿਣ ਲੱਗਾ -
"ਉਸ ਹਰਾਮਜ਼ਾਦੇ ਨੇ ਸਾਡੇ ਨਾਲ ਧੋਖਾ ਕੀਤਾ ਹੈ, ਸਾਡੇ ਹੀ ਧਰਮ ਦੀ ਲੜਕੀ ਫੜਾ ਦਿੱਤੀ..
ਚਲੋ ਵਾਪਿਸ ਕਰ ਆਈਏ...!"

### ਯੋਗ ਕਾਰਵਾਈ

ਜਦੋਂ ਹਮਲਾ ਹੋਇਆ ਤਾਂ ਮੁਹੱਲੇ ਵਿਚ ਘੱਟ ਗਿਣਤੀ ਦੇ ਕੁਝ ਲੋਕ ਤਾਂ ਕਤਲ ਹੋ ਗਏ,
ਜੋ ਬਾਕੀ ਬਚੇ ਜਾਨ ਬਚਾਕੇ ਭੱਜ ਗਏ। ਇਕ ਆਦਮੀ ਅਤੇ ਉਸਦੀ ਪਤਨੀ ਕਿਸੇ ਵਸ ਆਪਣੇ ਘਰ ਦੇ ਤਹਿਖਾਨੇ ਵਿਚ ਲੁਕ ਗਏ,
ਦੋ ਦਿਨ ਅਤੇ ਦੋ ਰਾਤ ਛੁਪ ਕੇ ਰਹਿਣ ਪਿਛੋਂ ਪਤੀ ਪਤਨੀ ਨੇ ਹਮਲਾਵਰਾਂ ਦੇ ਆਉਣ ਦੀ ਆਸ ਵਿਚ ਗੁਜ਼ਾਰ ਦਿੱਤੇ ਪਰ ਕੋਈ ਨਾ ਆਇਆ।
ਦੋ ਦਿਨ ਹੋਰ ਕੱਢ ਦਿੱਤੇ, ਮੌਤ ਦਾ ਡਰ ਘਟਣ ਲੱਗਾ, ਭੁੱਖ ਤੇ ਪਿਆਸ ਨੇ ਜਿਆਦਾ ਤੰਗ ਕਰਨਾ ਸ਼ੁਰੂ ਕਰ ਦਿੱਤਾ।
ਚਾਰ ਦਿਨ ਹੋਰ ਬੀਤ ਗਏ, ਪਤੀ ਪਤਨੀ ਨੂੰ ਜਿੰਦਗੀ ਅਤੇ ਮੌਤ ਨਾਲ ਕੋਈ ਪਿਆਰ ਨਾ ਰਿਹਾ, ਦੋਵੇਂ ਪਨਾਹ ਦੀ ਜਗ੍ਹਾ ਤੋਂ ਬਾਹਰ ਨਿੱਕਲ ਆਏ।
ਪਤੀ ਨੇ ਹਲੀਮੀ ਨਾਲ ਆਵਾਜ਼ ਦਿੰਦਿਆਂ ਲੋਕਾਂ ਵੱਲ ਸੰਬੋਧਿਤ ਹੁੰਦਿਆਂ ਕਿਹਾ - "ਅਸੀਂ ਦੋਵੇਂ ਆਪਣਾ ਆਪ ਤੁਹਾਡੇ ਸਪੁਰਦ ਕਰਦੇ ਹਾਂ.. ਸਾਨੂੰ ਮਾਰ ਦਿਓ।"
ਜਿਨ੍ਹਾਂ ਨੂੰ ਸੰਬੋਧਿਤ ਕੀਤਾ ਸੀ ਉਹ ਸੋਚੀਂ ਪੈ ਗਏ - "ਸਾਡੇ ਧਰਮ ਵਿਚ ਤਾਂ ਜੀਵ-ਹੱਤਿਆ ਪਾਪ ਹੈ।"
ਉਨ੍ਹਾਂ ਆਪਸ ਵਿਚ ਸਲਾਹ ਕੀਤੀ ਅਤੇ ਪਤੀ-ਪਤਨੀ ਨੂੰ ਯੋਗ ਕਾਰਵਾਈ ਲਈ ਦੂਜੇ ਮੁਹੱਲੇ ਦੇ ਆਦਮੀਆਂ ਦੇ ਹਵਾਲੇ ਕਰ ਦਿੱਤਾ।

### ਨਿਮਰਤਾ

ਚੱਲਦੀ ਗੱਡੀ ਰੋਕ ਲਿੱਤੀ ਗਈ, ਜਿਹੜੇ ਦੂਜੇ ਧਰਮ ਦੇ ਸਨ,

ਉਨ੍ਹਾਂ ਨੂੰ ਕੱਢ ਕੇ ਤਲਵਾਰਾਂ ਅਤੇ ਗੋਲੀਆਂ ਨਾਲ ਹਲਾਕ ਕਰ ਦਿੱਤਾ ਗਿਆ।
ਇਸਤੋਂ ਵਿਹਲੇ ਹੋ ਕੇ ਗੱਡੀ ਦੇ ਬਾਕੀ ਮੁਸਾਫਿਰਾਂ ਦੀ ਕੜਾਹ, ਦੁੱਧ ਅਤੇ ਫਲਾਂ ਨਾਲ ਖਾਤਿਰ ਕੀਤੀ ਗਈ।
ਗੱਡੀ ਚੱਲਣ ਤੋਂ ਪਹਿਲਾਂ, ਖਾਤਿਰ ਵਾਲੇ ਪ੍ਰਬੰਧਕਾਂ ਨੇ ਮੁਸਾਫਿਰਾਂ ਨਾਲ ਸੰਬੋਧਤ ਹੁੰਦਿਆਂ ਕਿਹਾ,
"ਭਰਾਵੋ, ਅਤੇ ਭੈਣੋ, ਸਾਨੂੰ ਗੱਡੀ ਦੀ ਆਮਦ ਦੀ ਸੂਚਨਾ ਬਹੁਤ ਦੇਰ ਨਾਲ ਮਿਲੀ,
ਇਹੀ ਵਜ੍ਹਾ ਹੈ ਕਿ ਅਸੀਂ ਜਿਸ ਤਰ੍ਹਾਂ ਚਾਹੁੰਦੇ ਸਾਂ, ਉਸ ਤਰ੍ਹਾਂ ਤੁਹਾਡੀ ਸੇਵਾ ਨਾ ਕਰ ਸਕੇ...।"

## ਸੇਵਾ

ਉਸਦੀ ਖੁਦਕੁਸ਼ੀ ਉੱਤੇ
ਉਸਦੇ ਇਕ ਦੋਸਤ ਨੇ ਕਿਹਾ –
"ਬਹੁਤ ਹੀ ਬੇਵਕੂਫ ਸੀ ਜੀ...
ਮੈਂ ਲੱਖ ਸਮਝਾਇਆ ਕਿ
ਦੇਖੋ ਜੇਕਰ ਤੇਰੇ ਕੇਸ ਕੱਟ ਦਿੱਤੇ ਗਏ ਹਨ
ਅਤੇ ਦਾੜ੍ਹੀ ਮੁੰਨ ਦਿੱਤੀ ਗਈ ਹੈ
ਤਾਂ ਇਸਦਾ ਇਹ ਮਤਲਬ ਨਹੀਂ
ਕਿ ਤੇਰਾ ਧਰਮ ਖ਼ਤਮ ਹੋ ਗਿਆ..
ਰੋਜ ਦਹੀਂ ਇਸਤੇਮਾਲ ਕਰੋ..
ਵਾਹਿਗੁਰੂ ਜੀ ਨੇ ਚਾਹਿਆ
ਤਾਂ ਇਕ ਹੀ ਸਾਲ ਵਿਚ ਉਦਾਂ ਦੇ ਹੋ ਜਾਓਗੇ....।"

16. ਨਿਗਰਾਨੀ ਵਿਚ
"ਕ" ਆਪਣੇ ਦੋਸਤ "ਖ" ਆਪਣਾ ਹਮਧਰਮ ਜਾਹਿਰ ਕਰਕੇ
ਉਸਨੂੰ ਸੁਰੱਖਿਅਤ ਸਥਾਨ ਉੱਤੇ ਪਹੁਚਾਉਣ ਦੇ ਲਈ
ਮਿਲਟਰੀ ਦੇ ਇਕ ਦਸਤੇ ਨਾਲ ਰਵਾਨਾ ਹੋਇਆ।
ਰਸਤੇ ਵਿਚ "ਖ" ਨੇ ਜਿਸਦਾ ਧਰਮ ਕਾਰਣਵਸ ਬਦਲ ਗਿਆ ਸੀ, ਨੂੰ ਮਿਲਟਰੀ ਵਾਲਿਆਂ ਨੇ ਪੁੱਛਿਆ, "ਕਿਓਂ ਜਨਾਬ, ਆਸਪਾਸ ਕੋਈ ਵਾਰਦਾਤ ਤਾਂ ਨਹੀਂ ਹੋਈ ?"
ਜਵਾਬ ਮਿਲਿਆ, "ਕੋਈ ਖਾਸ ਨਹੀਂ.. ਫਲਾਨੇ ਮੁਹੱਲੇ ਵਿਚ ਸ਼ਾਇਦ ਇਕ ਕੁੱਤਾ ਮਾਰਿਆ ਗਿਆ।"
ਸਹਿਮ ਕੇ "ਕ" ਨੇ ਪੁੱਛਿਆ, "ਕੋਈ ਹੋਰ ਖ਼ਬਰ ?"
ਜਵਾਬ ਮਿਲਿਆ, "ਖਾਸ ਨਹੀਂ.. ਨਹਿਰ ਵਿਚ ਤਿੰਨ ਕੁੱਤਿਆਂ ਦੀਆਂ ਲਾਸ਼ਾ ਮਿਲੀਆਂ ਹਨ।"
"ਕ" ਨੇ "ਖ" ਦੀ ਖ਼ਾਤਿਰ ਮਿਲਟਰੀ ਵਾਲਿਆਂ ਨੂੰ ਕਿਹਾ, "ਮਿਲਟਰੀ ਕੁਝ ਇੰਤਜ਼ਾਮ ਨਹੀਂ ਕਰਦੀ ?"
ਜਵਾਬ ਮਿਲਿਆ, "ਕਿਉਂ ਨਹੀਂ, ਸਭ ਕੰਮ ਉਸਦੀ ਨਿਗਰਾਨੀ ਵਿਚ ਹੁੰਦਾ ਹੈ...।"

## ਜੁੱਤਾ

ਹਜ਼ੂਮ ਨੇ ਪਾਸਾ ਮੋੜਿਆ, ਅਤੇ ਸਰ ਗੰਗਾ ਰਾਮ ਦੇ ਬੁੱਤ ਉੱਤੇ ਟੁੱਟ ਪਿਆ।
ਲਾਠੀਆਂ ਵਰਸਾਈਆਂ ਗਈਆਂ,
ਇੱਟਾਂ ਅਤੇ ਪੱਥਰ ਸੁੱਟੇ ਗਏ,
ਇੱਕ ਨੇ ਮੂੰਹ ਉੱਤੇ ਤਾਰਕੋਲ ਮਲ ਦਿੱਤਾ,
ਦੂਜੇ ਨੇ ਬਹੁਤ ਸਾਰੇ ਪੁਰਾਣੇ ਜੁੱਤੇ ਜਮ੍ਹਾਂ ਕੀਤੇ
ਅਤੇ ਉਨ੍ਹਾਂ ਦਾ ਹਾਰ ਬਣਾ ਕੇ ਬੁੱਤ ਦੇ ਗਲੇ ਵਿਚ
ਪਾਉਣ ਲਈ ਅੱਗੇ ਵਧਿਆ
ਕਿ ਪੁਲਿਸ ਆ ਗਈ ਅਤੇ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ
ਜੁੱਤੀਆਂ ਦਾ ਹਾਰ ਪਹਿਣਾਉਣ ਵਾਲਾ ਜਖ਼ਮੀ ਹੋ ਗਿਆ,
ਸੋ ਮਲ੍ਹਮ ਪੱਟੀ ਦੇ ਲਈ ਉਸਨੂੰ
ਸਰ ਗੰਗਾ ਰਾਮ ਹਸਪਤਾਲ ਵਿਚ ਭੇਜ ਦਿੱਤਾ ਗਿਆ।

## ਰਿਆਇਤ

"ਮੇਰੀਆਂ ਅੱਖਾਂ ਸਾਹਮਣੇ
ਮੇਰੀ ਜਵਾਨ ਬੇਟੀ ਨੂੰ
ਨਾ ਮਾਰੋ...."
"ਚਲੋ, ਇਸਦੀ ਮੰਨ ਲਵੋ..
ਕਪੜੇ ਉਤਾਰ ਕੇ
ਹੱਕ ਦਿਓ ਇੱਕ ਪਾਸੇ ਨੂੰ...।"

## ਸੌਰੀ

ਛੁਰੀ
ਪੇਟ ਚੀਰਦੀ ਹੋਈ
ਨੇਫ਼ੇ ਦੇ ਥੱਲੇ ਤੱਕ ਚਲੀ ਗਈ
ਨਾਜ਼ੁਕ ਸ਼ੈਅ ਕਟ ਗਈ।
ਛੁਰੀ ਮਾਰਨ ਵਾਲੇ ਦੇ
ਮੂੰਹ ਤੋਂ
ਅਚਾਨਕ
ਆਇਤ ਨਿੱਕਲੀ,
"ਚ..ਚ..ਚ.. ਮਿਸਟੇਕ ਹੋ ਗਿਆ।"

20. ਸਲਾਹ
"ਕੌਣ ਹੋ ਤੁਸੀਂ ?"
"ਤੁਸੀਂ ਕੌਣ ਹੋ ?"
"ਹਰ-ਹਰ ਮਹਾਂਦੇਵ.. ਹਰ-ਹਰ ਮਹਾਂਦੇਵ।"
"ਹਰ-ਹਰ ਮਹਾਂਦੇਵ।"
"ਸਬੂਤ ਕੀ ਹੈ ?"
"ਸਬੂਤ... ਮੇਰਾ ਨਾਂ ਧਰਮ ਚੰਦ ਹੈ ?"
"ਇਹ ਕੋਈ ਸਬੂਤ ਨਹੀਂ।"
"ਚਾਰ ਵੇਦਾਂ ਵਿਚੋਂ ਕੋਈ ਗੱਲ ਮੈਨੂੰ ਪੁੱਛ ਲਵੋ।"
"ਅਸੀਂ ਵੇਦਾਂ ਨੂੰ ਨਹੀਂ ਜਾਣਦੇ.. ਸਬੂਤ ਦਿਓ"
"ਕੀ ?"
"ਪਜਾਮਾ ਢਿੱਲਾ ਕਰੋ ?"
ਪਜਾਮਾ ਢਿੱਲਾ ਹੋਇਆ.. ਤਾਂ ਸ਼ੋਰ ਮਚ ਗਿਆ, "ਮਾਰ ਦਿਓ.. ਮਾਰ ਦਿਓ"
"ਠਹਿਰੋ, ਠਹਿਰੋ.. ਮੈਂ ਤੁਹਾਡਾ ਭਰਾ ਹਾਂ.. ਰੱਬ ਦੀ ਸਹੁੰ, ਤੁਹਾਡਾ ਭਰਾ ਹਾਂ।"
"ਤਾਂ ਇਹ ਕੀ ਸਿਲਸਿਲਾ ਹੈ ?"
"ਜਿਸ ਇਲਾਕੇ ਤੋਂ ਆ ਰਿਹਾ ਹਾਂ, ਉਹ ਸਾਡੇ ਦੁਸ਼ਮਣਾਂ ਦਾ ਹੈ,
ਇਸ ਲਈ ਮਜਬੂਰਨ ਮੈਨੂੰ ਅਜਿਹਾ ਕਰਨਾ ਪਿਆ, ਸਿਰਫ ਆਪਣੀ ਜਾਨ ਬਚਾਉਣ ਲਈ..
ਇਕ ਇਹੋ ਗ਼ਲਤੀ ਹੋ ਗਈ,ਬਾਕੀ ਮੈਂ ਬਿਲਕੁਲ ਠੀਕ ਹਾਂ..।"
"ਉਡਾ ਦਿਓ ਗ਼ਲਤੀ ਨੂੰ"
ਗ਼ਲਤੀ ਉਡਾ ਦਿੱਤੀ ਗਈ, ਧਰਮਚੰਦ ਵੀ ਨਾਲ ਹੀ ਉੱਡ ਗਿਆ।

## ਸਫ਼ਾਈ ਪਸੰਦ

ਗੱਡੀ ਰੁਕੀ ਹੋਈ ਸੀ।
ਤਿੰਨ ਬੰਦੂਕਚੀ ਇਕ ਡੱਬੇ ਕੋਲ ਆਏ।
ਖਿੜਕੀਆਂ ਵਿਚੋਂ ਅੰਦਰ ਝਾਕ ਕੇ ਉਨ੍ਹਾਂ ਮੁਸਾਫਰਾਂ ਕੋਲੋਂ ਪੁੱਛਿਆ –
"ਕਿਉਂ ਜਨਾਬ, ਕੋਈ ਮੁਰਗਾ ਹੈ ?"
ਇਕ ਮੁਸਾਫਰ ਕੁਝ ਕਹਿੰਦਾ ਕਹਿੰਦਾ ਰੁਕ ਗਿਆ।
ਬਾਕੀਆਂ ਨੇ ਜਵਾਬ ਦਿੱਤਾ, "ਜੀ ਨਹੀਂ।"
ਥੋੜ੍ਹੀ ਦੇਰ ਬਾਅਦ ਚਾਰ ਭਾਲਿਆਂ ਨਾਲ ਲੈਸ ਵਿਅਕਤੀ ਆਏ,
ਖਿੜਕੀਆਂ ਵਿਚੋਂ ਅੰਦਰ ਝਾਕ ਕੇ ਉਨ੍ਹਾਂ ਮੁਸਾਫਰਾਂ ਨੂੰ ਪੁੱਛਿਆ –
"ਕਿਉਂ ਜਨਾਬ ਕੋਈ ਮੁਰਗਾ – ਵੁਰਗਾ ਹੈ ?"
ਉਸ ਮੁਸਾਫਰ ਨੇ ਜੋ ਪਹਿਲਾਂ ਕੁਝ ਕਹਿੰਦਾ-ਕਹਿੰਦਾ ਰੁਕ ਗਿਆ ਸੀ, ਜਵਾਬ ਦਿੱਤਾ, "ਜੀ ਪਤਾ ਨਹੀਂ.. ਤੁਸੀਂ ਅੰਦਰ ਆਕੇ ਪੇਟੀ ਵਿਚ ਵੇਖ ਲਵੋ।"
ਭਾਲਿਆਂ ਵਾਲੇ ਅੰਦਰ ਦਾਖਲ ਹੋਏ, ਪੇਟੀ ਤੋੜੀ ਗਈ ਤਾਂ ਉਸ ਵਿਚੋਂ ਇਕ ਮੁਰਗਾ ਨਿੱਕਲ ਆਇਆ।
ਇਕ ਭਾਲੇ ਵਾਲੇ ਨੇ ਕਿਹਾ – "ਕਰ ਦਿਓ ਹਲਾਲ।"
ਦੂਜੇ ਨੇ ਕਿਹਾ – "ਨਹੀਂ ਇਥੇ ਨਹੀਂ... ਡੱਬਾ ਖਰਾਬ ਹੋ ਜਾਊ.. ਬਾਹਰ ਲੈ ਚੱਲੋ।"

## ਸਦਕੇ ਉਸਦੇ

ਮੁਜਰਾ ਖ਼ਤਮ ਹੋਇਆ।
ਤਮਾਸ਼ਬੀਨ ਵਿਦਾ ਹੋ ਗਏ।
ਉਸਤਾਦ ਜੀ ਨੇ ਕਿਹਾ-
"ਸਭ ਕੁਝ ਲੁਟਵਾ ਕੇ
ਐਥੇ ਆਏ ਸੀ,
ਲੇਕਿਨ ਅੱਲਾ ਮੀਆਂ ਨੇ
ਕੁਝ ਦਿਨਾਂ ਵਿਚ ਹੀ
ਵਾਰੇ-ਨਿਆਰੇ ਕਰ ਦਿੱਤੇ।"

## ਸਮਾਜਵਾਦ

ਉਹ ਆਪਣੇ ਘਰ ਦਾ ਤਮਾਮ ਜ਼ਰੂਰੀ ਸਮਾਨ
ਇਕ ਟਰੱਕ ਵਿਚ ਲੱਦ ਕੇ
ਦੂਜੇ ਸ਼ਹਿਰ ਜਾ ਰਿਹਾ ਸੀ
ਕਿ ਰਸਤੇ ਵਿਚ
ਲੋਕਾਂ ਨੇ ਉਸਨੂੰ ਰੋਕ ਲਿਆ।
ਟਰੱਕ ਦੇ ਮਾਲ-ਸਮਾਨ ਉੱਪਰ ਲਾਲਚੀਆਂ ਨੇ ਨਜ਼ਰਾਂ ਗੱਡਦਿਆਂ ਕਿਹਾ –
"ਦੇਖੋ ਯਾਰ, ਕਿਸ ਮਜ਼ੇ ਨਾਲ ਐਨਾ ਮਾਲ ਇੱਕਲਾ ਹੀ ਉਡਾ ਕੇ ਲੈ ਜਾ ਰਿਹਾ ਹੈ"
ਸਮਾਨ ਦੇ ਮਾਲਕ ਨੇ ਮੁਸਕੁਰਾ ਕੇ ਕਿਹਾ – "ਜਨਾਬ, ਇਹ ਮੇਰਾ ਆਪਣਾ ਹੈ"
ਦੋ-ਤਿੰਨ ਆਦਮੀ ਹੱਸੇ – "ਅਸੀਂ ਸਭ ਜਾਣਦੇ ਹਾਂ"
ਇੱਕ ਆਦਮੀ ਚੀਕਿਆ- "ਲੁੱਟ ਲਓ.. ਇਹ ਅਮੀਰ ਆਦਮੀ ਹੈ.. ਟਰੱਕ ਲੈ ਕੇ ਚੋਰੀਆਂ ਕਰਦੈ।"



# Hundred Years after the Socialist Revolution

## Revolution, Impact & Legacy

**A Publication of:**
**Progressive Peoples Foundation of Edmonton**




**Edited by: Dr. P. R. Kalia**
Member's Advisory: Prof. Raj Pannu and Rabinder Saran
**Authors: Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**

Paperback: 225 pages; Price: $10:00 To be released in October, 2017

Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.

The book comprises of 14 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.

The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.



# Matrimonial

### ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

### ਕੰਨਿਆ ਦੀ ਲੋੜ

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

Jat Sikh canadian citizen, well settled, handsome, clean shaven, non Drinker 30 yr 6'1ÓÓ tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

---

### ਕੰਨਿਆ ਦੀ ਲੋੜ

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 ÒÒ feet. 11 acres Property for both brother's. Contact : 780 807 0375

---

ਜੱਟ ਸਿੱਖ ਪੂਨੀਆਂ 28 ਸਾਲ, ਕੱਦ 5'-7', ਪੜ੍ਹੇ ਲਿਖੇ, ਵੈਸ਼ਨੂੰ, ਡਿਪਲੋਮਾ ਹੋਲਡਰ, 15 ਏਕੜ ਜ਼ਮੀਨ, ਇੰਡੀਆ ਰਹਿੰਦੇ ਇਕਲੌਤੇ ਲੜਕੇ ਲਈ ਕਨੇਡੀਅਨ ਸਿਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। ਮਾਂ-ਬਾਪ ਜਲਦੀ ਹੀ ਪੱਕੇ ਤੌਰ 'ਤੇ ਕਨੇਡਾ ਆ ਰਹੇ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-236-1325 ਜਾਂ 98143-53113

----

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ

### ਕੰਨਿਆ ਦੀ ਲੋੜ

ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is

### ਕੰਨਿਆ ਦੀ ਲੋੜ

CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6ÓÓ, very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

### ਵਰ ਦੀ ਲੋੜ

Wanted a professional match for B.Tech (comp) Jat-Sikh girl, 5'-3, 27yrs, of educated and well settled Chandigarh based family owning rural and urban property in Mansa district. Father working on a senior position and mother house wife. Girl employed in leading MNC. email : anonymous_dhaliwal@yahoo.com

---

# Classified Plus


## House for Rent

5 bedroom bi level house for rent in Millwood. 5 bedrooms 3 full bathroom with double attached garage big back yard. Very quite location. Close to gurdwara. School and shopping center For more information call :-
780 953 3029



## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ।
Email : info@westforkinteriors.com

# ਗੁਜਰਾਤ ਚੋਣਾਂ : ਵਿਕਾਸ ਪਹਿਲਾਂ 'ਪਗ਼ਲਾਇਆ' ਫੇਰ 'ਧਾਰਮਕ' ਹੋਇਆ



ਪਾਰਸ ਕੇ. ਝਾਅ

ਵਿਕਾਸ ਦੇ ਮੁੱਦੇ 'ਤੇ ਸ਼ੁਰੂ ਹੋਇਆ ਗੁਜਰਾਤ ਦਾ ਚੋਣ ਪ੍ਰਚਾਰ ਜਿਸ ਵਿਚ ਪਹਿਲਾਂ ਵਿਕਾਸ ਪਾਗ਼ਲ ਹੋ ਗਿਆ ਅਤੇ ਇਸ ਪ੍ਰਚਾਰ ਦੇ ਅੰਤ ਵਿਚ ਵਿਕਾਸ ਧਾਰਮਕ ਬਣ ਗਿਆ। ਹੁਣ ਗੁਜਰਾਤ ਦੇ ਲੋਕ ਪਾਗ਼ਲ ਹੋਏ ਵਿਕਾਸ ਨੂੰ ਵੋਟ ਦਿੰਦੇ ਹਨ ਜਾਂ ਧਾਰਮਕ ਵਿਕਾਸ ਨੂੰ ਦਿੰਦੇ ਹਨ, ਇਹ ਤਾਂ 18 ਦਸੰਬਰ ਨੂੰ ਨਤੀਜਿਆਂ ਦੇ ਦਿਨ ਹੀ ਪਤਾ ਚਲੇਗਾ। ਗੁਜਰਾਤ ਦੇ ਚੋਣ ਪ੍ਰਚਾਰ ਵਿਚ ਇਸ ਵਾਰ ਸਾਰੀਆਂ ਚੀਜ਼ਾਂ ਨਵੀਆਂ ਅਤੇ ਹੈਰਾਨੀਜਨਕ ਸਨ। ਕਾਂਗਰਸ ਸਾਫਟ ਹਿੰਦੂਤਵ ਦੇ ਮਾਮਲੇ ਵਿਚ ਅੱਗੇ ਵਧਦੀ ਦਿਖਾਈ ਦਿੱਤੀ ਤਾਂ ਭਾਜਪਾ ਨੇ ਵੀ ਵਿਕਾਸ ਦੇ ਮੁੱਦੇ ਨੂੰ ਪਰ੍ਹੇ ਰੱਖ ਕੇ ਅਖ਼ੀਰ ਵਿਚ ਰਾਮ ਮੰਦਿਰ, ਤਿੰਨ ਤਲਾਕ ਵਰਗੇ ਮੁੱਦੇ ਚੁੱਕਣ ਦੀ ਕੋਸ਼ਿਸ਼ ਕੀਤੀ।

ਭਾਜਪਾ ਨੇ ਇਸ ਗੱਲ ਦਾ ਵੀ ਪ੍ਰਚਾਰ ਕੀਤਾ ਕਿ ਕਾਂਗਰਸ ਨੇ ਗੁਜਰਾਤ ਅਤੇ ਗੁਜਰਾਤ ਦੇ ਨੇਤਾਵਾਂ ਨਾਲ ਅਨਿਆਂ ਕੀਤਾ ਹੈ। ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ ਦੇ ਮੁਕਾਬਲੇ ਹਾਰਦਿਕ ਪਟੇਲ ਦੀਆਂ ਰੈਲੀਆਂ ਵਿਚ ਉਮੜੀ ਭੀੜ ਨੇ ਵੀ ਭਾਜਪਾ ਨੂੰ ਚਿੰਤਤ ਕੀਤਾ।

### ਹਟ ਕੇ ਰਿਹਾ ਚੋਣ ਪ੍ਰਚਾਰ...

ਸਰਦਾਰ ਪਟੇਲ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋਫੈਸਰ ਬਲਦੇਵ ਆਗਜਾ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਗੁਜਰਾਤ ਵਿਧਾਨ ਸਭਾ ਦੀਆਂ ਪਿਛਲੀਆਂ 13 ਚੋਣਾਂ ਤੋਂ ਹਟ ਕੇ ਪ੍ਰਚਾਰ ਦੇਖਣ ਨੂੰ ਮਿਲਿਆ, ਕਾਂਗਰਸ ਨੇ ਆਪਣੀ ਘੱਟ ਗਿਣਤੀ ਪਹੁੰਚ ਵਾਲੀ ਦਿਖ ਤੋੜ ਕੇ ਸਾਫ਼ਟ ਹਿੰਦੂਤਵ ਦਾ ਰਾਹ ਚੁਣਿਆ। ਰਾਹੁਲ ਗਾਂਧੀ ਪ੍ਰਚਾਰ ਦੌਰਾਨ ਬਹੁਤ ਸਾਰੇ ਮੰਦਿਰ ਵੀ ਗਏ। ਕਾਂਗਰਸ ਨੇ ਸ਼ਹਿਰੀ ਮੱਧ ਵਰਗ ਅਤੇ ਪੇਂਡੂ ਵਰਗ ਨਾਲ ਹਿੰਦੂਤਵ ਦੇ ਮੁੱਦੇ 'ਤੇ ਆਪਣੇ ਆਪ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਹੈ।

ਪ੍ਰੋਫੈਸਰ ਆਗਜਾ ਨੇ ਅੱਗੇ ਕਿਹਾ ਕਿ ਭਾਜਪਾ ਨੇ ਉਸ ਦੇ ਚੋਣ ਪ੍ਰਚਾਰ ਦੀ ਸ਼ੁਰੂਆਤ ਵਿਕਾਸ ਦੀਆਂ ਗੱਲਾਂ ਨਾਲ ਕੀਤੀ ਪਰ ਉਨ੍ਹਾਂ ਦਾ ਵਿਕਾਸ ਸਮਾਜ ਦੇ ਆਖ਼ਰੀ ਸਿਰੇ ਤੱਕ ਨਾ ਪਹੁੰਚਿਆ ਇਸ ਲਈ ਲੋਕਾਂ ਵਿਚ ਇਸ ਗੱਲ ਦਾ ਅਸਰ ਜ਼ਿਆਦਾ ਨਹੀਂ ਦੇਖਣ ਨੂੰ ਮਿਲਿਆ, ਇਸ ਲਈ ਸ਼ੁਰੂਆਤ ਦੇ 10 ਦਿਨ ਦੇ ਵਿਕਾਸ ਆਧਾਰਤ ਪ੍ਰਚਾਰ ਮਗਰੋਂ ਭਾਜਪਾ ਵੀ ਹਿੰਦੂਤਵ ਦੇ ਮੁੱਦੇ 'ਤੇ ਮੁੜ ਗਈ ਅਤੇ ਆਖ਼ਰਕਾਰ ਉਨ੍ਹਾਂ ਦਾ ਵਿਕਾਸ ਧਾਰਮਕ ਬਣ ਗਿਆ।

ਉਨ੍ਹਾਂ ਨੇ ਅੱਗੇ ਕਿਹਾ ਕਿ ਗੁਜਰਾਤ ਘਟਨਾਪ੍ਰਸਤ ਸੂਬਾ ਹੈ, ਇੱਥੇ ਹੋਣ ਵਾਲੀਆਂ ਵੱਡੀਆਂ ਘਟਨਾਵਾਂ ਦਾ ਅਸਰ ਲੋਕਾਂ ਦੇ ਦਿਲੋ-ਦਿਮਾਗ਼ 'ਤੇ ਰਹਿੰਦਾ ਹੈ। ਇਸ ਲਈ 2015 ਵਿਚ ਸ਼ੁਰੂ ਹੋਇਆ ਪਾਟੀਦਾਰ ਅਨਾਮਤ ਅੰਦੋਲਨ ਇਨ੍ਹਾਂ ਚੋਣਾਂ ਵਿਚ ਪਾਟੀਦਾਰਾਂ ਨੂੰ ਭਾਜਪਾ ਖ਼ਿਲਾਫ਼ ਕਰ ਰਿਹਾ ਹੈ।

### ਵਿਕਾਸ ਮੁੱਦਾ ਹੀ ਨਹੀਂ ਰਿਹਾ...

ਚੋਣਾਂ ਦੇ ਪ੍ਰਚਾਰ ਵਿਚ ਵਿਕਾਸ ਦੇ ਮੁੱਦੇ ਨੂੰ ਭਾਜਪਾ ਮੰਨਦੀ ਹੋਵੇਗੀ ਪਰ ਗੁਜਰਾਤ ਨਹੀਂ ਮੰਨਦਾ। ਭਾਜਪਾ ਨੇ ਉਸ ਦੇ ਵਿਕਾਸ ਦੇ ਮੁੱਦੇ ਦੇ ਬਦਲੇ 1979 ਵਿਚ ਮੋਰਬੀ ਵਿਚ ਹੋਈ ਤਬਾਹੀ 'ਤੇ ਇੰਦਰਾ ਗਾਂਧੀ ਨੇ ਮੂੰਹ 'ਤੇ ਰੁਮਾਲ ਧਰ ਰੱਖਿਆ ਸੀ ਅਜਿਹੇ ਮੁੱਦੇ ਵੀ ਚੁੱਕੇ, ਜਿਸ ਦੇ ਉਮੀਦ ਜਿੰਨੇ ਸਿੱਟੇ ਨਹੀਂ ਮਿਲੇ।

ਇਸ ਬਾਰੇ ਸੀਨੀਅਰ ਪੱਤਰਕਾਰ ਅਤੇ ਸਿਆਸੀ ਮਾਹਰ ਉਰਵਿਸ਼ ਕੋਠਾਰੀ ਕਹਿੰਦੇ ਹਨ ਕਿ ਇਨ੍ਹਾਂ ਚੋਣਾਂ ਵਿਚ ਪ੍ਰਚਾਰ ਦੀ ਸ਼ੁਰੂਆਤ ਕਿਸੇ ਪੱਖ ਨੇ ਨਹੀਂ ਕੀਤੀ ਸੀ। ਵਿਕਾਸ ਪਾਗ਼ਲ ਹੋ ਗਿਆ, ਉਹ ਟਰੈਂਡ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ, ਉਹੀ ਮੇਰੇ ਹਿਸਾਬ ਨਾਲ ਇਕ ਫ਼ੈਸਲਾਕੁਨ ਘਟਨਾ ਸੀ। ਇਸ ਟਰੈਂਡ ਦੀ ਸ਼ੁਰੂਆਤ ਬਰਸਾਤ ਦੇ ਮੌਸਮ ਮਗਰੋਂ ਰਸਤੇ 'ਤੇ ਪਏ ਖੱਡਿਆਂ ਕਾਰਨ ਹੋਈ ਸੀ।

ਗੁਜਰਾਤ ਚੋਣਾਂ ਵਿਚ ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਕਿ ਜਦੋਂ ਲੋਕਾਂ ਵਿਚਾਲੇ ਕੋਈ ਮੁੱਦਾ ਆਏ ਜਾਂ ਫਿਰ ਲੋਕਾਂ ਦੀ ਨਾਰਾਜ਼ਗੀ ਖ਼ੁਦ ਵੱਡਾ ਮੁੱਦਾ ਬਣ ਜਾਵੇ ਅਤੇ ਉਹੀ ਮੁੱਦਾ ਖ਼ੁਦ ਵਿਰੋਧੀ ਧਿਰ ਦੀ ਭੂਮਿਕਾ ਅਦਾ ਕਰੇ। ਉਹ ਅੱਗੇ ਕਹਿੰਦੇ ਹਨ ਕਿ ਕਾਂਗਰਸ ਨੇ ਤਾਂ ਇਸ ਮੁੱਦੇ 'ਤੇ ਸਿਰਫ਼ ਸਵਾਰੀ ਹੀ ਕਰਨੀ ਸੀ ਜੋ ਕਿ ਉਸ ਨੇ ਕੀਤੀ। ਕਾਂਗਰਸ ਹਮੇਸ਼ਾ ਵਾਂਗ ਚੋਣ ਪ੍ਰਚਾਰ ਲਈ ਦੇਰ ਨਾਲ ਜਾਗੀ। ਵਿਕਾਸ ਪਾਗ਼ਲ ਹੋ ਗਿਆ, ਜਦੋਂ ਟਰੈਂਡ ਹੋਇਆ ਤਾਂ ਕਾਂਗਰਸ ਜਾਗੀ ਹੋਈ ਨਹੀਂ ਸੀ।

ਪਰ ਜਦੋਂ ਤੋਂ ਕਾਂਗਰਸ ਨੇ ਪ੍ਰਚਾਰ ਸ਼ੁਰੂ ਕੀਤਾ ਉਦੋਂ ਤੋਂ ਰਾਹੁਲ ਗਾਂਧੀ ਬਿਹਤਰ ਕਾਪੀਰਾਈਟਰ ਨਾਲ ਦਿਖਾਈ ਦਿੱਤੇ। ਉਨ੍ਹਾਂ ਦੇ ਭਾਸ਼ਣਾਂ ਵਿਚ ਇਸ ਵਾਰ ਇਕ ਅਦਾ ਦੇਖਣ ਨੂੰ ਮਿਲੀ, ਜਿਸ ਲਈ ਉਹ ਜਾਣੇ ਨਹੀਂ ਜਾਂਦੇ ਸਨ। ਕਾਂਗਰਸ ਜਿਸ ਲਈ ਬਦਨਾਮ ਹੋਈ ਹੈ, ਉਹ ਗੱਲ ਸਹੀ ਹੋਵੇ ਜਾਂ ਨਾ ਪਰ ਘੱਟ ਗਿਣਤੀਆਂ (ਮੁਸਲਿਮ, ਇਸਾਈ) ਦੀ ਤਰਫ਼ਦਾਰੀ ਕਰਨ ਨਾਲ ਰਾਹੁਲ ਗਾਂਧੀ ਨੇ ਸੋਚ ਸਮਝ ਕੇ ਫ਼ਰਕ ਬਣਾਈ ਰੱਖਿਆ। ਜਿਸ ਕਾਰਨ ਵਿਰੋਧੀ ਧਿਰ ਨੂੰ ਉਹ ਮੌਕਾ ਨਾ ਮਿਲਿਆ, ਜਿਸ ਨੂੰ ਉਹ ਚਾਹੁੰਦਾ ਸੀ।

### ਪ੍ਰਚਾਰ ਦੌਰਾਨ ਕੀ-ਕੀ ਹੋਇਆ ?

ਉਨ੍ਹਾਂ ਨੇ ਅੱਗੇ ਕਿਹਾ ਕਿ ਭਾਜਪਾ ਨੂੰ ਉਸ ਦੇ ਪ੍ਰਚਾਰ ਵਿਚ ਵਿਕਾਸ ਪਾਗ਼ਲ ਹੋ ਗਿਆ ਹੈ, ਉਸ ਟਰੈਂਡ ਦਾ ਵਿਰੋਧ ਕਰਨਾ ਪਿਆ ਕਿਉਂਕਿ ਉਸ ਦਾ ਗੁਜਰਾਤ ਮਾਡਲ ਦਾਅ 'ਤੇ ਲੱਗਾ ਹੋਇਆ ਹੈ। ਇਕ ਪਾਸੇ ਉਨ੍ਹਾਂ ਨੇ ਗੁਜਰਾਤ ਵਿਚ ਸਚਮੁੱਚ ਵਿਕਾਸ ਹੋਇਆ, ਇਹ ਗੱਲ ਸਿੱਧ ਵੀ ਕਰਨੀ ਸੀ ਤੇ ਦੂਸਰੇ ਪਾਸੇ ਕਾਂਗਰਸ ਉਹੀ ਪੁਰਾਣੀ, ਦਾਗ਼ੀ ਤੇ ਭ੍ਰਿਸ਼ਟਾਚਾਰੀ ਕਾਂਗਰਸ ਹੈ, ਇਹ ਵੀ ਸਿੱਧ ਕਰਨਾ ਸੀ।

ਭਾਜਪਾ ਦਾ ਚੋਣ ਪ੍ਰਚਾਰ ਵਿਕਾਸ ਦੇ ਮਾਮਲੇ ਵਿਚ ਬਚਾਅ ਦੀ ਭੂਮਿਕਾ ਵਿਚ ਰਿਹਾ। ਪਰ ਹੋਰ ਮੁੱਦੇ 'ਤੇ ਜਦੋਂ ਉਹ ਹਮਲਾਵਰ ਬਣਨ ਗਏ, ਉਦੋਂ ਅਣਜਾਣੇ ਕਾਰਨਾਂ ਕਾਰਨ ਉਨ੍ਹਾਂ ਦਾ ਹਮਲਾਵਰ ਪ੍ਰਚਾਰ ਲੋਕਾਂ ਤੱਕ ਪਹੁੰਚਿਆ ਹੀ ਨਹੀਂ। ਪਿਛਲੇ ਕਿ ਮਹੀਨੇ ਵਿਚ ਭਾਜਪਾ ਨੇ 15-20 ਵਾਰ ਵੱਖ-ਵੱਖ ਮੁੱਦਿਆਂ ਨੂੰ ਹਮਲਾਵਰੀ ਢੰਗ ਉਛਾਲਣ ਦੀ ਕੋਸ਼ਿਸ਼ ਕੀਤੀ ਪਰ ਇਕ ਵੀ ਮੁੱਦਾ ਲੋਕਾਂ ਵਿਚਾਲੇ ਉਨ੍ਹਾਂ ਦੇ ਪੱਖ ਵਿਚ ਲਹਿਰ ਨਾ ਪੈਦਾ ਕਰ ਸਕਿਆ। ਜੋ ਕਿ ਪਿਛਲੀਆਂ ਤੋਂ ਵੱਖਰਾ ਹੈ।

ਪਹਿਲਾਂ ਦੀਆਂ ਚੋਣਾਂ ਵਿਚ ਭਾਜਪਾ ਇਕ ਮੁੱਦਾ ਰੱਖਦੀ ਸੀ, ਜਿਸ ਨਾਲ ਉਹ ਲੋਕਾਂ ਵਿਚ ਕਿ ਲਹਿਰ ਪੈਦਾ ਹੁੰਦੀ ਤੇ ਉਸ ਲਹਿਰ 'ਤੇ ਸਵਾਰ ਹੋ ਕੇ ਚੋਣਾਂ ਦਾ ਨਤੀਜਾ ਤੈਅ ਹੋ ਜਾਂਦਾ। ਇਸ ਵਾਰ ਅਜਿਹਾ ਦੇਖਣ ਨੂੰ ਨਹੀਂ ਮਿਲ ਰਿਹਾ ਹੈ ਤੇ ਇਹ ਇਸ ਚੋਣਾਂ ਵਿਚ ਭਾਜਪਾ ਦੇ ਪ੍ਰਚਾਰ ਦੀ ਅਸਫਲਤਾ ਨੂੰ ਪੇਸ਼ ਕਰਦਾ ਹੈ।

### ਸੋਸ਼ਲ ਮੀਡੀਆ 'ਤੇ ਭਾਜਪਾ ਫੇਲ੍ਹ...

ਸੋਸ਼ਲ ਮੀਡੀਆ ਅਤੇ ਪ੍ਰਚਾਰ ਦੋਹਾਂ ਵਿਚ ਭਾਜਪਾ ਦਾ ਪੱਲਾ ਹਮੇਸ਼ਾ ਭਾਰੀ ਮੰਨਿਆ ਜਾਂਦਾ ਸੀ ਜੋ ਇਸ ਵਾਰ ਨਹੀਂ ਦਿਖਾਈ ਦਿੱਤਾ। ਉਧਰ ਕਾਂਗਰਸ ਜੋ ਪਹਿਲਾਂ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਨਹੀਂ ਕਰਦੀ ਸੀ, ਉਸ ਦੇ ਪ੍ਰਚਾਰ ਦੇ ਵੀਡੀਓ ਵਿਚ ਉਹ ਲੋਕਾਂ ਦੇ ਮੁੱਦੇ ਚੁੱਕਦੀ ਰਹੀ, ਜਿਸ ਵਿਚ ਗੁਜਰਾਤ ਦੇ ਗੌਰਵ ਤੋਂ ਲੈ ਕੇ ਬੇਰੁਜ਼ਗਾਰੀ, ਔਰਤਾਂ ਦੀ ਸੁਰੱਖਿਆ ਵਰਗੇ ਹਰ ਪ੍ਰਕਾਰ ਦੇ ਮੁੱਦੇ ਵੀ ਸ਼ਾਮਲ ਰਹੇ।

ਇਸ ਬਾਰੇ ਗੱਲ ਕਰਦੇ ਹੋਏ ਚੋਣ ਵਿਸ਼ਲੇਸ਼ਕ ਡਾ. ਆਈ.ਐਮ. ਖ਼ਾਨ ਕਹਿੰਦੇ ਹਨ ਕਿ ਰਾਹੁਲ ਗਾਂਧੀ ਸਾਫ਼ਟ ਹਿੰਦੂਤਵ ਵੱਲ ਗਏ ਹਨ। ਉਹ ਹਾਲੇ ਬਹੁਗਿਣਤੀਆਂ ਨੂੰ ਧਿਆਨ ਵਿਚ ਰੱਖ ਕੇ ਗੱਲ ਕਰਦੇ ਹਨ ਜੋ ਪਹਿਲਾਂ ਭਾਜਪਾ ਕਰਦੀ ਸੀ। ਜੋ ਮੁਸਲਮਾਨ ਵਰ੍ਹਿਆਂ ਤੋਂ ਕਾਂਗਰਸ ਦੇ ਵਫ਼ਾਦਾਰ ਵੋਟਰ ਰਹੇ ਹਨ, ਉਨ੍ਹਾਂ ਦਾ ਇਹ ਸਵਾਲ ਹੈ ਕਿ ਰਾਹੁਲ ਪ੍ਰਚਾਰ ਲਈ ਮੰਦਿਰ ਗਏ ਤਾਂ ਮਸਜਿਦ ਕਿਉਂ ਨਹੀਂ ਗਏ। ਉਹ ਅੱਗੇ ਕਹਿੰਦੇ ਹਨ ਕਿ ਇਸ ਤੋਂ ਇਲਾਵਾ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਸਮੇਂ ਜਾਦੂਗਰਾਂ ਵਲੋਂ ਚੋਣ ਪ੍ਰਚਾਰ ਕੀਤਾ ਗਿਆ ਸੀ ਤੇ ਉਹੀ ਪ੍ਰਯੋਗ ਗੁਜਰਾਤ ਵਿਚ ਵੀ ਕੀਤਾ ਹੈ।

ਹੁਣ ਦੇਖਣਾ ਇਹ ਹੈ ਕਿ ਇਹ ਪ੍ਰਯੋਗ ਗੁਜਰਾਤ ਦੇ ਘੱਟ ਆਮਦਨ ਵਾਲੇ ਵਰਗਾਂ ਵਿਚ ਕਿੰਨਾ ਸਫਲ ਹੁੰਦਾ ਹੈ। ਭਾਜਪਾ ਨੇ ਵੀ ਜੀ.ਐਸ.ਟੀ. ਅਤੇ ਨੋਟਬੰਦੀ ਵਰਗੇ ਵਿਵਾਦਗ੍ਰਸਤ ਫ਼ੈਸਲੇ ਅਤੇ ਮਹਿੰਗਾਈ ਦੇ ਮੁੱਦੇ ਵਿਚ ਬਚਾਅ ਦਾ ਯਤਨ ਨਹੀਂ ਕੀਤਾ। ਭਾਜਪਾ ਗੁਜਰਾਤ ਅਤੇ ਗੁਜਰਾਤੀਆਂ ਦੇ ਮੁੱਦੇ ਉਠਾਉਂਦੀ ਰਹੀ ਹੈ। ਸਭ ਤੋਂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਦੋਹਾਂ ਵਿਚੋਂ ਕਿਸੇ ਵੀ ਪਾਰਟੀ ਨੇ ਇਸ ਵਾਰ ਫ਼ਿਰਕੂਵਾਦ ਦੀ ਗੱਲ ਨਹੀਂ ਕੀਤੀ।

ਸਫ਼ਾ 1 ਦੀ ਬਾਕੀ

## ਜੇਸਨ ਨਿਕਸਨ ਨੇ ਮਹਿਲਾ ਜਿਣਸੀ ਸ਼ੋਸ਼ਣ ਮਾਮਲੇ 'ਚ ਮੁਆਫ਼ੀ ਮੰਗੀ

ਜਦੋਂ ਮਹਿਲਾ ਨੇ ਆਪਣੇ ਬੌਸ ਕੋਲ ਇਸ ਘਟਨਾ ਦੀ ਸ਼ਿਕਾਇਤ ਕੀਤੀ ਤਾਂ ਨਿਕਸਨ ਦੇ ਕਲਾਇੰਟ ਨੇ ਕਿਹਾ ਕਿ ਉਸ ਨੂੰ ਕੰਮ ਵਾਲੀ ਥਾਂ 'ਤੇ ਮਹਿਲਾ ਦੀ ਲੋੜ ਨਹੀਂ ਹੈ।

ਨਿਕਸਨ ਨੇ ਆਪਣੇ ਕਲਾਇੰਟ ਨਾਲ ਸਮਝੌਤਾ ਖ਼ਤਮ ਕਰਨ ਦੀ ਬਜਾਏ, ਮਹਿਲਾ ਨੂੰ ਹੀ ਨੌਕਰੀ ਤੋਂ ਕੱਢ ਦਿੱਤਾ। ਇਹ ਕੇਸ ਬੀ.ਸੀ. ਦੇ ਮਨੁੱਖੀ ਅਧਿਕਾਰ ਟ੍ਰਿਬਿਊਨਲ ਕੋਲ ਨਿਆਂ ਲਈ ਪੁੱਜਾ ਅਤੇ ਉਸ ਮਹਿਲਾ ਨੂੰ 32000 ਡਾਲਰ ਮੁਆਵਜ਼ਾ ਦਿੱਤਾ ਗਿਆ।

ਇਹ ਮਾਮਲਾ ਉਸ ਵੇਲੇ ਮੁੜ ਸੁਰਖ਼ੀਆਂ ਵਿਚ ਆਇਆ ਹੈ ਜਦੋਂ ਐਲਬਰਟਾ ਦੀਆਂ ਕੰਮ ਵਾਲੀਆਂ ਥਾਵਾਂ 'ਤੇ ਔਰਤਾਂ ਨਾਲ ਹੁੰਦੇ ਜਿਣਸੀ ਸ਼ੋਸ਼ਣ ਸਬੰਧੀ ਬਿਲ ਲਿਆਉਣ 'ਤੇ ਬਹਿਸ ਚੱਲ ਰਹੀ ਹੈ। ਨਿਕਸਨ ਨੇ ਜਦੋਂ ਇਸ ਬਿਲ ਦਾ ਵਿਰੋਧ ਕੀਤਾ ਤਾਂ ਇਸ ਦੀ ਨਿੰਦਾ ਹੋਈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਕ ਸਰਵੇਖਣ ਮੁਤਾਬਕ ਕੈਨੇਡਾ ਵਿਚ 50 ਫ਼ੀਸਦੀ ਕੰਮਕਾਜੀ ਔਰਤਾਂ ਨੂੰ ਕੰਮ ਦੌਰਾਨ ਜਿਣਸੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਦਕਿ 10 ਵਿਚੋਂ ਸਿਰਫ਼ 3 ਔਰਤਾਂ ਹੀ ਇਸ ਵਰਤਾਰੇ ਖ਼ਿਲਾਫ਼ ਆਵਾਜ਼ ਚੁੱਕਦੀਆਂ ਹਨ।

## ਨੇਪਾਲ ਵਿਚ ਖੱਬੀਆਂ ਪਾਰਟੀਆਂ ਦੀ ਵੱਡੀ ਜਿੱਤ

'ਫਰਸਟ ਪਾਸਟ ਦੀ ਪੋਸਟ' ਪ੍ਰਣਾਲੀ ਵਿਚ ਕਿਸੇ ਸੀਟ 'ਤੇ ਸਭ ਤੋਂ ਜ਼ਿਆਦਾ ਵੋਟਾਂ ਲੈਣ ਵਾਲੇ ਉਮੀਦਵਾਰ ਨੂੰ ਜੇਤੂ ਐਲਾਨਿਆ ਜਾਂਦਾ ਹੈ। ਸੀ.ਪੀ.ਐਨ.-ਯੂ.ਐਮ.ਐਲ. ਦੇ ਨੇਤਾ ਵਿਸ਼ਣੂ ਰਿਜਾਲ ਨੇ ਕਿਹਾ, "ਚੋਣ ਕਮਿਸ਼ਨ ਵਲੋਂ ਸੂਬਾਈ ਵਿਧਾਨ ਸਭਾ ਅਤੇ ਪ੍ਰਤੀਨਿਧ ਸਭਾ ਵਿਚ ਸਾਰੇ ਜੇਤੂ ਉਮੀਦਵਾਰਾਂ ਦੇ ਨਤੀਜੇ ਅਧਿਕਾਰਤ ਤੌਰ 'ਤੇ ਪ੍ਰਕਾਸ਼ਤ ਕਰਨ ਮਗਰੋਂ ਨੇਪਾਲ ਵਿਚ ਨਵੀਂ ਖੱਬੇ ਮੋਰਚੇ ਦੀ ਸਰਕਾਰ ਦਸੰਬਰ ਦੇ ਅੰਤ ਤੱਕ ਬਣੇਗੀ।" ਪ੍ਰਤੀਨਿਧ ਸਭਾ ਵਿਚ 275 ਮੈਂਬਰ ਹਨ, ਜਿਨ੍ਹਾਂ ਵਿਚੋਂ 165 ਦੀ ਚੋਣ ਸਿੱਧੀ 'ਫਰਸਟ ਪਾਸਟ ਦੀ ਪੋਸਟ' ਪ੍ਰਣਾਲੀ ਤਹਿਤ ਹੁੰਦੀ ਹੈ, ਜਦਕਿ ਬਾਕੀ 110 ਅਨੁਪਾਤਕ ਪ੍ਰਤੀਨਿਧ ਪ੍ਰਣਾਲੀ ਰਾਹੀਂ ਆਉਂਦੇ ਹਨ।

ਰਿਜਾਲ ਨੇ ਕਿਹਾ ਕਿ ਜੇਤੂ ਰੈਲੀ ਕੱਢਣ ਲਈ ਹਾਲੇ ਆਪਣੇ-ਆਪਣੇ ਗ੍ਰਹਿ ਜ਼ਿਲ੍ਹਿਆਂ ਵਿਚ ਮੌਜੂਦ ਸੀ.ਪੀ.ਐਨ.-ਮਾਓਵਾਦੀ ਸੈਂਟਰ ਦੇ ਨੇਤਾ ਅਤੇ ਪੁਸ਼ਪ ਕਮਲ ਦਹਲ 'ਪ੍ਰਚੰਡ' ਅਤੇ ਸੀ.ਪੀ.ਐਨ.-ਯੂ.ਐਮ.ਐਲ ਦੇ ਨੇਤਾ ਕੇ.ਪੀ. ਸ਼ਰਮਾ ਓਲੀ ਜਦੋਂ ਰਾਜਧਾਨੀ ਕਾਠਮੰਡੂ ਆਉਣਗੇ, ਤਾਂ ਪਾਰਟੀਆਂ ਸਰਕਾਰ ਬਣਾਉਣ ਦੀ ਪ੍ਰਕਿਰਿਆ ਤੇਜ਼ੀ ਲਿਆਉਣਗੀਆਂ। ਸੀ.ਪੀ.ਐਨ.-ਯੂ.ਐਮ.ਐਲ. ਦੇ ਮੁਖੀ ਓਲੀ ਖੱਬੇ ਮੋਰਚੇ ਦੀ ਸਰਕਾਰ ਦੀ ਅਗਵਾਈ ਕਰ ਸਕਦੇ ਹਨ।

ਨਵੀਂ ਦੁਨੀਆ

# ਸਤਿਆਜੀਤ ਰੇਅ ਦਾ ਸਿਨੇਮਾ

ਸੁਖਵੰਤ ਹੁੰਦਲ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪਾਥੇਰ ਪੰਚਲੀ ਵਾਂਗ ਅਪਰਾਜੀਤੋ ਅਤੇ ਅੱਪੂ ਸੰਸਾਰ ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਕਈ ਇਨਾਮ ਮਿਲੇ। ਅਪਰਾਜੀਤੋ ਨੂੰ 1957 ਵਿੱਚ ਵੈਨਿਸ ਫ਼ਿਲਮ ਫੈਸਟੀਵਲ ਵਿੱਚ ਦੁਨੀਆ ਦੀ ਸਭ ਤੋਂ ਵਧੀਆ ਫੀਚਰ ਫ਼ਿਲਮ ਹੋਣ ਲਈ ਗੋਲਡਨ ਲਾਇਨ ਅਵਾਰਡ ਦਿੱਤਾ ਗਿਆ ਅਤੇ ਅਮਰੀਕਾ ਵਿੱਚ ਸੈਲਜ਼ਨਿੱਕ ਗੋਲਡਨ ਟਰਾਫੀ ਮਿਲੀ। 1959 ਵਿੱਚ ਬਣੀ ਅੱਪੂ ਸੰਸਾਰ ਨੂੰ ਉਸ ਸਾਲ ਭਾਰਤ ਦੇ ਰਾਸ਼ਟਰਪਤੀ ਵਲੋਂ ਗੋਲਡ ਮੈਡਲ ਦਿੱਤਾ ਗਿਆ। ਸੰਨ 1960 ਵਿੱਚ ਲੰਡਨ ਫ਼ਿਲਮ ਫੈਸਟੀਵਲ ਵਿੱਚ ਸਭ ਤੋਂ ਵਧੀਆ ਮੌਲਿਕ ਅਤੇ ਕਲਪਨਾਸ਼ੀਲ ਫ਼ਿਲਮ ਹੋਣ ਦਾ ਖਿਤਾਬ ਦਿੱਤਾ ਗਿਆ। ਅਮਰੀਕਾ ਦੇ ਨੈਸ਼ਨਲ ਬੋਰਡ ਆਫ ਰਿਵੀਊ ਆਫ ਮੋਸ਼ਨ ਪਿਕਚਰਜ਼ ਨੇ ਇਸ ਨੂੰ ਉਸ ਸਾਲ ਦੀ ਸਭ ਤੋਂ ਵਧੀਆ ਵਿਦੇਸ਼ੀ ਫ਼ਿਲਮ ਐਲਾਨਿਆ। ਇਸ ਹੀ ਸਾਲ ਇਸ ਨੂੰ ਐਡਿਨਬਰਾ ਫ਼ਿਲਮ ਫੈਸਟੀਵਲ ਵਿੱਚ ਡਿਪਲੋਮਾ ਆਫ ਮੈਰਿਟ ਪ੍ਰਾਪਤ ਹੋਇਆ। (28)

ਅਪਰਾਜੀਤੋ ਅਤੇ ਅੱਪੂ ਸੰਸਾਰ ਦੇ ਵਿਚਕਾਰ ਸੰਨ 1958 ਵਿੱਚ ਬਣਾਈ ਫ਼ਿਲਮ 'ਜਲਸਾ ਘਰ' ਦਾ ਮੁੱਖ ਕਿਰਦਾਰ ਇਕ ਜਗੀਰਦਾਰ ਹੈ। ਸੰਗੀਤ ਦਾ ਰਸੀਆ ਇਹ ਜਗੀਰਦਾਰ ਇਕੱਲਾ ਇਕ ਵੱਡੀ ਸਾਰੀ ਹਵੇਲੀ ਵਿੱਚ ਰਹਿ ਰਿਹਾ ਹੈ। ਇਕ ਵਕਤ ਸੀ ਜਦੋਂ ਉਸ ਦੀ ਜਗੀਰਦਾਰੀ ਦੀ ਸ਼ਾਨੋ-ਸ਼ੌਕਤ ਦਾ ਪੂਰਾ ਜਲੌਅ ਸੀ ਪਰ ਵਰਤਮਾਨ ਸਮੇਂ ਵਿੱਚ ਜਗੀਰਦਾਰੀ ਢਹਿਢੇਰੀ ਹੋ ਰਹੀ ਹੈ। ਬੈਂਕਾਂ ਨੇ ਉਸ ਨੂੰ ਹੋਰ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਲਈ ਹੁਣ ਉਸ ਦੇ ਖਰਚੇ ਖਾਨਦਾਨੀ ਗਹਿਣੇ ਵੇਚ ਕੇ ਚੱਲ ਰਹੇ ਹਨ। ਇਹਨਾਂ ਗਹਿਣਿਆਂ ਦਾ ਵੀ ਬੱਸ ਹੁਣ ਆਖਰੀ ਡੱਬਾ ਰਹਿ ਗਿਆ ਹੈ। ਉਸ ਲਈ ਦੁੱਖ ਦੀ ਗੱਲ ਇਹ ਹੈ ਕਿ ਪਿੰਡ ਵਿੱਚ ਨਵਾਂ ਉੱਠ ਰਿਹਾ ਵਪਾਰੀ ਅਤੇ ਸੂਦਖੋਰ ਬਾਣੀਆ ਗੰਗੂਲੀ ਸੰਗੀਤ ਦੇ ਸਰਪ੍ਰਸਤ ਵਜੋਂ ਉਸ ਦੀ ਸਰਦਾਰੀ ਨੂੰ ਚੁਣੌਤੀ ਦੇ ਰਿਹਾ ਹੈ। ਨਤੀਜੇ ਵਜੋਂ ਉਹ ਆਖਰੀ ਵਾਰ ਇਕ ਬਹੁਤ ਵੱਡਾ ਸੰਗੀਤ ਦਾ ਜਲਸਾ ਕਰਵਾਉਣਾ ਚਾਹੁੰਦਾ ਹੈ ਅਤੇ ਉਸ ਵਿੱਚ ਪਿੰਡ ਦੇ ਪਤਵੰਤਿਆ ਨੂੰ ਸੱਦ ਕੇ ਇਹ ਦਿਖਾਉਣਾ ਚਾਹੁੰਦਾ ਹੈ ਕਿ ਸੰਗੀਤ ਦਾ ਅਸਲੀ ਸਰਪ੍ਰਸਤ ਅਤੇ ਪਾਰਖੂ ਉਹ ਹੈ ਗੰਗੂਲੀ ਨਹੀਂ। ਇਸ ਆਖਰੀ ਜਲਸਾ ਕਰਵਾਉਣ 'ਤੇ ਉਹ ਆਪਣੀ ਬੱਚਦੀ ਸਾਰੀ ਪੂੰਜੀ ਲਾ ਦਿੰਦਾ ਹੈ ਅਤੇ ਆਪਣੇ ਆਪ ਨੂੰ ਦੀਵਾਲੀਆ ਕਰ ਲੈਂਦਾ ਹੈ।







ਇਸ ਫ਼ਿਲਮ ਵਿੱਚ ਰੇਅ ਨੇ ਬੰਗਾਲ ਵਿੱਚ ਢਹਿਢੇਰੀ ਹੁੰਦੀ ਜਾ ਰਹੀ ਜਗੀਰਦਾਰੀ ਦਾ ਸਰਲ ਪਰ ਬਾਰੀਕ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਉਸ ਨੇ ਦਿਖਾਇਆ ਹੈ ਕਿ ਕਿਸ ਤਰ੍ਹਾਂ ਬੰਗਾਲ ਦੇ ਬਦਲਦੇ ਪੇਂਡੂ ਸਮਾਜ ਵਿੱਚ ਜਗੀਰਦਾਰੀ ਦੀ ਥਾਂ ਸੂਦਖੋਰ ਅਤੇ ਵਪਾਰੀ ਜਮਾਤ ਸਥਾਪਤ ਹੋ ਰਹੀ ਹੈ। ਜਗੀਰਦਾਰਾਂ ਵਲੋਂ ਸਵਾਰੀ ਲਈ ਰੱਖੇ ਹਾਥੀਆਂ ਦੀ ਸ਼ਾਨੋਸ਼ੌਕਤ ਨੂੰ ਨਵੀਂ ਸੂਦਖੋਰ ਅਤੇ ਵਪਾਰੀ ਜਮਾਤ ਦੀਆਂ ਕਾਰਾਂ ਦੀ ਧੂੜ ਮਿੱਟੀ ਦੇ ਅੰਬਾਰਾਂ ਨਾਲ ਢੱਕ ਰਹੀ ਹੈ। ਉਤਪਲ ਦੱਤ ਅਨੁਸਾਰ 'ਜਲਸਾ ਘਰ' ਇਕ 'ਸ਼ਾਹਕਾਰ' ਫ਼ਿਲਮ ਹੈ। ਇਸ ਫ਼ਿਲਮ ਦਾ ਮੁੱਖ ਕਿਰਦਾਰ - ਇਕੱਲਤਾ ਦਾ ਮਾਰਿਆ, ਸ਼ਰਾਬੀ, ਵੱਡੀ ਸਾਰੀ ਹਵੇਲੀ ਵਿੱਚ ਇਕੱਲਾ ਰਹਿ ਰਿਹਾ ਜਗੀਰਦਾਰ ਜ਼ਿੰਦਗੀ ਅਤੇ ਆਪਣੇ ਦੂਸਰੇ ਲੋਕਾਂ ਤੋਂ ਟੁੱਟਿਆ ਹੋਇਆ ਹੈ। ਜਗੀਰਦਾਰ ਦੇ ਪੀੜਤ ਚਿਹਰੇ ਉੱਤੇ ਬਰਬਾਦੀ ਲਿਖੀ ਜਾਪਦੀ ਹੈ ਜਿਸ ਦਾ ਗੁਮਾਨ ਉਸ ਦੇ ਦੀਵਾਲੀਏਪਣ ਦੇ ਬਰਾਬਰ ਹੈ। ਇਸ ਫ਼ਿਲਮ ਵਿੱਚ ਬਦਲ ਰਹੇ ਸਮਾਜਕ ਰਿਸ਼ਤਿਆਂ ਦਾ ਇਤਿਹਾਸ ਉਸ ਤਰ੍ਹਾਂ ਦੀ ਨਿਸ਼ਚਿਤਤਾ ਨਾਲ ਪਕੜਿਆ ਗਿਆ ਹੈ, ਜਿਸ ਤਰ੍ਹਾਂ ਦੀ ਨਿਸ਼ਚਿਤਤਾ ਸ਼ੈਕਸਪੀਅਰ ਦੀਆਂ ਲਿਖਤਾਂ ਵਿੱਚ ਮਿਲਦੀ ਹੈ।" (29)

ਦੱਤ ਪਾਠਕਾਂ ਨੂੰ ਇਹ ਵੀ ਯਾਦ ਦਿਵਾਉਂਦਾ ਹੈ ਕਿ ਜਿਸ ਸਮੇਂ ਰੇਅ 'ਜਲਸਾ ਘਰ' ਵਿੱਚ ਹਿੰਦੁਸਤਾਨ ਦੀ ਜਗੀਰਦਾਰੀ ਦੀਆਂ ਡਗਮਗਾਉਂਦੀਆਂ ਹਵੇਲੀਆਂ ਦਾ ਚਿਤਰਣ ਕਰ ਰਿਹਾ ਸੀ, ਉਸ ਸਮੇਂ ਵਪਾਰਕ ਹਿੰਦੀ ਫ਼ਿਲਮਾਂ ਵਿੱਚ ਜਗੀਰਦਾਰਾਂ ਦੀ ਦਯਾ ਅਤੇ ਦਿਆਲਤਾ ਦੇ ਸੋਹਲੇ ਗਾਏ ਜਾ ਰਹੇ ਸਨ।

ਵਹਿਮਾਂ ਭਰਮਾਂ ਨੇ ਭਾਰਤੀ ਸਮਾਜ ਨੂੰ ਕਾਫੀ ਮਜ਼ਬੂਤੀ ਨਾਲ ਜਕੜਿਆ ਹੋਇਆ ਹੈ। ਸੰਨ 1960 ਵਿੱਚ ਆਪਣੀ ਫ਼ਿਲਮ 'ਦੇਵੀ' ਰਾਹੀਂ ਸਤਿਆਜੀਤ ਰੇਅ ਵਹਿਮਾਂ ਭਰਮਾਂ ਦੀ ਇਸ ਜਕੜ ਨੂੰ ਘੋਖਣ ਸਮਝਣ ਦਾ ਯਤਨ ਕਰਦਾ ਹੈ। ਫ਼ਿਲਮ ਬੰਗਾਲੀ ਹਿੰਦੂ ਪਰਿਵਾਰ ਵਿੱਚ ਇਕ ਨਵੀਂ ਵਿਆਹ ਕੇ ਆਈ ਨੂੰਹ ਦਮੋਆਈ ਬਾਰੇ ਹੈ ਜੋ ਪਿੰਡ ਵਿੱਚ ਆਪਣੇ ਸਹੁਰੇ ਪਰਿਵਾਰ ਵਿੱਚ ਰਹਿ ਰਹੀ ਹੈ ਅਤੇ ਉਸ ਦਾ ਪਤੀ ਸ਼ਹਿਰ ਵਿੱਚ ਪੜ੍ਹਾਈ ਕਰ ਰਿਹਾ ਹੈ। ਪਿੰਡ ਵਿੱਚ ਦਮੋਆਈ ਦੇ ਸਹੁਰੇ ਤੋਂ ਬਿਨਾਂ ਦਮੋਆਈ ਦਾ ਜੇਠ, ਜੇਠਾਣੀ ਅਤੇ ਉਹਨਾਂ ਦਾ 4-5 ਸਾਲ ਦਾ ਪੁੱਤਰ ਖੋਖਾ ਰਹਿ ਰਿਹਾ ਹੈ। ਖੋਖੇ ਦਾ ਆਪਣੀ ਮਾਂ ਦੇ ਨਾਲੋਂ ਆਪਣੀ ਚਾਚੀ ਨਾਲ ਜ਼ਿਆਦਾ ਪਿਆਰ ਹੈ। ਦਮੋਆਈ ਦਾ ਬਹੁਤਾ ਵਕਤ ਆਪਣੇ ਸਹੁਰੇ ਦੀ ਸੇਵਾ ਅਤੇ ਖੋਖੇ ਦੀ ਸੰਭਾਲ ਵਿੱਚ ਗੁਜ਼ਰਦਾ ਹੈ ਅਤੇ ਉਹ ਸ਼ਹਿਰ ਗਏ ਆਪਣੇ ਪਤੀ ਨਾਲ ਖਤਾਂ ਨਾਲ ਸੰਪਰਕ ਰੱਖਦੀ ਹੈ। ਇਕ ਰਾਤ ਦਮੋਆਈ ਦੇ ਸਹੁਰੇ ਨੂੰ ਸੁਫਨਾ ਆਉਂਦਾ ਹੈ ਕਿ ਦਮੋਆਈ ਕਾਲੀ ਮਾਤਾ ਦਾ ਅਵਤਾਰ ਹੈ। ਉਹ ਉੱਠ ਕੇ ਦਮੋਆਈ ਦੇ ਪੈਰੀਂ ਪੈ ਜਾਂਦਾ ਹੈ ਅਤੇ ਆਪਣੇ ਵੱਡੇ ਪੁੱਤਰ ਨੂੰ ਵੀ ਦਮੋਆਈ ਅੱਗੇ ਮੱਥਾ ਟੇਕਣ ਨੂੰ ਕਹਿੰਦਾ ਹੈ। ਵੱਡਾ ਪੁੱਤਰ ਬਿਨਾਂ ਕੋਈ ਸਵਾਲ ਪੁੱਛਿਆਂ ਦਮੋਆਈ ਨੂੰ ਦੇਵੀ ਮੰਨ ਲੈਂਦਾ ਹੈ। ਸਵੇਰ ਹੋਣ 'ਤੇ ਦਮੋਆਈ ਨੂੰ ਪਿੰਡ ਦੇ ਬ੍ਰਾਹਮਣ ਦੀ ਮਦਦ ਨਾਲ ਪਿੰਡ ਵਿੱਚ ਕਾਲੀ ਮਾਤਾ ਦੇ ਅਵਤਾਰ ਵਜੋਂ ਇਕ ਦੇਵੀ ਦੇ ਤੌਰ 'ਤੇ ਸਥਾਪਤ ਕਰ ਦਿੱਤਾ ਜਾਂਦਾ ਹੈ। ਇਕ ਬਹੁਤ ਹੀ ਬੀਮਾਰ ਬੱਚਾ ਉਸ ਅੱਗੇ ਲਿਆਂਦਾ ਜਾਂਦਾ ਹੈ ਅਤੇ ਜਦੋਂ ਬੱਚੇ ਦੇ ਮੂੰਹ ਵਿੱਚ ਉਸ ਦੇ ਮੰਦਰ ਦਾ ਚਰਨਾਮਤ ਪਾਇਆ ਜਾਂਦਾ ਹੈ ਤਾਂ ਉਹ ਠੀਕ ਹੋ ਜਾਂਦਾ ਹੈ। ਇਸ ਨਾਲ ਉਸ ਦੇ ਕਰਨੀ ਵਾਲੀ ਹੋਣ ਦੀ ਗੱਲ ਸਭ ਪਾਸੀਂ ਧੁੰਮ ਜਾਂਦੀ ਹੈ ਅਤੇ ਦੂਰ ਦੂਰ ਤੋਂ ਲੱਖਾਂ ਦੀ ਗਿਣਤੀ ਵਿੱਚ ਲੋਕ ਉਸ ਦੇ ਦਰਸ਼ਨ ਕਰਨ ਅਤੇ ਬੀਮਾਰ ਬੱਚਿਆਂ/ਲੋਕਾਂ ਲਈ ਚਰਨਾਮਤ ਲੈਣ ਆ ਜਾਂਦੇ ਹਨ। ਅੰਤ ਵਿੱਚ ਇਕ ਦਿਨ ਦਮੋਆਈ ਦੇ ਜੇਠ ਦਾ ਪੁੱਤਰ ਖੋਖਾ ਬੀਮਾਰ ਹੋ ਜਾਂਦਾ ਹੈ। ਉਸ ਨੂੰ ਡਾਕਟਰ ਦੇ ਲੈ ਕੇ ਜਾਣ ਦੀ ਥਾਂ ਦਮੋਆਈ ਦੀ ਗੋਦ ਵਿੱਚ ਰੱਖ ਦਿੱਤਾ ਜਾਂਦਾ ਹੈ। ਪਰ ਦੇਵੀ ਬਣੀ ਦਮੋਆਈ ਦੇ ਚਰਨਾਮਤ ਨਾਲ ਖੋਖਾ ਠੀਕ ਨਹੀਂ ਹੁੰਦਾ ਅਤੇ ਉਸ ਦੀ ਮੌਤ ਹੋ ਜਾਂਦੀ ਹੈ। ਇਸ ਸਦਮੇ ਨੂੰ ਨਾ ਸਹਾਰਦੀ ਹੋਈ ਦਮੋਆਈ ਪਾਗਲ ਹੋ ਜਾਂਦੀ ਹੈ ਅਤੇ ਦਰਿਆ ਵਿੱਚ ਛਾਲ ਮਾਰ ਕੇ ਖੁਦਕਸ਼ੀ ਕਰ ਲੈਂਦੀ ਹੈ।

ਇਸ ਫ਼ਿਲਮ ਰਾਹੀਂ ਰੇਅ ਬਹੁਤ ਸਪਸ਼ਟਤਾ ਨਾਲ ਦਿਖਾਉਂਦਾ ਹੈ ਕਿ ਅੰਧਵਿਸ਼ਵਾਸਾਂ ਦਾ ਪਸਾਰ ਕਿਸ ਤਰ੍ਹਾਂ ਹੁੰਦਾ ਹੈ। ਲੋਕਾਂ ਦੇ ਮਨਾਂ ਵਿੱਚ ਪੁਰਾਣੇ ਧਾਰਮਿਕ ਵਿਸ਼ਵਾਸਾਂ ਦੀ ਏਡੀ ਵੱਡੀ ਜਕੜ ਹੈ ਕਿ ਉਹ ਇਕ ਇਨਸਾਨ ਨੂੰ ਦੇਵਤਾ ਸਥਾਪਤ ਕੀਤੇ ਜਾਣ ਦੇ ਕਾਰਜ ਨੂੰ ਬਿਨਾਂ ਕੋਈ ਸਵਾਲ ਕੀਤਿਆਂ ਸਵੀਕਾਰ ਕਰ ਲੈਂਦੇ ਹਨ। ਜੇ ਕੋਈ ਸਵਾਲ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਜੁਆਬ ਵਿੱਚ ਕੋਈ ਸਬੂਤ ਦੇਣ ਦੀ ਲੋੜ ਨਹੀਂ ਪੈਂਦੀ ਸਗੋਂ ਧਾਰਮਿਕ ਗ੍ਰੰਥਾਂ ਵਿੱਚੋਂ ਪੜ੍ਹ ਕੇ ਸੁਣਾਈਆਂ ਗਈਆਂ ਕੁਝ ਟੂਕਾਂ ਸਵਾਲ ਨੂੰ ਅਰਥਹੀਣ ਕਰਨ ਲਈ ਕਾਫੀ ਹੁੰਦੀਆਂ ਹਨ। ਫ਼ਿਲਮ ਇਹ ਦਿਖਾਉਣ ਵਿੱਚ ਕਾਮਯਾਬ ਰਹਿੰਦੀ ਹੈ ਕਿ ਇਸ ਤਰ੍ਹਾਂ ਦੇ ਅੰਧਵਿਸ਼ਵਾਸਾਂ ਨੂੰ ਫੈਲਾਉਣ ਵਿੱਚ ਭਾਰਤੀ ਸਮਾਜ ਵਿਚਲੀ ਪਿਤਰਸੱਤਾ ਵਾਲੀ ਵਿਵਸਥਾ ਵੀ ਵੱਡਾ ਯੋਗਦਾਨ ਪਾਉਂਦੀ ਹੈ। ਜੇ ਪਰਿਵਾਰ ਦੇ ਮੁਖੀ ਪਿਤਾ ਨੇ ਕਹਿ ਦਿੱਤਾ ਕਿ ਦਮੋਆਈ ਇਕ ਦੇਵੀ ਹੈ ਤਾਂ ਉਸ ਦਾ ਵੱਡਾ ਪੁੱਤਰ ਬਿਨਾਂ ਕੋਈ ਸਵਾਲ ਕੀਤਿਆਂ ਆਪਣੇ ਪਿਤਾ ਦੀ ਗੱਲ ਮੰਨ ਲੈਂਦਾ ਹੈ ਕਿਉਂਕਿ ਇਹ ਉਸ ਦਾ ਫਰਜ਼ ਹੈ ਅਤੇ ਮਜ਼ਬੂਰੀ ਵੀ ਕਿਉਂਕਿ ਪਰਿਵਾਰ ਦੀ ਸਾਰੀ ਤਾਕਤ ਪਿਤਾ ਦੇ ਹੱਥ ਵਿੱਚ ਕੇਂਦਰਿਤ ਹੈ। ਫ਼ਿਲਮ ਤੋਂ ਇਹ ਸੁਨੇਹਾ ਵੀ ਬਹੁਤ ਸਪਸ਼ਟਤਾ ਨਾਲ ਮਿਲਦਾ ਹੈ ਕਿ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸਾਂ ਦੇ ਮੱਕੜਜਾਲ ਕਾਰਨ ਨਿਕਲਣ ਵਾਲੇ ਮਾੜੇ ਨਤੀਜਿਆਂ ਦਾ ਵੱਡਾ ਖਾਮਿਆਜ਼ਾ ਸਾਧਣ-ਹੀਣ ਅਤੇ ਸੱਤਾ-ਵਿਹੂਣੇ ਲੋਕ ਭੁਗਤਦੇ ਹਨ। ਨਵੀਂ ਸਥਾਪਤ ਕੀਤੀ ਦੇਵੀ ਤੋਂ ਆਪਣੇ ਬੱਚਿਆਂ ਦਾ ਇਲਾਜ ਕਰਵਾਉਣ ਆਉਣ ਵਾਲੇ ਬਹੁਗਿਣਤੀ ਲੋਕ ਗਰੀਬ ਹਨ। ਪਿਤਰੀ ਵਿਵਸਥਾ ਵਾਲੇ ਦਮੋਆਈ ਦੇ ਪਰਿਵਾਰ ਵਿੱਚ ਖੋਖੇ, ਖੋਖੇ ਦੀ ਮਾਂ ਅਤੇ ਦਮੋਆਈ ਕੋਲ ਬਹੁਤ ਘੱਟ ਤਾਕਤ ਹੈ। ਨਤੀਜੇ ਵਜੋਂ ਖੋਖਾ ਆਪਣੀ ਜਾਨ ਗਵਾ ਲੈਂਦਾ ਹੈ, ਉਸ ਦੀ ਮਾਂ ਆਪਣਾ ਬੇਟਾ ਖੋਹ ਦਿੰਦੀ ਹੈ ਅਤੇ ਦਮੋਆਈ ਤੋਂ ਪਹਿਲਾਂ ਦੇਵੀ ਬਣਾ ਕੇ ਉਸ ਦੀ ਇਨਸਾਨੀਅਤ ਖੋਹ ਲਈ ਜਾਂਦੀ ਹੈ ਅਤੇ ਅੰਤ ਵਿੱਚ ਉਹ ਪਾਗਲ ਹੋ ਕੇ ਆਪਣੀ ਜਾਨ ਗਵਾ ਬਹਿੰਦੀ ਹੈ।

ਉਤਪਲ ਦੱਤ ਦੇਵੀ ਨੂੰ ਰੇਅ ਦੀ ਇਕ ਇਨਕਲਾਬੀ ਫ਼ਿਲਮ ਮੰਨਦਾ ਹੈ। ਉਸ ਅਨੁਸਾਰ, "ਭਾਰਤੀ ਸੰਦਰਭ ਵਿੱਚ ਦੇਵੀ ਇਕ ਇਨਕਲਾਬੀ ਫ਼ਿਲਮ ਹੈ। ਇਹ ਧਰਮ ਦੀ ਉਸ ਤਰ੍ਹਾਂ ਦੀ ਸਮਝ ਨੂੰ ਚੁਣੌਤੀ ਦਿੰਦੀ ਹੈ, ਜਿਸ ਤਰ੍ਹਾਂ ਦੀ ਸਮਝ ਭਾਰਤੀ ਪੇਂਡੂ ਇਲਾਕਿਆਂ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਹੈ। ਇਹ ਉਸ ਕਾਲੇ ਜਾਦੂ ਉੱਤੇ ਸਿੱਧਾ ਹਮਲਾ ਹੈ, ਜਿਸ ਨੂੰ ਇਸ ਦੇਸ਼ ਵਿੱਚ ਈਸ਼ਵਰਤਾ ਸਮਝਿਆ ਜਾਂਦਾ ਹੈ। ਜੇ ਭਾਰਤੀ ਟੈਲੀਵਿਜ਼ਨ 'ਤੇ ਗੰਵਾਰ ਢੰਗ ਨਾਲ ਬਣਾਈ ਰਮਾਇਣ ਅਤੇ ਮਹਾਂਭਾਰਤ ਦਿਖਾਉਣ ਦੀ ਥਾਂ ਦੇਵੀ ਨੂੰ ਵਾਰ ਵਾਰ ਦਿਖਾਇਆ ਜਾਂਦਾ ਤਾਂ ਹੋ ਸਕਦਾ ਹੈ ਕਿ ਸਾਨੂੰ ਅੱਜ ਅਯੁਧਿਆ ਵਿੱਚ ਬਾਨਰ ਸੈਨਾ ਦੀਆਂ ਹਿੰਸਕ ਉਪੱਦਰਤਾਵਾਂ ਬਾਰੇ ਗੱਲਬਾਤ ਕਰਨ ਦੀ ਲੋੜ ਨਾ ਪੈਂਦੀ"। (30)

ਸਤਿਆਜੀਤ ਰੇਅ ਨੇ ਬੰਗਾਲ ਦੇ ਪੇਂਡੂ ਜੀਵਨ ਦੇ ਨਾਲ ਨਾਲ ਬੰਗਾਲ ਦੇ ਸ਼ਹਿਰੀ ਜੀਵਨ ਨੂੰ ਵੀ ਆਪਣੀਆਂ ਫ਼ਿਲਮਾਂ ਵਿੱਚ ਪੇਸ਼ ਕੀਤਾ ਹੈ। ਸ਼ਹਿਰੀ ਜੀਵਨ ਬਾਰੇ ਬਣਾਈਆਂ ਉਸ ਦੀਆਂ ਫ਼ਿਲਮਾਂ ਵਿੱਚੋਂ ਕੁਝ ਹਨ: ਮਹਾਂਨਗਰ, ਪ੍ਰਤੀਦਵੰਦੀ, ਸੀਮਾਬੱਧਾ (ਕੰਪਨੀ ਲਿਮਟਿਡ), ਜਣਾ ਅਰਾਣਿਆ (ਦਲਾਲ ਜਾਂ ਮਿਡਲ ਮੈਨ)। ਪ੍ਰਤੀਦਵੰਦੀ, ਸੀਮਾਬੱਧਾ ਅਤੇ ਜਣਾ ਅਰਾਣਿਆਕਲਕੱਤਾ-ਤ੍ਰੈਲੜੀ ਦੇ ਤੌਰ 'ਤੇ ਜਾਣੀਆਂ ਜਾਂਦੀਆਂ ਹਨ ਅਤੇ ਇਹ ਕ੍ਰਮਵਾਰ 1970, 1971 ਅਤੇ 1975 ਵਿੱਚ ਬਣਾਈਆਂ ਗਈਆਂ ਸਨ ਅਤੇ ਇਹ ਫ਼ਿਲਮਾਂ ਉਸ ਸਮੇਂ ਦੇ ਕਲਕੱਤੇ ਦੇ ਜੀਵਨ ਨਾਲ ਸੰਬੰਧਤ ਹਨ।

**(ਚਲਦਾ)**

**ਹਵਾਲੇ :**

*[28] Barnow, Erik and S. Krishnaswamy (1980) and Ray, Bibekananda (2005).*

*[29] Dutt, Utpal (1994).*

*[30] Dutt, Utpal (1994). (p. 37).*

# Royal Executive Homes

Royal
Executive Homes

## New Project by Royal Executive Homes in Beaumont

## Walkout Lots for Sale




### 4501 50 AVE BEAUMONT

- Excellent Location
- Close To all Amenities
- Transit Access
- Close to 50th Street
- Affordable Prices

### SALES CONTACT :

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist



**Jody Vig**
780-485-8700
Manager

## BEST MORTGAGE RATES BEST SERVICE

2014 PROFIT 500 CANADA'S FASTEST-GROWING COMPANIES

CMP CANADIAN MORTGAGE AWARDS WINNER 2014 WWW.CANADIANMORTGAGEAWARDS.COM



Dominion Lending Centres, they're a beauty!

They'll get the banks competing for your mortgage business.

• PURCHASE • REFINANCE • PRE-APPROVAL
• FIRST TIME HOME BUYERS • NEW TO CANADA
• SELF EMPLOYED • INVESTMENT PROPERTY
• COMMERCIAL FINANCING • EQUIPMENT LEASING

## 100% FINANCING AVAILABLE*

DOMINION LENDING CENTRES Mortgage Force

Independently Owned and Operated

**780-466-9898**

Unit 12, 3908-97 Street Edmonton T6E 6N2

* Some Conditions Apply

## JAY'S TRAVEL LTD.

SIMPLY THE BEST SINCE 1979

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net



Student Discount

Child upto 12 years is FREE
(must be accompanied by a guardian or parent)

## INDO CANADIAN BUS & VAN TRANSPORTATION LTD.

*Daily Service From*

**Edmonton-Calgary-Edmonton**



Seniors Discount

SPECIAL CALGARY TO EDMONTON FARE $50 ONLY

Edmonton : 780-991-4837 | Red Deer (Head Office) : 587-991-2929 | Calgary : 403-968-7950 | OFFICE HOURS FOR BOOKING 7.00 AM-8.00 PM